ਐਤਵਾਰ, 8 ਅਕਤੂਬਰ, 2023
22 ਅੱਸੂ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 128

# ਨਵਾਂ ਜ਼ਮਾਨਾ

DAILY NAWAN ZAMANA • SUNDAY, 8 OCTOBER, 2023
ਜਲੰਧਰ

**'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ**

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 8+6=14

# ਹਮਾਸ ਨੇ ਇਜ਼ਰਾਈਲ 'ਤੇ 5 ਹਜ਼ਾਰ ਰਾਕੇਟ ਦਾਗੇ

## 40 ਮੌਤਾਂ, ਸੈਂਕੜੇ ਜ਼ਖ਼ਮੀ



**ਯੇਰੂਸ਼ਲਮ** : ਗਾਜ਼ਾ ਪੱਟੀ ਨੇ ਸ਼ਨੀਵਾਰ ਇਜ਼ਰਾਇਲ ਵੱਲ ਸੈਂਕੜੇ ਰਾਕੇਟ ਦਾਗੇ। ਇਨ੍ਹਾਂ ਹਮਲਿਆਂ 'ਚ 40 ਤੋਂ ਵੱਧ ਮੌਤਾਂ ਤੇ 700 ਤੋਂ ਵੱਧ ਲੋਕਾਂ ਦੇ ਜ਼ਖ਼ਮੀ ਹੋਣ ਦੀ ਖ਼ਬਰ ਹੈ। ਇਸ ਤੋਂ ਬਾਅਦ ਇਜ਼ਰਾਇਲ 'ਚ ਚੇਤਾਵਨੀ ਵਾਲੇ ਸਾਇਰਨ ਵੱਜਣ ਲੱਗੇ। ਉਥੇ ਦੀ ਫੌਜ ਨੇ ਯੁੱਧ ਦਾ ਐਲਾਨ ਕਰ ਦਿੱਤਾ। ਕੁਝ ਇਲਾਕਿਆਂ 'ਚ ਅੱਤਵਾਦੀਆਂ ਖਿਲਾਫ਼ ਅਪਰੇਸ਼ਨ ਚਲਾਏ ਜਾ ਰਹੇ ਹਨ। ਅੱਤਵਾਦੀਆਂ ਸਭ ਤੋਂ ਪਹਿਲਾਂ ਇਜ਼ਰਾਇਲ 'ਚ ਹਜ਼ਾਰਾਂ ਦੀ ਗਿਣਤੀ 'ਚ ਰਾਕੇਟ ਦਾਗੇ। ਉਸ ਤੋਂ ਬਾਅਦ ਜ਼ਮੀਨ ਦੇ ਰਸਤੇ ਹਮਲਾ ਕਰਦੇ ਹੋਏ ਇਜ਼ਰਾਇਲ 'ਚ ਦਾਖ਼ਲ ਹੋ ਗਏ ਹਨ। ਕੁਝ ਅੱਤਵਾਦੀ ਪੈਰਾ-ਗਲਾਈਡਿੰਗ ਦਾ ਇਸਤੇਮਾਲ ਕਰਕੇ ਦਾਖ਼ਲ ਹੋਏ। ਕੁਝ ਅੱਤਵਾਦੀ ਸੜਕੀ ਮਾਰਗ ਰਾਹੀਂ ਇਜ਼ਰਾਇਲ 'ਚ ਦਾਖ਼ਲ ਹੋਏ ਅਤੇ ਉਨ੍ਹਾਂ ਜਿਸ ਨੂੰ ਦੇਖਿਆ, ਉਸ ਨੂੰ ਗੋਲੀ ਮਾਰ ਦਿੱਤੀ। ਅਚਾਨਕ ਵੱਡੇ ਪੱਧਰ 'ਤੇ ਹੋਏ ਇਸ ਹਮਲੇ ਤੋਂ ਬਾਅਦ ਇਜ਼ਰਾਇਲ 'ਚ ਰੈੱਡ ਅਲਰਟ ਜਾਰੀ ਕਰ ਦਿੱਤਾ ਗਿਆ ਹੈ। ਖ਼ਬਰਾਂ ਅਨੁਸਾਰ ਸ਼ਨੀਵਾਰ ਸਵੇਰੇ 6.30 ਵਜੇ ਗਾਜ਼ਾ 'ਚ ਕਈ ਸਥਾਨਾਂ ਤੋਂ ਰਾਕੇਟ ਦਾਗੇ ਗਏ। ਇਜ਼ਰਾਇਲ ਦੇ ਸ਼ਹਿਰ ਕੁਸੇਇਫ਼ 'ਚ ਕਈ ਰਾਕੇਟ ਦਾਗੇ ਗਏ, ਜਿਸ 'ਚ ਚਾਰ ਲੋਕਾਂ ਦੇ ਮਾਰੇ ਜਾਣ ਦੀ ਖ਼ਬਰ ਹੈ। ਕੁਸੇਇਫ਼ ਦੱਖਣੀ ਇਜ਼ਰਾਇਲ ਦਾ ਸ਼ਹਿਰ ਹੈ, ਜੋ ਗਾਜ਼ਾ ਪੱਟੀ ਤੋਂ ਲੱਗਭੱਗ 65 ਕਿਲੋਮੀਟਰ ਦੂਰ ਹੈ। ਜ਼ਿਕਰਯੋਗ ਹੈ ਕਿ ਹਮਾਸ ਅੱਤਵਾਦੀਆਂ ਨੇ ਕਈ ਲੋਕਾਂ ਨੂੰ ਬੰਧਕ ਬਣਾ ਲਿਆ ਹੈ। ਹਮਾਸ ਦੇ ਹਮਲੇ ਤੋਂ ਬਾਅਦ ਇਜ਼ਰਾਇਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਐਮਰਜੈਂਸੀ ਮੀਟਿੰਗ ਬੁਲਾਈ। ਇਜ਼ਰਾਇਲ ਨੇ ਜੰਗ ਦਾ ਬਿਗਲ ਵਜਾ ਦਿੱਤਾ ਹੈ। ਹਮਾਸ ਨੂੰ ਅੰਜ਼ਾਮ ਭੁਗਤਣ ਲਈ ਤਿਆਰ ਰਹਿਣ ਦੀ ਚੇਤਾਵਨੀ ਦਿੱਤੀ ਹੈ। ਇਜ਼ਰਾਇਲ ਦੀ ਫੌਜ ਨੇ ਕਿਹਾ ਕਿ ਗਾਜ਼ਾ ਵੱਲੋਂ ਅੱਤਵਾਦੀਆਂ ਨੇ ਘੁਸਪੈਠ ਕੀਤੀ ਹੈ। ਅਸੀਂ ਲੋਕਾਂ ਨੂੰ ਘਰਾਂ 'ਚ ਰਹਿਣ ਦੀ ਅਪੀਲ ਕਰਦੇ ਹਾਂ। ਇਜ਼ਰਾਇਲ ਡਿਫੈਂਸ ਫੋਰਸ ਨੇ ਯੁੱਧ ਲਈ ਤਿਆਰੀ ਦਾ ਐਲਾਨ ਕੀਤਾ ਹੈ। ਇਜ਼ਰਾਇਲ ਨੇ ਕਿਹਾ ਕਿ ਹਮਾਸ ਸਾਡੀ ਸਰਹੱਦ 'ਤੇ ਬੈਠੇ ਲੋਕਾਂ ਨੂੰ ਹਮਲਿਆਂ 'ਚ ਸ਼ਾਮਲ ਹੋਣ ਲਈ ਉਕਸਾਅ ਰਿਹਾ ਹੈ। ਅੱਤਵਾਦੀ ਸੰਗਠਨ ਹਮਾਸ ਦੇ ਬੁਲਾਰੇ ਮੁਹੰਮਦ ਦੀਫ਼ ਨੇ ਲਿਬਨਾਨ,

● ਬਾਕੀ ਸਫ਼ਾ 2 'ਤੇ

## ਦੁਸ਼ਮਣ ਨੂੰ ਇਸ ਦੀ ਕੀਮਤ ਚੁਕਾਉਣੀ ਪਵੇਗੀ : ਨੇਤਨਯਾਹੂ

### ਅਪ੍ਰੇਸ਼ਨ 'ਆਇਰਨ ਸਵੋਰਡਸ' ਲਾਂਚ

**ਤੇਲ ਅਵੀਵ** : ਇਜ਼ਰਾਇਲ ਨੇ ਯੁੱਧ ਦਾ ਐਲਾਨ ਕਰ ਦਿੱਤਾ ਹੈ। ਹਮਾਸ ਅੱਤਵਾਦੀਆਂ ਖਿਲਾਫ਼ ਅਪ੍ਰੇਸ਼ਨ 'ਆਇਰਨ ਸਵੋਰਡਸ' ਦਾ ਐਲਾਨ ਕੀਤਾ ਗਿਆ ਹੈ। ਇਜ਼ਰਾਇਲ ਦੀ ਹਵਾਈ ਫੌਜ ਨੇ ਗਾਜ਼ਾ ਪੱਟੀ 'ਚ ਕਈ ਸਥਾਨਾਂ 'ਤੇ ਫਲਸਤੀਨੀ ਅੱਤਵਾਦੀ ਸੰਗਠਨ ਹਮਾਸ ਨੂੰ ਨਿਸ਼ਾਨਾ ਬਣਾਉਂਦੇ ਹੋਏ ਦਰਜਨਾਂ ਲੜਾਕੂ ਜਹਾਜ਼ਾਂ ਨਾਲ ਹਮਲਾ ਕੀਤਾ।

ਇਸ ਦੌਰਾਨ ਇਜ਼ਰਾਇਲ ਦੇ ਪ੍ਰਧਾਨ ਮੰਤਰੀ ਨੇਤਨਯਾਹੂ ਨੇ ਕਿਹਾ ਕਿ ਅਸੀਂ ਯੁੱਧ 'ਚ ਉੱਤਰ ਆਏ ਹਾਂ। ਹਮਾਸ ਨੇ ਇਜ਼ਰਾਇਲ ਅਤੇ ਉਸ ਦੇ ਨਾਗਰਿਕਾਂ ਖਿਲਾਫ਼ ਜਾਨਲੇਵਾ ਹਮਲਾ ਕੀਤਾ ਹੈ। ਉਨ੍ਹਾ ਕਿਹਾ—ਸਭ ਤੋਂ ਪਹਿਲਾਂ ਫੌਜ ਨੂੰ ਘੁਸਪੈਠ ਕਰਨ ਵਾਲੇ ਅੱਤਵਾਦੀਆਂ ਦੀਆਂ ਬਸਤੀਆਂ ਨੂੰ ਸਾਫ਼ ਕਰਨ ਦਾ ਆਦੇਸ਼ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਵੱਡੇ ਪੱਧਰ 'ਤੇ ਹਥਿਆਰ ਇਕੱਠੇ ਕਰਨ ਲਈ ਕਿਹਾ ਹੈ। ਉਨ੍ਹਾ ਰਿਜ਼ਰਵ ਫੌਜ ਨੂੰ ਬੁਲਾਉਣ ਦਾ ਵੀ ਆਦੇਸ਼ ਦਿੱਤਾ ਹੈ। ਦੁਸ਼ਮਣ ਨੂੰ ਇਸ ਦੀ ਕੀਮਤ ਚੁਕਾਉਣੀ ਪਵੇਗੀ, ਜਿਸ ਬਾਰੇ ਉਸ ਨੇ ਕਦੀ ਸੋਚਿਆ ਵੀ ਨਹੀਂ ਹੋਵੇਗਾ। ਇਜ਼ਰਾਇਲ ਦੇ ਰੱਖਿਆ ਮੰਤਰੀ ਨੇ ਸ਼ਨੀਵਾਰ ਕਿਹਾ ਕਿ ਅੱਤਵਾਦੀ ਸਮੂਹ ਹਮਾਸ ਨੇ ਇਜ਼ਰਾਇਲ ਖਿਲਾਫ਼ ਯੁੱਧ ਛੇੜ ਦਿੱਤਾ ਹੈ। ਉਨ੍ਹਾ ਦਾਅਵਾ ਕੀਤਾ ਕਿ ਇਸ ਯੁੱਧ 'ਚ ਇਜ਼ਰਾਇਲ ਜਿੱਤੇਗਾ। ਤੇਲ ਅਵੀਵ 'ਚ ਇਜ਼ਰਾਇਲ ਫੌਜੀ ਦਫ਼ਤਰ 'ਚ ਮੰਤਰੀ ਮੰਡਲ ਦੀ ਮੀਟਿੰਗ ਤੋਂ ਬਾਅਦ ਰੱਖਿਆ ਮੰਤਰੀ ਯੋਵ ਗੈਲੇਂਟ ਨੇ ਚੇਤਾਵਨੀ ਦਿੱਤੀ ਕਿ ਹਮਾਸ ਨੇ ਸ਼ਨੀਵਾਰ ਸਵੇਰੇ ਦੱਖਣੀ ਅਤੇ ਮੱਧ ਇਜ਼ਰਾਇਲ 'ਚ ਰਾਕੇਟ ਹਮਲੇ ਕਰਕੇ ਵੱਡੀ ਗਲਤੀ ਕੀਤੀ ਹੈ।

### ਵਿਵਾਦ ਦਾ ਕਾਰਨ

ਵੈੱਸਟ ਬੈਂਕ ਇਜ਼ਰਾਇਲ ਅਤੇ ਜਾਰਡਨ ਵਿਚਾਲੇ ਹੈ। ਇਜ਼ਰਾਇਲ ਨੇ ਇਸ ਨੂੰ 1967 ਦੇ ਯੁੱਧ 'ਚ ਆਪਣੇ ਕਬਜ਼ੇ ਵਿੱਚ ਲੈ ਲਿਆ, ਪਰ ਇਜ਼ਰਾਇਲ ਅਤੇ ਫਲਸਤੀਨ ਦੋਵੇਂ ਹੀ ਇਸ ਇਲਾਕੇ 'ਤੇ ਆਪਣਾ ਹੱਕ ਜਤਾਉਂਦੇ ਹਨ। ਗਾਜ਼ਾ ਪੱਟੀ ਵੀ ਦੋਵਾਂ ਦੇਸ਼ਾਂ ਵਿਚਾਲੇ ਵਿਵਾਦ ਦਾ ਕਾਰਨ ਹੈ। ਇਹ ਸਥਾਨ ਇਜ਼ਰਾਇਲ ਅਤੇ ਮਿਸਰ ਦੇ ਵਿਚਾਲੇ ਹੈ, ਜਿਸ 'ਤੇ ਹਮਾਸ ਦਾ ਕਬਜ਼ਾ ਹੈ। ਸਤੰਬਰ 2005 'ਚ ਇਜ਼ਰਾਇਲ ਨੇ ਗਾਜ਼ਾ ਪੱਟੀ ਤੋਂ ਆਪਣੀ ਫੌਜ ਨੂੰ ਵਾਪਸ ਬੁਲਾ ਲਿਆ। ਉਸ ਦੇ ਦੋ ਸਾਲ ਬਾਅਦ 2007 'ਚ ਇਜ਼ਰਾਇਲ ਨੇ ਇਸ ਇਲਾਕੇ 'ਤੇ ਪਾਬੰਦੀ ਲਾ ਦਿੱਤੀ। ਰਾਜਨੀਤਕ ਅਤੇ ਰਣਨੀਤਕ ਤੌਰ 'ਤੇ ਕਾਫ਼ੀ ਮਹੱਤਵਪੂਰਨ

● ਬਾਕੀ ਸਫ਼ਾ 2 'ਤੇ

## ਕੈਨੇਡਾ 'ਚ ਟਰੇਨੀ ਜਹਾਜ਼ ਕ੍ਰੈਸ਼, 2 ਭਾਰਤੀ ਪਾਇਲਟਾਂ ਦੀ ਮੌਤ

**ਓਟਾਵਾ** : ਕੈਨੇਡਾ 'ਚ ਇੱਕ ਟਰੇਨੀ ਜਹਾਜ਼ ਹਾਦਸਾਗ੍ਰਸਤ ਹੋ ਗਿਆ। ਇਸ 'ਚ ਦੋ ਭਾਰਤੀ ਟਰੇਨੀ ਪਾਇਲਟਾਂ ਦੀ ਮੌਤ ਹੋ ਗਈ। ਪਾਇਲਟ ਅਭੈ ਗਡਰੂ ਅਤੇ ਯਸ਼ ਵਿਜੈ ਰਾਮੂਗੜੇ ਮੁੰਬਈ ਦੇ ਰਹਿਣ ਵਾਲੇ ਸਨ। ਕੈਨੇਡੀਅਨ ਪੁਲਸ ਅਧਿਕਾਰੀਆਂ ਨੇ ਘਟਨਾ ਦੀ ਪੁਸ਼ਟੀ ਕੀਤੀ ਹੈ। ਇਸ ਘਟਨਾ 'ਚ ਕੁੱਲ ਤਿੰਨ ਲੋਕਾਂ ਦੀ ਜਾਨ ਗਈ। ਉਨ੍ਹਾਂ ਕਿਹਾ ਕਿ ਦੋ ਇੰਜਣਾਂ ਵਾਲਾ ਹਲਕਾ ਜਹਾਜ਼ ਪਾਇਪਰ ਪੀ ਏ-34 ਸੇਨੇਕਾ ਚਿਲਿਵੈਕ ਸ਼ਹਿਰ 'ਚ ਇੱਕ ਮੋਟਲ ਦੇ ਪਿੱਛੇ ਦਰੱਖ਼ਤਾਂ ਅਤੇ ਝਾੜੀਆਂ 'ਤੇ ਡਿੱਗ ਗਿਆ।

## ਵਾਹਨ ਖੱਡ 'ਚ ਡਿੱਗਣ ਨਾਲ 3 ਮਜ਼ਦੂਰਾਂ ਦੀ ਮੌਤ

**ਸ੍ਰੀਨਗਰ** : ਜੰਮੂ-ਕਸ਼ਮੀਰ ਦੇ ਡੋਡਾ ਜ਼ਿਲ੍ਹੇ 'ਚ ਵਾਹਨ ਸੜਕ ਤੋਂ ਫਿਸਲ ਕੇ ਡੂੰਘੀ ਖੱਡ 'ਚ ਡਿੱਗ ਗਿਆ, ਜਿਸ ਕਾਰਨ ਉਸ 'ਚ ਸਵਾਰ ਤਿੰਨ ਮਜ਼ਦੂਰਾਂ ਦੀ ਮੌਤ ਹੋ ਗਈ ਅਤੇ ਪੰਜ ਗੰਭੀਰ ਜ਼ਖਮੀ ਹੋ ਗਏ। ਇਹ ਖੇਲਨੀ ਵਿਖੇ ਗੱਡੀ 'ਚ ਸਵਾਰ ਹੋ ਕੇ ਆਪਣੇ ਘਰਾਂ ਨੂੰ ਜਾ ਰਹੇ ਸਨ। ਹਾਦਸਾ ਬੀਤੀ ਸ਼ੁੱਕਰਵਾਰ ਰਾਤ ਪਿੰਡ ਹੰਬਲ ਨੇੜੇ ਵਾਪਰਿਆ। ਤਿੰਨ ਮਜ਼ਦੂਰਾਂ ਮਨੀ ਕੁਮਾਰ (31), ਕਰਨਜੀਤ ਸਿੰਘ (40) ਅਤੇ ਲਾਲ ਚੰਦ (45) ਦੀ ਮੌਕੇ 'ਤੇ ਹੀ ਮੌਤ ਹੋ ਗਈ। ਪੰਜ ਨੂੰ ਗੰਭੀਰ ਜ਼ਖਮੀ ਹਾਲਤ 'ਚ ਬਾਹਰ ਕੱਢ ਲਿਆ ਗਿਆ।

## ਅਫਗਾਨਿਸਤਾਨ 'ਚ ਕੰਬਿਆ, 14 ਦੀ ਮੌਤ

**ਹੇਰਾਤ** : ਅਫਗਾਨਿਸਤਾਨ 'ਚ ਸ਼ਨੀਵਾਰ ਤੇਜ਼ ਭੁਚਾਲ ਦੇ ਝਟਕੇ ਮਹਿਸੂਸ ਕੀਤੇ ਗਏ।

ਰਿਐਕਟਰ ਸਕੇਲ 'ਤੇ ਇਸ ਦੀ ਤੀਬਰਤਾ 6.3 ਰਹੀ। ਇਸ ਤੋਂ ਬਾਅਦ 30 ਮਿੰਟ ਦੇ ਅੰਦਰ ਇੱਥੇ 3 ਝਟਕੇ ਲੱਗੇ। ਭੁਚਾਲ ਦਾ ਕੇਂਦਰ ਅਫਗਾਨਿਸਤਾਨ ਦਾ ਹੇਰਾਤ ਸੂਬਾ ਸੀ। ਮੀਡੀਆ ਰਿਪੋਰਟਾਂ ਮੁਤਾਬਕ ਇੱਥੇ ਹੁਣ ਤੱਕ 14 ਲੋਕਾਂ ਦੀ ਮੌਤ ਹੋ ਗਈ, ਉਥੇ ਹੀ ਕਰੀਬ 78 ਲੋਕ ਜ਼ਖ਼ਮੀ ਹੋਏ ਹਨ।

## 16ਵੀਂ ਸੂਬਾ ਕਾਨਫਰੰਸ ਸ਼ੁਰੂ

# ਪੰਜਾਬ ਇਸਤਰੀ ਸਭਾ ਦੀਆਂ ਜੜ੍ਹਾਂ ਮਜ਼ਬੂਤ ਤੇ ਵਿਰਾਸਤ ਮਾਣਮੱਤੀ : ਡਾ. ਨਵਸ਼ਰਨ

### ਕੁਦਰਤ ਤੇ ਔਰਤ ਸਿਰਜਣਾ ਕਰਦੀ ਐ : ਬਰਾੜ



ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਡਾ. ਨਵਸ਼ਰਨ। (ਫੋਟੋ : ਰਾਜੇਸ਼ ਥਾਪਾ)

**ਕਾਮਰੇਡ ਗੀਤਾ ਮੁਖਰਜੀ ਹਾਲ/ਜਲੰਧਰ (ਗਿਆਨ ਸੈਦਪੁਰੀ)**

ਪੰਜਾਬ ਇਸਤਰੀ ਸਭਾ ਦੀ ਸੋਲ੍ਹਵੀਂ ਸੂਬਾ ਕਾਨਫਰੰਸ ਸ਼ਾਨਦਾਰ ਉਦਘਾਟਨੀ ਰਸਮਾਂ ਨਾਲ ਸ਼ੁਰੂ ਹੋਈ। ਸਭਾ ਦੀ ਸਰਪ੍ਰਸਤ ਕਾਮਰੇਡ ਨਰਿੰਦਰਪਾਲ ਕੌਰ ਪਾਲੀ ਵੱਲੋਂ ਸਭਾ ਦਾ ਝੰਡਾ ਝੁਲਾਇਆ ਗਿਆ। ਉਪਰੰਤ ਦੇਸ਼ ਭਗਤ ਯਾਦਗਾਰ ਹਾਲ ਦੇ ਵਿਸ਼ਨੂ ਗਣੇਸ਼ ਪਿੰਗਲੇ ਹਾਲ ਨੂੰ ਆਰਜ਼ੀ ਤੌਰ 'ਤੇ ਬਣਾਏ 'ਕਾਮਰੇਡ ਗੀਤਾ ਮੁਖਰਜੀ ਹਾਲ' ਵਿੱਚ ਪ੍ਰਧਾਨਗੀ ਮੰਡਲ ਨੂੰ ਪੰਜਾਬ ਇਸਤਰੀ ਸਭਾ ਦੇ ਜਨਰਲ ਸਕੱਤਰ ਕਾਮਰੇਡ ਰਜਿੰਦਰ ਪਾਲ ਕੌਰ ਨੇ ਮੰਚ 'ਤੇ ਬੁਲਾਇਆ। ਇਸ ਵਿੱਚ ਨਰਿੰਦਰ ਪਾਲ ਕੌਰ ਪਾਲੀ, ਕੁਸ਼ਲ ਭੌਰਾ, ਨਿਸ਼ਾ ਸਿੱਧੂ, ਬੰਤ ਸਿੰਘ ਬਰਾੜ, ਜੀਤ ਕੁਮਾਰੀ ਤੇ ਗੁਰਚਰਨ ਕੌਰ ਕੋਚਰ ਆਦਿ ਸ਼ਾਮਲ ਸਨ।

ਸ਼ੁਰੂ ਵਿੱਚ ਸੁਰਜੀਤ ਕੌਰ ਕਾਲੜਾ ਨੇ ਕਾਮਰੇਡ ਅਮੋਲਕ ਦੀ ਰਚਨਾ ਤਰੰਨਮ ਵਿੱਚ ਪੇਸ਼ ਕੀਤੀ, ਜਿਸ ਨੇ ਸਭ ਦਾ ਧਿਆਨ ਖਿੱਚਿਆ। ਕਾਨਫਰੰਸ ਵਿੱਚ ਭਾਰਤੀ ਮਹਿਲਾ ਫੈਡਰੇਸ਼ਨ ਦੀ ਆਗੂ ਨਿਸ਼ਾ ਸਿੱਧੂ ਨਿਗਰਾਨ ਵਜੋਂ ਸ਼ਾਮਲ ਹੋਏ ਅਤੇ ਮੁੱਖ ਮਹਿਮਾਨ ਵਜੋਂ ਡਾਕਟਰ ਨਵਸ਼ਰਨ ਕਾਨਫਰੰਸ ਦਾ ਹਿੱਸਾ ਬਣੇ। ਡਾ. ਨਵਸ਼ਰਨ ਦੀ ਵੰਗਾਰਮਈ ਅਤੇ ਜਜ਼ਬਾਤੀ ਤਕਰੀਰ ਨੇ ਮਾਹੌਲ ਨੂੰ ਬੇਹੱਦ ਸੰਜੀਦਾ ਬਣਾ ਦਿੱਤਾ। ਉਨ੍ਹਾ ਕਿਹਾ ਕਿ ਜਦੋਂ ਸਟੇਟ ਪੱਖਪਾਤੀ ਹੋ ਜਾਵੇ ਤਾਂ ਔਰਤਾਂ ਨੂੰ ਹੀ ਵੱਧ ਸੰਤਾਪ ਹੰਢਾਉਣਾ ਪੈਂਦਾ ਹੈ। ਉਨ੍ਹਾ ਯਾਦ ਕਰਵਾਇਆ ਕਿ ਮਨੀਪੁਰ ਅਤੇ ਹਾਥਰਸ ਦੀਆਂ ਦਰਿੰਦਗੀ ਭਰੀਆਂ ਘਟਨਾਵਾਂ ਨਾਲ ਭਾਰਤ ਦੀ ਰੂਹ ਕੰਬ ਉੱਠੀ ਸੀ। ਉਨ੍ਹਾ ਕਿਹਾ ਕਿ ਭਾਰਤੀ ਸਟੇਟ ਨੇ ਆਪਣੇ-ਆਪ ਨੂੰ ਅਨੇਕਾਂ ਕਾਲੇ ਕਾਨੂੰਨਾਂ ਨਾਲ ਲੈਸ ਕਰ ਲਿਆ ਹੈ ਅਤੇ ਭਾਰਤੀ ਲੋਕਾਂ ਨੂੰ ਤਾਕਤਹੀਣ ਕਰਨ ਲਈ ਹਰ ਹਰਬਾ ਵਰਤਿਆ ਜਾ ਰਿਹਾ ਹੈ। ਉਨ੍ਹਾ ਕਿਹਾ ਕਿ ਦੇਸ਼ ਦੇ ਹਾਕਮਾਂ ਨੇ ਹੀ ਦੇਸ਼ ਵਾਸੀਆਂ ਵਿਰੁੱਧ ਜੰਗ ਛੇੜ ਰੱਖੀ ਹੈ। ਡਾ. ਨਵਸ਼ਰਨ ਨੇ ਕਿਹਾ ਕਿ ਅੱਜ ਅਸੀਂ ਇਤਿਹਾਸ ਦੇ ਉਸ ਪੜਾਅ 'ਤੇ ਖੜ੍ਹੇ ਹਾਂ, ਜੋ ਬਹੁਤ ਖਤਰਨਾਕ ਹੈ।

ਇਸ ਤੋਂ ਪਹਿਲਾਂ ਭਾਰਤੀ ਮਹਿਲਾ ਫੈਡਰੇਸ਼ਨ ਦੀ ਆਗੂ ਨਿਸ਼ਾ ਸਿੱਧੂ ਨੇ ਪੰਜਾਬ ਇਸਤਰੀ ਸਭਾ ਨਾਲ ਜੁੜੀਆਂ ਰਹੀਆਂ ਮ ਹ ਾ ਨ

● ਬਾਕੀ ਸਫ਼ਾ 2 'ਤੇ

## ਏਸ਼ੀਆਈ ਖੇਡਾਂ 'ਚ 14ਵੇਂ ਦਿਨ ਭਾਰਤ ਨੇ ਕਬੱਡੀ, ਕ੍ਰਿਕਟ ਤੇ ਬੈਡਮਿੰਟਨ 'ਚ ਜਿੱਤਿਆ ਸੋਨਾ

**ਹਾਂਗਜ਼ੂ** : ਇੱਥੇ ਏਸ਼ੀਆਈ ਖੇਡਾਂ ਦੇ 14ਵੇਂ ਦਿਨ ਭਾਰਤੀ ਮਹਿਲਾ ਕਬੱਡੀ ਟੀਮ ਨੇ ਦੇਸ਼ ਲਈ ਇਤਿਹਾਸਕ ਸੋਨ ਤਮਗਾ ਜਿੱਤਿਆ। ਭਾਰਤੀ ਕਬੱਡੀ ਟੀਮ ਨੇ ਚੀਨੀ ਤਾਇਪੇ ਨੂੰ 26-25 ਨਾਲ ਹਰਾ ਕੇ ਸੋਨ ਤਮਗਾ ਆਪਣੇ ਨਾਂਅ ਕੀਤਾ। ਭਾਰਤੀ ਮਹਿਲਾ ਕਬੱਡੀ ਟੀਮ ਦਾ ਇਹ ਤੀਜਾ ਖਿਤਾਬ ਹੈ। ਪਿਛਲੀ ਵਾਰ ਉਸ ਨੇ ਜਕਾਰਤਾ 'ਚ ਚਾਂਦੀ ਦਾ ਤਗਮਾ ਜਿੱਤਿਆ ਸੀ। ਉਸ ਦੀ ਖਿਤਾਬੀ ਜਿੱਤ ਨਾਲ ਭਾਰਤ ਨੇ ਪਹਿਲੀ ਵਾਰ ਏਸ਼ੀਆਈ ਖੇਡਾਂ 'ਚ ਤਗਮਿਆਂ ਦੇ ਤਿੰਨ ਅੰਕਾਂ ਨੂੰ ਛੂਹਿਆ। ਫਾਈਨਲ ਮੈਚ 'ਚ ਚੀਨੀ ਤਾਇਪੇ ਨੇ ਬਹੁਤ ਸਖਤ ਚੁਣੌਤੀ ਦਿੱਤੀ, ਪਰ ਭਾਰਤ ਇੱਕ ਅੰਕ ਨਾਲ ਜਿੱਤ ਗਿਆ। ਅੱਧੇ ਸਮੇਂ ਤੱਕ ਭਾਰਤ ਕੋਲ ਪੰਜ ਅੰਕਾਂ ਦੀ ਲੀਡ ਸੀ। ਭਾਰਤ ਲਈ ਪੂਜਾ ਨੇ ਕਈ ਅੰਕ ਹਾਸਲ ਕੀਤੇ। ਇਸ ਦੇ ਨਾਲ ਹੀ ਭਾਰਤੀ ਪੁਰਸ਼ਾਂ ਦੀ ਕਬੱਡੀ ਟੀਮ ਨੇ ਈਰਾਨ ਨੂੰ ਫਾਇਨਲ 'ਚ ਹਰਾ

● ਬਾਕੀ ਸਫ਼ਾ 2 'ਤੇ

# ਪੰਜਾਬ ਖੇਤ ਮਜ਼ਦੂਰ ਸਭਾ ਦੀ ਸੂਬਾ ਕਾਨਫਰੰਸ ਨਵੇਂ ਸੰਘਰਸ਼ਾਂ ਦਾ ਅਧਾਰ ਬਣੇਗੀ : ਅਰਸ਼ੀ



**ਫਰੀਦਕੋਟ (ਐਲਿਗਜੈਂਡਰ ਡਿਸੂਜਾ)**

"ਪੰਜਾਬ ਖੇਤ ਮਜ਼ਦੂਰ ਸਭਾ ਸੰਬੰਧਤ ਭਾਰਤੀ ਖੇਤ ਮਜ਼ਦੂਰ ਯੂਨੀਅਨ ਦੀ ਅਗਲੇ ਮਹੀਨੇ ਫਰੀਦਕੋਟ ਵਿੱਚ ਹੋਣ ਜਾ ਰਹੀ ਸੂਬਾ ਕਾਨਫਰੰਸ ਜਿੱਥੇ ਸਮਾਜ ਦੇ ਸਭ ਤੋਂ ਲਿਤਾੜੇ ਹੋਏ ਦਿਹਾਤੀ ਮਜ਼ਦੂਰਾਂ ਦੇ ਹੱਕਾਂ ਦੀ ਰਾਖੀ ਲਈ ਸੰਘਰਸ਼ਾਂ ਦਾ ਨਵਾਂ ਪ੍ਰੋਗਰਾਮ ਲੈ ਕੇ ਆਵੇਗੀ, ਉੱਥੇ ਦੇਸ਼ ਦੇ ਮੌਜੂਦਾ ਨਾਜ਼ੁਕ ਸਿਆਸੀ ਦੌਰ ਵਿੱਚ ਮਿਹਨਤਕਸ਼ ਜਮਾਤ ਨੂੰ ਲਾਮਬੰਦ ਕਰਨ ਦਾ ਕੰਮ ਵੀ ਕਰੇਗੀ।" ਇਹ ਸ਼ਬਦ ਇੱਥੇ ਭਾਰਤੀ ਕਮਿਊਨਿਸਟ ਪਾਰਟੀ ਦੀ ਜ਼ਿਲ੍ਹਾ ਕੌਂਸਲ ਦੀ ਵਧਾਈ ਹੋਈ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਕੌਮੀ ਕੌਂਸਲ ਦੇ ਮੈਂਬਰ ਅਤੇ ਸਾਬਕਾ

● ਬਾਕੀ ਸਫ਼ਾ 2 'ਤੇ

## ਐੱਸ ਵਾਈ ਐੱਲ ਦਾ ਰੇੜਕਾ ਸਦਾ ਲਈ ਖਤਮ ਕੀਤਾ ਜਾਵੇ : ਸੀ ਪੀ ਆਈ

**ਚੰਡੀਗੜ੍ਹ** : ਸੁਪਰੀਮ ਕੋਰਟ ਵੱਲੋਂ ਪੰਜਾਬ ਅੰਦਰ ਐੱਸ ਵਾਈ ਐੱਲ ਦੀ ਉਸਾਰੀ ਬਾਰੇ ਜਾਣਕਾਰੀ ਇਕੱਠੀ ਕਰਨ ਵਾਸਤੇ ਕੇਂਦਰ ਸਰਕਾਰ ਨੂੰ ਦਿੱਤੀਆਂ ਗਈਆਂ ਹਦਾਇਤਾਂ ਅਤੇ ਪੰਜਾਬ ਸਰਕਾਰ ਵੱਲੋਂ ਇਸ ਸੰਬੰਧੀ ਦਿੱਤੀਆਂ ਗਈਆਂ ਕਮਜ਼ੋਰ ਦਲੀਲਾਂ ਬਾਰੇ ਟਿੱਪਣੀ ਕਰਦਿਆਂ ਪੰਜਾਬ ਸੀ ਪੀ ਆਈ ਦੇ ਸਕੱਤਰ ਬੰਤ ਸਿੰਘ ਬਰਾੜ ਨੇ ਕਿਹਾ ਕਿ ਸੀ ਪੀ ਆਈ ਸਮਝਦੀ ਹੈ ਕਿ ਐੱਸ ਵਾਈ ਐੱਲ ਦਾ ਮੁੱਦਾ ਖਤਮ ਹੋ ਚੁੱਕਾ ਹੈ, ਇਸ ਨੂੰ ਸਮੇਂ-ਸਮੇਂ ਉਭਾਰ ਕੇ ਸੂਬਿਆਂ ਵਿਚ ਫਸਾਦਾਂ ਦੀ ਜੜ੍ਹ ਕਾਇਮ ਰੱਖਣੀ ਨਾ ਦੇਸ਼ ਅਤੇ ਨਾ ਹੀ ਸੰਬੰਧਤ ਸੂਬਿਆਂ ਦੇ ਹਿੱਤ ਵਿਚ ਹੈ।

ਉਹਨਾ ਆਖਿਆ ਕਿ 2004 ਵਿਚ ਪੰਜਾਬ ਵਿਧਾਨ ਸਭਾ ਨੇ ਮਤਾ ਪਾਸ ਕਰਕੇ ਨਹਿਰ ਬਾਰੇ 1981 ਦੇ ਸਮਝੌਤੇ ਨੂੰ ਰੱਦ ਕਰ ਦਿੱਤਾ ਸੀ ਅਤੇ ਇਸ ਮਤੇ ਬਾਰੇ ਪੰਜਾਬ ਦੀਆਂ ਸਿਆਸੀ ਪਾਰਟੀਆਂ ਅਤੇ ਲੋਕਾਂ ਵਿਚ ਆਮ ਸਹਿਮਤੀ ਸੀ। ਉਸ ਪਿੱਛੋਂ ਵਾਰ-ਵਾਰ ਆਪਣੇ ਸੌੜੇ ਹਿੱਤਾਂ ਨੂੰ ਪੂਰਾ ਕਰਨ ਲਈ ਕੁਝ ਪਾਰਟੀਆਂ ਇਸ ਨੂੰ ਤੂਲ ਦਿੰਦੀਆਂ ਰਹਿੰਦੀਆਂ ਹਨ, ਜੋ ਠੀਕ

● ਬਾਕੀ ਸਫ਼ਾ 2 'ਤੇ



## ਬਾਬਾ ਸੇਵਾ ਸਿੰਘ ਦੀ ਬਰਸੀ ਮਨਾਈ



ਮੱਖੂ (ਰਛਪਾਲ ਸਿੰਘ ਸੰਧੂ)-ਧੰਨ ਧੰਨ ਪੀਰ ਬਾਬਾ ਮਿੱਠੂ ਸ਼ਾਹ ਜੀ ਦੀ ਦਰਗਾਹ 'ਤੇ ਮੁੱਖ ਸੇਵਾਦਾਰ ਰਜਿੰਦਰ ਸਿੰਘ ਦੀ ਅਗਵਾਈ ਹੇਠ ਬਾਬਾ ਸੇਵਾ ਸਿੰਘ ਜੀ ਦੀ 8ਵੀਂ ਸਾਲਾਨਾ ਬਰਸੀ ਬਹੁਤ ਹੀ ਸ਼ਰਧਾ ਨਾਲ ਮਨਾਈ ਗਈ। ਮੁੱਖ ਸੇਵਾਦਾਰ ਬਾਬਾ ਸੇਵਾ ਸਿੰਘ ਜੀ ਦੀ ਬਰਸੀ ਮੌਕੇ ਬਾਬਾ ਜੀ ਦੀ ਮਜ਼ਾਰ 'ਤੇ ਚਾਦਰ ਚੜ੍ਹਾਉਣ ਦੀ ਰਸਮ ਮੁੱਖ ਸੇਵਾਦਾਰ ਰਜਿੰਦਰ ਸਿੰਘ ਵੱਲੋਂ ਨਿਭਾਈ ਗਈ। ਇਸ ਮੌਕੇ ਵੱਡੀ ਗਿਣਤੀ ਵਿੱਚ ਸੰਗਤਾਂ ਵੱਲੋਂ ਦਰਗਾਹ 'ਤੇ ਹਾਜ਼ਰੀ ਲਵਾ ਕੇ ਬਾਬਾ ਜੀ ਦੀ ਅਸ਼ੀਰਵਾਦ ਪ੍ਰਾਪਤ ਕੀਤਾ ਗਿਆ। ਬਾਬਾ ਸੇਵਾ ਸਿੰਘ ਜੀ ਦੀ ਬਰਸੀ ਮੌਕੇ ਪੰਜਾਬ ਦੇ ਮਸ਼ਹੂਰ ਕੱਵਾਲ ਹਰਮੇਸ਼ ਰੰਗੀਲਾ ਤੇ ਉਂਕਾਰ ਵਾਲੀਆ ਵੱਲੋਂ ਕੱਵਾਲ ਪੇਸ਼ ਕੀਤੇ ਗਏ। ਬਾਬਾ ਸੇਵਾ ਸਿੰਘ ਜੀ ਦੀ ਬਰਸੀ ਮੌਕੇ ਦਰਗਾਹ 'ਤੇ ਪਹੁੰਚੀ ਹੋਈ ਸੰਗਤ ਵਿੱਚ ਅਤੁੱਟ ਲੰਗਰ ਵਰਤਾਇਆ ਗਿਆ। ਇਸ ਮੌਕੇ ਬੱਬੂ ਰੇਲੀਆ, ਦੀਪਕ ਖੁਰਾਣਾ, ਡਾ. ਰਜੀਵ ਅਹੂਜਾ, ਰਵੀ ਸਾਬਕਾ ਐੱਮ ਸੀ, ਨਵੀਨ ਗਰੋਵਰ ਬੱਬੂ ਸਾਬਕਾ ਐੱਮ ਸੀ, ਬੰਟੀ ਗਾਂਧੀ, ਅਮਰਜੀਤ ਸਚਦੇਵਾ, ਹੀਰਾ ਸਿੰਘ, ਮੋਂਟੀ ਸਚਦੇਵਾ, ਰਛਪਾਲ ਸਿੰਘ ਸੰਧੂ, ਅਮਰਜੀਤ ਸਿੰਘ ਪੋਪੀ, ਸਾਜਨ ਸਿਕਰੀ, ਬੰਟੀ ਨਾਰੰਗ, ਰਾਹੁਲ, ਵਿੱਕੀ ਆਦਿ ਨੇ ਹਾਜ਼ਰੀ ਲਵਾਈ।

## ਬੀ ਆਈ ਐੱਸ ਕਾਲਜ ਗਗੜਾ ਵਿਖੇ ਡਰਾਈ ਡੇਅ ਮਨਾਇਆ



ਕੋਟ ਈਸੇ ਖਾਂ (ਅਰੋੜਾ)-ਪੰਜਾਬ ਸਰਕਾਰ ਦੇ ਸਲੋਗਨ ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ ਦੇ ਲੜੀ ਤਹਿਤ ਸਿਵਲ ਸਰਜਨ ਡਾਕਟਰ ਰਾਜੇਸ਼ ਕੁਮਾਰ ਅਤਰੀ ਤੇ ਸੀਨੀਅਰ ਮੈਡੀਕਲ ਅਫਸਰ ਡਾਕਟਰ ਸੰਦੀਪ ਸਿੰਘ ਸੀਐਚਸੀ ਕੋਟ ਈਸੇ ਖਾਂ ਦੇ ਹੁਕਮਾਂ ਸਦਕਾ ਬੀਆਈਐਸ ਕਾਲਜ ਗਗੜਾ ਵਿਖੇ ਡਰਾਈ ਡੇਅ ਮਨਾਇਆ ਗਿਆ। ਇਸ ਲੜੀ ਤਹਿਤ ਕਾਲਜ ਵਿੱਚ 280 ਕੰਟੇਨਰਾਂ ਨੂੰ ਚੈੱਕ ਕੀਤਾ ਗਿਆ ਅਤੇ ਪੰਜ ਥਾਂਵਾਂ 'ਤੇ ਡੇਂਗੂ ਦਾ ਲਾਰਵਾ ਪਾਇਆ ਗਿਆ, ਜਿਸ ਨੂੰ ਬਰੀਡ ਚੈੱਕਰਾਂ ਦੁਆਰਾ ਸਪਰੇਅ ਕਰਕੇ ਮੌਕੇ 'ਤੇ ਹੀ ਨਸ਼ਟ ਕੀਤਾ ਗਿਆ, ਨਾਲ ਹੀ ਕਾਲਜ ਦੇ ਵਿਦਿਆਰਥੀਆਂ ਨੂੰ ਮਲਟੀਪਰਪਜ ਹੈਲਥ ਵਰਕਰ ਜਗਮੀਤ ਸਿੰਘ ਤੇ ਵਿਕਰਮਜੀਤ ਸਿੰਘ ਦੁਆਰਾ ਲੈਕਚਰ ਦਿੱਤਾ ਗਿਆ, ਜਿਸ ਵਿੱਚ ਵਿਦਿਆਰਥੀਆਂ ਨੂੰ ਡੇਂਗੂ ਬੁਖਾਰ ਦੇ ਲੱਛਣ ਉਸ ਦੀ ਰੋਕਥਾਮ ਅਤੇ ਉਸ ਦੇ ਇਲਾਜ ਸਬੰਧੀ ਜਾਗਰੂਕ ਕਰਾਇਆ ਗਿਆ। ਵਿਦਿਆਰਥੀਆਂ ਨੂੰ ਪੂਰੇ ਬਾਜੂ ਦੇ ਕੱਪੜੇ ਪਾਉਣ ਅਤੇ ਮੱਛਰ ਤੋਂ ਬਚਣ ਲਈ ਮਾਰਕੀਟ ਵਿੱਚ ਆਉਣ ਵਾਲੇ ਪ੍ਰੋਡਕਟਾਂ ਬਾਰੇ ਜਾਣਕਾਰੀ ਦਿੱਤੀ ਗਈ। ਬੱਚਿਆਂ ਨੂੰ ਇਹ ਵੀ ਸਮਝਾਇਆ ਗਿਆ ਕਿ ਡੇਂਗੂ ਬੁਖਾਰ ਹੋਣ ਉਪਰੰਤ ਸਰਕਾਰੀ ਹਸਪਤਾਲ 'ਚ ਮਿਲਣ ਵਾਲੀਆਂ ਸੁਵਿਧਾਵਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਇਸ ਸਮੇਂ ਉਨ੍ਹਾਂ ਨਾਲ ਕਾਲਜ ਦਾ ਸਟਾਫ਼ ਵੀ ਹਾਜ਼ਰ ਸੀ।

## ਪੰਜਾਬ ਦੀ ਜਨਤਾ 'ਆਪ' ਸਰਕਾਰ ਦੀਆਂ ਨੀਤੀਆਂ ਤੋਂ ਖੁਸ਼ : ਕਟਾਰੀਆ, ਠੁਕਰਾਲ



ਮੱਖੂ (ਰਛਪਾਲ ਸਿੰਘ ਸੰਧੂ)-ਆਮ ਆਦਮੀ ਪਾਰਟੀ ਦੇ ਸੀਨੀਅਰ ਯੂਥ ਆਗੂ ਸੰਕਰ ਕਟਾਰੀਆ ਤੇ ਯੂਥ ਆਗੂ ਸੰਦੀਪ ਠੁਕਰਾਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਪੰਜਾਬ ਦੀ ਜਨਤਾ ਨੂੰ ਸਹੂਲਤਾਂ ਦੇਣ ਲਈ ਦਿਨ ਰਾਤ ਇੱਕ ਕਰ ਰਹੀ ਹੈ ਤੇ ਪੰਜਾਬ ਦੀ ਜਨਤਾ ਆਮ ਆਦਮੀ ਪਾਰਟੀ ਸਰਕਾਰ ਦੀਆਂ ਨੀਤੀਆਂ ਤੋਂ ਪੂਰੀ ਤਰ੍ਹਾਂ ਖੁਸ਼ ਹੈ, ਜਿਸ ਕਰਕੇ ਲੋਕ ਅਕਾਲੀ ਦਲ, ਕਾਂਗਰਸ ਪਾਰਟੀ ਨੂੰ ਛੱਡ ਕੇ ਆਮ ਆਦਮੀ ਪਾਰਟੀ ਨਾਲ ਜੁੜ ਰਹੇ ਹਨ। ਸੰਕਰ ਕਟਾਰੀਆ ਤੇ ਸੰਦੀਪ ਠੁਕਰਾਲ ਨੇ ਕਿਹਾ ਕਿ ਹਰ ਵਰਗ ਦੇ ਲੋਕ 'ਆਪ' ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਅੱਗੇ ਵਧ ਰਹੇ ਹਨ। 'ਆਪ' ਸਰਕਾਰ ਨੇ ਜਿੱਥੇ ਸੂਬੇ ਅੰਦਰ ਅਮਨ ਸ਼ਾਂਤੀ ਨੂੰ ਕਾਇਮ ਕਰਕੇ ਭਾਈਚਾਰਕ ਸਾਂਝ ਨੂੰ ਮਜ਼ਬੂਤ ਬਣਾਇਆ ਹੈ, ਉੱਥੇ ਨਾਲ ਹੀ ਸੂਬੇ ਅੰਦਰ ਵਿਕਾਸ ਦੀਆਂ ਯੋਜਨਾਵਾਂ ਚਲਾ ਕੇ ਪੰਜਾਬ ਨੂੰ ਮੁੜ ਤੋਂ ਰੰਗਲਾ ਪੰਜਾਬ ਬਣਾਉਣ ਲਈ ਯਤਨ ਕੀਤੇ ਜਾ ਰਹੇ ਹਨ। ਸੰਕਰ ਕਟਾਰੀਆ ਤੇ ਸੰਦੀਪ ਠੁਕਰਾਲ ਨੇ ਕਿਹਾ ਕਿ ਵਿਧਾਇਕ ਨਰੇਸ਼ ਕਟਾਰੀਆ ਵੱਲੋਂ ਹਲਕੇ ਦੇ ਪਿੰਡਾਂ ਵਿੱਚ ਪਹੁੰਚ ਕੇ ਜਿੱਥੇ ਲੋਕਾਂ ਦੀਆਂ ਦੁੱਖ ਤਕਲੀਫਾਂ ਨੂੰ ਸੁਣਿਆ ਜਾ ਰਿਹਾ ਹੈ, ਉਥੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਵੀ ਕੀਤਾ ਜਾ ਰਿਹਾ ਹੈ। ਵਿਧਾਇਕ ਨਰੇਸ਼ ਕਟਾਰੀਆ ਦਾ ਮੁੱਖ ਉਦੇਸ਼ ਹਲਕਾ ਵਾਸੀਆਂ ਦੀ ਸੇਵਾ ਕਰਨਾ ਤੇ ਲੋਕਾਂ ਦੀਆਂ ਮੁਸ਼ਕਲਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਵਾਉਣਾ ਹੈ, ਜਿਸ ਦੇ ਲਈ ਦਿਨ-ਰਾਤ ਮਿਹਨਤ ਕਰ ਰਹੇ ਹਨ।

## ਪਰਾਲੀ ਦੀ ਸਾਂਭ-ਸੰਭਾਲ ਲਈ ਕਿਸਾਨ ਸਿਖਲਾਈ ਕੈਂਪ ਲਾਇਆ



ਧਰਮਕੋਟ (ਗੁਰਦੀਪ ਸਿੰਘ ਭੁੱਲਰ)-ਡਾਇਰੈਕਟਰ ਖੇਤੀਬਾੜੀ ਡਾ. ਜਸਵੰਤ ਸਿੰਘ ਦੀਆਂ ਹਦਾਇਤਾਂ ਅਨੁਸਾਰ ਤੇ ਮੁੱਖ ਖੇਤੀਬਾੜੀ ਅਫ਼ਸਰ ਡਾ. ਮਨਜੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਤੇ ਬਲਾਕ ਖੇਤੀਬਾੜੀ ਅਫ਼ਸਰ ਡਾ. ਗੁਰਬਾਜ ਸਿੰਘ ਦੀ ਅਗਵਾਈ 'ਚ ਖੇਤੀਬਾੜੀ ਵਿਕਾਸ ਅਫ਼ਸਰ ਡਾ. ਗੁਰਲਵੀਨ ਸਿੰਘ ਸਿੱਧੂ ਵੱਲੋਂ ਬਲਾਕ ਕੋਟ ਤੇ ਈਸੇ ਖਾਂ ਦੇ ਪਿੰਡ ਕੋਲਾ ਵਿਖੇ ਕਿਸਾਨ ਸਿਖਲਾਈ ਤੇ ਜਾਗਰੂਕਤਾ ਕੈਂਪ ਲਾਇਆ ਗਿਆ। ਡਾ. ਸਿੱਧੂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਇਸ ਵਾਰ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਾਉਣ, ਸਗੋਂ ਉਸ ਨੂੰ ਆਪਣੇ ਖੇਤਾਂ 'ਚ ਹੀ ਮਿਲਾਉਣ। ਪਰਾਲੀ ਸਾੜਨ ਨਾਲ ਇੱਕ ਤਾਂ ਵਾਤਾਵਰਣ ਦੂਸ਼ਿਤ ਹੁੰਦਾ ਹੈ, ਦੂਜਾ ਮਿੱਟੀ ਦੀ ਉਪਜਾਊ ਸ਼ਕਤੀ ਘੱਟ ਹੁੰਦੀ ਹੈ, ਤੀਜਾ ਮਿੱਤਰ ਕੀੜੇ ਮਰ ਜਾਂਦੇ ਹਨ, ਚੌਥਾ ਧੂੰਏਂ ਨਾਲ ਸੜਕੀ ਹਾਦਸੇ ਵਾਪਰਦੇ ਹਨ, 5ਵਾਂ ਪੁੱਤਾਂ ਵਾਂਗ ਪਾਲੇ ਰੁੱਖ ਸੜ ਕੇ ਤਬਾਹ ਹੋ ਜਾਂਦੇ ਹਨ, 6ਵਾਂ ਧੂੰਏਂ ਨਾਲ ਕਈ ਕਿਸਮ ਦੀਆਂ ਬਿਮਾਰੀਆਂ ਮਨੁੱਖੀ ਸਰੀਰ ਨੂੰ ਲੱਗਦੀਆਂ ਹਨ। ਪਰਾਲੀ ਸਾੜਨ ਦੇ ਏਨੇ ਨੁਕਸਾਨ ਹੋਣ ਦੇ ਬਾਵਜੂਦ ਕਿਸਾਨ ਵੀਰ ਝੋਨੇ ਦੀ ਪਰਾਲੀ ਨੂੰ ਅੱਗ ਲਾਉਣ ਤੋਂ ਗੁਰੇਜ਼ ਕਰਨ। ਡਾ. ਮਨਪ੍ਰੀਤ ਜੈਦਕਾ ਨੇ ਕਿਸਾਨਾਂ ਨੂੰ ਨਵੀਂ ਤਕਨੀਕ ਸਰਫੇਸਸੀਡਰ ਮਸ਼ੀਨ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਇਸ ਮਸ਼ੀਨ ਨਾਲ ਇਕ ਏਕੜ ਕਣਕ ਬੀਜਣ ਲਈ 700-800 ਰੁਪਏ ਖਰਚਾ ਆਉਂਦਾ ਹੈ। ਆਖਰ 'ਚ ਏ.ਆਰ. ਕੋਆਪਰੇਟਿਵ ਵਰਿੰਦਰ ਕੋਛੜਾ ਵੱਲੋਂ ਕਿਸਾਨ ਵੀਰਾਂ ਨੂੰ ਕੋਆਪ੍ਰੇਟਿਵ ਸੁਸਾਇਟੀ ਨਾਲ ਜੁੜ ਕੇ ਰਹਿਣ ਦੀ ਸਲਾਹ ਦਿੱਤੀ, ਜਿਸ ਨਾਲ ਕਿਸਾਨਾਂ ਦੇ ਖਰਚੇ ਘੱਟ ਹੋਣਗੇ, ਮਸ਼ੀਨਰੀ ਘੱਟ ਰੇਟ 'ਤੇ ਮੁਹੱਈਆ ਹੋਵੇਗੀ। ਇਸ ਸਮੇਂ ਇੰਸਪੈਕਟਰ ਪਰਮਿੰਦਰ ਸ਼ਰਮਾ, ਏ.ਟੀ.ਐੱਮ. ਗਗਨਦੀਪ ਸਿੰਘ, ਸੈਕਟਰੀ ਸਵਰਨ ਸਿੰਘ, ਇਕਬਾਲ ਸਿੰਘ ਢੋਲੇਵਾਲਾ ਸੀਨੀਅਰ ਆਗੂ ਆਮ ਆਦਮੀ ਪਾਰਟੀ, ਗੁਰਮੀਤ ਸਿੰਘ ਦਾਤੇਵਾਲ ਤੇ ਕਿਸਾਨ ਵੀਰ ਹਾਜ਼ਰ ਸਨ।

## ਮਾਤਾ ਸੁੰਦਰੀ ਗਰੁੱਪ ਆਫ ਇੰਸਟੀਚਿਊਸ਼ਨਜ਼ ਢੱਡੇ ਵਿਖੇ 'ਸਵੱਛਤਾ ਪਖਵਾੜਾ' ਮਨਾਇਆ



ਰਾਮਪੁਰਾ ਫੂਲ (ਦਰਸ਼ਨ ਜਿੰਦਲ)-ਅੰਤਰਰਾਸ਼ਟਰੀ ਪੱਧਰ 'ਤੇ ਨਾਮਣਾ ਖੱਟਣ ਵਾਲੀ ਨਾਮਵਰ ਸੰਸਥਾ ਮਾਤਾ ਸੁੰਦਰੀ ਗਰੁੱਪ ਆਫ ਇੰਸਟੀਚਿਊਸ਼ਨਜ਼ ਢੱਡੇ ਦੇ ਐੱਨ.ਐੱਸ.ਐੱਸ. ਵਿਭਾਗ ਵੱਲੋਂ "ਸਵੱਛਤਾ ਪੱਖਵਾੜਾ" ਮਨਾਇਆ ਗਿਆ, ਜਿਸ ਤਹਿਤ ਕਾਲਜ ਦੀਆਂ ਵਿਦਿਆਰਥਣਾਂ ਵੱਲੋਂ ਕਾਲਜ ਕੈਂਪਸ ਤੇ ਖੇਡ ਗਰਾਊਂਡ ਦੀ ਸਫਾਈ ਕੀਤੀ ਗਈ। ਇਸ ਮੌਕੇ ਸੰਸਥਾ ਦੇ ਚੇਅਰਮੈਨ ਕੁਲਵੰਤ ਸਿੰਘ ਢੱਡੇ, ਐੱਮ.ਡੀ. ਗੁਰਬਿੰਦਰ ਸਿੰਘ ਬੱਲੀ ਤੇ ਡਾਇਰੈਕਟਰ ਐਡਮਨਿਸਟ੍ਰੇਸ਼ਨ ਪਰਮਿੰਦਰ ਸਿੰਘ ਸਿੱਧੂ ਨੇ ਵਿਦਿਆਰਥਣਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਤੰਦਰੁਸਤ ਜੀਵਨ ਤੇ ਚੰਗੀ ਸਿਹਤ ਲਈ ਆਲਾ ਦੁਆਲਾ ਸਾਫ ਰੱਖਣਾ ਬਹੁਤ ਜ਼ਰੂਰੀ ਹੈ। ਇਸ ਮੌਕੇ ਉਨ੍ਹਾਂ ਕਿਹਾ ਕਿ ਸਰਕਾਰ ਦੇ "ਸਵੱਛਤਾ ਪੱਖਵਾੜਾ" ਅਭਿਆਨ ਤਹਿਤ ਪਿੰਡ ਢੱਡੇ ਤੇ ਡਿੱਖ ਵਿਖੇ ਸੰਸਥਾਂ ਦੀਆਂ ਵਿਦਿਆਰਥਣਾਂ ਵੱਲੋਂ ਸਫਾਈ ਅਭਿਆਨ ਸ਼ੁਰੂ ਕੀਤਾ ਜਾਵੇਗਾ। ਸੰਸਥਾ ਦੇ ਪ੍ਰਿੰਸੀਪਲ ਪ੍ਰੋ. ਰਾਜ ਸਿੰਘ ਬਾਘਾ ਨੇ ਵਿਦਿਆਰਥਣਾਂ ਨੂੰ ਕਿਹਾ ਕਿ ਇਸ ਸਫਾਈ ਅਭਿਆਨ ਦੌਰਾਨ ਅੱਗੇ ਆ ਕੇ ਲੋਕਾ ਨੂੰ ਜਾਗਰੂਕ ਕਰਨਾ ਚਾਹੀਦਾ ਹੈ ਤਾਂ ਕਿ ਸ਼ਹਿਰ ਤੇ ਪਿੰਡ ਪੱਧਰ 'ਤੇ ਸਮੂਹ ਸਾਂਝੀਆਂ ਥਾਵਾਂ ਤੇ ਆਲਾ ਦੁਆਲਾ ਸਾਫ ਸੁਥਰਾ ਅਤੇ ਹਰਿਆ ਭਰਿਆ ਬਣਾਇਆ ਜਾ ਸਕੇ। ਇਸ ਮੌਕੇ ਸੰਸਥਾ ਦੇ ਡਾਇਰੈਕਟਰ ਮੈਡਮ ਸਿੰਬਲਜੀਤ ਕੌਰ, ਖਜ਼ਾਨਚੀ ਮੈਡਮ ਪ੍ਰਸ਼ੋਤਮ ਕੌਰ, ਪ੍ਰੋ. ਮਨਪ੍ਰੀਤ ਕੌਰ (ਮੁਖੀ ਸਾਇੰਸ ਵਿਭਾਗ), ਪ੍ਰੋ. ਸੋਨਦੀਪ ਕੌਰ (ਮੁਖੀ ਐੱਫ ਟੀ ਵਿਭਾਗ), ਪ੍ਰੋ. ਹਰਸ਼ ਰਾਣੀ (ਮੁਖੀ ਕਾਮਰਸ ਵਿਭਾਗ) ਪ੍ਰੋ. ਰਣਜੀਤ ਕੌਰ (ਮੁਖੀ ਕੰਪਿਊਟਰ ਵਿਭਾਗ), ਰਾਜਵੀਰ ਕੌਰ (ਮੁਖੀ ਨਰਸਿੰਗ ਵਿਭਾਗ), ਪ੍ਰੋ. ਰਾਜਵਿੰਦਰ ਕੌਰ (ਸਮਾਜ ਸ਼ਾਸਤਰ), ਪ੍ਰੋ. ਰਵਿੰਦਰ ਕੁਮਾਰ (ਮੁਖੀ ਹਿੰਦੀ ਵਿਭਾਗ), ਪ੍ਰੋ. ਸ਼ਾਮ ਲਾਲ (ਪੰਜਾਬੀ ਵਿਭਾਗ), ਪ੍ਰੋ. ਸ਼ਰਨ ਕੌਰ (ਮੁਖੀ ਅੰਗਰੇਜ਼ੀ ਵਿਭਾਗ), ਪ੍ਰੋ. ਅੰਗਰੇਜ ਸਿੰਘ (ਐੱਨ.ਐੱਸ.ਐੱਸ. ਕੋਆਰਡੀਨੇਟਰ) ਆਦਿ ਹਾਜ਼ਰ ਸਨ।

## ਸ੍ਰੀ ਰਾਮ ਲੀਲ੍ਹਾ ਕਲੱਬ ਸੁੰਦਰ ਬਸਤੀ ਦੀ ਸਰਬਸੰਮਤੀ ਨਾਲ ਹੋਈ ਚੋਣ



ਸੰਗਰੂਰ (ਪ੍ਰਵੀਨ ਸਿੰਘ)-ਸਥਾਨਕ ਸੁੰਦਰ ਬਸਤੀ ਵਿਖੇ ਰਾਮ ਲੀਲ੍ਹਾ ਦਾ ਆਯੋਜਨ ਕਰਨ ਸਬੰਧੀ ਸ੍ਰੀ ਰਾਮ ਲੀਲ੍ਹਾ ਕਲੱਬ ਦੀ ਸਰਬਸੰਮਤੀ ਨਾਲ ਨਵੀਂ ਕਮੇਟੀ ਲਈ ਚੋਣ ਕੀਤੀ ਗਈ ਜਿਸ ਵਿੱਚ ਸਰਬਸੰਮਤੀ ਨਾਲ ਭੁਪਿੰਦਰ ਸਿੰਘ ਸੀਭਾ ਨੂੰ ਪ੍ਰਧਾਨ ਅਤੇ ਦਰਸ਼ਨ ਸਿੰਘ ਕਾਂਗੜਾ ਨੂੰ ਚੇਅਰਮੈਨ ਨਿਯੁਕਤ ਕੀਤਾ ਗਿਆ। ਇਸ ਦੇ ਨਾਲ ਹੀ ਬਾਕੀ ਕਮੇਟੀ ਦਾ ਗਠਨ ਵੀ ਕੀਤਾ ਗਿਆ ਜਿਸ ਵਿੱਚ ਸਰਪ੍ਰਸਤ ਭੁਪਿੰਦਰ ਸਹਿਗਲ ਤੇ ਵਿੱਕੀ ਗਿੱਲ,ਵਾਇਸ ਪ੍ਰਧਾਨ ਭੁਪਿੰਦਰ ਸਿੰਘ ਸੰਧੂ, ਜਨਰਲ ਸਕੱਤਰ ਜਗਸੀਰ ਸਿੰਘ ਜੱਗਾ, ਕੈਸ਼ੀਅਰ ਰਾਣਾ, ਸਹਾਇਕ ਕੈਸ਼ੀਅਰ ਹਰਜੀਤ ਸਿੰਘ ਡਿਪਨ ਸਹੋਤਾ, ਡਾਇਰੈਕਟਰ ਵਿਨੋਦ ਕੁਮਾਰ, ਮੇਕਅੱਪ ਡਾਇਰੈਕਟਰ ਜਤਿੰਦਰ ਗਿੱਲ ਕਾਗੋ, ਗਰਾਊਂਡ ਇੰਚਾਰਜ ਹੈਪੀ ਹੀਰਾ ਤੇ ਪੰਕਜ ਗਿੱਲ ਪੰਕੂ, ਸਟੇਜ ਸਕੱਤਰ ਰਵੀ ਕੁਮਾਰ ਚੌਹਾਨ, ਮਨਬੀਰ ਮਨੀ ਬੋਹਤ ਤੇ ਨੋਨੂ, ਸਟੋਰ ਇੰਚਾਰਜ ਗੁਰਜੀਤ ਸਿੰਘ ਕਾਲਾ ਮਿਸਤਰੀ ਤੇ ਗੁਰਪ੍ਰੀਤ ਸਿੰਘ ਹੀਰਾ ਚੁਣੇ ਗਏ। ਇਸ ਮੌਕੇ ਕਲੱਬ ਦੇ ਮੈਂਬਰਾਂ ਵਿੱਚ ਹਰੀਸ਼ ਕੁਮਾਰ, ਜਸ਼ਨਪ੍ਰੀਤ ਸਿੰਘ ਜੱਸਾ, ਗੁਰਪ੍ਰੀਤ ਸਿੰਘ, ਸਨੀ, ਧਰਮਵੀਰ, ਕ੍ਰਿਸ਼ਨ,ਅਜੇ ਕੁਮਾਰ, ਸਾਜਨ ਕਾਂਗੜਾ, ਵਿੱਕੀ, ਗੁਰੀ, ਸੰਦੀਪ ਸਿੰਘ, ਗਰੀਬਾ ਆਦਿ ਹਾਜ਼ਰ ਸਨ।

# ਵਿੱਕੀ ਮਹੇਸਰੀ ਦਾ ਕੌਮੀ ਪ੍ਰਧਾਨ ਚੁਣੇ ਜਾਣ 'ਤੇ ਨਛੱਤਰ ਭਵਨ 'ਚ ਨਿੱਘਾ ਸਵਾਗਤ

**■ ਮੋਗਾ ਜ਼ਿਲ੍ਹੇ ਦੇ ਨੌਜਵਾਨ-ਵਿਦਿਆਰਥੀਆਂ ਨੂੰ ਵਿੱਕੀ ਮਹੇਸਰੀ 'ਤੇ ਮਾਣ**



ਮੋਗਾ (ਅਮਰਜੀਤ ਬੱਬਰੀ) ਬੇਗੂਸਰਾਏ (ਬਿਹਾਰ) ਵਿਖੇ ਹੋਈ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੀ ਕੌਮੀ ਕਾਨਫਰੰਸ ਵਿੱਚ ਵਿੱਕੀ ਮਹੇਸਰੀ ਦਾ ਪ੍ਰਧਾਨ ਚੁਣੇ ਜਾਣ ਉਪਰੰਤ ਅੱਜ ਨਛੱਤਰ ਭਵਨ ਮੋਗਾ ਪਹੁੰਚਣ 'ਤੇ ਨਿੱਘਾ ਸੁਆਗਤ ਕੀਤਾ ਗਿਆ। ਇਸ ਮੌਕੇ ਹਾਜ਼ਰ ਸੀ.ਪੀ.ਆਈ. ਦੇ ਜ਼ਿਲ੍ਹਾ ਸਕੱਤਰ ਕੁਲਦੀਪ ਭੋਲਾ, ਐਪਸੋ ਆਗੂ ਡਾਕਟਰ ਇੰਦਰਵੀਰ ਗਿੱਲ, ਟਰੇਡ ਯੂਨੀਅਨ ਆਗੂ ਜਗਸੀਰ ਖੋਸਾ, ਹਰਪ੍ਰੀਤ ਨਿਹਾਲ ਸਿੰਘ ਵਾਲਾ, ਸਰਵ ਭਾਰਤ ਨੌਜਵਾਨ ਸਭਾ ਦੇ ਕੌਮੀ ਪ੍ਰਧਾਨ ਸੁਖਜਿੰਦਰ ਮਹੇਸਰੀ, ਜ਼ਿਲ੍ਹਾ ਸਕੱਤਰ ਗੁਰਦਿੱਤ ਦੀਨਾਂ, ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਜ਼ਿਲ੍ਹਾ ਸਕੱਤਰ ਸਵਰਾਜ ਖੋਸਾ ਨੇ ਕਿਹਾ ਕਿ ਅੱਜ ਜਦੋਂ ਹਾਲਤਾਂ ਦੇ ਮਾਰੇ ਨੌਜਵਾਨ ਨਸ਼ਿਆਂ ਤੇ ਹੋਰ ਅਲਾਮਤਾਂ ਦਾ ਸ਼ਿਕਾਰ ਹੋ ਰਹੇ ਹਨ, ਇਸ ਵੇਲੇ ਵਿੱਕੀ ਮਹੇਸਰੀ ਵਰਗੇ ਨੌਜਵਾਨ ਜਿਹੜੇ ਕਿ ਆਪਣੀ ਸੂਝ, ਲਗਨ ਤੇ ਮਿਹਨਤ ਨਾਲ ਨੌਜਵਾਨਾਂ ਦੇ ਕੌਮੀ ਪੱਧਰ ਦੇ ਆਗੂ ਵਜੋਂ ਉਭਰੇ ਹਨ। ਨੌਜਵਾਨਾਂ ਲਈ ਪ੍ਰੇਰਨਾ ਸਰੋਤ ਹਨ ਤੇ ਮੋਗਾ ਜ਼ਿਲ੍ਹੇ ਦੇ ਨੌਜਵਾਨ-ਵਿਦਿਆਰਥੀਆਂ ਨੂੰ ਵਿੱਕੀ ਮਹੇਸਰੀ 'ਤੇ ਮਾਣ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਇਹ ਨੌਜਵਾਨ ਆਪਣੇ ਖੇਤਰ ਵਿੱਚ ਹੋਰ ਵੀ ਅੱਗੇ ਵਧੇਗਾ। ਯਾਦ ਰਹੇ ਵਿੱਕੀ ਮਹੇਸਰੀ ਪੰਜਾਬੀ ਯੂਨੀਵਰਸਿਟੀ ਤੋਂ ਪੀ.ਐੱਚ.ਡੀ. ਕਰ ਰਿਹਾ ਹੈ ਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਕੌਮੀਂ ਜਨਰਲ ਸਕੱਤਰ ਵਜੋਂ ਸ਼ਾਨਦਾਰ ਸੇਵਾਵਾਂ ਨਿਭਾਅ ਚੁੱਕਾ ਹੈ ਅਤੇ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਭਾਸ਼ਾਵਾਂ 'ਤੇ ਮਜ਼ਬੂਤ ਪਕੜ ਰੱਖਣ ਵਾਲਾ ਇਹ ਵਿਦਿਆਰਥੀ ਆਗੂ ਭਾਰਤ ਦੇ ਨੌਜਵਾਨਾਂ ਨੂੰ ਦਰਪੇਸ਼ ਰੁਜ਼ਗਾਰ ਦੇ ਮਸਲੇ ਨੂੰ ਲੈ ਕੇ ਰੁਜ਼ਗਾਰ ਦੀ ਕਾਨੂੰਨੀ ਗਾਰੰਟੀ ਲਈ ਕੰਨਿਆ ਕੁਮਾਰੀ (ਤਾਮਿਲਨਾਡੂ) ਤੋਂ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਸਮਾਧ ਹੁਸੈਨੀਵਾਲਾ (ਪੰਜਾਬ) ਤੱਕ ਹਜ਼ਾਰਾਂ ਕਿਲੋਮੀਟਰ ਲੰਬੇ 'ਲੌਂਗ ਮਾਰਚ' ਦੀ ਸਫਲਤਾਪੂਰਵਕ ਅਗਵਾਈ ਕਰ ਚੁੱਕਾ ਹੈ। ਇਸ ਮਾਰਚ ਤਹਿਤ ਭਾਰਤ ਦੇ ਕਰੋੜਾਂ ਨੌਜਵਾਨਾਂ ਨੂੰ ਬਨੇਗਾ (ਭਗਤ ਸਿੰਘ ਕੌਮੀਂ ਰੁਜ਼ਗਾਰ ਗਰੰਟੀ ਕਾਨੂੰਨ) ਦੀ ਪ੍ਰਾਪਤੀ ਲਈ ਲਾਮਬੰਦ ਹੋਣ ਦਾ ਸੱਦਾ ਦਿੱਤਾ ਗਿਆ ਸੀ।

ਸਾਥੀਆਂ ਵੱਲੋਂ ਕੀਤੀ ਸਰਗਰਮੀ ਦਾ ਸਿੱਟਾ ਹੈ ਕਿ ਦੇਸ਼ ਦੀ ਪਾਰਲੀਮੈਂਟ ਵਿੱਚ ਬਹੁਤ ਸਾਰੇ ਖੱਬੇ ਪੱਖੀ ਮੈਂਬਰ ਪਾਰਲੀਮੈਂਟ ਰੁਜ਼ਗਾਰ ਦੀ ਗਾਰੰਟੀ ਦਾ ਕਾਨੂੰਨ ਬਣਾਉਣ ਲਈ ਆਵਾਜ਼ ਬੁਲੰਦ ਕਰ ਰਹੇ ਹਨ। ਇਸ ਮੌਕੇ ਸੁੱਖਾ ਪੇਂਟਰ, ਬੋਹੜ ਬੁੱਟਰ, ਨਵਕਿਰਨ ਬੱਧਨੀ, ਜਿੰਦਰ ਚੜਿੱਕ ਆਦਿ ਹਾਜ਼ਰ ਸਨ।

## ਅੱਜ-ਨਾਮਾ

ਮੁਫਤ ਰੇਵੜੀਆਂ ਸਾਰੇ ਹੀ ਗਲਤ ਆਖਣ,<br>
ਸਾਰੇ ਈ ਰਹੇ ਫਿਰ ਰੇਵੜੀਆਂ ਵੰਡ ਬੇਲੀ।<br>
ਜਿਹੜੇ ਵੰਡਣ ਤੋਂ ਕਦੀ ਨਾ ਆਪ ਰਹਿੰਦੇ,<br>
ਰਹੇ ਆ ਬਾਕੀਆਂ ਨੂੰ ਹਰ ਥਾਂ ਭੰਡ ਬੇਲੀ।<br>
ਲਾਲਚੀ ਵੋਟਰ ਵੀ ਹੋਏ ਨੇ ਰੇਵੜੀਆਂ ਦੇ,<br>
ਦਾਲਾਂ, ਚੌਲ, ਚਾਹ, ਮੰਗ ਰਹੇ ਖੰਡ ਬੇਲੀ।<br>
ਜਿੱਤਦੀ ਪਾਰਟੀ ਲਾਗੂ ਜੇ ਕਰਨ ਲੱਗਦੀ,<br>
ਭਾਰੀ ਸਰਕਾਰ ਦੀ ਹੁੰਦੀ ਆ ਪੰਡ ਬੇਲੀ।<br>
ਲੱਗਦਾ ਲੇਖੇ ਸਭ ਬੱਜਟ ਰਿਉੜੀਆਂ ਦੇ,<br>
ਕਰਦਾ ਕੋਈ ਨਾ ਫਿਕਰ ਹੈ ਖਾਸ ਬੇਲੀ।<br>
ਵਧਦਾ ਵੋਟਰ ਦਾ ਲਾਲਚ ਜੇ ਹੋਰ ਬੇਲੀ,<br>
ਔਖਾ ਹੋ ਜਾਊਗਾ ਕਰਨ ਵਿਕਾਸ ਬੇਲੀ।

-ਤੀਸ ਮਾਰ ਖਾਂ

# .ਗ਼ਦਰੀ ਬਾਬਿਆਂ ਦੇ ਮੇਲੇ ਸੰਬੰਧੀ ਸੱਭਿਆਚਾਰਕ ਕਾਮਿਆਂ ਦੀ ਇਕੱਤਰਤਾ



ਜਲੰਧਰ (ਕੇਸਰ)-ਆਜ਼ਾਦੀ ਸੰਗਰਾਮ ਦੇ ਸੂਹੇ ਤਾਰੇ ਸ਼ਹੀਦ ਭਗਵਤੀ ਚਰਨ ਵੋਹਰਾ ਦੀ ਜੀਵਨ ਸਾਥਣ ਅਤੇ ਆਜ਼ਾਦੀ ਸੰਗਰਾਮਣ ਦੁਰਗਾ ਭਾਬੀ ਦੇ ਜਨਮ ਦਿਹਾੜੇ 'ਤੇ ਗ਼ਦਰੀ ਬਾਬਿਆਂ ਦੇ 32ਵੇਂ ਮੇਲੇ ਨੂੰ ਸਮਰਪਤ ਵਿਸ਼ਾਲ ਸੱਭਿਆਚਾਰਕ ਕਾਮਿਆਂ ਦੀ ਮੀਟਿੰਗ ਕੀਤੀ ਗਈ। ਇਸ ਮੌਕੇ ਭਗਵਤੀ ਚਰਨ ਵੋਹਰਾ ਦੀ ਅਮਿੱਟ ਦੇਣ ਨੂੰ ਸਿਜਦਾ ਕੀਤਾ ਗਿਆ।

ਗ਼ਦਰੀ ਬਾਬਿਆਂ ਦੇ 32ਵੇਂ ਮੇਲੇ ਨੂੰ ਸਫ਼ਲਤਾਪੂਰਵਕ ਨੇਪਰੇ ਚਾੜ੍ਹਨ ਲਈ ਦੇਸ਼ ਭਗਤ ਯਾਦਗਾਰ ਕਮੇਟੀ ਅਤੇ ਉਸ ਦੇ ਸੱਭਿਆਚਾਰਕ ਵਿੰਗ ਨਾਲ ਜੁੜੇ ਵਿਸ਼ਾਲ ਸਾਹਿਤਕ, ਸੱਭਿਆਚਾਰਕ ਘੇਰੇ ਦੇ ਕਾਮਿਆਂ ਨੇ ਸ਼ਨੀਵਾਰ ਤਿਆਰੀ ਕਮੇਟੀ, ਕੁਇਜ਼, ਪੇਂਟਿੰਗ ਮੁਕਾਬਲਾ, ਵਿਚਾਰ-ਚਰਚਾਵਾਂ, ਪੁਸਤਕ ਪ੍ਰਦਰਸ਼ਨੀ, ਫ਼ਿਲਮ ਸ਼ੋਅ, ਗੀਤ-ਸੰਗੀਤ ਅਤੇ ਨਾਟਕਾਂ ਦੀਆਂ ਪੇਸ਼ਕਾਰੀਆਂ ਅਤੇ ਵਲੰਟੀਅਰ ਆਦਿ ਦੀਆਂ ਲੋੜਾਂ ਲਈ ਕਮੇਟੀਆਂ ਦਾ ਪੁਨਰ-ਗਠਨ ਅਤੇ ਕੰਮ-ਵੰਡ ਕੀਤਾ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਇਸ ਮੀਟਿੰਗ 'ਚ ਲਏ ਫੈਸਲਿਆਂ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਮੇਲੇ ਨਾਲ ਹਰ ਸਾਲ ਜੁੜੀ ਆ ਰਹੀ ਟੀਮ ਦੇ ਸਮੂਹ ਮੈਂਬਰਾਂ ਨੇ ਪ੍ਰਚਾਰ, ਲਾਮਬੰਦੀ, ਪ੍ਰੋ. ਬਰਕਤ ਉੱਲਾ ਨਗਰ, ਗ਼ਦਰੀ ਗੁਲਾਬ ਬੀਬੀ ਗੁਲਾਬ ਕੌਰ ਹਾਲ ਆਦਿ ਨੂੰ ਝੰਡਿਆਂ, ਮਾਟੋਆਂ, ਬੈਨਰਾਂ, ਰੌਸ਼ਨੀਆਂ ਨਾਲ ਸਜਾਉਣ ਲਈ ਠੋਸ ਵਿਉਂਤਬੰਦੀ ਕੀਤੀ। ਮੀਟਿੰਗ 'ਚ ਪਾਸ ਕੀਤੇ ਗਏ ਮਤੇ 'ਚ ਮੰਗ ਕੀਤੀ ਗਈ ਕਿ 'ਨਿਊਜ਼ ਕਲਿੱਕ' ਮੀਡੀਆ ਦੇ ਬੁੱਧੀਮਾਨ ਪੱਤਰਕਾਰਾਂ ਉਪਰ ਮੜ੍ਹੇ ਝੂਠੇ ਕੇਸ ਵਾਪਸ ਲਏ ਜਾਣ ਅਤੇ ਜ਼ਬਤ-ਸ਼ੁਦਾ ਇਲੈਕਟਰੋਨਿਕ ਸਾਮਾਨ ਵਾਪਸ ਕੀਤਾ ਜਾਏ। ਇਸ ਮੌਕੇ ਕਮੇਟੀ ਦੇ ਮੀਤ ਪ੍ਰਧਾਨ ਕੁਲਵੰਤ ਸਿੰਘ ਸੰਧੂ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ ਅਤੇ ਵਿੱਤ ਸਕੱਤਰ ਸੀਤਲ ਸਿੰਘ ਸੰਘਾ, ਕਮੇਟੀ ਮੈਂਬਰ ਸੁਰਿੰਦਰ ਕੁਮਾਰੀ ਕੋਛੜ, ਰਣਜੀਤ ਸਿੰਘ ਔਲਖ, ਹਰਵਿੰਦਰ ਭੰਡਾਲ, ਡਾ. ਸੈਲੇਸ਼, ਡਾ. ਤੇਜਿੰਦਰ ਵਿਰਲੀ, ਵਿਜੈ ਬੰਬੇਲੀ ਤੋਂ ਇਲਾਵਾ ਡਾ. ਹਰਜਿੰਦਰ ਸਿੰਘ ਅਟਵਾਲ, ਡਾ. ਹਰਜੀਤ ਅਤੇ ਡਾ. ਮੰਗਤ ਰਾਏ ਵੀ ਹਾਜ਼ਰ ਸਨ।

# ਪਰਾਲੀ ਦੀ ਸੰਭਾਲ ਬਾਰੇ ਜੱਸੀ ਪੌ ਵਾਲੀ 'ਚ ਕਲੱਸਟਰ ਪੱਧਰੀ ਕਿਸਾਨ ਕੈਂਪ



ਬਠਿੰਡਾ (ਬਖਤੌਰ ਢਿੱਲੋਂ)-ਪਰਾਲੀ ਨੂੰ ਸਾੜੇ ਬਗੈਰ ਕਣਕ ਦੀ ਬਿਜਾਈ ਕਰਨ ਨਾਲ ਜਿੱਥੇ ਵਾਤਾਵਰਣ ਦੀ ਸ਼ੁੱਧਤਾ ਕਾਇਮ ਰੱਖੀ ਜਾ ਸਕੇਗੀ, ਉੱਥੇ ਪਰਾਲੀ ਨੂੰ ਜ਼ਮੀਨ ਵਿੱਚ ਮਿਲਾਉਣ ਨਾਲ ਉਪਜਾਊ ਸ਼ਕਤੀ ਵਿੱਚ ਵੀ ਵਾਧਾ ਹੋਵੇਗਾ। ਇਹ ਵਿਚਾਰ ਡਿਪਟੀ ਕਮਿਸ਼ਨਰ ਬਠਿੰਡਾ ਸ੍ਰੀ ਸ਼ੌਕਤ ਅਹਿਮਦ ਪਰੇ ਤੇ ਮੁੱਖ ਖੇਤੀਬਾੜੀ ਅਫ਼ਸਰ ਡਾ: ਹਸਨ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਪਿੰਡ ਜੱਸੀ ਪੌ ਵਾਲੀ ਵਿਖੇ ਕਿਸਾਨ ਭਲਾਈ ਵਿਭਾਗ ਬਲਾਕ ਬਠਿੰਡਾ ਵੱਲੋਂ ਝੋਨੇ ਦੀ ਪਰਾਲੀ ਦੀ ਸੁਚੱਜੀ ਸਾਂਭ ਸੰਭਾਲ ਬਾਰੇ ਕਲੱਸਟਰ ਪੱਧਰੀ ਕਿਸਾਨ ਜਾਗਰੂਕਤਾ ਕੈਂਪ ਨੂੰ ਸੰਬੋਧਨ ਕਰਦਿਆਂ ਡਾ: ਬਲਜਿੰਦਰ ਸਿੰਘ ਖੇਤੀਬਾੜੀ ਬਲਾਕ ਅਫ਼ਸਰ ਬਠਿੰਡਾ ਨੇ ਪ੍ਰਗਟ ਕੀਤੇ। ਝੋਨੇ ਦੀ ਪਰਾਲੀ ਨੂੰ ਅੱਗ ਨਾ ਲਾਉਣ ਦੀ ਅਪੀਲ ਕਰਦਿਆਂ ਡਾ: ਬਲਜਿੰਦਰ ਸਿੰਘ ਨੇ ਦੱਸਿਆ ਕਿ ਕਿਸਾਨ ਸੁਧਰੀ ਖੇਤੀ ਮਸ਼ੀਨਰੀ ਜਿਵੇਂ ਕਿ ਸੁਪਰ ਸੀਡਰ, ਸਰਫੇਸ ਸੀਡਰ, ਹੈਪੀ ਸੀਡਰ, ਸਮਾਰਟ ਸੀਡਰ ਆਦਿ ਨਾਲ ਕਣਕ ਦੀ ਬਿਜਾਈ ਪਰਾਲੀ ਸਾੜੇ ਬਗੈਰ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਅਜਿਹਾ ਕਰਨਾ ਵਾਤਾਵਰਣ ਦੀ ਸ਼ੁੱਧਤਾ ਕਾਇਮ ਰੱਖਣ ਲਈ ਇੱਕ ਅਹਿਮ ਕਦਮ ਹੋਵੇਗਾ। ਇਸ ਤੋਂ ਇਲਾਵਾ ਪਰਾਲੀ ਜ਼ਮੀਨ ਵਿੱਚ ਮਿਲਾਉਣ ਨਾਲ ਜਿੱਥੇ ਜ਼ਮੀਨ ਦੀ ਉਪਜਾਊ ਸ਼ਕਤੀ ਵਿੱਚ ਵਾਧਾ ਹੋਵੇਗਾ, ਉੱਥੇ ਮਿੱਟੀ ਵਿੱਚ ਜ਼ਰੂਰੀ ਤੱਤਾਂ ਦੀ ਪੂਰਤੀ ਹੋਣ ਸਦਕਾ ਅਗਲੇਰੀ ਕਣਕ ਦੀ ਫ਼ਸਲ ਲਈ ਖਾਦਾਂ ਦੀ ਲੋੜ ਘੱਟ ਪਵੇਗੀ।

ਡਾ: ਮਨਜਿੰਦਰ ਸਿੰਘ ਖੇਤੀਬਾੜੀ ਵਿਕਾਸ ਅਫ਼ਸਰ ਨੇ ਪਰਾਲੀ ਨੂੰ ਅੱਗ ਲਾਉਣ ਨਾਲ ਹੋਣ ਵਾਲੇ ਨੁਕਸਾਨਾਂ ਬਾਰੇ ਜਾਣਕਾਰੀ ਦਿੰਦਿਆਂ ਪਰਾਲੀ ਦੀ ਸਾਂਭ ਸੰਭਾਲ ਲਈ ਵਿਭਾਗ ਵੱਲੋਂ ਮੁਹੱਈਆ ਕਰਵਾਈਆਂ ਗਈਆਂ ਮਸ਼ੀਨਾਂ ਤੋਂ ਜਾਣੂ ਕਰਵਾਇਆ ਤੇ ਕਿਸਾਨਾਂ ਨੂੰ ਵਿਭਾਗ ਦੀਆਂ ਸਕੀਮਾਂ ਦਾ ਲਾਹਾ ਲੈਣ ਦਾ ਸੁਝਾਅ ਦਿੱਤਾ। ਡਾ: ਜਗਪਾਲ ਸਿੰਘ ਖੇਤੀਬਾੜੀ ਵਿਕਾਸ ਅਫ਼ਸਰ ਨੇ ਝੋਨੇ ਤੇ ਬਾਸਮਤੀ ਦੀ ਫ਼ਸਲ ਦੀਆਂ ਬੀਮਾਰੀਆਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਗੁਰਮਿਲਾਪ ਸਿੰਘ ਬੀ ਟੀ ਐੱਮ, ਕੁਲਵੀਰ ਕੌਰ ਏ ਐੱਸ ਆਈ, ਅਮਨਵੀਰ ਕੌਰ ਏ ਐੱਸ ਆਈ ਤੋਂ ਇਲਾਵਾ ਪਿੰਡ ਦੀ ਪੰਚਾਇਤ, ਪਤਵੰਤੇ ਵਿਅਕਤੀ ਤੇ ਕਿਸਾਨ ਹਾਜ਼ਰ ਸਨ।

# ਮਾਰਕੀਟ ਕਮੇਟੀ ਦੇ ਚੇਅਰਮੈਨ ਬਲਰਾਜ ਕਟੋਰਾ ਨੇ ਸ਼ੁਰੂ ਕਰਵਾਈ ਖਰੀਦ



ਫਿਰੋਜ਼ਪੁਰ (ਅਸ਼ੋਕ ਸ਼ਰਮਾ) ਮਾਰਕੀਟ ਕਮੇਟੀ ਫਿਰੋਜ਼ਪੁਰ ਸ਼ਹਿਰ ਦੇ ਚੇਅਰਮੈਨ ਬਲਰਾਜ ਸਿੰਘ ਕਟੋਰਾ ਨੇ ਮਹਾਲਮ ਮੰਡੀ ਵਿਖੇ ਝੋਨੇ ਦੀ ਖਰੀਦ ਸ਼ੁਰੂ ਕਰਵਾਈ।ਇਸ ਮੌਕੇ ਉਨ੍ਹਾਂ ਦੇ ਨਾਲ ਕਰਨ ਸ਼ਰਮਾ ਮੰਡੀ ਸੁਪਰਵਾਈਜ਼ਰ, ਮਨਪ੍ਰੀਤ ਸਿੰਘ ਭੁੱਲਰ ਮੰਡੀ ਸੁਪਰਵਾਈਜ਼ਰ ਤੇ ਖਰੀਦ ਏਜੰਸੀ ਦੇ ਇੰਸਪੈਕਟਰ ਸੁਨੀਲ ਕੁਮਾਰ ਮੌਜੂਦ ਸਨ।ਝੋਨੇ ਦੀ ਸਰਕਾਰੀ ਖਰੀਦ ਸ਼ੁਰੂ ਕਰਵਾਉਂਦਿਆਂ ਚੇਅਰਮੈਨ ਬਲਰਾਜ ਕਟੋਰਾ ਨੇ ਕਿਹਾ ਕਿ ਕਿਸਾਨਾਂ ਨੂੰ ਮੰਡੀਆਂ ਵਿੱਚ ਕਿਸੇ ਵੀ ਤਰ੍ਹਾਂ ਦੀ ਕੋਈ ਮੁਸ਼ਕਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਪਿਛਲੇ ਸਾਲ ਝੋਨੇ ਤੇ ਕਣਕ ਦੀ ਖਰੀਦ ਨਿਰਵਿਘਨ ਤੇ ਸੁਚੱਜੇ ਢੰਗ ਨਾਲ ਕਰਵਾਈ ਸੀ, ਉਸੇ ਤਰ੍ਹਾਂ ਹੀ ਕਿਸਾਨਾਂ, ਮਜ਼ਦੂਰਾਂ ਤੇ ਆੜ੍ਹਤੀਆਂ ਨੂੰ ਮੰਡੀਆਂ ਵਿੱਚ ਇਸ ਵਾਰ ਵੀ ਕਿਸੇ ਤਰ੍ਹਾਂ ਦੀ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਰਾਜ ਦੇ ਕਿਸਾਨਾਂ, ਮਜ਼ਦੂਰਾਂ ਤੇ ਹਰ ਵਰਗ ਦੇ ਨਾਲ ਖੜੀ ਹੈ।ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਖਰੀਦੀ ਗਈ ਝੋਨੇ ਦੀ ਫਸਲ ਦੀ ਅਦਾਇਗੀ ਵੀ ਖਰੀਦ ਏਜੰਸੀਆਂ ਵੱਲੋਂ ਮਿੱਥੇ ਸਮੇਂ ਵਿੱਚ ਉਨ੍ਹਾਂ ਦੇ ਖਾਤਿਆਂ ਵਿੱਚ ਤਕਸੀਮ ਕੀਤੀ ਜਾਵੇਗੀ।

ਇਸ ਮੌਕੇ ਉਨ੍ਹਾਂ ਨਾਲ ਦਿਲਬਾਗ ਸਿੰਘ, ਨਿਰਮਲ ਸਿੰਘ, ਜਸਵਿੰਦਰ ਸਿੰਘ, ਜਸਬੀਰ ਸਿੰਘ, ਬਲਵਿੰਦਰ ਸਿੰਘ ਆਪ ਆਗੂ, ਆੜ੍ਹਤੀਆ ਅੰਗਰੇਜ਼ ਸਿੰਘ, ਦਲਜੀਤ ਸਿੰਘ, ਕਮਲਪ੍ਰੀਤ ਸਿੰਘ, ਬਚਿੱਤਰ ਸਿੰਘ, ਬਲਵਿੰਦਰ ਸਿੰਘ, ਕਿਸਾਨ ਕਮਲਪ੍ਰੀਤ ਸਿੰਘ, ਮੇਜਰ ਸਿੰਘ ਪਿੰਡ ਤੇਗਾ ਸਿੰਘ ਵਾਲਾ ਖਰੀਦ ਸੈਂਟਰ ਮਹਾਲਮ ਵਿਖੇ ਮੌਜੂਦ ਸਨ।

## ਕਿਸਾਨ ਦੀ ਫਸਲ ਦਾ ਇੱਕ-ਇੱਕ ਦਾਣਾ ਖਰੀਦਿਆ ਜਾਵੇਗਾ : ਵਿਧਾਇਕ ਅੰਮ੍ਰਿਤਪਾਲ ਸਿੰਘ

ਬਾਘਾ ਪੁਰਾਣਾ (ਮਨੀ ਸਿੰਗਲਾ)-ਬਾਘਾ ਪੁਰਾਣਾ ਦੀ ਅਨਾਜ ਮੰਡੀ ਵਿਚ ਆਮ ਆਦਮੀ ਪਾਰਟੀ ਦੇ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਵੱਲੋਂ ਝੋਨੇ ਦੀ ਫਸਲ ਦੀ ਖਰੀਦ ਸ਼ੁਰੂ ਕਰਵਾ ਕੇ ਲੱਡੂਆਂ ਨਾਲ ਮੂੰਹ ਮਿੱਠਾ ਕਰਵਾਇਆ ਗਿਆ। ਉਨ੍ਹਾਂ ਦੇ ਨਾਲ ਰਮਨ ਮਿੱਤਲ ਰਿੱਪੀ ਪੰਜਾਬ ਟ੍ਰੇਡ ਵਿੰਗ ਪ੍ਰਧਾਨ, ਪਵਨ ਗੁਪਤਾ ਹਾਜ਼ਰ ਸਨ। ਇਸ ਮੌਕੇ ਵੇਅਰ ਹਾਊਸ ਏਜੰਸੀ ਦੇ ਇੰਸਪੈਕਟਰ ਅਮਨਦੀਪ ਸਿੰਘ, ਪਨਗ੍ਰੇਨ ਦੇ ਅੰਮ੍ਰਿਤਪਾਲ ਸਿੰਘ, ਮਾਰਕਫੈਡ ਕੁਲਦੀਪ ਸਿੰਘ ਬਰਾੜ ਮੈਨੇਜਰ, ਪਨਸਪ ਦੇ ਸੁਰਿੰਦਰ ਸਿੰਘ ਏਜੰਸੀਆ ਵੱਲੋਂ ਖਰੀਦ ਕੀਤੀ ਗਈ। ਇਸ ਮੌਕੇ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਨੇ ਕਿਹਾ ਕਿ ਝੋਨੇ ਦੀ ਕਟਾਈ ਦੇ ਸੀਜ਼ਨ ਦੌਰਾਨ ਆੜ੍ਹਤੀਆਂ, ਕਿਸਾਨਾਂ ਅਤੇ ਮਜ਼ਦੂਰਾਂ ਨੂੰ ਕਿਸੇ ਕਿਸਮ ਦੀ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਝੋਨੇ ਦੀ ਫਸਲ ਨੂੰ ਚੰਗੀ ਤਰ੍ਹਾਂ ਸੁਕਾ ਕੇ ਮੰਡੀ ਵਿਚ ਲਿਆਂਦਾ ਜਾਵੇ। ਇਸ ਮੌਕੇ ਮਾਰਕਿਟ ਕਮੇਟੀ ਦੇ ਇੰਚਾਰਜ ਅੰਮ੍ਰਿਤਪਾਲ ਸਿੰਘ, ਸੈਕਟਰੀ ਹਰਜੀਤ ਸਿੰਘ ਖਹਿਰਾ, ਮਹਾਂਵੀਰ ਸ਼ਰਮਾ ਅਤੇ ਹੋਰ ਸ਼ਾਮਲ ਸਨ। ਇਸ ਮੌਕੇ ਰਣਜੀਤ ਸਿੰਘ ਟੀਟੂ, ਧਰਮਿੰਦਰ ਸਿੰਘ ਰੱਖੜਾ, ਗਗਨਦੀਪ ਸਿੰਘ ਚੱਡਾ, ਜਗਸੀਰ ਸਿੰਘ ਸੀਰਾ ਡੇਰੀ ਵਾਲੇ, ਸੋਨੀ ਧਾਲੀਵਾਲ ਮਾੜੀ ਮੁਸਤਫਾ ਗੁਰਪ੍ਰੀਤ ਸਿੰਘ ਲਧਾਈਕੇ, ਗੁਰਪ੍ਰੀਤ ਸਿੰਘ ਮਨਚੰਦਾ, ਬਿਕਰਮਜੀਤ ਸਿੰਘ, ਮਨਜਿੰਦਰ ਬਰਾੜ, ਮਨਜੀਤ ਸਿੰਘ ਕੋਟਲਾ ਮਿਹਰ ਵਾਲਾ, ਇਕਬਾਲ ਸਿੰਘ ਬਰਾੜ, ਮਨਦੀਪ ਮਾਨ ਕੋਟਲਾ, ਪ੍ਰਿੰ:ਕਪਤਾਨ ਸਿੰਘ, ਕਮਲ ਕਿਸ਼ੋਰ ਗਰਗ ਅਤੇ ਹੋਰ ਸ਼ਾਮਲ ਸਨ।

# 'ਮੇਰੀ ਮਾਟੀ ਮੇਰਾ ਦੇਸ਼' ਤਹਿਤ ਇਕੱਠੀ ਕੀਤੀ ਮਿੱਟੀ ਵਧੀਕ ਡਿਪਟੀ ਕਮਿਸ਼ਨਰ ਨੂੰ ਸੌਂਪੀ



ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ) ਭਾਰਤ ਸਰਕਾਰ ਵੱਲੋਂ ਅਜ਼ਾਦੀ ਕਾ ਅੰਮ੍ਰਿਤ ਮਹਾਂ ਉਤਸਵ ਅਧੀਨ 'ਮੇਰੀ ਮਾਟੀ ਮੇਰਾ ਦੇਸ਼' ਪ੍ਰੋਗਰਾਮ ਆਪਣੇ ਮਹਾਨ ਸ਼ਹੀਦਾਂ ਨੂੰ ਸਨਮਾਨ ਦੇਣ ਦਾ ਉਪਰਾਲਾ ਹੈ ਤੇ ਅਜਿਹੇ ਪ੍ਰੋਗਰਾਮ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਹੋਰ ਮਜਬੂਤ ਬਣਾਉਂਦੇ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਸ਼੍ਰੀਮਤੀ ਈਸ਼ਾ ਸਿੰਗਲ ਨੇ ਆਮ ਖਾਸ ਬਾਗ ਵਿਖੇ 'ਮੇਰੀ ਮਾਟੀ ਮੇਰਾ ਦੇਸ਼' ਪ੍ਰੋਗਰਾਮ ਤਹਿਤ ਜ਼ਿਲ੍ਹੇ ਦੀਆਂ ਸਮੂਹ ਨਗਰ ਕੌਂਸਲਾਂ ਵੱਲੋਂ ਕਰਾਏ ਗਏ ਸਮਾਗਮ ਦੌਰਾਨ ਕੀਤਾ। ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਤਹਿਤ ਜ਼ਿਲ੍ਹੇ ਭਰ ਵਿੱਚ 'ਅੰਮ੍ਰਿਤ ਕਲਸ਼ ਯਾਤਰਾ' ਕੱਢ ਕੇ ਦੇਸ਼ ਦੀ ਰਾਜਧਾਨੀ ਦਿੱਲੀ ਭੇਜਣ ਲਈ ਇਕੱਤਰ ਕੀਤੀ ਮਿੱਟੀ ਨਾਲ ਨੈਸ਼ਨਲ ਵਾਰ ਮੈਮੋਰੀਅਲ ਦਿੱਲੀ ਵਿਖੇ 'ਅੰਮ੍ਰਿਤ ਵਾਟਿਕਾ' ਦਾ ਨਿਰਮਾਣ ਕੀਤਾ ਜਾਵੇਗਾ, ਜੋ 'ਇੱਕ ਭਾਰਤ, ਸ੍ਰੇਸ਼ਟ ਭਾਰਤ' ਦਾ ਸ਼ਾਨਦਾਰ ਪ੍ਰਤੀਕ ਬਣੇਗੀ।

ਇਸ ਮੌਕੇ ਏ.ਡੀ.ਸੀ. ਸ਼੍ਰੀਮਤੀ ਈਸ਼ਾ ਸਿੰਗਲ ਨੇ ਮਹਾਨ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਤੇ ਨਗਰ ਕੌਂਸਲ ਸਰਹਿੰਦ-ਫ਼ਤਹਿਗੜ੍ਹ ਸਾਹਿਬ ਵੱਲੋਂ ਸਵੱਛਤਾ ਜਾਗੋ ਕੱਢੀ ਗਈ।

ਸ਼੍ਰੀਮਤੀ ਈਸ਼ਾ ਸਿੰਗਲ ਨੇ ਸਮੂਹ ਨਾਗਰਿਕਾਂ ਨੂੰ ਦੇਸ਼ ਦੀ ਏਕਤਾ ਤੇ ਅਖੰਡਤਾ ਮਜਬੂਤ ਕਰਨ ਤੇ ਆਲੇ ਦੁਆਲੇ ਦੀ ਸਾਫ਼ ਸਫ਼ਾਈ ਰੱਖਣ ਦਾ ਪ੍ਰਣ ਵੀ ਦਿਵਾਇਆ ਗਿਆ। ਇਸ ਮੌਕੇ ਨਗਰ ਕੌਂਸਲ ਅਮਲੋਹ ਦੇ ਕਾਰਜ ਸਾਧਕ ਅਫ਼ਸਰ ਸ਼੍ਰੀ ਬਲਜਿੰਦਰ ਸਿੰਘ, ਨਗਰ ਕੌਂਸਲ ਮੰਡੀ ਗੋਬਿੰਦਗੜ੍ਹ ਦੇ ਕਾਰਜ ਸਾਧਕ ਅਫ਼ਸਰ ਸ਼੍ਰੀ ਕੇ.ਬੀ.ਐਸ.ਬਰਾੜ, ਨਗਰ ਕੌਂਸਲ ਬਸੀ ਪਠਾਣਾਂ ਦੇ ਕਾਰਜ ਸਾਧਕ ਅਫ਼ਸਰ ਸ਼੍ਰੀ ਮਨਵੀਰ ਸਿੰਘ ਗਿੱਲ, ਸੈਨਟਰੀ ਇੰਸਪੈਕਟਰ ਸ਼੍ਰੀ ਮਨੋਜ ਕੁਮਾਰ, ਮੈਡਮ ਰੂਪਪ੍ਰੀਤ, ਕੌਂਸਲਰ ਸ਼੍ਰੀਮਤੀ ਦਵਿੰਦਰ ਕੌਰ, ਸਮਾਜ ਸੇਵੀ ਪ੍ਰਿਤਪਾਲ ਸਿੰਘ ਜੱਸੀ ਤੋਂ ਇਲਾਵਾ ਨਗਰ ਕੌਂਸਲ ਦੇ ਸਫ਼ਾਈ ਸੇਵਕ ਤੇ ਸ਼ਹਿਰੀ ਪਤਵੰਤੇ ਹਾਜ਼ਰ ਸਨ।

## ...ਸਫ਼ਾ 1 ਦੇ ਬਾਕੀ

### ਪੰਜਾਬ ਇਸਤਰੀ ਸਭਾ ਦੀਆਂ ...

ਔਰਤਾਂ ਦੇ ਹਵਾਲੇ ਨਾਲ ਕਿਹਾ ਕਿ ਸਭਾ ਦੀਆਂ ਜੜ੍ਹਾਂ ਬੜੀਆਂ ਮਜ਼ਬੂਤ ਤੇ ਵਿਰਾਸਤ ਮਾਣਮੱਤੀ ਹੈ। ਉਨ੍ਹਾ ਕਿਹਾ ਕਿ ਦੇਸ਼ ਦੇ ਹਾਕਮਾਂ ਨੇ ਹੀ ਮਨੀਪੁਰ ਦੀ ਬੁਰੀ ਹਾਲਤ ਕੀਤੀ ਹੈ। ਉਨ੍ਹਾ ਸੱਦਾ ਦਿੱਤਾ ਕਿ ਜਿੱਥੇ ਤੇ ਜਦੋਂ ਵੀ ਮੌਕਾ ਮਿਲੇ, ਉਨ੍ਹਾਂ ਦੀ ਘੇਰਾਬੰਦੀ ਕਰੋ। ਉਨ੍ਹਾ ਕਿਹਾ ਕਿ ਹਾਕਮਾਂ ਨੇ ਸਿਆਸਤ ਨੂੰ ਦੂਸ਼ਿਤ ਕਰ ਦਿੱਤਾ ਹੈ। ਸੀ ਪੀ ਆਈ ਦੇ ਸੂਬਾ ਸਕੱਤਰ ਕਾਮਰੇਡ ਬੰਤ ਸਿੰਘ ਬਰਾੜ ਨੇ ਕਿਹਾ ਕਿ ਔਰਤ ਅਤੇ ਕੁਦਰਤ ਸਿਰਜਣਾ ਕਰਦੀਆਂ ਹਨ। ਇਹਨਾਂ ਦੋਹਾਂ ਦਾ ਹੀ ਮਾਣ-ਸਤਿਕਾਰ ਹੋਣਾ ਚਾਹੀਦਾ ਹੈ। ਉਨ੍ਹਾ ਕਿਹਾ ਕਿ ਜਾਤੀ ਤੌਰ 'ਤੇ ਔਰਤ ਨੂੰ ਪ੍ਰੀਭਾਸ਼ਤ ਨਹੀਂ ਕੀਤਾ ਜਾ ਸਕਦਾ, ਇਸ ਦੇ ਬੜੇ ਸਰੂਪ ਹਨ। ਜਮਾਤੀ ਤੌਰ 'ਤੇ ਔਰਤ ਸਮਾਜ ਦਾ ਅਹਿਮ ਹਿੱਸਾ ਹੈ। ਬਰਾੜ ਨੇ ਕਿਹਾ ਕਿ ਔਰਤ ਨੂੰ ਆਰਥਕ ਤੌਰ 'ਤੇ ਆਤਮ-ਨਿਰਭਰ ਹੋਣਾ ਲਾਜ਼ਮੀ ਹੈ। ਉਨ੍ਹਾ ਕਿਹਾ ਕਿ ਔਰਤਾਂ ਭਾਈ ਲਾਲੋਆਂ ਨੂੰ ਸੱਤਾ ਵਿੱਚ ਲਿਆਉਣ ਲਈ ਸੰਘਰਸ਼ ਕਰ ਰਹੀਆਂ ਹਨ। ਉਨ੍ਹਾ ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਪੰਜਾਬ ਇਸਤਰੀ ਸਭਾ ਨੂੰ ਸ਼ਾਨਦਾਰ ਕਾਨਫਰੰਸ ਲਈ ਵਧਾਈ ਦਿੱਤੀ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਨੇ ਪੰਜਾਬ ਇਸਤਰੀ ਸਭਾ ਦੀ ਹੋਰ ਮਜ਼ਬੂਤੀ ਦੀ ਕਾਮਨਾ ਕੀਤੀ। ਉਹਨਾ ਗਦਰੀ ਬਾਬਿਆਂ ਦੇ ਮੇਲੇ ਲਈ ਫੰਡ ਦੀ ਵੀ ਅਪੀਲ ਕੀਤੀ। ਉਨ੍ਹਾ ਵੀ ਸਭਾ ਨੂੰ ਵਧਾਈ ਦਿੱਤੀ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਨੇ ਸਭਾ ਨੂੰ ਸ਼ੁੱਭ ਕਾਮਨਾਵਾਂ ਦਿੰਦਿਆਂ ਆਸ ਪ੍ਰਗਟ ਕੀਤੀ ਕਿ ਕਾਨਫਰੰਸ ਉਪਰੰਤ ਸਭਾ ਹੋਰ ਮਜ਼ਬੂਤ ਹੋਵੇਗੀ ਤੇ ਔਰਤਾਂ ਦੇ ਹੱਕਾਂ ਲਈ ਵਧੇਰੇ ਲਾਮਬੰਦ ਹੋਵੇਗੀ।

ਕਾਨਫਰੰਸ ਵਿੱਚ ਕਾਮਰੇਡ ਕੁਸ਼ਲ ਭੌਰਾ ਦੀ ਕਿਤਾਬ 'ਦਾਸਤਾਨੇ-ਚਮਨ' ਰਿਲੀਜ਼ ਕੀਤੀ ਗਈ। ਸਤਨਾਮ ਕੌਰ ਨੇ ਕਿਤਾਬ 'ਤੇ ਪੇਪਰ ਪੜ੍ਹਿਆ। ਡਾ. ਗੁਰਚਰਨ ਗਾਂਧੀ ਨੇ ਕਿਤਾਬ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ। ਉਨ੍ਹਾ ਪੰਜਾਬ ਇਸਤਰੀ ਸਭਾ ਦੀ ਇਤਿਹਾਸਕ ਭੂਮਿਕਾ ਦੀ ਗੱਲ ਕਰਦਿਆਂ ਕਿਹਾ ਕਿ ਇਸ ਨੇ ਭਵਿੱਖ ਦੀ ਪੀੜ੍ਹੀ ਨੂੰ ਨਵੀਂ ਦਿਸ਼ਾ ਦਿੱਤੀ ਹੈ। ਪੰਜਾਬ ਇਸਤਰੀ ਸਭਾ ਵੱਲੋਂ ਕਾਨਫਰੰਸ ਦਾ ਹਿੱਸਾ ਬਣੇ ਵੱਖ-ਵੱਖ ਆਗੂਆਂ ਦਾ ਸਨਮਾਨ ਵੀ ਕੀਤਾ ਗਿਆ। ਕਾਨਫਰੰਸ ਦੌਰਾਨ ਸਟੇਜ ਸੰਚਾਲਨ ਕਰ ਰਹੀਆਂ ਰਜਿੰਦਰ ਪਾਲ ਕੌਰ ਤੇ ਨਰਿੰਦਰ ਸੋਹਲ ਨੇ ਵੱਖ-ਵੱਖ ਆਗੂਆਂ ਬਾਰੇ ਖੂਬਸੂਰਤ ਸ਼ਬਦਾਂ ਰਾਹੀਂ ਜਾਣਕਾਰੀ ਸਾਂਝੀ ਕੀਤੀ। ਕਾਨਫਰੰਸ ਵਿੱਚ ਉੱਘੇ ਪੱਤਰਕਾਰ ਤੇ ਚਿੰਤਕ ਜਤਿੰਦਰ ਪਨੂੰ ਵੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਹੋਰਨਾਂ ਤੋਂ ਇਲਾਵਾ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਸਾਥੀ ਅਮੋਲਕ ਸਿੰਘ, ਡਾ. ਸੈਲੇਸ਼, ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਰਛਪਾਲ ਕੈਲੇ ਅਤੇ ਪ੍ਰੈੱਸ ਕਲੱਬ ਜਲੰਧਰ ਦੇ ਸੀਨੀਅਰ ਮੀਤ ਪ੍ਰਧਾਨ ਕਾਮਰੇਡ ਰਾਜੇਸ਼ ਥਾਪਾ ਵੀ ਕਾਨਫਰੰਸ ਦਾ ਹਿੱਸਾ ਬਣੇ। ਖ਼ਬਰ ਲਿਖੇ ਜਾਣ ਵੇਲੇ ਤੱਕ ਕਾਨਫਰੰਸ ਜਾਰੀ ਸੀ ਤੇ ਨੌਜਵਾਨਾਂ ਦੀ ਟੀਮ ਲਵਪ੍ਰੀਤ ਮਾੜੀਮੇਘਾ ਦੀ ਅਗਵਾਈ ਵਿੱਚ ਵਲੰਟੀਅਰਾਂ ਵਜੋਂ ਸੇਵਾ ਨਿਭਾਅ ਰਹੀ ਸੀ। ਇਹ ਕਾਨਫਰੰਸ 8 ਅਕਤੂਬਰ (ਐਤਵਾਰ) ਨੂੰ ਵੀ ਜਾਰੀ ਰਹੇਗੀ।

### ਹਮਾਸ ਨੇ ਇਜ਼ਰਾਇਲ...

ਸੀਰੀਆ, ਇਰਾਕ ਅਤੇ ਈਰਾਨ ਨੂੰ ਇਸਲਾਮ ਦੇ ਨਾਂਅ 'ਤੇ ਇੱਕ ਹੋਣ ਦੀ ਅਪੀਲ ਕੀਤੀ ਹੈ। ਦੀਫ਼ ਨੇ ਇਜ਼ਰਾਇਲ 'ਤੇ ਹਮਲਿਆਂ ਦੀ ਜ਼ਿੰਮੇਵਾਰੀ ਲੈਂਦੇ ਹੋਏ ਕਿਹਾ ਕਿ ਦੁਨੀਆ ਦੇ ਕਿਸੇ ਵੀ ਕੋਨੇ 'ਚ ਮੌਜੂਦ ਫਲਸਤੀਨ ਦੇ ਨਾਗਰਿਕਾਂ ਨੂੰ ਇਜ਼ਰਾਇਲ ਖਿਲਾਫ਼ ਖੜੇ ਰਹਿਣਾ ਚਾਹੀਦਾ ਹੈ। ਉਨ੍ਹਾ ਆਪਣੇ ਇੱਕ ਟਵੀਟ 'ਚ ਕਿਹਾ ਕਿ ਅਸੀਂ ਇਜ਼ਰਾਇਲ ਖਿਲਾਫ਼ ਅੱਜ ਅਲ ਅਕਸਾ ਸਟਾਰਮ ਅਪ੍ਰੇਸ਼ਨ ਦੀ ਸ਼ੁਰੂਆਤ ਕੀਤੀ ਹੈ। ਅਲ ਅਕਸਾ ਦਾ ਗੁੱਸਾ ਸਾਡੇ ਦੇਸ਼ ਦਾ ਗੁੱਸਾ ਹੈ। ਹੱਥ 'ਚ ਬੰਦੂਕ ਰੱਖਣ ਵਾਲੇ ਹਰ ਵਿਅਕਤੀ ਨੂੰ ਘਰ ਤੋਂ ਬਾਹਰ ਨਿਕਲਣ ਦੀ ਜ਼ਰੂਰਤ ਹੈ। ਅੱਜ ਇਤਿਹਾਸ ਨੇ ਆਪਣੇ ਸਭ ਤੋਂ ਸ਼ਾਨਦਾਰ ਅਤੇ ਇਤਿਹਾਸਕ ਪੰਨਿਆਂ ਨੂੰ ਖੋਲ੍ਹਿਆ ਹੈ। ਉਨ੍ਹਾ ਇਸਲਾਮ ਨੂੰ ਮੰਨਣ ਵਾਲੇ ਸਾਰੇ ਲੋਕਾਂ ਨੂੰ ਮਦਦ ਕਰਨ ਦੀ ਅਪੀਲ ਕੀਤੀ ਹੈ।

### ਏਸ਼ੀਆਈ ਖੇਡਾਂ 'ਚ 14ਵੇਂ...

ਕੇ ਸੋਨੇ ਦਾ ਤਮਗਾ ਜਿੱਤ ਲਿਆ। ਭਾਰਤ ਨੇ ਈਰਾਨ ਨੂੰ 33-29 ਨਾਲ ਹਰਾਇਆ। ਭਾਰਤ ਦੇ ਸਾਤਵਿਕ ਸਾਈਰਾਜ ਰੰਕੀ ਰੈਡੀ ਅਤੇ ਚਿਰਾਗ ਸ਼ੈੱਟੀ ਨੇ ਏਸ਼ੀਆਈ ਖੇਡਾਂ ਦੇ ਪੁਰਸ਼ ਡਬਲਜ਼ ਬੈਡਮਿੰਟਨ ਮੁਕਾਬਲੇ 'ਚ ਸੋਨ ਤਗਮਾ ਜਿੱਤਿਆ। ਭਾਰਤੀ ਜੋੜੀ ਨੇ ਦੱਖਣੀ ਕੋਰੀਆ ਦੀ ਚੋਈ ਸੋਲਗਿਊ-ਕਿਮ ਵੋਂਹੋ ਜੋੜੀ ਨੂੰ 21-18, 21-16 ਨਾਲ ਹਰਾ ਕੇ ਇਤਿਹਾਸਕ ਜਿੱਤ ਹਾਸਲ ਕੀਤੀ। ਭਾਰਤ ਦੇ ਖੇਡ ਇਤਿਹਾਸ 'ਚ ਇਹ ਦੂਜਾ ਮੌਕਾ ਹੈ, ਜਦ ਕਿਸੇ ਮਲਟੀ ਸਪੋਟਰਸ ਮੁਕਾਬਲੇ 'ਚ ਭਾਰਤ ਦੇ ਤਮਗਿਆਂ ਦੀ ਗਿਣਤੀ 100 ਦੇ ਪਾਰ ਪਹੁੰਚੀ। ਇਸ ਤੋਂ ਪਹਿਲਾਂ ਸਾਲ 2010 'ਚ ਦਿੱਲੀ 'ਚ ਹੋਈਆਂ ਕਾਮਨਵੈਲਥ ਖੇਡਾਂ 'ਚ 101 ਤਮਗੇ ਹਾਸਲ ਕੀਤੇ ਸਨ। 17 ਸਾਲਾ ਤੀਰਅੰਦਾਜ਼ ਅਦਿਤੀ ਗੋਪੀਚੰਦ ਸਵਾਮੀ ਨੇ ਕਾਂਸੀ ਦਾ ਤਮਗਾ ਜਿੱਤਿਆ। ਉਸ ਨੇ ਇੰਡੋਨੇਸ਼ੀਆ ਦੀ ਫਲੀ ਰਤੀਹ ਨੂੰ 146-140 ਨਾਲ ਹਰਾਇਆ। ਇਸ ਤੋਂ ਬਾਅਦ ਤੀਰਅੰਦਾਜ਼ੀ ਕੰਪਾਉਂਡ ਮਹਿਲਾ 'ਚ ਸੋਨ ਤਮਗਾ ਜਿਊਤੀ ਸੁਰੇਖਾ ਨੇ ਕੋਰੀਆ ਦੀ ਐਸਓ ਚੇਵੋਨ ਨੂੰ 149-145 ਨਾਲ ਹਰਾਇਆ। ਫਿਰ ਵਰਲਡ ਚੈਂਪੀਅਨ ਪ੍ਰਵੀਨ ਓਜਸ ਨੇ ਕੰਪਾਉਂਡ ਪੁਰਸ਼ ਵਿਅਕਤੀਗਤ ਮੁਕਾਬਲੇ 'ਚ ਅਭਿਸ਼ੇਕ ਵਰਮਾ ਨੂੰ ਹਰਾਇਆ। ਖੇਡਾਂ ਦੇ ਮਹਿਲਾ ਹਾਕੀ 'ਚ ਭਾਰਤੀ ਟੀਮ ਨੇ ਜਾਪਾਨ ਨੂੰ 2-1 ਨਾਲ ਹਰਾ ਕੇ ਕਾਂਸੀ ਦਾ ਤਗਮਾ ਜਿੱਤਿਆ। ਭਾਰਤ ਅਤੇ ਅਫਗਾਨਿਸਤਾਨ ਵਿਚਾਲੇ ਏਸ਼ੀਆਈ ਖੇਡਾਂ ਦਾ ਕ੍ਰਿਕਟ ਮੈਚ ਮੀਂਹ ਕਾਰਨ ਰੱਦ ਕਰ ਦਿੱਤਾ ਗਿਆ ਅਤੇ ਰੁਤੂਰਾਜ ਗਾਇਕਵਾੜ ਦੀ ਅਗਵਾਈ ਵਾਲੀ ਟੀਮ ਨੂੰ ਉੱਚ ਰੈਂਕਿੰਗ ਕਾਰਨ ਜੇਤੂ ਐਲਾਨ ਦਿੱਤਾ ਗਿਆ। ਪਹਿਲਾਂ ਬੱਲੇਬਾਜੀ ਕਰਨ ਆਈ ਅਫਗਾਨਿਸਤਾਨ ਦੀ ਟੀਮ ਨੇ 18.2 ਓਵਰਾਂ 'ਚ ਪੰਜ ਵਿਕਟਾਂ 'ਤੇ 112 ਦੌੜਾਂ ਬਣਾਈਆਂ। ਇਸ ਤੋਂ ਬਾਅਦ ਲਗਾਤਾਰ ਮੀਂਹ ਪੈਣ ਕਾਰਨ ਖੇਡ ਨਹੀਂ ਹੋ ਸਕੀ।

### ਐੱਸ ਵਾਈ ਐੱਲ ਦਾ ਰੇੜਕਾ...

ਨਹੀਂ। ਸਾਥੀ ਬਰਾੜ ਨੇ ਆਖਿਆ ਕਿ ਜਦੋਂ ਪੰਜਾਬ ਕੋਲ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਵੀ ਪਾਣੀ ਨਹੀਂ ਅਤੇ 153 ਵਿਚੋਂ 117 ਬਲਾਕਾਂ ਨੂੰ ਖਤਰੇ ਦੇ ਨਿਸ਼ਾਨ 'ਤੇ ਖੜੇ ਐਲਾਨ ਕੀਤਾ ਗਿਆ ਹੋਵੇ ਤਾਂ ਨਹਿਰ ਦੀ ਉਸਾਰੀ ਦੀ ਗੱਲ ਪੰਜਾਬੀਆਂ ਨੂੰ ਕਦੇ ਵੀ ਰਾਸ ਨਹੀਂ ਆ ਸਕਦੀ, ਜਿਸ ਅਨੁਪਾਤ ਨਾਲ ਪਹਿਲਾਂ ਪਾਣੀ ਦੀ ਵੰਡ ਪੰਜਾਬ, ਹਰਿਆਣਾ ਅਤੇ ਰਾਜਸਥਾਨ ਵਿਚਕਾਰ ਕੀਤੀ ਜਾ ਚੁੱਕੀ ਹੈ, ਉਸ 'ਤੇ ਵਿਵਾਦ ਖੜਾ ਕਰਨ ਦੀ ਥਾਂ ਨਵੇਂ ਝਗੜੇ ਉੱਕਾ ਹੀ ਖੜੇ ਨਹੀਂ ਕਰਨੇ ਚਾਹੀਦੇ। ਉਹਨਾ ਪੰਜਾਬ ਸਰਕਾਰ ਵੱਲੋਂ ਦੇਸ਼ ਦੀ ਸਰਵਉੱਚ ਅਦਾਲਤ ਵਿਚ ਪੇਸ਼ ਕੀਤੀਆਂ ਕਮਜ਼ੋਰ ਦਲੀਲਾਂ ਦੀ ਨਿਖੇਧੀ ਕਰਦਿਆਂ ਪੰਜਾਬ ਸਰਕਾਰ ਦੀਆਂ ਚੰਡੀਗੜ੍ਹ, ਪੰਜਾਬ ਯੂਨੀਵਰਸਿਟੀ, ਬੀ ਬੀ ਐੱਮ ਬੀ ਅਤੇ ਕੇਂਦਰ ਸਰਕਾਰ ਦੀਆਂ ਫੈਡਰਲ ਢਾਂਚੇ ਨੂੰ ਖਤਮ ਕਰਨ ਦੀਆਂ ਨੀਤੀਆਂ ਬਾਰੇ ਪਹੁੰਚ ਦੀ ਵੀ ਸਖਤ ਨਿਖੇਧੀ ਕੀਤੀ। ਬੰਤ ਬਰਾੜ ਨੇ ਪੰਜਾਬ ਸਰਕਾਰ ਦੀ ਮਜ਼ਦੂਰਾਂ ਪ੍ਰਤੀ ਪਹੁੰਚ ਦੀ ਕਰੜੇ ਸ਼ਬਦਾਂ ਵਿਚ ਨਿੰਦਾ ਕਰਦਿਆਂ ਆਖਿਆ ਕਿ ਸਰਕਾਰ ਨੂੰ 12 ਘੰਟੇ ਕੰਮ ਦਿਹਾੜੀ ਦੇ ਨੋਟਿਸ ਨੂੰ ਵਾਪਸ ਲੈਣਾ ਚਾਹੀਦਾ ਹੈ ਅਤੇ ਘੱਟੋ-ਘੱਟ ਉਜਰਤਾਂ ਬਾਰੇ ਯੂਨੀਅਨ ਦੀ ਮੰਗ ਅਨੁਸਾਰ 26,000/- ਰੁਪਏ ਪਤੀ ਮਹੀਨਾ ਕਰਨਾ ਚਾਹੀਦਾ ਹੈ। ਉਹਨਾ ਕੇਂਦਰ ਸਰਕਾਰ ਵੱਲੋਂ ਦਿੱਲੀ ਸਥਿਤ 30 ਅੱਗੇ ਵਧੂ ਜਰਨਲਿਸਟਾਂ ਨੂੰ ਝੂਠੇ ਕੇਸਾਂ, ਮੁਕੱਦਮਿਆਂ ਵਿਚ ਫਸਾਉਣ ਦੀ ਨਿਖੇਧੀ ਕਰਦਿਆਂ ਪੰਜਾਬ ਦੀਆਂ ਤਮਾਮ ਜਮਹੂਰੀ ਅਤੇ ਲੋਕ-ਪੱਖੀ ਸ਼ਕਤੀਆਂ ਨੂੰ ਇਹਨਾਂ ਸੁਆਲਾਂ 'ਤੇ ਆਵਾਜ਼ ਉਠਾਉਣ ਦੀ ਜ਼ੋਰਦਾਰ ਅਪੀਲ ਕੀਤੀ ਹੈ।

### ਵਿਵਾਦ ਦਾ ਕਾਰਨ...

ਰਿਹਾ ਸੀਰੀਆ ਦਾ ਇੱਕ ਪਠਾਰ 'ਗੋਲਨ ਹਾਈਟਸ' ਵੀ ਦੋਵਾਂ ਦੇਸ਼ਾਂ ਵਿਚਾਲੇ ਯੁੱਧ ਦਾ ਕਾਰਨ ਬਣਦਾ ਰਿਹਾ ਹੈ। 1967 ਤੋਂ ਬਾਅਦ ਇਸ 'ਤੇ ਇਜ਼ਰਾਇਲ ਦਾ ਕਬਜ਼ਾ ਹੈ। ਇਸ ਵਿਵਾਦ ਅਤੇ ਕਬਜ਼ੇ ਨੂੰ ਲੈ ਕੇ ਕਈ ਵਾਰ ਸ਼ਾਂਤੀ ਗੱਲਬਾਤ ਹੋਈ, ਪਰ ਕੋਈ ਸਫ਼ਲਤਾ ਨਹੀਂ ਮਿਲੀ। ਇਸ ਤੋਂ ਇਲਾਵਾ ਪੂਰਬੀ ਯੇਰੂਸ਼ਲਮ 'ਚ ਨਾਗਰਿਕਤਾ ਨੂੰ ਲੈ ਕੇ ਦੋਹਰੀ ਨੀਤੀ ਵੀ ਦੋਵਾਂ ਦੇਸ਼ਾਂ ਦੇ ਵਿਵਾਦ ਦਾ ਕਾਰਨ ਰਹੀ ਹੈ, ਕਿਉਂਕਿ 1967 'ਚ ਪੂਰਬੀ ਯੇਰੂਸ਼ਲਮ 'ਤੇ ਕਬਜ਼ੇ ਤੋਂ ਬਾਅਦ ਇਜ਼ਰਾਇਲ ਇੱਥੇ ਪੈਦਾ ਹੋਣ ਵਾਲੇ ਯਹੂਦੀ ਲੋਕਾਂ ਨੂੰ ਇਜ਼ਰਾਇਲੀ ਨਾਗਰਿਕ ਮੰਨਦਾ ਹੈ, ਪਰ ਇਸ ਇਲਾਕੇ 'ਚ ਪੈਦਾ ਹੋਏ ਫਲਸਤੀਨੀ ਲੋਕਾਂ ਨੂੰ ਕੁਝ ਸ਼ਰਤਾਂ ਦੇ ਨਾਲ ਇੱਥੇ ਰਹਿਣ ਦੀ ਇਜਾਜ਼ਤ ਮਿਲ ਜਾਂਦੀ ਹੈ।

### ਪੰਜਾਬ ਖੇਤ ਮਜ਼ਦੂਰ...

ਵਿਧਾਇਕ ਕਾਮਰੇਡ ਹਰਦੇਵ ਸਿੰਘ ਅਰਸ਼ੀ ਨੇ ਕਹੇ। ਕਾਮਰੇਡ ਅਰਸ਼ੀ ਨੇ ਕਿਹਾ ਕਿ ਭਾਵੇਂ ਇਹ ਦੋ ਰੋਜ਼ਾ ਕਾਨਫਰੰਸ 25-26 ਨਵੰਬਰ ਨੂੰ ਹੋਵੇਗੀ, ਪਰ ਜ਼ਿਲ੍ਹਾ ਫਰੀਦਕੋਟ ਦੇ ਸਮੂਹ ਮੈਂਬਰਾਂ ਨੂੰ ਹੁਣ ਤੋਂ ਹੀ ਇਸ ਦੀ ਤਿਆਰੀ ਸ਼ੁਰੂ ਕਰ ਦੇਣੀ ਚਾਹੀਦੀ ਹੈ। ਕਾਮਰੇਡ ਸ਼ਾਮ ਸੁੰਦਰ ਦੀ ਪ੍ਰਧਾਨਗੀ ਹੇਠ ਹੋਈ ਇਸ ਮੀਟਿੰਗ ਨੂੰ ਜ਼ਿਲ੍ਹਾ ਸਕੱਤਰ ਅਸ਼ੋਕ ਕੌਸ਼ਲ, ਮੀਤ ਸਕੱਤਰ ਗੁਰਨਾਮ ਸਿੰਘ, ਮੀਤ ਸਕੱਤਰ ਬਲਵੀਰ ਸਿੰਘ ਔਲਖ, ਗੁਰਚਰਨ ਸਿੰਘ ਮਾਨ, ਗੋਰਾ ਪਿਪਲੀ, ਮਾਸਟਰ ਦਰਸ਼ਨ ਸਿੰਘ ਔਲਖ, ਗਿਆਨੀ ਬਚਿੱਤਰ ਸਿੰਘ ਅਤੇ ਕੁਲ ਹਿੰਦ ਕਿਸਾਨ ਸਭਾ ਦੇ ਸੂਬਾ ਪ੍ਰਧਾਨ ਬਲਕਰਨ ਸਿੰਘ ਬਰਾੜ ਨੇ ਵੀ ਸੰਬੋਧਨ ਕੀਤਾ। ਬੁਲਾਰਿਆਂ ਨੇ ਪੰਜਾਬ ਸਰਕਾਰ ਵੱਲੋਂ ਪਿਛਲੇ ਦਿਨੀਂ 'ਕੰਮ ਦਿਹਾੜੀ ਸਮਾਂ' 8 ਘੰਟੇ ਤੋਂ ਵਧਾ ਕੇ 12 ਘੰਟੇ ਕਰਨ ਦੀ ਨਿੰਦਾ ਕਰਦੇ ਹੋਏ ਇਸ ਨੂੰ ਇਤਿਹਾਸ ਦਾ ਪਹੀਆ 1886 ਤੋਂ ਪਿਛਾਂਹ ਧੱਕਣ ਦਾ ਯਤਨ ਅਤੇ ਸ਼ਿਕਾਗੋ ਦੇ ਸ਼ਹੀਦਾਂ ਦਾ ਨਿਰਾਦਰ ਕਰਾਰ ਦਿੱਤਾ, ਜਿਨ੍ਹਾਂ ਦੀ ਯਾਦ ਵਿੱਚ ਸੰਸਾਰ ਭਰ ਦੀ ਮਿਹਨਤਕਸ਼ ਜਮਾਤ ਪਹਿਲੀ ਮਈ ਦਾ ਦਿਨ ਮਨਾਉਂਦੀ ਹੈ। ਹੋਰ ਵੀ ਮਾੜੀ ਗੱਲ ਇਹ ਹੈ ਕਿ ਇਹ ਕੰਮ ਉਸ ਸਰਕਾਰ ਨੇ ਕੀਤਾ ਹੈ, ਜੋ ਆਪਣੇ-ਆਪ ਨੂੰ ਸ਼ਹੀਦ ਭਗਤ ਸਿੰਘ ਅਤੇ ਡਾ. ਅੰਬੇਦਕਰ ਦੇ ਵਾਰਿਸ ਹੋਣ ਦਾ ਦਾਅਵਾ ਕਰਦੀ ਹੈ। ਨਰੇਗਾ ਮਜ਼ਦੂਰ ਆਗੂ ਬੀਬੀ ਕਰਮਜੀਤ ਕੌਰ ਮਚਾਕੀ, ਗੁਰਮੇਲ ਸਿੰਘ ਲਾਲੇਆਣਾ ਅਤੇ ਚਰਨਜੀਤ ਸਿੰਘ ਚੰਮੇਲੀ ਨੇ ਸਰਕਾਰਾਂ ਤੋਂ ਮੰਗ ਕੀਤੀ ਕਿ ਮਨਰੇਗਾ ਮਜ਼ਦੂਰਾਂ ਦੀ ਦਿਹਾੜੀ 700 ਰੁਪਏ ਅਤੇ ਸਾਲ ਵਿਚ 200 ਦਿਨ ਕੰਮ ਦਿੱਤਾ ਜਾਵੇ। ਸੋਮ ਨਾਥ ਅਰੋੜਾ ਵੱਲੋਂ ਪੇਸ਼ ਕੀਤਾ ਇੱਕ ਮਤਾ ਪਾਸ ਕਰਕੇ ਮੋਦੀ ਸਰਕਾਰ ਵੱਲੋਂ 'ਨਿਊਜ਼ ਕਲਿਕ' ਨਾਲ ਸੰਬੰਧਤ ਪੱਤਰਕਾਰਾਂ ਦੇ ਘਰਾਂ ਅਤੇ ਦਫ਼ਤਰਾਂ ਦੇ ਤੀਹ ਟਿਕਾਣਿਆਂ 'ਤੇ ਛਾਪੇਮਾਰੀ ਕਰਨ ਅਤੇ ਇਸ ਸਮਾਚਾਰ ਸੰਸਥਾ ਦੇ ਮੁੱਖ ਸੰਪਾਦਕ ਪ੍ਰਬੀਰ ਪੁਰਕਾਯਸਥ ਅਤੇ ਸੀਨੀਅਰ ਸਹਿਯੋਗੀ ਅਮਿਤ ਚੱਕਰਵਰਤੀ 'ਤੇ 'ਗੈਰਕਾਨੂੰਨੀ ਗਤੀਵਿਧੀਆਂ ਰੋਕੂ ਐਕਟ' ਦੀਆਂ ਸੰਗੀਨ ਧਾਰਾਵਾਂ ਤਹਿਤ ਝੂਠਾ ਕੇਸ ਦਰਜ ਕਰਨ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ। ਸਰਬਸੰਮਤੀ ਨਾਲ ਪਾਸ ਇਸ ਮਤੇ ਵਿੱਚ ਕਿਹਾ ਗਿਆ ਕਿ ਮੋਦੀ ਸਰਕਾਰ ਵੱਲੋਂ ਉਸ ਦੀਆਂ ਲੋਕ ਵਿਰੋਧੀ ਨੀਤੀਆਂ ਨਾਲ ਅਸਹਿਮਤ ਹਰ ਪੱਤਰਕਾਰ, ਸਿਆਸੀ ਆਗੂ ਅਤੇ ਸਮਾਜਿਕ ਕਾਰਕੁੰਨ ਨੂੰ ਦੇਸ਼ ਧ੍ਰੋਹ ਦੇ ਝੂਠੇ ਕੇਸ ਦਰਜ ਕਰਕੇ ਦਬਾਇਆ ਜਾ ਰਿਹਾ ਹੈ, ਜਿਸ ਦਾ ਕਮਿਊਨਿਸਟ ਪਾਰਟੀ ਡਟ ਕੇ ਵਿਰੋਧ ਕਰਦੀ ਰਹੇਗੀ।

ਇਸ ਮੌਕੇ ਸੁਖਜਿੰਦਰ ਸਿੰਘ ਤੂੰਬੜਭੰਨ, ਪ੍ਰਦੀਪ ਬਰਾੜ, ਕੁਲਵੰਤ ਸਿੰਘ ਚਾਨੀ, ਸੁਖਚਰਨ ਸਿੰਘ ਪੀ ਆਰ ਟੀ ਸੀ, ਸੁਖਦਰਸ਼ਨ ਰਾਮ, ਇਸਤਰੀ ਆਗੂ ਸ਼ਸ਼ੀ ਸ਼ਰਮਾ ਅਤੇ ਬੀਬੀ ਮਨਜੀਤ ਕੌਰ, ਗੁਰਦੀਪ ਸਿੰਘ ਦੀਪ ਸਿੰਘ ਵਾਲਾ, ਉੱਤਮ ਸਿੰਘ ਸਾਦਿਕ, ਸੁਖਚੈਨ ਸਿੰਘ ਥਾਂਦੇਵਾਲਾ ਅਤੇ ਜਸਪਾਲ ਸਿੰਘ ਦੀਪ ਸਿੰਘ ਵਾਲਾ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ ਅਤੇ ਸਭ ਨੇ ਪੰਜਾਬ ਖੇਤ ਮਜ਼ਦੂਰ ਸਭਾ ਦੀ ਸੂਬਾ ਕਾਨਫਰੰਸ ਨੂੰ ਸਫਲ ਬਣਾਉਣ ਦਾ ਪ੍ਰਣ ਕੀਤਾ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Fatehpuri
ਸੰਪਾਦਕ : ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਜੀ ਤੋਂ ਸਜਿਆ ਅਲੌਕਿਕ ਨਗਰ ਕੀਰਤਨ

## * ਥਾਂ-ਥਾਂ ਜੁੜੀਆਂ ਨਾਮਲੇਵਾ ਸੰਗਤਾਂ ਨੇ ਕੀਤਾ ਨਗਰ ਕੀਰਤਨ ਦਾ ਨਿੱਘਾ ਸੁਆਗਤ



ਝਬਾਲ (ਹਰਜਿੰਦਰ ਸਿੰਘ ਸੋਨੀ)-ਬ੍ਰਹਮ ਗਿਆਨੀ ਧੰਨ-ਧੰਨ ਬਾਬਾ ਬੁੱਢਾ ਸਾਹਿਬ ਜੀ ਦੇ ਤਪ ਅਸਥਾਨ ਗੁਰਦੁਆਰਾ ਬੀੜ ਬਾਬਾ ਬੁੱਢਾ ਜੀ ਵਿਖੇ ਹਰ ਸਾਲ ਦੀ ਤਰ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਗਵਾਈ ਹੇਠ ਪ੍ਰਬੰਧਕਾਂ ਵਲੋਂ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਸਦਕਾ ਮਨਾਏ ਜਾ ਰਹੇ ਸਾਲਾਨਾ ਜੋੜ ਮੇਲਾ 'ਤੇ ਵਿਸ਼ਾਲ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ-ਛਾਇਆ ਹੇਠ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਸਜਿਆ ਜਿਸ ਦੀ ਆਰੰਭਤਾ ਦੀ ਅਰਦਾਸ ਹੈੱਡ ਗ੍ਰੰਥੀ ਗਿਆਨੀ ਨਿਸ਼ਾਨ ਸਿੰਘ ਗੰਡੀਵਿੰਡ ਨੇ ਕੀਤੀ। ਉਪਰੰਤ ਪੰਜਾਬ ਪੁਲਸ ਦੀ ਅਗਵਾਈ ਵਿੱਚ ਪੰਜਾਬ ਪੁਲਸ ਦੇ ਜਵਾਨਾਂ ਵਲੋਂ ਐੱਸਪੀ ਮਨਿੰਦਰ ਸਿੰਘ ਅਤੇ ਡੀਐੱਸਪੀ ਤਰਸੇਮ ਮਸੀਹ ਅਤੇ ਡੀਐੱਸਪੀ ਹਰਿੰਦਰ ਸਿੰਘ ਦੀ ਅਗਵਾਈ ਵਿੱਚ ਸਲਾਮੀ ਦਿੱਤੀ ਗਈ। ਇਸ ਸਮੇਂ ਸ਼੍ਰੋਮਣੀ ਕਮੇਟੀ ਦੇ ਮੈਂਬਰ ਭਾਈ ਮਨਜੀਤ ਸਿੰਘ ਭੂਰਾ ਕੋਹਨਾ ਤੇ ਮੈਨੇਜਰ ਰਜਿੰਦਰ ਸਿੰਘ ਟੌਹੜਾ ਨੇ ਸੰਤਾਂ ਮਹਾਂਪੁਰਸ਼ਾਂ ਤੇ ਹੋਰ ਪੁੱਜੇ ਮੁੱਖ ਆਗੂਆਂ ਨੂੰ ਸਨਮਾਨਿਤ ਕੀਤਾ। ਵੱਖ-ਵੱਖ ਸਕੂਲਾਂ ਦੇ ਸੁੰਦਰ ਪੁਸ਼ਾਕਾਂ 'ਚ ਬੱਚੇ ਵਿਸ਼ੇਸ਼ ਖਿੱਚ ਦਾ ਕੇਂਦਰ ਰਹੇ। ਦਲ ਬਾਬਾ ਬਿਧੀ ਚੰਦ ਜੀ ਦੇ ਹਾਥੀ ਘੋੜੇ ਵੀ ਵਿਸ਼ੇਸ਼ ਖਿੱਚ ਦਾ ਕੇਂਦਰ ਸਨ। ਇਸ ਮੌਕੇ ਸਾਬਕਾ ਵਿਧਾਇਕ ਹਰਮੀਤ ਸਿੰਘ ਸੰਧੂ, ਭਾਈ ਮਨਜੀਤ ਸਿੰਘ ਭੂਰਾ ਕੋਹਨਾ, ਮੈਨੇਜਰ ਰਜਿੰਦਰ ਸਿੰਘ ਟੌਹੜਾ, ਅਰਵਿੰਦਰਪਾਲ ਸਿੰਘ ਪੱਖੋਕੇ, ਖੁਸ਼ਵਿੰਦਰ ਸਿੰਘ ਭਾਟੀਆ, ਬੀਬੀ ਹਰਜਿੰਦਰ ਕੌਰ, ਡਾਇਰੈਕਟਰ ਡਾਕਟਰ ਗੁਰਲਾਲ ਸਿੰਘ, ਮੀਤ ਸਕੱਤਰ ਹਰਜੀਤ ਸਿੰਘ ਲਾਲੂਘੁੰਮਣ, ਕਾਰਸੇਵਾ ਵਾਲੇ ਬਾਬਾ ਸੁਬੇਗ ਸਿੰਘ ਜੀ ਕਾਰਸੇਵਾ , ਬਾਬਾ ਸੋਹਣ ਸਿੰਘ, ਸਾਬਕਾ ਸਰਪੰਚ ਜਰਨੈਲ ਸਿੰਘ ਪੰਡੋਰੀ, ਚੇਅਰਮੈਨ ਕਸਮੀਰ ਸਿੰਘ ਮੰਨਣ, ਪਹਿਲਵਾਨ ਹਰਪਾਲ ਸਿੰਘ ਕੋਟ, ਭਾਈ ਸਤਨਾਮ ਸਿੰਘ ਖੰਡਾ, ਚੇਅਰਮੈਨ ਰਵਿੰਦਰ ਸਿੰਘ ਠਰੂ, ਸਾਬਕਾ ਪੀਏ ਪਰਮਜੀਤ ਸਿੰਘ ਮੁੰਡਾਪਿੰਡ, ਗੁਰਸੇਵਕ ਸਿੰਘ ਸ਼ੇਖ, ਸਾਬਕਾ ਸਰਪੰਚ ਸੁਖਦੇਵ ਸਿੰਘ ਜਗਜੀਤ ਸਿੰਘ ਸਿੰਘਣਾ, ਮੈਨੇਜਰ ਮੁਖਵਿੰਦਰ ਸਿੰਘ ਪੰਜਵੜ, ਕੁਲਵਿੰਦਰ ਸਿੰਘ ਛੀਨਾ, ਸਾਬਕਾ ਸਰਪੰਚ ਕਾਕਾ ਛਾਪਾ, ਵਰਿੰਦਰ ਸਿੰਘ ਠੱਠਾ, ਬਲਦੇਵ ਸਿੰਘ ਫੌਜੀ ਗੁਰਵੇਲ ਸਿੰਘ ਭੁੱਚਰ, ਪ੍ਰਿੰ. ਜਗਰੂਪ ਕੌਰ, ਪ੍ਰਿੰ. ਤਰਨਜੀਤ ਸਿੰਘ, ਦਲਜੀਤ ਸਿੰਘ ਐਮਾ, ਮਨਜੀਤ ਸਿੰਘ ਝਬਾਲ, ਮੈਨੇਜਰ ਨਵਤੇਜ ਸਿੰਘ ਠੱਠਾ, ਸ਼ਰਨਜੀਤ ਸਿੰਘ ਭੋਜੀਆਂ, ਸਾਬਕਾ ਸਰਪੰਚ ਮਨਦਿਰ ਸਿੰਘ ਐਮਾਂ, ਸੁਖਦੇਵ ਸਿੰਘ ਖਾਲਸਾ, ਵਰਿੰਦਰ ਸਿੰਘ ਸੇਠ, ਨਿਸ਼ਾਨ ਸਿੰਘ ਦੋਦੇ, ਚੇਅਰਮੈਨ ਹਰਵੰਤ ਸਿੰਘ, ਜਥੇ, ਤੇਗਾ ਸਿੰਘ ਸੋਹਲ, ਕਸਮੀਰ ਸਿੰਘ ਭੁੱਚਰ, ਗੁਰਜੀਤ ਸਿੰਘ ਪੰਜਵੜ, ਮੈਨੇਜਰ ਸਤਨਾਮ ਸਿੰਘ ਝਬਾਲ, ਜਸਪਾਲ ਸਿੰਘ ਨੌਸ਼ਹਿਰਾ ਤੋਂ ਇਲਾਵਾ ਵੱਡੀ ਗਿਣਤੀ 'ਚ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ, ਪ੍ਰਮੁੱਖ ਸ਼ਖਸੀਅਤਾਂ ਤੇ ਸੰਗਤਾਂ ਹਾਜ਼ਰ ਸਨ। ਵਿਸ਼ਾਲ ਨਗਰ ਕੀਰਤਨ ਦਾ ਰਸਤੇ ਵਿੱਚ ਬਘਿਆੜੀ ਮੋੜ, ਸਵਰਗਾਪੁਰੀ ਮੋੜ ਅਤੇ ਝਬਾਲ, ਗੁਰਦੁਆਰਾ ਬੀਬੀ ਵੀਰੋ ਜੀ, ਗੁਰਦੁਆਰਾ ਮਾਤਾ ਭਾਗੋ ਜੀ ਝਬਾਲ ਗੁ: ਪੱਤੀ ਪਾੜੋਂ ਕੀ ਦੀ ਸੰਗਤ ਵੱਲੋਂ ਅੱਡਾ ਮਾਤਾ ਰਾਣੀ ਵਿਖੇ ਅਤੇ ਠੱਠਾ ਤੇ ਹੋਰ ਥਾਵਾਂ 'ਤੇ ਜ਼ੋਰਦਾਰ ਸੁਆਗਤ ਕੀਤਾ। ਇਸ ਸਮੇਂ ਥਾਣਾ ਮੁੱਖੀ ਇੰਸਪੈਕਟਰ ਰਜਿੰਦਰ ਸਿੰਘ ਦੀ ਅਗਵਾਈ ਵਿੱਚ ਪੁਲਸ ਦੇ ਸਖਤ ਸੁਰਖਿਆ ਪ੍ਰਬੰਧ ਕੀਤੇ ਗਏ ਸਨ।

# ਐੱਸ ਵਾਈ ਐੱਲ ਦਾ ਮਾਮਲਾ ਵੱਡੇ ਦੁਖਾਂਤ ਨਾਲ ਜੁੜਿਆ; ਇਸ ਦੇ ਇਤਿਹਾਸਕ ਪ੍ਰਸੰਗ ਨੂੰ ਸਮਝਣ ਦੀ ਲੋੜ: ਬਾਬਾ ਬਲਬੀਰ ਸਿੰਘ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਨਿਹੰਗ ਸਿੰਘਾਂ ਦੀ ਮੁੱਖ ਸੰਸਥਾ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 14ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਕਿਹਾ ਕਿ ਕੇਂਦਰ ਸਰਕਾਰ ਨੂੰ ਸੂਬਿਆਂ ਦੇ ਵਿਵਾਦਤ ਮਾਮਲਿਆਂ ਨੂੰ ਦਿਲ ਖੋਲ੍ਹ ਕੇ ਇਮਾਨਦਾਰੀ ਨਾਲ ਨਜਿੱਠਣ ਲਈ ਪਹਿਲਕਦਮੀ ਕਰਨੀ ਚਾਹੀਦੀ ਹੈ, ਸਿਆਸੀ ਪਲੇਟਫਾਰਮ ਨਹੀਂ ਉਸਾਰਨੇ ਚਾਹੀਦੇ। ਇਤਿਹਾਸ ਤੋਂ ਸਬਕ ਨਾ ਸਿੱਖਣ ਵਾਲੇ ਇਤਿਹਾਸ ਦੁਹਰਾਏ ਜਾਣ ਦੀ ਸਜ਼ਾ ਝੱਲਦੇ ਹਨ। ਐੱਸਵਾਈਐੱਲ ਨਹਿਰ ਬਾਰੇ ਜੋ ਰੁਖ ਅਖਤਿਆਰ ਹੋ ਰਹੇ ਹਨ ਉਹ ਲਾਹੇਵੰਦ ਨਹੀਂ ਹਨ। ਉਨ੍ਹਾਂ ਕਿਹਾ ਕਿ ਹੁਣ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਸਤਲੁਜ-ਯਮੁਨਾ ਲਿੰਕ (ਐੱਸਵਾਈਐੱਲ) ਨਹਿਰ ਦੀ ਪੰਜਾਬ ਵਿਚਲੀ ਜ਼ਮੀਨ ਦੇ ਹਿੱਸੇ ਦਾ ਸਰਵੇਖਣ ਕਰਨ ਲਈ ਕਿਹਾ ਹੈ ਪਰ ਪੰਜਾਬ ਸਰਕਾਰ ਨੇ ਆਪਣਾ ਪੱਖ ਪੇਸ਼ ਕਰਦਿਆਂ ਕਿਹਾ ਹੈ ਕਿ ਇਸ ਵੇਲੇ ਸੂਬੇ ਵਿਚ ਨਹਿਰ ਲਈ ਨਾ ਤਾਂ ਜ਼ਮੀਨ ਹੈ ਅਤੇ ਨਾ ਹੀ ਪਾਣੀ। ਇਸ ਸਬੰਧ ਵਿਚ ਪੰਜਾਬ ਦੀਆਂ ਸਿਆਸੀ ਪਾਰਟੀਆਂ ਵੀ ਇਕਮੱਤ ਹਨ ਕਿ ਪੰਜਾਬ ਕੋਲ ਕੋਈ ਵਾਧੂ ਪਾਣੀ ਨਹੀਂ। ਉਨ੍ਹਾਂ ਸਪੱਸ਼ਟ ਕਿਹਾ ਕਿ ਇਹ ਮਾਮਲਾ ਲੋਕਾਂ ਦੀਆਂ ਭਾਵਨਾਵਾਂ ਨਾਲ ਵੀ ਜੁੜਿਆ ਹੋਇਆ ਹੈ। ਬੁੱਢਾ ਦਲ ਦੇ ਸਕੱਤਰ ਦਿਲਜੀਤ ਸਿੰਘ ਬੇਦੀ ਵੱਲੋਂ ਜਾਰੀ ਇੱਕ ਲਿਖਤੀ ਪ੍ਰੈੱਸ ਬਿਆਨ ਵਿੱਚ ਨਿਹੰਗ ਮੁਖੀ ਬਾਬਾ ਬਲਬੀਰ ਸਿੰਘ ਨੇ ਕਿਹਾ ਕੋਈ ਵੀ ਨਿਰਮਾਣ ਕਾਰਜ ਸਿਆਸੀ ਤੇ ਇਤਿਹਾਸਕ ਸਥਿਤੀਆਂ ਨਾਲ ਜੁੜਿਆ ਹੁੰਦਾ ਹੈ। ਐੱਸਵਾਈਐੱਲ ਦੇ ਮਾਮਲੇ ਨੂੰ ਵੀ ਇਸੇ ਤਰ੍ਹਾਂ ਵਿਚਾਰਨ ਦੀ ਲੋੜ ਹੈ। 1966 ਵਿਚ ਪੰਜਾਬ ਦੀ ਵੰਡ, ਵਿਵਾਦਿਤ ਮਾਮਲਿਆਂ ਨੂੰ ਪੂਰੀ ਤਰ੍ਹਾਂ ਨਾ ਸੁਲਝਾਏ ਜਾਣਾ, ਚੰਡੀਗੜ੍ਹ ਪੰਜਾਬ ਨੂੰ ਨਾ ਮਿਲਣਾ, ਪੰਜਾਬੀ ਬੋਲਣ ਵਾਲੇ ਇਲਾਕਿਆਂ ਦਾ ਪੰਜਾਬ ਤੋਂ ਬਾਹਰ ਰਹਿ ਜਾਣਾ, ਐੱਸਵਾਈਐੱਲ ਬਣਾਉਣ ਦਾ ਐਲਾਨ ਆਦਿ ਆਪਣੇ ਸਮਿਆਂ ਦੀਆਂ ਸਿਆਸੀ ਹਾਲਾਤ ਨਾਲ ਜੁੜੇ ਹੋਏ ਮੁੱਦੇ ਹਨ। ਉਨ੍ਹਾਂ ਕਿਹਾ ਜਿਨ੍ਹਾਂ ਸਿਆਸੀ ਸਥਿਤੀਆਂ ਵਿਚ ਐੱਸਵਾਈਐੱਲ ਬਣਾਉਣ ਦਾ ਐਲਾਨ ਹੋਇਆ ਸੀ, ਉਹ ਹੁਣ ਬਦਲ ਚੁੱਕੀਆਂ ਹਨ। ਇਹ ਨਹਿਰ ਬਣਾਉਣ ਦੀ ਕੋਸ਼ਿਸ਼ ਨੇ ਪੰਜਾਬ ਨੂੰ 1980ਵਿਆਂ ਦੇ ਦੁਖਾਂਤ ਵਿਚ ਧੱਕਿਆ। ਉਨ੍ਹਾਂ ਕਿਹਾ ਕਿ ਅਜਿਹੀਆਂ ਸਥਿਤੀਆਂ ਪੈਦਾ ਨਹੀਂ ਹੋਣੀਆਂ ਚਾਹੀਦੀਆਂ ਜੋ ਅਤੀਤ ਵਿਚ ਹੋਏ ਜ਼ਖ਼ਮਾਂ ਨੂੰ ਮੁੜ ਹਰਿਆ ਕਰ ਦੇਣ। ਉਨ੍ਹਾਂ ਕਿਹਾ ਕੇਂਦਰ ਸਰਕਾਰ ਨੂੰ ਇਸ ਸਬੰਧ ਵਿਚ ਕਾਨੂੰਨੀ ਮਾਨਤਾਵਾਂ ਨਾਲੋਂ ਇਤਿਹਾਸਕ 'ਪ੍ਰਸੰਗ ਵੱਲ ਜ਼ਿਆਦਾ ਧਿਆਨ ਦੇਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਚੰਗੀ ਤਰ੍ਹਾਂ ਜਾਣਦੀ ਹੈ ਕਿ ਇਹ ਮਸਲਾ 1980ਵਿਆਂ ਵਿਚ ਵੱਡੇ ਵਿਵਾਦ ਦਾ ਕਾਰਨ ਬਣਿਆ। ਸ਼੍ਰੋਮਣੀ ਅਕਾਲੀ ਦਲ ਅਤੇ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਨੇ ਪਾਣੀਆਂ ਲਈ ਮੋਰਚਾ ਲਗਾਇਆ ਜੋ ਬਾਅਦ ਵਿਚ ਧਰਮ ਯੁੱਧ ਵਿਚ ਤਬਦੀਲ ਹੋ ਗਿਆ। ਉਸ ਤੋਂ ਬਾਅਦ ਪੰਜਾਬ ਵੱਡੇ ਦੁਖਾਂਤਕ ਦੌਰ 'ਚੋਂ ਗੁਜ਼ਰਿਆ। ਇਸ ਤਰ੍ਹਾਂ ਨਹਿਰੀ ਪਾਣੀਆਂ ਦੀ ਵੰਡ ਦਾ ਮਸਲਾ ਵੱਡੇ ਇਤਿਹਾਸਕ ਦੁਖਾਂਤ ਨਾਲ ਜੁੜਿਆ ਹੋਇਆ ਹੈ।

# ਨਹਿਰੀ ਪਾਣੀ ਟੇਲਾਂ ਤੱਕ ਪਹੁੰਚਾਉਣ ਲਈ ਕੋਈ ਕਸਰ ਨਹੀਂ ਛੱਡੀ ਜਾਵੇਗੀ: ਈ.ਟੀ.ਓ.



ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)-ਪੰਜਾਬ ਸਰਕਾਰ ਵਲੋਂ ਨਹਿਰਾਂ ਦੀਆਂ ਟੇਲਾਂ ਤੱਕ ਪੂਰਾ ਪਾਣੀ ਪੁੱਜਦਾ ਕਰਨ ਲਈ ਜਲ ਸਰੋਤ ਵਿਭਾਗ ਪੰਜਾਬ ਵਲੋਂ ਲਗਾਤਾਰ ਯਤਨ ਜਾਰੀ ਹਨ ਅਤੇ ਇਸ ਲਈ ਕਈ ਰਜਬਾਹੇ ਅਤੇ ਮਾਈਨਰ ਪੱਕੇ ਕੀਤੇ ਜਾ ਰਹੇ ਹਨ। ਉਕਤ ਸ਼ਬਦਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਜੰਡਿਆਲਾ ਰਜਬਾਹੇ ਨੂੰ ਪੱਕਾ ਕਰਨ ਦੀ ਸ਼ੁਰੂਆਤ ਕਰਨ ਮੌਕੇ ਕੀਤਾ। ਉਨ੍ਹਾਂ ਦੱਸਿਆ ਕਿ ਜੰਡਿਆਲਾ ਰਜਬਾਹਾ ਦੀ ਕੰਕਰੀਟ ਦੇ ਲਾਈਨਿੰਗ ਦੇ ਕੰਮ ਉਤੇ ਤਕਰੀਬਨ 1 ਕਰੋੜ 65 ਲੱਖ ਰੁਪਏ ਖਰਚ ਆਉਣਗੇ ਅਤੇ ਇਸ ਕੰਕਰੀਟ ਲਾਈਨਿੰਗ ਦੀ ਕੁੱਲ ਲੰਬਾਈ 14855 ਫੁੱਟ ਹੈ। ਉਨ੍ਹਾਂ ਦੱਸਿਆ ਕਿ ਇਸ ਕੰਮ ਨਾਲ ਪਿੰਡ ਜਾਨੀਆ, ਠੱਠੀਆਂ, ਗੁਨੋਵਾਲ ਅਤੇ ਜੰਡਿਆਲੇ ਦੇ ਤਕਰੀਬਨ 2600 ਏਕੜ ਨੂੰ ਬਿਹਤਰ ਢੰਗ ਨਾਲ ਨਹਿਰੀ ਪਾਣੀ ਦੀ ਸਹੂਲਤ ਪ੍ਰਦਾਨ ਹੋਵੇਗੀ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਕਿਸਾਨਾਂ ਨੂੰ ਮੰਡੀਆਂ ਵਿੱਚ ਕੋਈ ਮੁਸ਼ਕਿਲ ਨਹੀਂ ਆਉਣ ਦੇਵੇਗੀ ਅਤੇ ਝੋਨੇ ਦੇ ਇਕ-ਇਕ ਦਾਣੇ ਦੀ ਅਦਾਇਗੀ ਕੀਤੀ ਜਾਵੇਗੀ। ਇਸ ਮੌਕੇ ਚੇਅਰਮੈਨ ਛਨਾਖ ਸਿੰਘ, ਸਤਿੰਦਰ ਸਿੰਘ, ਸਰਬਜੀਤ ਸਿੰਘ ਡਿੰਪੀ, ਨਰੇਸ਼ ਪਾਠਕ, ਤੇਜਦੀਪ ਸਿੰਘ ਬਿੱਟੂ ਅਤੇ ਹੋਰ ਪਤਵੰਤੇ ਵੀ ਹਾਜ਼ਰ ਸਨ।

# ਸ਼ਹੀਦ ਲਛਮਣ ਸਿੰਘ ਧਾਰੋਵਾਲੀ 'ਵਰਸਿਟੀ ਕਾਲਜ ਕਲਾਨੌਰ ਨੇ ਖੇਡਾਂ 'ਚ ਮਾਰੀਆਂ ਮੱਲਾਂ



ਕਲਾਨੌਰ, (ਮਨਦੀਪ ਕੁਮਾਰ ਕੋਹਲੀ)-ਸ਼ਹੀਦ ਲਛਮਣ ਸਿੰਘ ਧਾਰੋਵਾਲੀ ਯੂਨੀਵਰਸਿਟੀ ਕਾਲਜ ਕਲਾਨੌਰ ਵਿੱਦਿਆ, ਸੱਭਿਆਚਾਰਕ ਅਤੇ ਖੇਡਾਂ ਦੇ ਖੇਤਰ ਵਿਚ ਨਿਰੰਤਰ ਮੱਲਾਂ ਮਾਰ ਰਿਹਾ ਹੈ। ਕਾਲਜ ਦੇ ਪ੍ਰਿੰ, ਡਾ. ਕਮਲ ਕਿਸ਼ੋਰ ਅੱਤਰੀ ਦੀ ਅਗਵਾਈ ਹੇਠ ਅਤੇ ਪ੍ਰੋ. ਜੁਝਾਰ ਸਿੰਘ ਬਾਜਵਾ ਦੇ ਯਤਨਾਂ ਸਦਕਾ ਕਾਲਜ ਦੇ ਵਿਦਿਆਰਥੀਆਂ ਨੇ "ਖੇਡਾਂ ਵਤਨ ਪੰਜਾਬ ਦੀਆਂ" ਵਿਚ ਹਿੱਸਾ ਲਿਆ। ਜ਼ਿਲ੍ਹਾ ਪੱਧਰ ਦੇ ਐਥਲੈਟਿਕਸ ਮੁਕਾਬਲਿਆਂ ਵਿੱਚ ਪੁਜ਼ੀਸ਼ਨਾਂ ਹਾਸਲ ਕਰਕੇ ਕਾਲਜ ਦਾ ਨਾਂ ਰੌਸ਼ਨ ਕੀਤਾ ਹੈ। ਗੁਰਵਿੰਦਰ ਸਿੰਘ ਨੇ ਗੋਲਾ ਸੁੱਟਣ ਵਿਚ ਗੋਲਡ ਮੈਡਲ ਪ੍ਰਾਪਤ ਕੀਤਾ। ਅਭੀ ਜੋਸ਼ੀ ਨੇ ਪਾਵਰ ਲਿਫਟਿੰਗ ਵਿਚ ਗੋਲਡ ਮੈਡਲ ਹਾਸਲ ਕੀਤਾ। ਕਰਨਦੀਪ ਸਿੰਘ ਨੇ 800 ਮੀਟਰ ਦੌੜ ਵਿਚ ਪਹਿਲਾ ਸਥਾਨ ਤੇ 10000 ਮੀਟਰ ਵਾਲਕ ਰੇਸ ਮੁਕਾਬਲੇ ਵਿਚ ਵੀ ਪਹਿਲਾ ਸਥਾਨ ਪ੍ਰਾਪਤ ਕੀਤਾ। ਸੋਨੀਆ ਨੇ 100 ਮੀਟਰ ਦੌੜ ਵਿਚ ਪਹਿਲਾ ਤੇ 400 ਮੀਟਰ ਵਿਚ ਤੀਜਾ, ਜਾਰਜ ਮਸੀਹ ਨੇ ਵਾਲਕ ਰੇਸ ਵਿਚ ਦੂਜਾ ਸਥਾਨ, ਪੂਜਾ ਕੁਮਾਰੀ ਨੇ 400 ਮੀਟਰ ਦੌੜ ਵਿਚ ਦੂਜਾ ਅਤੇ 800 ਮੀਟਰ ਦੌੜ ਵਿਚ ਵੀ ਦੂਜਾ ਸਥਾਨ ਪ੍ਰਾਪਤ ਕੀਤਾ। ਨਵਦੀਪ ਕੌਰ ਨੇ 100 ਮੀਟਰ ਦੌੜ ਵਿਚ ਦੂਜਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਕਾਲਜ ਦੇ ਪ੍ਰਿੰ. ਡਾ. ਕਮਲ ਕਿਸ਼ੋਰ ਅੱਤਰੀ ਨੇ ਜੇਤੂ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ। ਉਨਾਂ ਨੇ ਵਿਦਿਆਰਥੀਆਂ ਨੂੰ ਖੇਡਾਂ ਦੇ ਮਾਧਿਅਮ ਰਾਹੀਂ ਆਪਣਾ ਕੈਰੀਅਰ ਬਣਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਪ੍ਰੋ. ਅੰਕਿਤਾ ਸ਼ਰਮਾ, ਪ੍ਰੋ. ਸੰਦੀਪ ਚੰਚਲ, ਪ੍ਰੋ. ਸਤਿੰਦਰ ਕੌਰ, ਪ੍ਰੋ. ਸੁਖਵਿੰਦਰ ਕੌਰ, ਪ੍ਰੋ. ਨਵਦੀਪ ਕੌਰ, ਪ੍ਰੋ. ਵਰਿੰਦਰ ਕੌਰ, ਪ੍ਰੋ. ਰੀਤੀ ਸ਼ਰਮਾ, ਪ੍ਰੋ. ਅੰਮ੍ਰਿਤਪਾਲ ਕੌਰ, ਪ੍ਰੋ. ਸ਼ਿਵਾਨੀ, ਪ੍ਰੋ. ਆਰਤੀ ਮਹਾਜਨ, ਪ੍ਰੋ. ਅੰਜਨਾ ਸ਼ਰਮਾ, ਪ੍ਰੋ. ਮਨਜਿੰਦਰ ਕੌਰ, ਪ੍ਰੋ. ਰਵਨੀਤ ਕੌਰ ਅਤੇ ਕਾਲਜ ਦੇ ਕਲਰਕ ਹਰਜੰਤ ਸਿੰਘ ਵੀ ਮੌਜੂਦ ਸਨ।

# ਸ਼ੈਰੀ ਕਲਸੀ ਦਾ ਚੇਅਰਮੈਨ ਕਾਹਲੋਂ ਦੇ ਘਰ ਪਹੁੰਚਣ 'ਤੇ ਨਿੱਘਾ ਸਵਾਗਤ



ਕਲਾਨੌਰ, (ਮਨਦੀਪ ਕੁਮਾਰ ਕੋਹਲੀ)-ਮਾਰਕੀਟ ਕਮੇਟੀ ਡੇਰਾ ਬਾਬਾ ਨਾਨਕ ਦੇ ਚੇਅਰਮੈਨ ਜਗਜੀਤ ਸਿੰਘ ਕਾਹਲੋਂ ਵੱਲੋਂ ਚੇਅਰਮੈਨੀ ਦਾ ਅਹੁਦਾ ਸੰਭਾਲਣ ਮਗਰੋਂ ਉਨ੍ਹਾਂ ਦੇ ਘਰ ਵਧਾਈਆਂ ਦੇਣ ਵਾਲਿਆਂ ਦਾ ਤਾਂਤਾ ਲੱਗਾ ਹੋਇਆ ਹੈ। ਅੱਜ ਕਾਹਲੋਂ ਦੇ ਘਰ ਐੱਮਐੱਲਏ ਬਟਾਲਾ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਪਹੁੰਚੇ।

ਉਨ੍ਹਾਂ ਦੇ ਨਾਲ ਬਲਬੀਰ ਸਿੰਘ ਪੰਨੂ ਚੇਅਰਮੈਨ ਪਨਸਪ ਪੰਜਾਬ, ਹਲਕਾ ਇੰਚਾਰਜ ਡੇਰਾ ਬਾਬਾ ਨਾਨਕ ਗੁਰਦੀਪ ਸਿੰਘ ਰੰਧਾਵਾ, ਨਗਰ ਸੁਧਾਰ ਟਰੱਸਟ ਗੁਰਦਾਸਪੁਰ ਦੇ ਚੇਅਰਮੈਨ ਰਾਜੀਵ ਸ਼ਰਮਾ ਵੀ ਪਹੁੰਚੇ। ਇਸ ਮੌਕੇ ਜਗਜੀਤ ਸਿੰਘ ਕਾਹਲੋਂ ਵੱਲੋਂ ਸ਼ੈਰੀ ਕਲਸੀ ਅਤੇ ਉਨ੍ਹਾਂ ਦੇ ਨਾਲ ਆਈ ਆਪ ਲੀਡਰਸ਼ਿਪ ਦਾ ਘਰ ਆਉਣ 'ਤੇ ਸਿਰੋਪਾਓ ਦੇ ਕੇ ਸਨਮਾਨ ਕੀਤਾ ਗਿਆ। ਚੇਅਰਮੈਨ ਕਾਹਲੋਂ ਨੇ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਸਮੇਤ ਆਪ ਦੀ ਸਾਰੀ ਲੀਡਰਸ਼ਿਪ ਦਾ ਜ਼ਿੰਮੇਵਾਰੀ ਸੌਂਪਣ ਲਈ ਧੰਨਵਾਦ ਕੀਤਾ। ਇਸ ਮੌਕੇ ਡੇਰਾ ਬਾਬਾ ਨਾਨਕ ਹਲਕੇ ਦੇ ਕੋਆਰਡੀਨੇਟਰ ਕਸ਼ਮੀਰ ਸਿੰਘ ਵਾਹਲਾ, ਜ਼ਿਲ੍ਹਾ ਯੂਥ ਪ੍ਰਧਾਨ ਪ੍ਰਧਾਨ ਮਨਦੀਪ ਸਿੰਘ ਗਿੱਲ, ਚੰਨਣ ਸਿੰਘ ਖਾਲਸਾ, ਜਸਪਾਲ ਸਿੰਘ ਨੈਪੀ ਅਤੇ ਪੀਏ ਗੁਰਵਿੰਦਰ ਸਿੰਘ ਆਦਿ ਵੀ ਹਾਜ਼ਰ ਸਨ।

# ਬਹਿਲ ਨੇ ਨਵ-ਨਿਯੁਕਤ 21 ਕਲੀਨਿਕਲ ਅਸਿਸਟੈਂਟਾਂ ਨੂੰ ਨਿਯੁਕਤੀ ਪੱਤਰ ਵੰਡੇ



ਡੇਰਾ ਬਾਬਾ ਨਾਨਕ/ ਗੁਰਦਾਸਪੁਰ (ਰਮੇਸ਼ ਸ਼ਰਮਾ/ਦਿਨੇਸ਼ ਕੁਮਾਰ)-ਮਾਨ ਸਰਕਾਰ ਨੇ ਪਿਛਲੇ ਡੇਢ ਸਾਲ ਵਿੱਚ 35000 ਤੋਂ ਵੱਧ ਨੌਜਵਾਨਾਂ ਨੂੰ ਵੱਖ-ਵੱਖ ਸਰਕਾਰੀ ਵਿਭਾਗਾਂ ਵਿੱਚ ਨੌਕਰੀਆਂ ਦਿੱਤੀਆਂ ਹਨ। ਇਹ ਪ੍ਰਗਟਾਵਾ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੇ ਸਥਾਨਕ ਸਿਵਲ ਸਰਜਨ ਦਫ਼ਤਰ ਵਿਖੇ ਸੂਬਾ ਸਰਕਾਰ ਵੱਲੋਂ ਆਮ ਆਦਮੀ ਕਲੀਨਿਕਾਂ 'ਚ ਨਿਯੁਕਤੀ ਕੀਤੇ ਗਏ 21 ਕਲੀਨਿਕਲ ਅਸਿਸਟੈਂਟਾਂ ਨਿਯੁਕਤੀ ਪੱਤਰ ਦੇਣ ਮੌਕੇ ਕੀਤਾ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਵੱਲੋਂ ਸਿਹਤ ਦੇ ਖੇਤਰ ਵਿੱਚ ਕ੍ਰਾਂਤੀਕਾਰੀ ਸੁਧਾਰ ਕਰਦਿਆਂ ਜਿਥੇ ਬੁਨਿਆਦੀ ਢਾਂਚੇ ਨੂੰ ਵਿਕਸਤ ਕੀਤਾ ਜਾ ਰਿਹਾ ਹੈ ਉਥੇ ਕਾਬਲ ਸਿਹਤ ਅਮਲੇ ਨੂੰ ਭਰਤੀ ਕਰਕੇ ਲੋਕਾਂ ਨੂੰ ਮਿਆਰੀ ਸਿਹਤ ਸੇਵਾਵਾਂ ਦੇਣ ਦੇ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਆਮ ਆਦਮੀ ਕਲੀਨਿਕਾਂ ਵਿੱਚ ਮਾਹਿਰ ਡਾਕਟਰਾਂ ਦੇ ਨਾਲ ਕਲੀਨਿਕਲ ਅਸਿਸਟੈਂਟਸ ਅਤੇ ਹੋਰ ਸਿਹਤ ਅਮਲੇ ਦੀ ਤਾਇਨਾਤੀ ਨਾਲ ਲੋਕਾਂ ਨੂੰ ਉਨ੍ਹਾਂ ਦੇ ਘਰ ਦੇ ਨੇੜੇ ਹੀ ਮਿਆਰੀ ਸਿਹਤ ਸੇਵਾਵਾਂ ਮਿਲਣੀਆਂ ਸ਼ੁਰੂ ਹੋ ਗਈਆਂ ਹਨ। ਚੇਅਰਮੈਨ ਬਹਿਲ ਨੇ ਕਿਹਾ ਕਿ ਅੱਜ 21 ਕਲੀਨਿਕਲ ਅਸਿਸਟੈਂਟ ਨੂੰ ਨਿਯੁਕਤੀ ਪੱਤਰ ਦਿੱਤੇ ਗਏ ਜਦਕਿ ਬਾਕੀ ਨਿਯੁਕਤ ਹੋਏ ਨੌਜਵਾਨ ਲੜਕੇ-ਲੜਕੀਆਂ ਨੂੰ ਵੀ ਜਲਦ ਹੀ ਨਿਯੁਕਤੀ ਪੱਤਰ ਸੌਂਪੇ ਜਾਣਗੇ। ਉਨ੍ਹਾਂ ਕਿਹਾ ਕਿ ਆਮ ਆਦਮੀ ਕਲੀਨਿਕਾਂ ਅਤੇ ਬਾਕੀ ਹੋਰ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਡਾਕਟਰਾਂ ਅਤੇ ਹੋਰ ਸਟਾਫ਼ ਦੀ ਕੋਈ ਘਾਟ ਨਹੀਂ ਰਹਿਣ ਦਿੱਤੀ ਜਾਵੇਗੀ। ਉਨ੍ਹਾਂ ਨਵ-ਨਿਯੁਕਤ 21 ਕਲੀਨਿਕਲ ਅਸਿਸਟੈਂਟਸ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਹ ਬੜੇ ਭਾਗਾਂ ਵਾਲੇ ਹਨ ਜੋ ਉਨ੍ਹਾਂ ਨੂੰ ਸਿਹਤ ਸੇਵਾਵਾਂ ਦੇਣ ਦਾ ਮੌਕਾ ਮਿਲਿਆ ਹੈ। ਉਨ੍ਹਾਂ ਕਿਹਾ ਕਿ ਉਹ ਪੂਰੀ ਮਿਹਨਤ, ਇਮਾਨਦਾਰੀ ਅਤੇ ਤਨਦੇਹੀ ਨਾਲ ਆਪਣੀਆਂ ਸੇਵਾਵਾਂ ਨਿਭਾਉਣ। ਇਸ ਮੌਕੇ ਸਿਵਲ ਸਰਜਨ ਡਾ. ਹਰਭਜਨ ਰਾਮ ਮਾਂਡੀ, ਡੀਐੱਮਸੀ ਡਾ. ਰੋਮੀ ਰਾਜਾ, ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ ਡਾ. ਤੇਜਿੰਦਰ ਕੌਰ, ਡੀਪੀਐੱਮ ਗੁਰਪ੍ਰੀਤ ਸਿੰਘ, ਅਮਨਦੀਪ ਸਿੰਘ, ਮਾਸ ਮੀਡੀਆ ਅਫਸਰ ਗੁਰਿੰਦਰ ਕੌਰ ਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ।



ਏਸ਼ੀਅਨ ਗੇਮਜ਼ ਵਿੱਚ ਇੰਡੀਆ ਦੀ ਹਾਕੀ ਟੀਮ ਵੱਲੋਂ ਗੋਲਡ ਮੈਡਲ ਜਿੱਤਣ 'ਤੇ ਐਡਵੋਕੇਟ ਫਾਰ ਫਾਰਮਰਜ਼ ਐਂਡ ਲੇਬਰਰਜ਼ ਵੱਲੋਂ ਲੱਡੂ ਵੰਡ ਕੇ ਖੁਸ਼ੀ ਮਨਾਉਣ ਮੌਕੇ ਐਡਵੋਕੇਟ ਗੁਰਜੀਤ ਸਿੰਘ ਕਾਹਲੋਂ, ਰਾਜੂ ਅੰਬੇਡਕਰ, ਰਾਜਿੰਦਰ ਸਿੰਘ ਮੰਡ, ਤੇਜਿੰਦਰ ਸਿੰਘ ਧਾਲੀਵਾਲ, ਓਮ ਪ੍ਰਕਾਸ਼ ਸ਼ਰਮਾ, ਪਰਮਿੰਦਰ ਸਿੰਘ ਵਿੱਗ, ਪੀ. ਐੱਸ. ਢਿੱਲੋਂ, ਮਧੂ ਰਚਨਾ, ਸੰਗੀਤਾ ਸੋਨੀ, ਨੇਹਾ ਚੀਮਾ ਰੂਬਲ, ਕਰਨ ਖੁੱਲਰ ਅਤੇ ਹੋਰ। (ਤਸਵੀਰ : ਰਾਜੇਸ਼ ਥਾਪਾ, ਜਲੰਧਰ)

# ਦਾਣਾ ਮੰਡੀ ਮਜੀਠਾ 'ਚ ਡਾ. ਸਤਿੰਦਰ ਕੌਰ ਗਿੱਲ ਨੇ ਝੋਨੇ ਦੀ ਖਰੀਦ ਸ਼ੁਰੂ ਕਰਵਾਈ



ਮਜੀਠਾ (ਸੋਇਮ ਆਨੰਦ)-ਦਾਣਾ ਮੰਡੀ ਮਜੀਠਾ ਵਿੱਚ ਹਲਕਾ ਇੰਚਾਰਜ ਸੁਖਜਿੰਦਰਰਾਜ ਸਿੰਘ ਲਾਲੀ ਮਜੀਠੀਆ ਦੇ ਧਰਮ ਪਤਨੀ ਡਾ. ਸਤਿੰਦਰ ਕੌਰ ਗਿੱਲ ਦੀ ਹਾਜ਼ਰੀ ਵਿੱਚ ਪਨਗ੍ਰੇਨ ਦੇ ਇੰਸਪੈਕਟਰ ਹਰਮਨਜੀਤ ਸਿੰਘ ਵੱਲੋਂ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਝੋਨੇ ਦੀ ਖ੍ਰੀਦ ਸ਼ੁਰੂ ਕੀਤੀ ਗਈ। ਇਸ ਤੋ ਪਹਿਲਾਂ ਬਾਸਮਤੀ ਕਿਸਮ 1509 ਮੰਡੀ ਵਿੱਚ ਆ ਰਹੀ ਸੀ ਜੋ ਹੁਣ ਤੱਕ ਲੱਗਭੱਗ 135686 ਕਵਿੰਟਲ ਆਮਦ ਹੋਈ ਹੈ ਜਿਸ ਦੀ ਖ੍ਰੀਦ ਪ੍ਰਾਈਵੇਟ ਏਜੰਸੀਆਂ ਵੱਲੋ ਕੀਤੀ ਗਈ ਹੈ। ਸਕੱਤਰ ਮਾਰਕੀਟ ਕਮੇਟੀ ਜਤਿੰਦਰ ਸਿੰਘ ਸ਼ਿੰਗਾਰੀ ਨੇ ਦੱਸਿਆ ਕਿ ਇਸ ਵੇਲੇ ਮੰਡੀ ਵਿੱਚ ਪਨਗ੍ਰੇਨ ਅਤੇ ਮਾਰਕਫੈੱਡ ਦੋ ਏਜੰਸੀਆਂ ਦੇ ਅਧਿਕਾਰੀਆਂ ਵਲੋਂ ਝੋਨੇ ਦੀ ਸਰਕਾਰੀ ਖ੍ਰੀਦ ਕੀਤੀ ਜਾਵੇਗੀ ਜਿਸ ਦੇ ਸਾਰੇ ਪੁਖਤਾ ਪ੍ਰਬੰਧ ਮਾਰਕੀਟ ਕਮੇਟੀ ਵਲੋਂ ਮੁਕੰਮਲ ਕਰ ਲਏ ਗਏ ਹਨ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਮੰਡੀ ਵਿੱਚ ਝੋਨੇ ਦੀ ਫਸਲ ਸੁਕਾ ਕੇ ਨਮੀ ਰਹਿਤ ਲਿਆਂਦੀ ਜਾਵੇ ਤਾਂ ਜੋ ਕਿਸਾਨਾਂ ਨੂੰ ਆਪਣੀ ਫਸਲ ਵੇਚਣ ਲਈ ਮੰਡੀ ਵਿੱਚ ਜ਼ਿਆਦਾ ਚਿਰ ਨਾ ਬੈਠਣਾ ਪਵੇ ਤੇ ਮੁੱਲ ਵੀ ਸਹੀ ਮਿਲ ਸਕੇ। ਇਸ ਮੌਕੇ ਡਾ. ਸਤਿੰਦਰ ਕੌਰ ਗਿੱਲ ਮਜੀਠੀਆ ਵੱਲੋਂ ਖ੍ਰੀਦ ਇਜੰਸੀਆਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਕਿਸਾਨਾਂ ਦੇ ਹਿੱਤਾਂ ਨੂੰ ਮੁੱਖ ਰਖਦਿਆਂ ਫਸਲ ਦੀ ਖ੍ਰੀਦ ਸੁਚੱਜੇ ਢੰਗ ਨਾਲ ਕਰਨ।

# ਬਿਰਧ ਆਸ਼ਰਮ ਦਾ 10ਵਾਂ ਸਥਾਪਨਾ ਦਿਵਸ ਮਨਾਇਆ

## * ਐੱਸ ਡੀ ਐੱਮ ਗੁਰਦਾਸਪੁਰ ਨੇ ਸਮਾਗਮ 'ਚ ਮੁੱਖ ਮਹਿਮਾਨ ਵਜੋਂ ਕੀਤੀ ਸ਼ਿਰਕਤ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਪੰਜਾਬ ਸਰਕਾਰ ਵੱਲੋਂ ਜ਼ਿਲ੍ਹਾ ਹਸਪਤਾਲ ਬੱਬਰੀ ਦੇ ਨਜ਼ਦੀਕ ਬਣਾਏ ਬਿਰਧ ਆਸ਼ਰਮ ਦਾ 10ਵਾਂ ਸਥਾਪਨਾ ਦਿਵਸ ਬੀਤੀ ਸ਼ਾਮ ਪੂਰੇ ਉਤਸ਼ਾਹ ਨਾਲ ਮਨਾਇਆ ਗਿਆ। ਐੱਸਡੀਐੱਮ ਗੁਰਦਾਸਪੁਰ ਅਮਨਦੀਪ ਕੌਰ ਘੁੰਮਣ ਨੇ ਸਥਾਪਨਾ ਦਿਵਸ ਸਬੰਧੀ ਹੋਏ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਬਿਰਧ ਆਸ਼ਰਮ ਦਾ ਨਿਰਮਾਣ 2011 ਵਿੱਚ ਸ਼ੁਰੂ ਕੀਤਾ ਗਿਆ ਸੀ ਅਤੇ ਇਸਦਾ ਉਦਘਾਟਨ ਸਾਲ 2013 ਵਿੱਚ ਹੋਇਆ ਸੀ। ਇਸ ਆਸ਼ਰਮ ਨੂੰ ਸਰਕਾਰ ਦੀ ਮਦਦ ਨਾਲ ਚਲਾ ਰਹੀ ਗੈਰ-ਸਰਕਾਰੀ ਸੰਸਥਾ ਹੈਲਏਜ ਇੰਡੀਆ ਵੱਲੋਂ ਇਸ ਬਿਰਧ ਆਸ਼ਰਮ ਦੇ 10 ਸਾਲ ਪੂਰੇ ਹੋਣ 'ਤੇ ਵਿਸ਼ੇਸ਼ ਸਮਾਗਮ ਕੀਤਾ ਗਿਆ, ਜਿਸ ਵਿੱਚ ਇੱਕ ਡਾਕੂਮੈਂਟਰੀ ਫਿਲਮ ਰਾਹੀਂ ਬਿਰਧ ਆਸ਼ਰਮ ਦੇ ਪਿਛਲੇ 10 ਸਾਲਾਂ ਦੇ ਸ਼ਾਨਦਾਰ ਸਫ਼ਰ ਨੂੰ ਦਿਖਾਇਆ ਗਿਆ। ਇਸ ਮੌਕੇ ਨੌਜਵਾਨਾਂ ਵੱਲੋਂ ਭੰਗੜੇ ਦੀ ਪੇਸ਼ਕਾਰੀ ਵੀ ਕੀਤੀ ਗਈ। ਇਸ ਮੌਕੇ ਐੱਸਡੀਐੱਮ. ਗੁਰਦਾਸਪੁਰ ਅਮਨਦੀਪ ਕੌਰ ਘੁੰਮਣ ਨੇ ਕਿਹਾ ਕਿ ਗੁਰਦਾਸਪੁਰ ਦਾ ਇਹ ਬਿਰਧ ਆਸ਼ਰਮ ਬੇਸਹਾਰਾ ਬਜ਼ੁਰਗਾਂ ਲਈ ਵਰਦਾਨ ਸਾਬਤ ਹੋਇਆ ਹੈ। ਉਨ੍ਹਾਂ ਕਿਹਾ ਕਿ ਬਜ਼ੁਰਗਾਂ ਦਾ ਸਤਿਕਾਰ ਕਰਨਾ ਸਾਡਾ ਸਭ ਦਾ ਮੁੱਢਲਾ ਤੇ ਇਖਲਾਕੀ ਫ਼ਰਜ਼ ਹੈ ਅਤੇ ਇਸ ਬਿਰਧ ਆਸ਼ਰਮ ਵਿੱਚ ਬਜ਼ੁਰਗਾਂ ਦਾ ਹਰ ਤਰ੍ਹਾਂ ਨਾਲ ਖਿਆਲ ਰੱਖਿਆ ਜਾਂਦਾ ਹੈ। ਉਨ੍ਹਾਂ ਬਿਰਧ ਆਸ਼ਰਮ ਵਿੱਚ ਸੇਵਾ ਕਰ ਰਹੇ ਵਲੰਟੀਅਰਜ਼ ਦਾ ਵੀ ਧੰਨਵਾਦ ਕੀਤਾ। ਇਸ ਮੌਕੇ ਬਿਰਧ ਆਸ਼ਰਮ ਦੀ ਸੰਚਾਲਕ ਮੈਡਮ ਅਰਪਨਾ ਨੇ ਬਜ਼ੁਰਗਾਂ ਦੀ ਸੇਵਾ-ਸੰਭਾਲ ਸਬੰਧੀ ਦਿੱਤੀਆਂ ਜਾ ਰਹੀਆਂ ਸਹੂਲਤਾਂ ਦੀ ਜਾਣਕਾਰੀ ਦਿੱਤੀ। ਇਸ ਮੌਕੇ ਬਿਰਧ ਆਸ਼ਰਮ ਦੇ ਬਜ਼ੁਰਗਾਂ ਅਤੇ ਆਏ ਹੋਏ ਮਹਿਮਾਨਾਂ ਨੇ ਕੇਕ ਕੱਟ ਕੇ ਸਥਾਪਨਾ ਦਿਵਸ ਦੀਆਂ ਖੁਸ਼ੀਆਂ ਮਨਾਈਆਂ।

# ਪ੍ਰਕਾਸ਼ ਪੁਰਬ ਨੂੰ ਸਮਰਪਿਤ ਬੱਚਿਆਂ ਦੇ ਧਾਰਮਿਕ ਮੁਕਾਬਲੇ ਕਰਵਾਏ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹਰ ਸਾਲ ਦੀ ਤਰ੍ਹਾਂ ਸਕੂਲਾਂ/ਕਾਲਜਾਂ ਦੇ ਵਿਦਿਆਰਥੀਆਂ ਦੇ ਵੱਖ-ਵੱਖ ਧਾਰਮਿਕ ਮੁਕਾਬਲੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿਚ ਸ਼ਬਦ ਵੀਚਾਰ ਪ੍ਰਤੀਯੋਗਤਾ, ਲਿਖਤੀ ਪ੍ਰੀਖਿਆ, ਸੁੰਦਰ ਲਿਖਾਈ ਤੇ ਪੇਟਿੰਗ ਮੁਕਾਬਲੇ ਕਰਵਾਏ ਗਏ। ਇਹ ਮੁਕਾਬਲੇ ਸ੍ਰੀ ਦਰਬਾਰ ਸਾਹਿਬ ਨਾਲ ਸਬੰਧਤ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਹੋਏ, ਜਿਸ ਵਿਚ ਵੱਖ-ਵੱਖ ਸਕੂਲਾਂ ਦੇ ਸੈਂਕੜੇ ਬੱਚਿਆਂ ਨੇ ਭਾਗ ਲਿਆ। ਪੇਂਟਿੰਗ ਮੁਕਾਬਲੇ ਵਿਚ ਬੱਚਿਆਂ ਵੱਲੋਂ ਜਿਥੇ ਸਿੱਖ ਇਤਿਹਾਸ ਨਾਲ ਸਬੰਧਤ ਤਸਵੀਰਾਂ ਬਣਾਈਆਂ ਗਈਆਂ, ਉਥੇ ਹੀ ਕੁਦਰਤੀ ਆਫ਼ਤਾਂ ਸਮੇਂ ਸ਼੍ਰੋਮਣੀ ਕਮੇਟੀ ਵੱਲੋਂ ਨਿਭਾਈਆਂ ਸੇਵਾਵਾਂ ਨੂੰ ਇਕ ਤਸਵੀਰ ਜ਼ਰੀਏ ਬਿਆਨ ਕੀਤਾ। ਪੇਂਟਿੰਗ ਮੁਕਾਬਲੇ ਦੇ ਪਹਿਲੇ ਗਰੁੱਪ ਵਿਚ ਕਾਕਾ ਗੁਰਮਨਦੀਪ ਸਿੰਘ ਅਤੇ ਕਾਕਾ ਚਰਨਕੰਵਲ ਸਿੰਘ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਕਾਕਾ ਸਰਤਾਜ ਸਿੰਘ ਅਤੇ ਬੱਚੀ ਕਾਵਯਾ ਗੁਪਤਾ ਨੇ ਦੂਜਾ ਅਤੇ ਕਾਕਾ ਗੁਰਕੀਰਤ ਸਿੰਘ ਅਤੇ ਬੱਚੀ ਹਰਸ਼ਿਤਾ ਕਪੂਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਦੂਜਾ ਗਰੁੱਪ ਵਿਚ ਬੱਚੀ ਨਵਪ੍ਰੀਤ ਕੌਰ ਪਹਿਲੇ ਸਥਾਨ 'ਤੇ, ਨਵਿਆ ਮਹਾਜਨ ਦੂਜੇ ਅਤੇ ਅਰਸ਼ਦੀਪ ਕੌਰ ਤੇ ਅੰਮ੍ਰਿਤਪਾਲ ਸਿੰਘ ਤੀਜੇ ਸਥਾਨ 'ਤੇ ਰਹੇ। ਤੀਸਰੇ ਗਰੁੱਪ ਵਿਚ ਕਾਕਾ ਗੁਰਬੀਰ ਸਿੰਘ ਤੇ ਸ਼ਿਵਾਨੀ ਰਾਣਾ ਪਹਿਲੇ, ਸੁਮਨਦੀਪ ਕੌਰ ਦੂਜੇ ਅਤੇ ਅੰਗਦਬੀਰ ਸਿੰਘ ਦੂਜਾ ਤੇ ਅਗਮਪ੍ਰੀਤ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਸ਼ਬਦ ਕੀਰਤਨ ਮੁਕਾਬਲੇ ਵਿਚ ਨੇਤਰਹੀਣ ਵਿਦਿਆਰਥੀਆਂ ਵੱਲੋਂ ਭਾਗ ਲਿਆ ਗਿਆ, ਜਿਸ ਵਿੱਚੋਂ ਪਹਿਲਾ ਸਥਾਨ ਨਿਰਮਲ ਸਿੰਘ ਤੇ ਦੂਜਾ ਸਥਾਨ ਪਵਨਪ੍ਰੀਤ ਕੌਰ ਨੇ ਪ੍ਰਾਪਤ ਕੀਤਾ। ਇਸ ਦੇ ਨਾਲ ਤਿੰਨੇ ਗਰੁੱਪ ਦੇ ਕੁੱਝ ਬੱਚਿਆਂ ਨੂੰ ਹੌਸਲਾ ਅਫ਼ਜ਼ਾਈ ਵਜੋਂ ਇਨਾਮ ਵੀ ਦਿੱਤੇ ਗਏ। ਇਨ੍ਹਾਂ ਹੋਏ ਮੁਕਾਬਲਿਆਂ ਸਮੇਂ ਜੱਜ ਦੀ ਸੇਵਾ ਪ੍ਰਦੀਪ ਸਿੰਘ, ਹਰਦੀਪ ਸਿੰਘ, ਬੀਬੀ ਹਰਅੰਮ੍ਰਿਤਪ੍ਰੀਤ ਕੌਰ, ਸਕਾਲਰ ਡਾ. ਰਣਜੀਤ ਕੌਰ, ਡਾ. ਹਰਪ੍ਰੀਤ ਕੌਰ, ਅਰਮਨਜੀਤ ਸਿੰਘ, ਕਰਮਜੀਤ ਸਿੰਘ, ਬੀਬੀ ਗੁਰਮੀਤ ਕੌਰ, ਬੀਬੀ ਰਾਜਵਿੰਦਰ ਕੌਰ, ਗੁਰਲਾਲ ਸਿੰਘ, ਸ਼ਮਸ਼ੇਰ ਸਿੰਘ ਜੇਠੂਵਾਲ, ਨਵਜੋਤ ਸਿੰਘ ਖੋਜਾਰਥੀ ਨੇ ਨਿਭਾਈ। ਇਸ ਮੌਕੇ ਵਧੀਕ ਮੈਨੇਜਰ ਗੁਰਪ੍ਰੀਤ ਸਿੰਘ, ਸਕਾਲਰ ਬੀਬੀ ਕਿਰਨਦੀਪ ਕੌਰ, ਸੁਪਰਵਾਈਜ਼ਰ ਜਸਪਾਲ ਸਿੰਘ, ਬੀਬੀ ਪਰਮੀਤ ਕੌਰ, ਪ੍ਰਚਾਰਕ ਭਾਈ ਤਰਸੇਮ ਸਿੰਘ ਤੇ ਭਾਈ ਵਰਿਆਮ ਸਿੰਘ ਆਦਿ ਹਾਜ਼ਰ ਸਨ। ਰਸ਼ਪਾਲ ਸਿੰਘ ਤੀਜੇ ਸਥਾਨ 'ਤੇ ਰਹੇ। ਇਸੇ ਤਰ੍ਹਾਂ ਸੁੰਦਰ ਲਿਖਾਈ ਮੁਕਾਬਲੇ ਵਿਚ ਬੱਚੀ ਗੁਰਲੀਨ ਕੌਰ ਪਹਿਲੇ, ਸਿਮਰਨਜੀਤ ਕੌਰ ਅਤੇ ਮੁਸਕਾਨਪ੍ਰੀਤ ਕੌਰ ਦੂਜੇ ਤੇ ਮਨਰਾਜ ਸਿੰਘ ਤੇ ਅਸੀਸ ਕੌਰ ਤੀਜੇ ਸਥਾਨ 'ਤੇ ਰਹੇ। ਸ਼ਬਦ ਵਿਚਾਰ ਪ੍ਰਤੀਯੋਗਤਾ ਵਿਚ ਅਰਵਿੰਦਰ ਸਿੰਘ ਪਹਿਲਾ,

# ਗੁ. ਸ੍ਰੀ ਗੁਰੂ ਡਾਂਗਮਾਰ ਸਾਹਿਬ ਬਾਰੇ ਸਿੱਕਮ ਦੇ ਮੁੱਖ ਮੰਤਰੀ ਦੇ ਬਿਆਨ ਦਾ ਸ਼੍ਰੋਮਣੀ ਕਮੇਟੀ ਨੇ ਲਿਆ ਨੋਟਿਸ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਰਦੁਆਰਾ ਸ੍ਰੀ ਗੁਰੂ ਡਾਂਗਮਾਰ ਸਾਹਿਬ ਬਾਰੇ ਸਿੱਕਮ ਦੇ ਮੁੱਖ ਮੰਤਰੀ ਪ੍ਰੇਮ ਸਿੰਘ ਤਮਾਂਗ ਵੱਲੋਂ ਦਿੱਤੇ ਬਿਆਨ ਦਾ ਨੋਟਿਸ ਲੈਂਦਿਆਂ ਘੱਟਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੂੰ ਪੱਤਰ ਲਿਖਿਆ ਹੈ। ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਵੱਲੋਂ ਲਿਖੇ ਪੱਤਰ ਵਿਚ ਕਿਹਾ ਗਿਆ ਹੈ ਕਿ ਗੁਰਦੁਆਰਾ ਸ੍ਰੀ ਗੁਰੂ ਡਾਂਗਮਾਰ ਸਾਹਿਬ ਸਬੰਧੀ ਲੰਮੇ ਸਮੇਂ ਤੋਂ ਕੇਸ ਸਿੱਕਮ ਹਾਈਕੋਰਟ ਵਿਚ ਵਿਚਾਰ ਅਧੀਨ ਹੈ। ਮਾਨਯੋਗ ਅਦਾਲਤ ਨੇ ਇਸ ਕੇਸ ਦਾ ਫੈਸਲਾ ਸੁਰੱਖਿਅਤ ਰੱਖਿਆ ਹੋਇਆ ਹੈ। ਅਜਿਹੇ ਸਮੇਂ 'ਤੇ ਸਿੱਕਮ ਦੇ ਮੁੱਖ ਮੰਤਰੀ ਵੱਲੋਂ ਇਕ ਵਿਸ਼ੇਸ਼ ਭਾਈਚਾਰੇ ਦੇ ਹੱਕ ਵਿਚ ਬੋਲਣਾ ਕੇਸ ਨੂੰ ਪ੍ਰਭਾਵਿਤ ਕਰਨ ਵਾਲਾ ਹੈ। ਪੱਤਰ ਵਿਚ ਲਿਖਿਆ ਗਿਆ ਹੈ ਕਿ ਮੁੱਖ ਮੰਤਰੀ ਦਾ ਇਹ ਬਿਆਨ ਸਥਾਨਕ ਭਾਈਚਾਰੇ ਦੇ ਲੋਕਾਂ ਨੂੰ ਸਿੱਖ ਭਾਈਚਾਰੇ ਵਿਰੁੱਧ ਭੜਕਾਉਣ ਵਾਲਾ ਹੈ। ਮੁੱਖ ਮੰਤਰੀ ਵੱਲੋਂ ਇਹ ਕਹਿਣਾ ਕਿ ਕਿਸੇ ਵੀ ਹਾਲਤ ਵਿਚ ਗੁਰਦੁਆਰਾ ਸਾਹਿਬ ਨੂੰ ਮੁੜ ਸਥਾਪਤ ਨਹੀਂ ਹੋਣ ਦਿੱਤਾ ਜਾਵੇਗਾ, ਅਦਾਲਤੀ ਪ੍ਰਕਿਰਿਆ ਦੀ ਵੱਡੀ ਉਲੰਘਣਾ ਹੈ, ਜੋ ਬਹੁਤ ਹੀ ਨਿੰਦਣਯੋਗ ਹੈ।

# ਬਲਦੇਵ ਸਿੰਘ ਬੱਬੂ ਚੇਤਨਪੁਰਾ ਨੇ ਚੇਅਰਮੈਨ ਮਾਰਕੀਟ ਕਮੇਟੀ ਅਜਨਾਲਾ ਦਾ ਚਾਰਜ ਸੰਭਾਲਿਆ



ਅੰਮ੍ਰਿਤਸਰ, (ਨਰਿੰਦਰਜੀਤ ਸਿੰਘ)-ਮਾਰਕੀਟ ਕਮੇਟੀ ਅਜਨਾਲਾ ਦੇ ਨਵ-ਨਿਯੁਕਤ ਚੇਅਰਮੈਨ ਬਲਦੇਵ ਸਿੰਘ ਬੱਬੂ ਚੇਤਨਪੁਰਾ ਨੇ ਅੱਜ ਆਪਣਾ ਅਹੁਦਾ ਸੰਭਾਲ ਲਿਆ। ਇਸ ਮੌਕੇ ਕੈਬਨਿਟ ਮੰਤਰੀ ਸ: ਕੁਲਦੀਪ ਸਿੰਘ ਧਾਲੀਵਾਲ ਵਿਸ਼ੇਸ਼ ਤੌਰ 'ਤੇ ਪਹੁੰਚੇ। ਉਨ੍ਹਾਂ ਨਵ-ਨਿਯੁਕਤ ਚੇਅਰਮੈਨ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦਾ ਮੂੰਹ ਮਿੱਠਾ ਕਰਵਾਇਆ। ਇਸ ਮੌਕੇ ਨਵ- ਨਿਯੁਕਤ ਚੇਅਰਮੈਨ ਬਲਦੇਵ ਸਿੰਘ ਬੱਬੂ ਚੇਤਨਪੁਰਾ ਨੇ ਕਿਹਾ ਕਿ ਉਹ ਇਸ ਜ਼ਿੰਮੇਵਾਰੀ ਲਈ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਅਤੇ ਕੈਬਨਿਟ ਮੰਤਰੀ ਧਾਲੀਵਾਲ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਨ ਅਤੇ ਉਨ੍ਹਾਂ ਨੂੰ ਭਰੋਸਾ ਦਿਵਾਉਂਦੇ ਹਨ ਕਿ ਉਹ ਆਪਣੇ ਅਹੁਦੇ 'ਤੇ ਪੂਰੀ ਇਮਾਨਦਾਰੀ, ਮਿਹਨਤ ਅਤੇ ਲਗਨ ਨਾਲ ਕੰਮ ਕਰਨਗੇ। ਇਸ ਮੌਕੇ ਖੁਸ਼ਪਾਲ ਸਿੰਘ ਧਾਲੀਵਾਲ, ਚਰਨਜੀਤ ਸਿੰਘ ਸਿੱਧੂ, ਗੁਰਜੰਟ ਸੋਹੀ, ਸ: ਜਸਪਾਲ ਸਿੰਘ ਢਿੱਲੋਂ, ਪ੍ਰਧਾਨ ਨਗਰ ਪੰਚਾਇਤ ਅਜਨਾਲਾ, ਚੇਅਰਮੈਨ ਵਰੁਣ ਕੁਮਾਰ ਰਾਜਾਸਾਂਸੀ, ਸਤਬੀਰ ਸਿੰਘ ਸੰਧੂ ਪ੍ਰਧਾਨ ਆੜ੍ਹਤੀ ਯੂਨੀਅਨ, ਹਰਵਿੰਦਰ ਸਿੰਘ ਸ਼ਾਹ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਿਸਾਨ ਹਾਜ਼ਰ ਸਨ।

# ਸਾਲਾਨਾ ਜੋੜ ਮੇਲੇ ਨੂੰ ਸਮਰਪਿਤ ਸੰਗਤਾਂ ਲਈ ਫ੍ਰੀ ਮੈਡੀਕਲ ਕੈਂਪ ਲਗਾਏ




ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਧੰਨ ਧੰਨ ਬਾਬਾ ਬੁੱਢਾ ਸਾਹਿਬ ਜੀ ਦੇ ਸਾਲਾਨਾ ਜੋੜ ਮੇਲੇ ਨੂੰ ਸਮਰਪਿਤ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਈਸੇਸ਼ਨ ਬਲਾਕ ਪੱਟੀ ਵੱਲੋਂ ਫ੍ਰੀ ਮੈਡੀਕਲ ਕੈਂਪ ਲਗਾਏ ਗਏ। ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਵੱਲੋਂ ਪਿੰਡ ਤੂਤ ਵਿਖੇ ਡਾ. ਸੁਰਜੀਤ ਸਿੰਘ, ਪਿੰਡ ਬਰਵਾਲਾ ਵਿਖੇ ਡਾ. ਪ੍ਰਭਜੀਤ ਸਿੰਘ, ਡਾ. ਸੁੱਖਵਿੰਦਰ ਸਿੰਘ ਬੱਬੂ, ਡਾ. ਗੁਰਪ੍ਰੀਤ ਸਿੰਘ, ਪਿੰਡ ਭੱਗੂਪੁਰ ਵਿਖੇ ਡਾ. ਰਾਜਬੀਰ ਸਿੰਘ, ਡਾ. ਸਰਬਜੀਤ ਸਿੰਘ, ਜਸਪਾਲ ਸਿੰਘ ਅਤੇ ਪਿੰਡ ਮਨਿਹਾਲਾ ਵਿਖੇ ਡਾ, ਰਣਬੀਰ ਸਿੰਘ, ਡਾ. ਹਰਦੀਪ ਸਿੰਘ, ਡਾ. ਬਗੀਚਾ ਸਿੰਘ, ਡਾ. ਹੀਰਾ ਸਿੰਘ, ਡਾ. ਗੁਰਸਾਹਬ ਸਿੰਘ, ਡਾ. ਸੁਖਵਿੰਦਰ ਸਿੰਘ, ਡਾ. ਗੁਰਮੁੱਖ ਸਿੰਘ ਤੇ ਡਾ. ਗੁਰਤੇਜ ਸਿੰਘ ਆਦਿ ਸਾਥੀਆਂ ਵੱਲੋਂ ਆ ਰਹੀਆਂ ਸੰਗਤਾਂ ਨੂੰ ਫ੍ਰੀ ਮੈਡੀਕਲ ਸੇਵਾਵਾਂ ਦੇ ਕੇ ਬਾਬਾ ਬੁੱਢਾ ਸਾਹਿਬ ਜੀ ਅਤੇ ਸੰਗਤਾਂ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ਜਾ ਰਹੀਆਂ ਹਨ। ਜ਼ਿਲ੍ਹਾ ਪ੍ਰਧਾਨ ਡਾ. ਨਛੱਤਰ ਸਿੰਘ ਚੀਮਾ, ਬਲਾਕ ਵਲਟੋਹਾ ਦੇ ਪ੍ਰਧਾਨ ਡਾ. ਸੁਖਚੈਨ ਸਿੰਘ ਬੋਪਾਰਾਏ, ਬਲਾਕ ਪੱਟੀ ਦੇ ਪ੍ਰਧਾਨ ਡਾ. ਜੈਮਲ ਸਿੰਘ ਸੈਦੋ ਨੇ ਸਾਰੇ ਲਗਾਏ ਗਏ ਮੈਡੀਕਲ ਕੈਂਪਾਂ ਵਿੱਚ ਹਾਜ਼ਰੀ ਭਰ ਕੇ ਸਾਥੀਆਂ ਦੀ ਹੌਸਲਾ ਅਫਜ਼ਾਈ ਕੀਤੀ ਅਤੇ ਧੰਨਵਾਦ ਕੀਤਾ।

# ਹਰਜੀਤ ਸੰਧੂ ਦੀ ਅਗਵਾਈ ਹੇਠ ਦਰਜਨਾਂ ਨੌਜਵਾਨ ਭਾਜਪਾ 'ਚ ਸ਼ਾਮਿਲ



ਤਰਨ ਤਾਰਨ (ਪ੍ਰਿਤਪਾਲ ਸਿੰਘ)-ਭਾਰਤੀ ਜਨਤਾ ਪਾਰਟੀ ਨੇ ਜ਼ਿਲਾ ਤਰਨ ਤਾਰਨ ਵਿੱਚ ਆਪਣਾ ਵਿਸਥਾਰ ਜਾਰੀ ਰੱਖਦਿਆਂ ਅੱਜ ਇੱਕ ਵਿਸ਼ੇਸ਼ ਇਕੱਤਰਤਾ ਦੌਰਾਨ ਜ਼ਿਲਾ ਪ੍ਰਧਾਨ ਹਰਜੀਤ ਸਿੰਘ ਸੰਧੂ ਦੀ ਅਗਵਾਈ ਹੇਠ ਤਰਨਤਾਰਨ ਸ਼ਹਿਰ ਦੇ ਅਕਾਲੀ ਦਲ ਨਾਲ ਜੁੜੇ ਸਰਗਰਮ ਨੌਜਵਾਨ ਆਗੂਆਂ ਨੂੰ ਭਾਜਪਾ ਵਿੱਚ ਸ਼ਾਮਲ ਕਰ ਲਿਆ। ਭਾਰਤੀ ਜਨਤਾ ਪਾਰਟੀ ਦੇ ਆਗੂ ਹਰਪ੍ਰੀਤ ਸਿੰਘ ਸਿੰਦਬਾਦ ਅਤੇ ਐਜੂਕੇਸ਼ਨ ਸੈੱਲ ਦੇ ਸੂਬਾ ਜਰਨਲ ਸਕੱਤਰ ਰਾਣਾ ਗੁਲਬੀਰ ਸਿੰਘ ਦੀ ਪ੍ਰੇਰਨਾ ਨਾਲ ਨੌਜਵਾਨ ਆਗੂ ਅਮਨ ਅਰੋੜਾ ਦੇ ਉੱਦਮਾਂ ਸਦਕਾ ਦਰਜਨਾਂ ਅਕਾਲੀ ਸਮਰਥਕ ਪਰਿਵਾਰਾਂ ਦੇ ਨੁਮਾਇੰਦਿਆਂ ਐਡਵੋਕੇਟ ਬਿਕਰਮ ਅਰੋੜਾ, ਦਿਨੇਸ਼ ਜੋਸ਼ੀ, ਲਲਿਤ ਸ਼ਰਮਾ, ਰਾਹੁਲ ਸੋਨੀ, ਲੱਕੀ ਜੋਸ਼ੀ, ਮਨਦੀਪ ਸਿੰਘ ਕਾਹਲੋਂ, ਵਿਨੇ ਸ਼ਰਮਾ, ਦਿਨੇਸ਼ ਠੁਕਰਾਲ, ਲੱਕੀ ਸ਼ਰਮਾ, ਦਿਲਸ਼ਾਦ ਸ਼ਰਮਾ, ਕੇਵਲ ਜੋਸ਼ੀ, ਨੀਰਜ ਅਗਰਵਾਲ, ਸੰਜੇ ਸ਼ਰਮਾ, ਰਾਜਨ ਭਨੋਟ, ਸੁਖਵਿੰਦਰ ਸਿੰਘ, ਦੀਪੂ ਅਰੋੜਾ, ਸ਼ਿਵ ਅਰੋੜਾ, ਸ਼ਿਵਮ ਵਾਸਲ, ਅੰਕੁਸ਼ ਅਰੋੜਾ, ਰੋਹਿਤ ਸ਼ਰਮਾ, ਕਰਨ ਮਸੀਹ ਵੱਲੋਂ ਪਰਿਵਾਰਾਂ ਸਮੇਤ ਭਾਜਪਾ ਦੇ ਹੱਕ ਵਿੱਚ ਹਮੇਸ਼ਾਂ ਹੀ ਸਾਥ ਦੇਣ ਦਾ ਫੈਸਲਾ ਕਰਦਿਆਂ ਭਾਰਤੀ ਜਨਤਾ ਪਾਰਟੀ ਵਿੱਚ ਸ਼ਮੂਲੀਅਤ ਕੀਤੀ।

ਇਸ ਮੌਕੇ ਤੇ ਜਿਲਾ ਮੀਤ ਪ੍ਰਧਾਨ ਜਸਮੀਤ ਸਿੰਘ ਵਾਲੀਆ, ਰਾਣਾ ਗੁਲਬੀਰ ਸਿੰਘ, ਹਰਪ੍ਰੀਤ ਸਿੰਘ ਸਿੰਦਬਾਦ, ਮੰਡਲ ਪ੍ਰਧਾਨ ਪਵਨ ਕੁੰਦਰਾ, ਜ਼ਿਲਾ ਯੂਥ ਪ੍ਰਧਾਨ ਹੁਸਨਪ੍ਰੀਤ ਸਿੰਘ, ਸਕੱਤਰ ਕੁਲਦੀਪ ਸਿੰਘ ਬੱਬੂ, ਪਰਮਜੀਤ ਸਿੰਘ ਕਾਲਕਾ, ਮਨਦੀਪ ਸਿੰਘ ਮੰਨੂ, ਅਵਤਾਰ ਸਿੰਘ ਬੰਟੀ ਆਦਿ ਭਾਜਪਾ ਆਗੂ ਵੀ ਮੌਜੂਦ ਸਨ।

# ਬਹਿਰਾਮਪੁਰ ਤੋਂ ਟਾਂਡਾ ਸੜਕ ਨੂੰ ਨਵਿਆਉਣ ਦਾ ਕੰਮ ਚਾਲੂ

ਦੀਨਾਨਗਰ (ਬਲਵਿੰਦਰ ਸਿੰਘ ਬਿੱਲ)-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਦੀਨਾਨਗਰ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ ਹੈ ਅਤੇ ਇਸ ਵਿਧਾਨਸਭਾ ਹਲਕੇ ਦੇ ਵਿਕਾਸ ਵਿੱਚ ਕੋਈ ਵੀ ਕਸਰ ਨਹੀਂ ਛੱਡੀ ਜਾਵੇਗੀ। ਇਨ੍ਹਾਂ ਸ਼ਬਦਾਂ ਦ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਸ਼ਹਿਰੀ ਅਤੇ ਹਲਕਾ ਇੰਚਾਰਜ ਦੀਨਾਨਗਰ ਸ਼ਮਸ਼ੇਰ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਦੀਨਾਨਗਰ ਹਲਕੇ ਦੇ ਸਰਕਾਰੀ ਸਕੂਲਾਂ ਲਈ ਪੰਜ ਕਰੋੜ ਰੁਪਏ ਤੋਂ ਵੱਧ ਰਾਸ਼ੀ ਜਾਰੀ ਕਰਨ ਦੇ ਮਗਰੋਂ ਹੁਣ ਖੇਤਰ ਦੀਆਂ ਦੋ ਮੁੱਖ ਸੜਕਾਂ ਦੇ ਨਵੀਨੀਕਰਨ ਲਈ ਵੀ 10 ਕਰੋੜ ਰੁਪਏ ਤੋਂ ਵਧੇਰੇ ਦੀ ਰਾਸ਼ੀ ਜਾਰੀ ਕੀਤੀ ਗਈ ਹੈ। ਇਨ੍ਹਾਂ ਵਿੱਚ ਦੀਨਾਨਗਰ ਸ਼ਹਿਰ ਵਿੱਚੋਂ ਲੰਘਦੇ 6.65 ਕਿਲੋਮੀਟਰ ਲੰਮੇ ਜੀਟੀ ਰੋਡ ਦੇ ਨਵੀਨੀਕਰਨ ਲਈ ਕਰੀਬ 6.97 ਕਰੋੜ ਰੁਪਏ ਅਤੇ ਬਹਿਰਾਮਪੁਰ ਤੋਂ ਟਾਂਡਾ ਵਾਇਆ ਬਾਹਮਣੀ ਝਬਕਰਾ 5.40 ਕਿਲੋਮੀਟਰ ਸੜਕ ਜੇ ਨਵੀਨੀਕਰਨ ਲਈ ਕਰੀਬ 3.18 ਕਰੋੜ ਰੁਪਏ ਜਾਰੀ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਬਹਿਰਾਮਪੁਰ ਤੋਂ ਟਾਂਡਾ ਤੱਕ ਬਣਨ ਵਾਲੀ 5.40 ਕਿਲੋਮੀਟਰ ਸੜਕ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ ਜਦੋਂਕਿ ਦੀਨਾਨਗਰ ਸ਼ਹਿਰ ਚੋਂ ਲੰਘਦੇ ਜੀਟੀ ਰੋਡ ਨੂੰ ਨਵਿਆਉਣ ਦਾ ਕੰਮ ਵੀ ਆਉਂਦੇ ਕੁਝ ਦਿਨਾਂ ਦੇ ਅੰਦਰ ਅੰਦਰ ਸ਼ੁਰੂ ਕਰ ਦਿੱਤਾ ਜਾਵੇਗਾ।



# ਕੁਲਵਿੰਦਰ ਸਿੰਘ ਨੇ ਥਾਣਾ ਭੈਣੀ ਮੀਅ ਖਾਂ ਦਾ ਚਾਰਜ ਸੰਭਾਲਿਆ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਥਾਣਾ ਭੈਣੀ ਮੀਆਂ ਖਾਂ ਦੇ ਮੁਖੀ ਸਰਬਜੀਤ ਸਿੰਘ ਚਾਹਲ ਦੀ ਬਦਲੀ ਧਾਰੀਵਾਲ ਪੁਲਸ ਸਟੇਸ਼ਨ ਹੋਣ ਤੋਂ ਬਾਅਦ ਥਾਣਾ ਭੈਣੀ ਮੀਆਂ ਖਾਂ ਦਾ ਸਬ-ਇੰਸਪੈਕਟਰ ਕੁਲਵਿੰਦਰ ਸਿੰਘ ਨੂੰ ਨਿਯੁਕਤ ਕੀਤਾ ਗਿਆ ਹੈ। ਭੈਣੀ ਮੀਆਂ ਖਾਨ ਦਾ ਚਾਰਜ ਸੰਭਾਲਣ ਤੋਂ ਬਾਅਦ ਸਬ-ਇੰਸਪੈਕਟਰ ਕੁਲਵਿੰਦਰ ਸਿੰਘ ਨੇ ਲੋਕਾਂ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਇਲਾਕੇ ਅੰਦਰ ਕਿਸੇ ਵੀ ਗੈਰ-ਕਾਨੂੰਨੀ ਧੰਦੇ ਨੂੰ ਪ੍ਰਫੁੱਲਿਤ ਨਹੀਂ ਹੋਣ ਦੇਣਗੇ।

ਉਨ੍ਹਾਂ ਲੋਕਾਂ ਨੂੰ ਕਿਹਾ ਕਿ ਕਿਸੇ ਵੀ ਮੁਸ਼ਕਿਲ ਲਈ ਉਹ ਉਨ੍ਹਾਂ ਨਾਲ ਸਿੱਧਾ ਸੰਪਰਕ ਕਰ ਸਕਦੇ ਹਨ। ਉਨ੍ਹਾਂ ਗੈਰ-ਸਮਾਜੀ ਅਨਸਰਾਂ ਨੂੰ ਤਾੜਨਾ ਕੀਤੀ ਕਿ ਉਹ ਇਲਾਕੇ ਅੰਦਰ ਸਮਾਜ ਵਿਰੋਧੀ ਹਰਕਤਾਂ ਨੂੰ ਬੰਦ ਕਰ ਦੇਣ, ਨਹੀਂ ਤਾਂ ਕਾਨੂੰਨੀ ਪਰਿਭਾਸ਼ਾ ਦੇ ਅਨੁਸਾਰ ਨਜਿੱਠਿਆ ਜਾਵੇਗਾ।

ਇਸ ਮੌਕੇ ਏਐੱਸਆਈ ਮੇਜਰ ਸਿੰਘ, ਸੀਨੀਅਰ ਆਗੂ ਜਗਤਾਰ ਸਿੰਘ ਦਾਰਾ, ਸਲਾਮਤ ਮਸੀਹ ਅਤੇ ਇਲਾਕੇ ਦੇ ਕਈ ਸੀਨੀਅਰ ਆਗੂ ਹਾਜ਼ਰ ਸਨ ।

# ਜੋੜ ਮੇਲੇ 'ਤੇ ਬਾਬਾ ਚਤਰ ਸਿੰਘ ਜੀ ਢਾਬਸਰ ਵਾਲਿਆਂ ਨੇ ਰੱਖਿਆ ਤੀਸਰੇ ਦਿਨ ਵੀ ਲੰਗਰ ਜਾਰੀ



ਝਬਾਲ (ਹਰਜਿੰਦਰ ਸਿੰਘ ਸੋਨੀ)-ਗੁਰਦੁਆਰਾ ਢਾਬਸਰ ਦੇ ਮੌਜੂਦਾ ਮੁਖੀ ਜਥੇਦਾਰ ਬਾਬਾ ਚਤਰ ਸਿੰਘ ਜੀ ਨੇ ਦੱਸਿਆ ਕਿ ਧੰਨ-ਧੰਨ ਬਾਬਾ ਬੁੱਢਾ ਸਾਹਿਬ ਜੀ ਦੇ ਸਾਲਾਨਾ ਜੋੜ ਮੇਲੇ 'ਤੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਇਲਾਕੇ/ਦੇਸ਼-ਵਿਦੇਸ਼ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਤਿੰਨ ਦਿਨਾਂ ਤੋਂ ਲੰਗਰ ਜਾਰੀ ਹਨ। ਸਵੇਰ ਤੋਂ ਹੀ ਬਾਬਾ ਚਤਰ ਸਿੰਘ ਜੀ ਦੇ ਪੜਾਵਾਂ ਤੇ ਧਾਰਮਿਕ ਦੀਵਾਨ ਵੀ ਸਜਾਏ ਗਏ ਜਿਸ ਵਿੱਚ ਢਾਡੀ ਕਵੀਸ਼ਰਾਂ ਨੇ ਬਾਬਾ ਬੁੱਢਾ ਸਾਹਿਬ ਜੀ ਦਾ ਇਤਿਹਾਸ ਸੁਣਾ ਕੇ ਕੇ ਸੰਗਤਾਂ ਨੂੰ ਨਿਹਾਲ ਕੀਤਾ। ਉਚੇਚੇ ਤੌਰ 'ਤੇ ਹਾਜ਼ਰੀ ਭਰਨ ਪਹੁੰਚੇ ਸ੍ਰੀਮਾਨ 108ਬ੍ਰਹਮ ਗਿਆਨੀ ਸੰਤ ਬਾਬਾ ਧਰਮ ਸਿੰਘ ਖੁਖਰੈਣ ਵਾਲੇ ਡੇਰਾ ਬਾਬਾ ਭਾਈ ਹਰਜੀਤ ਸਾਹਿਬ ਪਿੰਡ ਖੁਖਰੈਣ ਜ਼ਿਲ੍ਹਾ ਕਪੂਰਥਲਾ ਦੇ ਮੁੱਖ ਸੇਵਾਦਾਰ ਬਾਬਾ ਅਮਰੀਕ ਸਿੰਘ, ਬਾਬਾ ਚਤਰ ਸਿੰਘ ਵੱਲੋਂ ਬਾਬਾ ਅਮਰੀਕ ਸਿੰਘ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਤੇ ਜੀ ਆਇਆਂ ਆਖਿਆ। ਬਾਬਾ ਚਤਰ ਸਿੰਘ ਨੇ ਪਹੁੰਚੀਆਂ ਸੰਗਤਾਂ ਦਾ ਬਹੁਤ ਬਹੁਤ ਧੰਨਵਾਦ ਕੀਤਾ। ਬਾਬਾ ਚਤਰ ਸਿੰਘ ਵੱਲੋਂ ਪ੍ਰਧਾਨ ਸ਼੍ਰੋਮਣੀ ਕਮੇਟੀ ਹਰਜਿੰਦਰ ਸਿੰਘ ਧਾਮੀ ਤੇ ਮੈਨੇਜਰ ਬੀੜ ਬਾਬਾ ਬੁੱਢਾ ਸਾਹਿਬ ਰਾਜਿੰਦਰ ਸਿੰਘ ਟੌਹੜਾ ਦਾ ਵੀ ਧੰਨਵਾਦ ਕੀਤਾ ਜਿਨ੍ਹਾਂ ਇੰਨੇ ਵੱਡੇ ਵੱਡੇ ਜੋੜ ਮੇਲਿਆਂ ਦੇ ਵਧੀਆ ਪ੍ਰਬੰਧ ਕੀਤੇ ਹਨ। ਇਸ ਮੌਕੇ ਬਾਬਾ ਚਤਰ ਸਿੰਘ ਤੋਂ ਇਲਾਵਾਂ ਬਾਬਾ ਮਾਨ ਸਿੰਘ, ਜੇਈ ਸਿੰਘ, ਬਲਦੇਵ ਸਿੰਘ, ਦੇਬ ਸਿੰਘ, ਜਸਵੰਤ ਸਿੰਘ, ਜਗਤਾਰ ਸਿੰਘ ਡਾਲੀਆ, ਜਸ਼ਨਪ੍ਰੀਤ ਸਿੰਘ, ਬਲਵਿੰਦਰ ਸਿੰਘ ਡਾਲੀਆ, ਜਥੇਦਾਰ ਪੰਮਾ ਸਿੰਘ, ਮਹਿੰਦਰ ਸਿੰਘ, ਹਰਪਾਲ ਸਿੰਘ ਮਹੰਤ ਮਾੜੀ ਕੰਬੋਕੇ, ਪ੍ਰਧਾਨ ਪੱਪੂ ਭੁੱਚਰ, ਸੇਵਾਦਾਰ ਖਾਲਸਾ ਸਾਂਊਡ ਭਿੱਖੀਵਿੰਡ, ਪਟਵਾਰੀ ਬਲਜੀਤ ਸਿੰਘ ਗੰਡੀਵਿੰਡ, ਹਰਦੀਪ ਸਿੰਘ, ਰਘਬੀਰ ਸਿੰਘ, ਹਰਚਰਨ ਸਿੰਘ, ਸਤਨਾਮ ਸਿੰਘ, ਹੈਪੀ, ਪ੍ਰਕਾਸ਼ ਸਿੰਘ, ਗੁਰਪ੍ਰੀਤ ਸਿੰਘ, ਤਰਨਪ੍ਰੀਤ ਸਿੰਘ ਵੜੈਚ, ਏਕਮ ਸਿੰਘ, ਗੁਰਜੀਤ ਸਿੰਘ, ਬਲਵਿੰਦਰ ਸਿੰਘ ਦੋਧੀ, ਹਰਮਨ ਸਿੰਘ ਜੌਹਲ, ਜਸ਼ਨ, ਦਿਲਪ੍ਰੀਤ ਸਿੰਘ, ਮਨਪ੍ਰੀਤ ਸਿੰਘ, ਮਨਜਿੰਦਰ ਸਿੰਘ, ਗੁਰਿੰਦਰਪਾਲ ਸਿੰਘ ਹਿਰਦੇਵਾਲਾ ਤੇ ਹੋਰ ਬੇਅੰਤ ਸੰਗਤਾਂ ਹਾਜ਼ਰ ਸਨ। ਬਾਬਾ ਚਤਰ ਸਿੰਘ ਨੇ ਇਲਾਕੇ ਅਤੇ ਦੇਸ਼-ਵਿਦੇਸ਼ ਦੀਆਂ ਸੰਗਤਾਂ ਨੂੰ ਜੀ ਆਇਆਂ ਆਖਿਆ।

# ਪੰਜਾਬ ਨੂੰ ਨਸ਼ਾ ਮੁਕਤ ਕਰਨ ਦੀ ਮੁਹਿੰਮ ਗੁਰੂ ਨਗਰੀ ਤੋਂ ਹੋਵੇਗੀ ਸ਼ੁਰੂ: ਨੌਨਿਹਾਲ ਸਿੰਘ



ਅੰਮ੍ਰਿਤਸਰ (ਨਰਿੰਦਰਜੀਤ ਸਿੰਘ)-ਅੰਮ੍ਰਿਤਸਰ ਵਾਸੀ, ਪੁਲਸ ਅਤੇ ਪ੍ਰਸ਼ਾਸਨ ਅਕਤੂਬਰ ਅਤੇ ਨਵੰਬਰ ਮਹੀਨੇ ਨਸ਼ੇ ਵਿਰੁੱਧ ਲਾਮਬੰਦੀ ਲਈ ਹੰਭਲਾ ਮਾਰਦੇ ਹੋਏ 'ਦਾ ਹੋਪ ਇਨੀਸ਼ੀਏਟਿਵ' ਨਾਂਅ ਦੇ ਇਕ ਨਿਵੇਕਲੇ ਪ੍ਰੋਗਰਾਮ ਦੀ ਸ਼ੁਰੂਆਤ ਕਰਨ ਜਾ ਰਹੇ ਹਨ, ਜੋ ਕਿ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਪੰਜਾਬ ਸਰਕਾਰ ਵੱਲੋਂ ਵਿੱਢੀ ਗਈ ਮੁਹਿੰਮ ਵਿਚ ਮੀਲ ਪੱਥਰ ਸਾਬਤ ਹੋਵੇਗਾ। ਪੁਲਸ ਕਮਿਸ਼ਨਰ ਨੌਨਿਹਾਲ ਸਿੰਘ ਨੇ ਪ੍ਰੈੱਸ ਕਾਨਫਰੰਸ ਵਿਚ ਇਹ ਪ੍ਰਗਟਾਵਾ ਕਰਦੇ ਕਿਹਾ ਕਿ ਭਾਵੇਂ ਕਿ ਪੁਲਸ ਨਸ਼ਿਆਂ ਦੀ ਸਪਲਾਈ ਦਾ ਲੱਕ ਤੋੜਨ ਲਈ ਲਗਾਤਾਰ ਕੰਮ ਕਰ ਰਹੀ ਹੈ, ਪਰ ਨਸ਼ਿਆਂ ਦੀ ਮੰਗ ਰੋਕਣ ਲਈ ਭਾਈਚਾਰੇ, ਖਾਸ ਕਰ ਨੌਜਵਾਨਾਂ ਦਾ ਸਾਥ ਬਹੁਤ ਜ਼ਰੂਰੀ ਹੈ। ਉਨ੍ਹਾਂ ਦੱਸਿਆ ਕਿ ਅਸੀਂ ਇਸ ਮੁਹਿੰਮ ਨਾਲ ਨੌਜਵਾਨਾਂ ਵਿਚ ਨਸ਼ੇ ਵਿਰੁੱਧ ਜਾਗਰੂਕਤਾ ਲਿਆਉਣ ਦੇ ਨਾਲ-ਨਾਲ ਉਨ੍ਹਾਂ ਨੂੰ ਨੇਕ ਕੰਮ ਲਈ ਇਰਾਦਾ ਬਣਾਉਣ, ਗੁਰੂ ਦੀ ਓਟ ਲੈਣ ਅਤੇ ਖੇਡਾਂ ਪ੍ਰਤੀ ਖਿੱਚ ਪੈਦਾ ਕਰਨ ਦੀ ਕੋਸ਼ਿਸ਼ ਕਰਾਂਗੇ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਜਿੱਥੇ ਸ੍ਰੀ ਦਰਬਾਰ ਸਾਹਿਬ ਸਾਨੂੰ ਵਾਹਿਗੁਰੂ ਉਤੇ ਭਰੋਸਾ ਰੱਖਣ ਲਈ ਪ੍ਰੇਰਿਤ ਕਰਦਾ ਹੈ, ਉਥੇ ਜਲ੍ਹਿਆਂਵਾਲਾ ਬਾਗ ਕੁਰਬਾਨੀ ਦਾ ਪ੍ਰਤੀਕ ਅਤੇ ਖਾਲਸਾ ਕਾਲਜ ਵਰਗੇ ਅਦਾਰੇ ਸਾਡੇ ਵਿਚ ਸਿੱਖਿਆ ਦੀ ਜੋਤ ਜਗਾਉਂਦੇ ਹਨ, ਜਿਸ ਤੋਂ ਵਧੀਆ ਕੋਈ ਸਥਾਨ ਅਜਿਹੀ ਸ਼ੁਰੂਆਤ ਲਈ ਨਹੀਂ ਹੋ ਸਕਦਾ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ 15 ਅਗਸਤ 2024 ਤੱਕ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਦ੍ਰਿੜ੍ਹ ਹਨ ਅਤੇ ਸਾਡੀ ਇਹ ਮੁਹਿੰਮ ਇਸ ਅਲਾਮਤ ਨੂੰ ਗਲੋਂ ਲਾਹੁਣ ਵਿਚ ਵੱਡਾ ਯੋਗਦਾਨ ਪਾਵੇਗੀ। ਉਨ੍ਹਾਂ ਦੱਸਿਆ ਕਿ ਅਸੀਂ ਹਜ਼ਾਰਾਂ ਨੌਜਵਾਨਾਂ ਨਾਲ ਜਿੱਥੇ ਸ੍ਰੀ ਦਰਬਾਰ ਸਾਹਿਬ ਨਤਮਸਤਕ ਹੋ ਕੇ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਗੁਰੂ ਦਾ ਅਸ਼ੀਰਵਾਦ ਲਵਾਂਗੇ, ਉਥੇ ਜਲ੍ਹਿਆਂਵਾਲੇ ਬਾਗ ਪਹੁੰਚ ਕੇ ਸ਼ਹੀਦ ਊਧਮ ਸਿੰਘ ਵਾਂਗ ਪੰਜਾਬ ਦੇ ਦੁਸ਼ਮਣ ਨਸ਼ੇ ਨੂੰ ਖਤਮ ਕਰਨ ਲਈ ਸੰਕਲਪ ਲਵਾਂਗੇ। ਇਸੇ ਤਰ੍ਹਾਂ ਹਜ਼ਾਰਾਂ ਨੌਜਵਾਨ ਜਿਸ ਵਿਚ 1000 ਤੋਂ ਵੱਧ ਟੀਮਾਂ ਸ਼ਾਮਿਲ ਹਨ, ਗੁਰੂ ਨਗਰੀ ਤੋਂ ਪੰਜਾਬ ਨੂੰ ਨਸ਼ਾ ਮੁਕਤ ਕਰਨ ਦੀ ਮੁਹਿੰਮ ਸ਼ੁਰੂ ਕਰਨਗੇ।

# ਧਰਮਕੋਟ ਰੰਧਾਵਾ, ਸ਼ਹਿਜ਼ਾਦਾ ਤੇ ਸਿੰਘਪੁਰਾ ਮੰਡੀਆਂ 'ਚ ਝੋਨੇ ਦੀ ਸਰਕਾਰੀ ਖਰੀਦ ਸ਼ੁਰੂ



ਡੇਰਾ ਬਾਬਾ ਨਾਨਕ, (ਰਮੇਸ਼ ਸ਼ਰਮਾ)-ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਤੋਂ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਗੁਰਦੀਪ ਸਿੰਘ ਰੰਧਾਵਾ ਵੱਲੋਂ ਮਾਰਕੀਟ ਕਮੇਟੀ ਡੇਰਾ ਬਾਬਾ ਨਾਨਕ ਅਧੀਨ ਆਉਂਦੇ ਧਰਮਕੋਟ ਰੰਧਾਵਾ, ਸ਼ਹਿਜ਼ਾਦਾ ਤੇ ਸਿੰਘਪੁਰਾ ਦੀਆਂ ਦਾਣਾ ਮੰਡੀਆਂ ਵਿੱਚ ਝੋਨੇ ਦੀ ਸਰਕਾਰੀ ਖਰੀਦ ਸ਼ੁਰੂ ਕਰਵਾਈ ਗਈ। ਇਸ ਮੌਕੇ ਉਨ੍ਹਾਂ ਨਾਲ ਮੰਡੀ ਬੋਰਡ, ਖੁਰਾਕ ਤੇ ਸਿਵਲ ਸਪਲਾਈ ਵਿਭਾਗ, ਖਰੀਦ ਏਜੰਸੀਆਂ ਦੇ ਅਧਿਕਾਰੀ, ਆੜ੍ਹਤੀਆ ਐਸੋਸੀਏਸ਼ਨ ਦੇ ਨੁਮਾਇੰਦੇ ਅਤੇ ਕਿਸਾਨ ਵੀ ਹਾਜ਼ਰ ਸਨ। ਝੋਨੇ ਦੀ ਖਰੀਦ ਸ਼ੁਰੂ ਕਰਵਾਉਂਦਿਆਂ ਆਪ ਆਗੂ ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਆਦੇਸ਼ਾਂ ਮੁਤਾਬਕ ਪੰਜਾਬ ਸਰਕਾਰ ਕਿਸਾਨਾਂ ਦੀ ਫਸਲ ਦਾ ਇਕ-ਇਕ ਦਾਣਾ ਖਰੀਦਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਇਹ ਵੀ ਨਵਾਂ ਇਤਿਹਾਸ ਸਿਰਜਿਆ ਹੈ ਕਿ ਕਿਸਾਨਾਂ ਨੂੰ ਨਾਲੋ-ਨਾਲ ਅਦਾਇਗੀ ਕਰਕੇ ਝੋਨੇ ਦੀ ਫਸਲ ਦੀ ਲਿਫਟਿੰਗ ਵੀ ਤੁਰੰਤ ਸ਼ੁਰੂ ਹੋਈ ਹੈ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਦੀਆਂ ਹਦਾਇਤਾਂ ਦੇ ਮੱਦੇਨਜ਼ਰ ਖਰੀਦ, ਲਿਫਟਿੰਗ ਅਤੇ ਅਦਾਇਗੀ ਦੀ ਸਮੁੱਚੀ ਪ੍ਰਕਿਰਿਆ ਨੂੰ ਡਿਜੀਟਲ ਵਿਧੀ ਨਾਲ ਸਿਰੇ ਚੜ੍ਹਾਇਆ ਜਾ ਰਿਹਾ ਹੈ ਅਤੇ ਕਿਸੇ ਕਿਸਾਨ ਨੂੰ ਮੰਡੀਆਂ ਵਿੱਚ ਕੋਈ ਮੁਸ਼ਕਿਲ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਾਡੇ ਮੁੱਖ ਮੰਤਰੀ ਦੇ ਯਤਨਾਂ ਸਦਕਾ ਸੂਬੇ ਦੇ ਇਤਿਹਾਸ ਵਿੱਚ ਪਹਿਲੀ ਵਾਰ ਹੈ ਕਿ ਪੰਜਾਬ ਸਰਕਾਰ ਨੇ ਖਰੀਦ ਸ਼ੁਰੂ ਹੋਣ ਤੋਂ ਪਹਿਲਾਂ ਝੋਨੇ ਦੇ ਸੀਜ਼ਨ ਲਈ 37,000 ਕਰੋੜ ਰੁਪਏ ਦੀ ਕੈਸ਼ ਕਰੈਡਿਟ ਲਿਮਟ (ਸੀਸੀਐੱਲ) ਪ੍ਰਾਪਤ ਕੀਤੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਝੋਨੇ ਦੇ ਚਾਲੂ ਸੀਜ਼ਨ ਦੌਰਾਨ ਨਿਰਵਿਘਨ ਖਰੀਦ ਨੂੰ ਯਕੀਨੀ ਬਣਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡੇਗੀ। ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਝੋਨਾ ਪੂਰੀ ਤਰ੍ਹਾਂ ਪਕਾ ਕੇ ਹੀ ਵਢਾਉਣ ਤੇ ਸੁੱਕਾ ਝੋਨਾ ਹੀ ਮੰਡੀਆਂ ਵਿੱਚ ਲੈਣ ਕੇ ਆਉਣ ਤਾਂ ਕਿ ਉਨ੍ਹਾਂ ਨੂੰ ਕਿਸੇ ਕਿਸਮ ਦੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ। ਇਸ ਮੌਕੇ ਪਰਵਿੰਦਰ ਸਿੰਘ ਘਣੀਆਂ, ਹਰਜੀਤ ਸਿੰਘ ਠੇਠਰਕੇ, ਅਮਨਬੀਰ ਸਿੰਘ ਹਰੂਵਾਲ, ਬਾਈ ਵਿੱਕੀ ਸ਼ਾਹ, ਇੰਸਪੈਕਟਰ ਵਿਜੇ ਕੁਮਾਰ, ਮੰਡੀ ਅਫਸਰ ਦਿਲਬਾਗ ਸਿੰਘ, ਗਗਨ ਪਨਗਰੇਨ, ਸਮੇਤ ਆੜ੍ਹਤੀ ਤੇ ਕਿਸਾਨ ਹਾਜ਼ਰ ਸਨ।

# ਜ਼ਿਲ੍ਹੇ 'ਚ ਵਧ ਰਹੀਆਂ ਲੁੱਟ-ਖੋਹ ਦੀਆਂ ਵਾਰਦਾਤਾਂ ਤੋਂ ਲੋਕ ਪ੍ਰੇਸ਼ਾਨ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**

ਪੰਜਾਬ ਸਰਕਾਰ ਹਰ ਰੋਜ਼ ਗਲਤ ਅਨਸਰਾਂ ਨੂੰ ਫੜਨ ਲਈ ਦਾਅਵੇ ਕਰਦੀ ਹੈ, ਪਰ ਬਾਵਜੂਦ ਇਸ ਦੇ ਕਰਾਇਮ ਵੱਧ ਰਿਹਾ ਹੈ, ਖਾਸ ਕਰਕੇ ਫਿਰੋਜ਼ਪੁਰ ਜ਼ਿਲ੍ਹੇ ਵਿੱਚ। ਇਹ ਵਿਚਾਰ ਸਾਬਕਾ ਕੈਬਨਿਟ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਤੇ ਭਾਜਪਾ ਆਗੂ ਨੇ ਆਪਣੀ ਰਿਹਾਇਸ਼ 'ਤੇ ਪ੍ਰੈਸ ਕਾਨਫਰੰਸ ਦੌਰਾਨ ਪ੍ਰਗਟਾਏ।ਉਨ੍ਹਾ ਕਿਹਾ ਕਿ ਹਾਲਾਤ ਇਹ ਬਣ ਗਏ ਹਨ ਕਿ ਨਿੱਤ ਦਿਨ ਲੁੱਟਾਂ-ਖੋਹਾਂ ਤੇ ਵਾਹਨਾਂ ਦੀ ਚੋਰੀ ਆਦਿ ਹੋ ਰਹੀਆਂ ਹਨ।

ਫ਼ਿਰੋਜ਼ਪੁਰ ਵਿੱਚ ਅੱਜ ਚੋਰਾਂ ਨੇ ਗੁਰਦੁਆਰਾ ਪ੍ਰਗਟ ਸਾਹਿਬ ਵਿੱਚ ਗੋਲਕ ਚੋਰੀ ਕਰਕੇ ਲੱਖਾਂ ਰੁਪਏ ਚੋਰੀ ਕੀਤੇ, ਜੋ ਚਿੰਤਾ ਦਾ ਵਿਸ਼ਾ ਹੈ। ਇਸ ਲਈ ਲੋਕਾਂ ਦਾ ਪ੍ਰਸ਼ਾਸਨ ਤੋਂ ਵਿਸ਼ਵਾਸ ਉੱਠਦਾ ਜਾ ਰਿਹਾ ਹੈ, ਹਾਲਾਂਕਿ ਪੁਲਸ ਪ੍ਰਸ਼ਾਸਨ ਉਹ ਲਗਾਤਾਰ ਗਲਤ ਕੰਮਾਂ 'ਤੇ ਸ਼ਿਕੰਜਾ ਕੱਸਣ ਦਾ ਦਾਅਵਾ ਕਰ ਰਿਹਾ ਹੈ।ਉਨ੍ਹਾਂ ਦੱਸਿਆ ਕਿ ਪਿਛਲੇ ਸਾਲ 2022 ਵਿੱਚ ਪੁਲਸ ਵੱਲੋਂ 989 ਕੇਸ ਦਰਜ ਕੀਤੇ ਗਏ ਸਨ।ਹੁਣ ਜਨਵਰੀ ਤੋਂ ਸਤੰਬਰ ਤੱਕ 1915 ਕੇਸ ਦਰਜ ਕੀਤੇ ਗਏ ਹਨ ਤੇ ਸਤੰਬਰ 2023 ਵਿੱਚ ਲਗਭਗ 230 ਕੇਸ ਦਰਜ ਕੀਤੇ ਗਏ ਹਨ।ਇਸ ਤੋਂ ਦੇਖਿਆ ਜਾ ਸਕਦਾ ਹੈ ਕਿ ਫ਼ਿਰੋਜ਼ਪੁਰ ਵਿੱਚ ਅਪਰਾਧ ਕਿੰਨਾ ਵਧ ਗਿਆ ਹੈ ? ਹੜ੍ਹ ਦੀ ਸਥਿਤੀ ਬਾਰੇ ਗੱਲਬਾਤ ਕਰਦਿਆਂ ਰਾਣਾ ਸੋਢੀ ਨੇ ਕਿਹਾ ਕਿ ਕਿਸਾਨ ਮੁਆਵਜ਼ਾ ਨਾ ਮਿਲਣ ਤੋਂ ਪ੍ਰੇਸ਼ਾਨ ਹਨ।ਸਰਕਾਰ ਦੀ ਨਾਕਾਮੀ ਇਸ ਗੱਲ ਤੋਂ ਜ਼ਾਹਰ ਹੁੰਦੀ ਹੈ ਕਿ ਮੌਸਮ ਵਿਭਾਗ ਨੇ ਅਗਾਊਂ ਸੂਚਨਾ ਦਿੱਤੀ ਸੀ।ਬਾਰਿਸ਼ ਦੀ ਗੱਲ ਹੋਈ, ਪਰ ਸਰਕਾਰ ਨੇ ਕੋਈ ਕਦਮ ਨਹੀਂ ਚੁੱਕਿਆ।ਪਿੰਡ ਦੇ ਪਿੰਡ ਪਾਣੀ ਵਿੱਚ ਡੁੱਬ ਗਏ ਤੇ ਕਈ ਥਾਵਾਂ 'ਤੇ ਪਸ਼ੂਆਂ ਤੇ ਲੋਕਾਂ ਦੀ ਜਾਨ ਚਲੀ ਗਈ।ਉਨ੍ਹਾਂ ਦੇ ਰਿਹਾਇਸ਼ੀ ਮਕਾਨ ਵੀ ਤਬਾਹ ਹੋ ਗਏ, ਪਰ ਸਰਕਾਰ ਨੇ ਕੁਝ ਨਹੀਂ ਕੀਤਾ।ਰਾਣਾ ਸੋਢੀ ਨੇ ਕਿਹਾ ਕਿ ਪ੍ਰਭਾਵਿਤ ਕਿਸਾਨਾਂ ਨੂੰ ਪ੍ਰਤੀ 20 ਹਜ਼ਾਰ ਰੁਪਏ ਦਿੱਤੇ ਜਾਣ ਤੇ ਜ਼ਮੀਨ ਦੀ ਰਾਖੀ ਸਰਪੰਚ ਅਤੇ ਨੰਬਰਦਾਰ ਦੀ ਮਦਦ ਨਾਲ ਹੋਣੀ ਚਾਹੀਦੀ ਹੈ, ਨਹੀਂ ਪਟਵਾਰੀ ਕਿਉਂਕਿ ਬਹੁਤ ਸਾਰੇ ਕਿਸਾਨ ਅਜਿਹੇ ਹਨ, ਜਿਨ੍ਹਾਂ ਕੋਲ ਜ਼ਮੀਨ ਨਹੀਂ ਹੈ ਉਹ ਠੇਕੇ 'ਤੇ ਖੇਤੀ ਕਰਦੇ ਹਨ।ਉਨ੍ਹਾਂ ਕਿਹਾ ਕਿ ਕੇਂਦਰ ਨੇ ਸੀ 218 ਕਰੋੜ ਰੁਪਏ ਮੁਆਵਜ਼ੇ ਲਈ ਭੇਜੇ ਗਏ ਸਨ, ਜੋ ਕਿਸਾਨਾਂ ਨੂੰ ਨਹੀਂ ਮਿਲੇ।ਹੁਣ ਕਣਕ ਦੀ ਕਾਸ਼ਤ ਕਰਨੀ ਪੈਂਦੀ ਹੈ, ਇਸ ਲਈ ਸਰਕਾਰ ਕਿਸਾਨਾਂ ਨੂੰ ਕਣਕ ਦਾ ਬੀਜ ਮੁਹੱਈਆ ਕਰਵਾਏ।ਉਨ੍ਹਾਂ ਸਰਕਾਰ ਨੂੰ ਅਪੀਲ ਕੀਤੀ ਕਿ ਫ਼ਿਰੋਜ਼ਪੁਰ ਸਰਹੱਦੀ ਇਲਾਕਾ ਹੈ।ਇੱਥੇ ਇੱਕ ਨੂੰ ਹੋਰ ਸਾਵਧਾਨ ਹੋਣਾ ਚਾਹੀਦਾ ਹੈ।

■ ਮੁਆਵਜ਼ਾ ਨਾ ਮਿਲਣ ਕਾਰਨ ਕਿਸਾਨ ਦੁਖੀ : ਰਾਣਾ ਸੋਢੀ



# ਬਿਜਲੀ ਦੇ ਆਏ ਵੱਧ ਬਿੱਲਾਂ ਤੋਂ ਸਰਹੱਦੀ ਪਿੰਡਾਂ ਦੇ ਲੋਕ ਪ੍ਰੇਸ਼ਾਨ

■ ਕਈ ਲੋਕਾਂ ਦੇ ਹਜ਼ਾਰਾਂ ਰੁਪਏ 'ਚ ਆ ਰਹੇ ਬਿਜਲੀ ਦੇ ਬਿੱਲ

**ਫਾਜ਼ਿਲਕਾ (ਕ੍ਰਿਸ਼ਨ ਸਿੰਘ)**

ਫਾਜ਼ਿਲਕਾ ਦੇ ਸਰਹੱਦੀ ਪਿੰਡਾਂ ਦੇ ਲੋਕਾਂ ਨੂੰ ਹੁਣ ਬਿਜਲੀ ਮੀਟਰਾਂ ਦੇ ਵੱਧ ਬਿੱਲਾਂ ਕਾਰਨ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਪਹਿਲਾਂ ਉਨ੍ਹਾਂ ਨੂੰ ਹੜ੍ਹਾਂ ਦੀ ਮਾਰ ਝੱਲਣੀ ਪਈ ਸੀ ਤੇ ਹੁਣ ਉਨ੍ਹਾਂ ਦੇ ਘਰਾਂ ਦੇ ਬਿਜਲੀ ਦੇ ਬਿੱਲ ਵੀ ਹਜ਼ਾਰਾਂ ਰੁਪਏ ਵਿੱਚ ਆ ਰਹੇ ਹਨ, ਜਿਸ ਕਾਰਨ ਉਨ੍ਹਾਂ ਦੀਆਂ ਮੁਸ਼ਕਲਾਂ ਹੋਰ ਵਧ ਗਈਆਂ ਹਨ। ਇਸੇ ਤਰ੍ਹਾਂ ਪਿੰਡ ਤੇਜਾ ਰੁਹੇਲਾ ਦੀ ਢਾਣੀ ਫੌਜਾ ਸਿੰਘ ਦੇ ਰਹਿਣ ਵਾਲੇ ਸੈਲ ਸਿੰਘ ਤੇ ਹੋਰਨਾਂ ਨੇ ਦੱਸਿਆ ਕਿ ਹੜ੍ਹ ਦਾ ਪਾਣੀ ਉਨ੍ਹਾਂ ਦੇ ਘਰਾਂ ਵਿੱਚ ਦਾਖਲ ਹੋਣ ਕਾਰਨ ਉਨ੍ਹਾਂ ਨੂੰ ਆਪਣੇ ਘਰ ਛੱਡ ਕੇ ਹੋਰ ਥਾਵਾਂ 'ਤੇ ਜਾਣਾ ਪਿਆ ਸੀ।

ਉਨ੍ਹਾਂ ਦਾ ਕਹਿਣਾ ਹੈ ਕਿ ਉਸ ਵਰਗੇ ਹੋਰ ਵੀ ਕਈ ਲੋਕ ਹਨ, ਜਿਨ੍ਹਾਂ ਨੂੰ ਹਜ਼ਾਰਾਂ ਰੁਪਏ ਦੇ ਬਿਜਲੀ ਬਿੱਲ ਆਏ ਹਨ। ਇਨ੍ਹਾਂ ਵਿੱਚੋਂ ਵੀ ਬਹੁਤ ਸਾਰੇ ਲੋਕ ਹੜ੍ਹ ਕਾਰਨ ਘਰਾਂ ਤੋਂ ਬਾਹਰ ਸਨ। ਉਨ੍ਹਾਂ ਦੱਸਿਆ ਕਿ ਹੁਣ ਤੱਕ ਉਨ੍ਹਾਂ ਨੂੰ ਕੋਈ ਮੁਆਵਜ਼ਾ ਵੀ ਨਹੀਂ ਮਿਲਿਆ ਤੇ ਦੂਜੇ ਪਾਸੇ ਉਨ੍ਹਾਂ ਨੂੰ ਹਜ਼ਾਰਾਂ ਰੁਪਏ ਦੇ ਬਿਜਲੀ ਬਿੱਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਸ ਦਾ ਭੁਗਤਾਨ ਕਰਨ ਤੋਂ ਉਹ ਅਸਮਰੱਥ ਹਨ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਮੌਜੂਦਾ ਮੁੱਖ ਮੰਤਰੀ ਭਗਵੰਤ ਮਾਨ ਕਈ ਵਾਰ ਉਨ੍ਹਾਂ ਦੇ ਪਿੰਡ ਆ ਚੁੱਕੇ ਹਨ ਤੇ ਉਨ੍ਹਾਂ ਦੀ ਹਾਲਤ ਤੋਂ ਚੰਗੀ ਤਰ੍ਹਾਂ ਜਾਣੂ ਹਨ। ਅੱਜ ਵੀ ਉਨ੍ਹਾਂ ਦੇ ਪਿੰਡ ਤੇਜਾ ਰੁਹੇਲਾ ਤੋਂ ਇਲਾਵਾ ਆਸ-ਪਾਸ ਦੇ ਪਿੰਡਾਂ ਦੇ ਨਾਂ ਵੀ ਉਨ੍ਹਾਂ ਦੇ ਧਿਆਨ ਵਿੱਚ ਆਉਂਦੇ ਹਨ। ਇਸ ਦੇ ਬਾਵਜੂਦ ਉਹ ਉਨ੍ਹਾਂ ਲਈ ਕੁਝ ਖਾਸ ਨਹੀਂ ਕਰ ਪਾ ਰਹੇ ਹਨ। ਨਾ ਤਾਂ ਉਨ੍ਹਾਂ ਨੂੰ ਕੋਈ ਵੱਧ ਮੁਆਵਜ਼ਾ ਦਿੱਤਾ ਗਿਆ ਹੈ ਤੇ ਨਾ ਹੀ ਕੋਈ ਹੋਰ ਸਹੂਲਤਾਂ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ ਸਿੰਘ ਬਾਦਲ ਉਨ੍ਹਾਂ ਨਾਲੋਂ ਚੰਗੇ ਸਨ, ਜਿਨ੍ਹਾਂ ਦੀ ਬਦੌਲਤ ਉਨ੍ਹਾਂ ਦੇ ਇਲਾਕੇ ਵਿੱਚ ਤਰੱਕੀ ਹੋਈ ਹੈ, ਪਰ ਆਮ ਲੋਕਾਂ ਦੀ ਗੱਲ ਕਰਨ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਉਨ੍ਹਾਂ ਲਈ ਕੁਝ ਖਾਸ ਨਹੀਂ ਕੀਤਾ ਹੈ।

# ਜਨਤਾ ਪਸੰਜਰ ਟੈਂਪੂਆਂ ਨੂੰ ਬੰਦ ਕਰਨ ਵਿਰੁੱਧ ਕਿਸਾਨਾਂ-ਮਜ਼ਦੂਰਾਂ ਵੱਲੋਂ ਧਰਨਾ

**ਮੋਗਾ (ਅਮਰਜੀਤ ਬੱਬਰੀ)**-ਮੋਗਾ ਸ਼ਹਿਰ ਤੇ ਆਸ-ਪਾਸ ਪਿੰਡਾਂ 'ਚ ਚਲਦੇ ਜਨਤਾ ਪਸੰਜਰ ਟੈਂਪੂਆਂ ਨੂੰ ਮੋਗਾ ਪ੍ਰਸ਼ਾਸਨ ਵੱਲੋਂ ਬੰਦ ਕਰਨ ਦੇ ਰੋਸ ਵਜੋਂ ਪਿਛਲੇ 36 ਦਿਨਾਂ ਤੋਂ ਹਲਕਾ ਵਧਾਇਕ ਮੋਗਾ ਅਮਨਦੀਪ ਕੌਰ ਅਰੋੜਾ ਦੇ ਘਰ ਅੱਗੇ ਧਰਨਾ ਚੱਲ ਰਿਹਾ ਸੀ, ਪ੍ਰੰਤੂ ਐੱਮ ਐੱਲ ਏ ਮੋਗਾ ਵੱਲੋਂ ਕੋਈ ਸੁਣਵਾਈ ਨਹੀਂ ਕੀਤੀ ਗਈ। ਅੱਜ ਡੀ ਸੀ ਦਫਤਰ ਮੋਗਾ ਅੱਗੇ ਧਰਨਾ ਦਿੱਤਾ ਗਿਆ, ਕਿਉਂਕਿ ਪਿਛਲੇ ਲੰਬੇ ਸਮੇਂ ਤੋਂ ਧਰਨਾ ਦੇ ਰਹੇ ਟੈਂਪੂ ਉਪਰੇਟਰਾਂ ਦੀਆਂ ਮੰਗਾਂ ਦੀ ਕੋਈ ਵੀ ਸੁਣਵਾਈ ਨਹੀਂ ਕੀਤੀ ਗਈ। 26 ਸਤੰਬਰ ਨੂੰ ਸਮੂਹ ਕਿਸਾਨ ਜਥੇਬੰਦੀਆ ਦੇ ਆਗੂਆਂ ਦਾ ਡੈਪੂਟੇਸ਼ਨ ਡੀ ਸੀ ਮੋਗਾ ਨੂੰ ਮਿਲਿਆ ਸੀ, ਜੋ ਕਿ ਡੀ ਸੀ ਸਾਹਿਬ ਵੱਲੋਂ ਭਰੋਸਾ ਦਿੱਤਾ ਗਿਆ ਸੀ ਕਿ 2 ਦਿਨਾਂ ਵਿੱਚ ਤੁਹਾਡੇ ਨਾਲ ਮੀਟਿੰਗ ਰੱਖ ਕੇ ਇਸ ਮਸਲੇ ਦਾ ਹੱਲ ਕੀਤਾ ਜਾਵੇਗਾ, ਪ੍ਰੰਤੂ ਇੰਨੇ ਦਿਨ ਬੀਤ ਜਾਣ 'ਤੇ ਪ੍ਰਸ਼ਾਸਨ ਨੇ ਕੋਈ ਵੀ ਮੀਟਿੰਗ ਨਹੀਂ ਰੱਖੀ ਤੇ ਨਾ ਹੀ ਕੋਈ ਮਸਲੇ ਦਾ ਹੱਲ ਕੀਤਾ ਗਿਆ।

ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਆਗੂਆਂ ਨੇ ਦੱਸਿਆ ਕਿ ਘਰ ਘਰ ਰੁਜ਼ਗਾਰ ਦੇਣ ਦਾ ਵਾਅਦਾ ਕਰਕੇ ਸੱਤਾ ਵਿੱਚ ਆਉਣ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਮੋਗੇ ਇਲਾਕੇ ਦੇ 150 ਪਰਿਵਾਰਾਂ ਦਾ ਰੁਜ਼ਗਾਰ ਖੋਹ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਆਪਣੇ ਨਜ਼ਦੀਕੀ ਲੋਕਾਂ ਦੀਆਂ ਗ਼ੈਰ-ਕਾਨੂੰਨੀ ਚਲਦੀਆਂ ਬੱਸਾਂ ਨੂੰ ਮੁਨਾਫ਼ਾ ਦਿਵਾਉਣ ਲਈ ਗਰੀਬਾਂ ਦੇ ਚੁੱਲ੍ਹੇ ਬੰਦ ਕੀਤੇ ਜਾ ਰਹੇ ਹਨ। ਅੱਜ ਸਮੂਹ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਸਹਿਮਤੀ ਨਾਲ ਇਹ ਫੈਸਲਾ ਕੀਤਾ ਕਿ ਅੱਜ ਜੇ ਪ੍ਰਸ਼ਾਸਨ ਸਾਡੀ ਗੱਲ ਨਹੀਂ ਵੀ ਸੁਣਦਾ ਤਾਂ ਅਸੀਂ ਇਹ ਟੈਂਪੂ ਖੁਦ ਚਾਲੂ ਕਰਾਂਗੇ, ਜੇਕਰ ਕੋਈ ਕਾਰੋਬਾਰੀਆਂ ਦਾ ਗੁੰਡਾ ਜਾਂ ਕੋਈ ਪ੍ਰਸ਼ਾਸਨਕ ਅਧਕਾਰੀ ਟੈਂਪੂਆਂ ਨੂੰ ਦੁਬਾਰਾ ਬੰਦ ਕਰੇਗਾ ਤਾਂ ਸਮੂਹ ਜਥੇਬੰਦੀਆਂ ਉਨ੍ਹਾਂ ਦਾ ਸਾਹਮਣਾ ਕਰੇਗੀ।



ਡੀ ਸੀ ਦਫਤਰ ਮੋਗਾ ਦੇ ਬਾਹਰ ਜਨਤਾ ਪਸੰਜਰ ਟੈਂਪੂਆਂ ਦੇ ਹੱਕ ਵਿੱਚ ਧਰਨੇ 'ਤੇ ਬੈਠੇ ਕਿਸਾਨ ਮਜ਼ਦੂਰ ਜਥੇਬੰਦੀਆਂ ਦੇ ਵਰਕਰ।

## ਕਾਤਰਾਂ

### ਪੰਜਾਬ ਦੇ ਪਾਣੀਆਂ 'ਤੇ ਸਿਰਫ ਪੰਜਾਬ ਦਾ ਹੱਕ : ਹਰਗੋਬਿੰਦ ਕੌਰ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਪੰਜਾਬ ਦੇ ਪਾਣੀਆਂ 'ਤੇ ਸਿਰਫ ਪੰਜਾਬ ਦਾ ਹੱਕ ਹੈ ਤੇ ਹਮੇਸ਼ਾ ਹੀ ਸ਼੍ਰੋਮਣੀ ਅਕਾਲੀ ਦਲ ਨੇ ਇਸ ਮੁੱਦੇ 'ਤੇ ਸਟੈਂਡ ਲੈ ਕੇ ਲੜਾਈ ਲੜੀ ਹੈ। ਪੰਜਾਬ ਕੋਲ ਕਿਸੇ ਵੀ ਹੋਰ ਸੂਬੇ ਲਈ ਵਾਧੂ ਪਾਣੀ ਨਹੀਂ ਹੈ। ਉਪਰੋਕਤ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਇਸਤਰੀ ਵਿੰਗ ਦੇ ਕੌਮੀ ਪ੍ਰਧਾਨ ਹਰਗੋਬਿੰਦ ਕੌਰ ਨੇ ਕੀਤਾ। ਉਨ੍ਹਾ ਕਿਹਾ ਕਿ ਆਮ ਆਦਮੀ ਪਾਰਟੀ ਪੰਜਾਬ ਦੇ ਲੋਕਾਂ ਨਾਲ ਧੋਖਾ ਕਰਨਾ ਚਾਹੁੰਦੀ ਹੈ ਤੇ ਪੰਜਾਬ ਦਾ ਪਾਣੀ ਹਰਿਆਣਾ ਨੂੰ ਦੇਣ ਲਈ ਹਾਮੀ ਭਰ ਰਹੀ ਹੈ। ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਹਰਿਆਣਾ ਦੇ ਆਪ ਆਗੂਆਂ ਨੂੰ ਚੰਡੀਗੜ੍ਹ ਵਿਖੇ ਬੁਲਾ ਕੇ ਇਕ ਸਰਕਾਰੀ ਕੋਠੀ ਵਿੱਚ ਪ੍ਰੈੱਸ ਕਾਨਫਰੰਸ ਪਾਣੀਆਂ ਦੇ ਮੁੱਦੇ ਨੂੰ ਲੈ ਕੇ ਕਰਵਾਈ ਗਈ ਹੈ, ਪਰ ਪੰਜਾਬ ਦੇ ਲੋਕ ਸਰਕਾਰ ਦੀਆਂ ਇਨ੍ਹਾਂ ਕੋਝੀਆਂ ਹਰਕਤਾਂ ਨੂੰ ਚੰਗੀ ਤਰ੍ਹਾਂ ਜਾਣਦੇ ਹਨ। ਹਰਗੋਬਿੰਦ ਕੌਰ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਸ਼ੁਰੂ ਤੋਂ ਹੀ ਪੰਜਾਬ ਦੇ ਪਾਣੀਆਂ ਦਾ ਰਾਖਾ ਹੈ ਤੇ ਅਕਾਲੀ ਦਲ ਨੇ ਪਾਣੀਆਂ ਪਿੱਛੇ ਵੱਡੇ ਮੋਰਚੇ ਲਗਾਏ ਹਨ। ਉਨ੍ਹਾ ਕਿਹਾ ਕਿ ਹੁਣ ਵੀ ਅਕਾਲੀ ਦਲ ਸਟੈਂਡ ਲਵੇਗਾ ਤੇ ਇਕ ਵੀ ਬੂੰਦ ਪਾਣੀ ਪੰਜਾਬ ਵਿੱਚੋਂ ਬਾਹਰ ਨਹੀਂ ਜਾਣ ਦੇਵੇਗਾ।

### ਬਾਲ ਸਾਹਿਤਕਾਰ ਬਲਜੀਤ ਸਿੰਘ ਅਕਲੀਆ ਹੋਏ ਵਿਦਿਆਰਥੀਆਂ ਦੇ ਰੂ-ਬ-ਰੂ



**ਮਾਨਸਾ (ਪਮਾਰ)**-ਸਰਕਾਰੀ ਪ੍ਰਾਇਮਰੀ ਸਕੂਲ ਅਤਲਾ ਕਲਾਂ ਵਿਖੇ ਬਾਲ ਸਾਹਿਤਕਾਰ ਬਲਜੀਤ ਸਿੰਘ ਅਕਲੀਆ ਵਿਦਿਆਰਥੀਆਂ ਦੇ ਰੂ-ਬ-ਰੂ ਹੋਏ। ਸਕੂਲ ਮੁਖੀ ਬਲਜਿੰਦਰ ਸਿੰਘ ਨੇ ਉਨ੍ਹਾਂ ਨੂੰ ਜੀ ਆਇਆਂ ਕਿਹਾ ਤੇ ਵਿਦਿਆਰਥੀਆਂ ਨਾਲ ਉਨ੍ਹਾਂ ਦੀ ਜਾਣ ਪਹਿਚਾਣ ਕਰਵਾਉਂਦੇ ਹੋਏ ਦੱਸਿਆ ਕਿ ਬਲਜੀਤ ਸਿੰਘ ਅਕਲੀਆ ਜਿੱਥੇ ਬਾਲ ਸਾਹਿਤ ਦੀ ਰਚਨਾ ਕਰ ਰਹੇ ਹਨ, ਉਥੇ ਹੀ ਇਕ ਰੰਗਕਰਮੀ ਤੇ ਭੰਗੜਾ ਕਲਾਕਾਰ ਵੀ ਹਨ। ਬਲਜੀਤ ਸਿੰਘ ਅਕਲੀਆ ਨੇ ਵਿਦਿਆਰਥੀਆਂ ਦੇ ਰੂਬਰੂ ਹੁੰਦਿਆਂ ਉਨ੍ਹਾਂ ਨੂੰ ਬਾਲ ਸਾਹਿਤ ਸਿਰਜਣ ਪ੍ਰਕਿਰਿਆ ਬਾਰੇ ਜਾਣੂ ਕਰਵਾਇਆ। ਉਨ੍ਹਾਂ ਵਿਦਿਆਰਥੀਆਂ ਨੂੰ ਸਾਹਿਤ ਨਾਲ ਜੁੜਨ ਲਈ ਪ੍ਰੇਰਿਤ ਵੀ ਕੀਤਾ। ਉਨ੍ਹਾ ਕਿਹਾ ਕਿ ਲਗਾਤਾਰ ਪੜ੍ਹਨ ਤੇ ਲਿਖਣ ਨਾਲ ਸਾਡੀ ਲਿਖਣ ਸ਼ੈਲੀ ਵਿੱਚ ਸੁਧਾਰ ਆਉਂਦਾ ਰਹਿੰਦਾ ਹੈ ਤੇ ਸਾਡੇ ਅੰਦਰ ਛੁਪੀ ਪ੍ਰਤਿਭਾ ਦੀ ਪਹਿਚਾਨਣ ਲਈ ਸਕੂਲ ਅਜਿਹਾ ਮੰਚ ਹੈ, ਜਿੱਥੋਂ ਹਰ ਪਾਸੇ ਰਾਹ ਨਿਕਲਦੇ ਹਨ। ਵਿਦਿਆਰਥੀਆਂ ਨੂੰ ਆਪਣੀ ਕਲਾ ਮੁਤਾਬਿਕ ਮੌਕਿਆਂ ਦਾ ਲਾਭ ਉਠਾਉਣਾ ਚਾਹੀਦਾ ਹੈ। ਉਨ੍ਹਾਂ ਸਕੂਲ ਲਾਇਬ੍ਰੇਰੀ ਵਾਸਤੇ ਵੱਖ ਵੱਖ ਸਾਹਿਤਕਾਰਾਂ ਦੀਆਂ ਪੁਸਤਕਾਂ ਦਾ ਸੈੱਟ ਵੀ ਭੇਟ ਕੀਤਾ। ਸਕੂਲ ਦੇ ਵਿਦਿਆਰਥੀਆਂ ਨੇ ਆਪਣੇ ਮਨਪਸੰਦ ਦੀਆਂ ਕਵਿਤਾਵਾਂ ਵੀ ਪੇਸ਼ ਕੀਤੀਆਂ ਤੇ ਅਕਲੀਆ ਨੂੰ ਸਾਹਿਤ ਸਿਰਜਣ ਬਾਰੇ ਸਵਾਲ ਪੁੱਛੇ। ਅਖੀਰ ਵਿੱਚ ਮੁੱਖ ਅਧਿਆਪਕ ਤੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਅਕਲੀਆ ਦਾ ਸਨਮਾਨ ਕੀਤਾ। ਇਸ ਮੌਕੇ ਸਕੂਲ ਸਟਾਫ, ਪੰਚਾਇਤ ਮੈਂਬਰ ਸੁਰਜੀਤ ਸਿੰਘ, ਗੁਰਦੀਪ ਸਿੰਘ, ਅਸ਼ਵਿੰਦਰ ਸਿੰਘ, ਅਵਤਾਰ ਸਿੰਘ ਤੋਂ ਇਲਾਵਾ ਬੱਚੇ ਵੀ ਹਾਜ਼ਰ ਸਨ।

### ਈਨਾਖੇੜਾ 'ਚ ਸਜਾਵਟੀ ਮੱਛੀ ਪਾਲਣ ਬਾਰੇ ਸਿਖਲਾਈ ਤੇ ਜਾਗਰੂਕਤਾ ਪ੍ਰੋਗਰਾਮ

**ਮਲੋਟ (ਗੁਰਮੀਤ ਸਿੰਘ ਮੱਕੜ)**-ਡੀ.ਐੱਫ.ਸੀ.ਟੀ. ਈਨਾਖੇੜਾ ਵਿਖੇ ਐੱਸ.ਸੀ.ਐੱਸ.ਪੀ. ਪ੍ਰੋਗਰਾਮ ਅਧੀਨ ਇੱਕ ਰੋਜ਼ਾ 'ਸਜਾਵਟੀ ਮੱਛੀ ਪਾਲਣ' ਬਾਰੇ ਸਿਖਲਾਈ ਤੇ ਜਾਗਰੂਕਤਾ ਪ੍ਰੋਗਰਾਮ ਕੀਤਾ ਗਿਆ। ਡਾ. ਮੁਕੇਸ਼ ਕੁਮਾਰ ਬੈਰਵਾ ਐੱਸ ਆਈ ਸੀ, ਆਰ ਆਰ ਸੀ ਆਫ, ਆਈ ਸੀ ਏ ਆਰ ਬਠਿੰਡਾ ਨੇ ਸਵਾਗਤੀ ਭਾਸ਼ਣ ਦਿੱਤਾ ਅਤੇ ਪੇਂਡੂ ਖੇਤਰਾਂ ਵਿੱਚ ਆਜੀਵਿਕਾ ਵਿਕਾਸ ਲਈ ਐੱਸ.ਸੀ.ਐੱਸ.ਪੀ. ਪ੍ਰੋਗਰਾਮ ਦੀ ਮਹੱਤਤਾ ਬਾਰੇ ਦੱਸਿਆ। ਸ੍ਰੀ ਅਜੀਤ ਸਿੰਘ, ਸਾਬਕਾ ਸਹਾਇਕ ਡਾਇਰੈਕਟਰ ਮੱਛੀ ਪਾਲਣ, ਬਠਿੰਡਾ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਲਾਹੇਵੰਦ ਵਪਾਰਕ ਉੱਦਮ ਨੂੰ ਵਿਕਸਤ ਕਰਨ ਵਿੱਚ ਸਜਾਵਟੀ ਮੱਛੀ ਪਾਲਣ ਦੀ ਭੂਮਿਕਾ ਬਾਰੇ ਦੱਸਿਆ। ਸ਼੍ਰੀਮਤੀ ਪ੍ਰਭਜੋਤ ਕੌਰ, ਸੀਨੀਅਰ ਮੱਛੀ ਪਾਲਣ ਅਫਸਰ, ਸ੍ਰੀ ਮੁਕਤਸਰ ਸਾਹਿਬ ਨੇ ਮੱਛੀ ਪਾਲਣ ਸਬੰਧੀ ਚੱਲ ਰਹੀਆਂ ਸਰਕਾਰੀ ਸਬਸਿਡੀ ਸਕੀਮਾਂ ਬਾਰੇ ਜਾਣਕਾਰੀ ਦਿੱਤੀ। ਡਾ: ਮੁਕੇਸ਼ ਕੁਮਾਰ ਬੈਰਵਾ ਵੱਲੋਂ ਤਕਨੀਕੀ ਸੈਸ਼ਨ ਦੌਰਾਨ ਸਜਾਵਟੀ ਮੱਛੀਆਂ ਦੇ ਪ੍ਰਜਨਣ ਤੇ ਕਲਚਰਬਾਰੇ ਸਿਖਲਾਈ ਦਿੱਤੀ ਗਈ। ਇਸ ਪ੍ਰੋਗਰਾਮ ਵਿੱਚ ਐਕੁਏਰੀਅਮ ਤਿਆਰ ਕਰਨ ਦਾ ਪ੍ਰਦਰਸ਼ਨ ਵੀ ਕੀਤਾ ਗਿਆ।

# ਟੀ ਐੱਸ ਯੂ ਡਵੀਜ਼ਨ ਕਮੇਟੀ ਵੱਲੋਂ ਮੰਗਾਂ ਨੂੰ ਲੈ ਕੇ ਗੇਟ ਰੈਲੀ



**ਸ੍ਰੀ ਮੁਕਤਸਰ (ਸ਼ਮਿੰਦਰਪਾਲ, ਪੂਜਾ)**-ਉਪ ਮੁੱਖ ਇੰਜੀਨੀਅਰ ਪੀ ਤੇ ਐੱਮ ਹਲਕਾ ਬਠਿੰਡਾ ਵਿਰੁੱਧ ਜ਼ੋਨ ਕਮੇਟੀ ਟੀ ਐੱਸ ਯੂ ਦੇ ਸੱਦੇ 'ਤੇ ਜਥੇਬੰਦੀ ਨੂੰ ਮਾਨਤਾ ਨਾ ਦੇਣ ਤੇ ਕਰਮਚਾਰੀਆਂ ਦੀਆਂ ਭੱਖਦੀਆਂ ਮੰਗਾਂ ਦੇ ਸਬੰਧ ਵਿੱਚ ਟੀ ਐੱਸ ਯੂ ਡਵੀਜ਼ਨ ਕਮੇਟੀ ਮੁਕਤਸਰ ਸਾਹਿਬ ਵੱਲੋਂ ਜ਼ੋਰਦਾਰ ਨਾਅਰੇਬਾਜ਼ੀ ਕਰਦਿਆਂ ਗੇਟ ਰੈਲੀ ਕੀਤੀ ਗਈ। ਡਵੀਜ਼ਨ ਪ੍ਰਧਾਨ ਪ੍ਰੇਮ ਕੁਮਾਰ ਨੇ ਸਾਥੀਆਂ ਨਾਲ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਪੀ ਤੇ ਮ ਦਫਤਰਾਂ ਨਾਲ ਸਬੰਧਤ ਕਰਮਚਾਰੀ ਸਾਥੀਆਂ ਦੇ ਅਨੇਕਾਂ ਕੰਮਕਾਰ ਲੰਮੇ ਸਮੇਂ ਤੋਂ ਲਮਕ ਅਵਸਥਾ ਵਿੱਚ ਹਨ, ਜਿਵੇਂ ਕਿ ਸਾਥੀਆਂ ਦਾ ਓਵਰ ਟਾਈਮ, ਪੀ ਟੀ ਐੱਸ ਕਾਮਿਆਂ ਨੂੰ ਪੱਕੇ ਨਾ ਕਰਨਾ, ਸਬ ਸਟੇਸ਼ਨਾਂ 'ਤੇ ਸੁਰੱਖਿਆ ਦਾ ਪ੍ਰਬੰਧ ਨਾ ਕਰਨਾ, ਸਾਥੀ ਭੁਪਿੰਦਰ ਸਿੰਘ ਦੀ ਧੱਕੇ ਨਾਲ ਕੀਤੀ ਬਦਲੀ, ਮੋਬਾਇਲ ਭੱਤਿਆ ਦੇ ਬਕਾਏ ਦੀ ਅਦਾਇਗੀ ਵਿੱਚ ਦੇਰੀ, ਹਰੇਕ ਸਬ ਸਟੇਸ਼ਨ 'ਤੇ ਪੀ ਟੀ ਸ ਮੁਹੱਈਆ ਕਰਵਾਉਣ ਲਈ, ਦਫਤਰਾਂ ਤੇ ਬਿਜਲੀ ਘਰਾਂ ਦੀਆਂ ਬਿਲਡਿੰਗਾਂ ਦੀ ਮਾੜੀ ਹਾਲਤ ਤੇ ਲੁਬਾਣਿਆਂ ਵਾਲੀ ਸਬ ਸਟੇਸ਼ਨ ਨੂੰ 24 ਵੋਲਟ ਤੋਂ 220 ਵੋਲਟ ਕਰਨਾ, ਕਿਉਂਕਿ ਪ੍ਰੋਟੈਕਸ਼ਨ ਸੈੱਲ ਵੱਲੋਂ ਲੰਮੇ ਸਮੇਂ ਤੋਂ ਇਸ ਨੂੰ ਠੀਕ ਕਰਨ ਲਈ ਪੱਤਰ ਵਿਹਾਰ ਕੀਤਾ ਜਾ ਚੁੱਕਾ ਹੈ, ਪਰ ਉਪਰੋਕਤ ਅਧਿਕਾਰੀ ਵੱਲੋਂ ਇਸ ਮਸਲੇ ਨੂੰ ਗੰਭੀਰਤਾ ਨਾਲ ਨਹੀਂ ਲਿਆ ਗਿਆ। ਪਿਛਲੇ ਦਿਨੀਂ ਇਸੇ ਕਾਰਨ ਕਰਕੇ ਹੀ ਗੋਲੇਵਾਲਾ ਸਬ ਸਟੇਸ਼ਨ 'ਤੇ ਹਾਦਸਾ ਵਾਪਰਿਆ ਹੈ, ਜਿੱਥੇ ਸਾਡੇ ਦੋ ਸਾਥੀਆਂ ਨੂੰ ਜਾਨ ਤੋਂ ਹੱਥ ਧੋਣਾ ਪਿਆ ਹੈ। ਉਪਰੋਕਤ ਮੰਗਾਂ ਸਬੰਧੀ ਸੰਘਰਸ਼ ਦਾ ਪ੍ਰੋਗਰਾਮ ਦਿੱਤਾ ਗਿਆ ਹੈ, ਜੇਕਰ ਉਪਰੋਕਤ ਅਧਿਕਾਰੀ ਵੱਲੋਂ ਸਾਥੀਆਂ ਦੀ ਮੰਗਾਂ ਨੂੰ ਪੂਰਾ ਨਾ ਕੀਤਾ ਗਿਆ ਤਾਂ ਆਉਣ ਵਾਲੇ ਦਿਨਾਂ ਵਿੱਚ ਇਸ ਅਧਿਕਾਰੀ ਵਿਰੁੱਧ ਸਰਕਲ ਦਫਤਰ ਬਠਿੰਡਾ ਵਿਖੇ ਧਰਨਾ ਦਿੱਤਾ ਜਾਵੇਗਾ, ਜਿਸ ਦੀ ਸਾਰੀ ਜ਼ਿੰਮੇਵਾਰੀ ਵਾਰੀ ਉੱਪ ਮੁੱਖ ਇੰਜਨੀਅਰ ਪੀ ਤੇ ਮ ਹਲਕਾ ਬਠਿੰਡਾ ਦੀ ਹੋਵੇਗੀ। ਇਸ ਮੌਕੇ ਡਵੀਜ਼ਨ ਸਕੱਤਰ ਗੁਰਸੇਵਕ ਸਿੰਘ, ਗੁਰਪਾਲ ਸਿੰਘ ਪਾਲੀ, ਮਨਜਿੰਦਰ ਸਿੰਘ, ਛਿੰਦਰਪਾਲ ਸਿੰਘ ਤੇ ਰੋਸ਼ਨ ਲਾਲ ਸਮੇਤ ਹੋਰ ਸਾਥੀ ਮੌਜੂਦ ਸਨ।

# ਖਿਉਵਾਲੀ 'ਚ ਖ਼ੂਨਦਾਨ ਜਾਗਰੂਕਤਾ ਰੈਲੀ

**ਮਲੋਟ/ਸ੍ਰੀ ਮੁਕਤਸਰ ਸਾਹਿਬ (ਗੁਰਮੀਤ ਮੱਕੜ, ਸ਼ਮਿੰਦਰਪਾਲ, ਪੂਜਾ)**-ਸਟੇਟ ਇੰਸਟੀਚਿਊਟ ਆਫ ਨਰਸਿੰਗ ਤੇ ਪੈਰਾ ਮੈਡੀਕਲ ਸਾਇੰਸਜ਼ ਬਾਦਲ ਵਿਖੇ ਪ੍ਰਿੰਸੀਪਲ ਡਾ. ਪ੍ਰਭਜੋਤ ਕੌਰ ਦੀ ਅਗਵਾਈ ਹੇਠ ਤੇ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਵਿਭਾਗ ਸ੍ਰੀ ਰਘਬੀਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਖ਼ੂਨਦਾਨ ਜਾਗਰੂਕਤਾ ਰੈਲੀ ਕਾਲਜ ਕੈਂਪਸ ਤੋਂ ਪਿੰਡ ਖਿਉਵਾਲੀ ਸਰਕਾਰੀ ਸਕੂਲ, ਗੁਰੂਦੁਆਰਾ ਸਾਹਿਬ ਤੇ ਵਾਪਸ ਕੈਂਪਸ ਤੱਕ ਕੱਢੀ ਗਈ। ਇਸ ਦੌਰਾਨ ਵਿਦਿਆਰਥਣਾਂ ਵੱਲੋਂ ਸਰਕਾਰੀ ਸਕੂਲ ਪਿੰਡ ਖਿਉਵਾਲੀ ਵਿਖੇ ਖ਼ੂਨਦਾਨ ਵਿਸ਼ੇ 'ਤੇ ਨੁੱਕੜ ਨਾਟਕ ਵੀ ਪੇਸ਼ ਕੀਤੇ ਗਏ, ਜਿਸ ਦਾ ਮੰਤਵ ਪਿੰਡ ਵਾਸਿਆਂ ਵਿੱਚ ਖ਼ੂਨਦਾਨ ਸਬੰਧੀ ਜਾਗਰੂਕਤਾ ਫੈਲਾਉਣਾ ਤੇ ਇਸ ਸਬੰਧੀ ਗਲਤ ਧਾਰਨਾਵਾਂ ਨੂੰ ਦੂਰ ਕਰਨਾ ਹੈ। ਇਸ ਪ੍ਰੋਗਰਾਮ ਵਿੱਚ ਬੀ.ਐੱਸ.ਸੀ. ਨਰਸਿੰਗ ਦੂਸਰਾ ਸਮੈਸਟਰ, ਰੇਡੀਓਗਰਾਫੀ, ਪੋਸਟ ਬੇਸਿਕ ਨਰਸਿੰਗ ਤੇ ਐੱਮ.ਐੱਸ.ਟੀ. ਕੋਰਸਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਇਨ੍ਹਾਂ ਗਤੀਵਿਧਿਆਂ ਨੂੰ ਕਰਵਾਉਣ ਵਿੱਚ ਕਾਲਜ ਦੇ ਸਟਾਫ ਕੁਮਾਰੀ ਵਿਭਾ ਪ੍ਰੋਫੈਸਰ, ਸ੍ਰੀਮਤੀ ਆਸ਼ਾ ਲੈਕਚਰਾਰ, ਸ੍ਰੀਮਤੀ ਅਮਨਦੀਪ ਕੌਰ ਲੈਕਚਰਾਰ, ਸ੍ਰੀ ਗਿਆਨ ਇੰਦਰਪਾਲ ਸਿੰਘ ਟਿਊਟਰ, ਕੁਮਾਰੀ ਬਲਵਿੰਦਰ ਕੌਰ, ਟਿਊਟਰ ਤੇ ਕੁਮਾਰੀ ਭਾਵਨਾ ਟਿਊਟਰ ਵੱਲੋਂ ਉਚੇਚਾ ਯੋਗਦਾਨ ਪਾਇਆ ਗਿਆ।

# ਦੱਬੇ-ਕੁਚਲੇ ਲੋਕਾਂ ਲਈ ਮਸੀਹਾ ਬਣ ਕੇ ਬਹੁੜੀ ਅੰਬੇਡਕਰ ਮਿਸ਼ਨ ਜਥੇਬੰਦੀ

■ ਲਟਕਦੀਆਂ ਮੰਗਾਂ ਲਈ ਡੀ ਸੀ ਨੂੰ ਦਿੱਤਾ ਮੰਗ ਪੱਤਰ

**ਬਾਘਾ ਪੁਰਾਣਾ (ਮਨੀ ਸਿੰਗਲਾ)**-ਅੰਬੇਡਕਰ ਮਿਸ਼ਨ ਭਾਰਤ ਦੀ ਸਮੁੱਚੀ ਜ਼ਿਲ੍ਹਾ ਜਥੇਬੰਦੀ ਵੱਲੋਂ ਜ਼ਿਲ੍ਹਾ ਪ੍ਰਧਾਨ ਸੂਬੇਦਾਰ ਬਲਦੇਵ ਸਿੰਘ ਸੁਖਾਨੰਦ ਦੀ ਅਗਵਾਈ ਵਿੱਚ ਦੱਬੇ ਕੁਚਲੇ ਲੋਕਾਂ ਦੀ ਆਵਾਜ਼ ਬੁਲੰਦ ਕਰਦਿਆਂ ਉਨ੍ਹਾਂ ਦੀਆਂ ਲੰਮੇ ਸਮੇਂ ਤੋਂ ਲਟਕਦੀਆਂ ਮੰਗਾਂ ਨੂੰ ਪੂਰਾ ਕਰਨ ਲਈ ਜ਼ੋਰਦਾਰ ਤਰੀਕੇ ਨਾਲ ਮਸਲਾ ਉਠਾਉਂਦਿਆਂ ਡਿਪਟੀ ਕਮਿਸ਼ਨਰ ਮੋਗਾ ਕੁਲਵੰਤ ਸਿੰਘ ਨੂੰ ਮੰਗ ਪੱਤਰ ਸੌਂਪਦਿਆਂ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਕਰਨ ਲਈ ਅਪੀਲ ਕੀਤੀ ਗਈ। ਡਿਪਟੀ ਕਮਿਸ਼ਨਰ ਮੋਗਾ ਨੂੰ ਦਿੱਤੇ ਗਏ ਮੰਗ ਪੱਤਰ ਅਨੁਸਾਰ ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਨਵੇਂ ਰਾਸ਼ਨ ਕਾਰਡ ਬਣਾਉਣੇ ਚਾਲੂ ਕੀਤੇ ਜਾਣ, ਨਵੇਂ ਮਨਰੇਗਾ ਕਾਰਡ ਬਣਾਉਣੇ ਚਾਲੂ ਕੀਤੇ ਜਾਣ ਤੇ ਸਾਲ 2022-23 ਦੇ ਬਕਾਏ ਦਿਵਾਏ ਜਾਣ, ਉਸਾਰੀ ਮਜ਼ਦੂਰੀ ਦੇ ਲਾਭਪਾਤਰੀ ਨਵੇਂ ਕਾਰਡ ਬਣਾਉਣੇ ਚਾਲੂ ਕੀਤੇ ਜਾਣ, ਸਾਲ 2022-23 ਦੇ ਐੱਸ.ਸੀ. ਐੱਸ.ਟੀ./ਓ.ਬੀ.ਸੀ. ਸਮਾਜ ਦੇ ਬੱਚਿਆਂ ਦੇ ਰਹਿੰਦੇ ਬਕਾਇਆ ਵਜ਼ੀਫਿਆਂ ਨੂੰ ਜਲਦੀ ਤੋਂ ਜਲਦੀ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਟਰਾਂਸਫਰ ਕੀਤਾ ਜਾਵੇ, ਸ਼ਹਿਰ ਮੋਗਾ ਦੇ ਰੇਲਵੇ ਅੰਡਰ ਬਰਿੱਜ ਦੀ ਸੜਕ ਪਿਛਲੇ ਕਈ ਸਾਲਾਂ ਤੋਂ ਟੁੱਟੀ ਫੁੱਟੀ ਪਈ ਹੈ, ਜਿਸ 'ਤੇ ਹਰ ਰੋਜ਼ ਔਰਤਾਂ, ਬੱਚੇ ਤੇ ਬਜ਼ੁਰਗ ਵਾਹਨ ਚਲਾਉਂਦੇ ਹੋਏ ਹਾਦਸਿਆਂ ਦਾ ਸ਼ਿਕਾਰ ਹੋ ਰਹੇ ਹਨ। ਕਈਆਂ ਦੇ ਐਕਸੀਡੈਂਟ ਹੋਣ ਉਪਰੰਤ ਹਸਪਤਾਲਾਂ ਵਿੱਚ ਇਲਾਜ ਲਈ ਦਾਖਲ ਹੋਣਾ ਪਿਆ। ਇਸ ਲਈ ਸ਼ਹਿਰ ਮੋਗਾ ਦੇ ਰੇਲਵੇ ਅੰਡਰ ਬਰਿੱਜ ਦੀ ਸੜਕ ਨੂੰ ਮਿਊਂਸੀਪਲ ਕਾਰਪੋਰੇਸ਼ਨ ਮੋਗਾ ਮੰਡਲ ਰੇਲਵੇ ਡਵੀਜ਼ਨ ਫਿਰੋਜ਼ਪੁਰ ਤੋਂ ਸਬੰਧਤ ਵਿਭਾਗਾਂ ਰਾਹੀਂ ਰਿਪੇਅਰ ਕਰਵਾਇਆ ਜਾਵੇ। ਇਸ ਮੌਕੇ ਦਰਸ਼ਨ ਸਿੰਘ ਚੰਦੜ ਸਰਪ੍ਰਸਤ, ਕਰਨਲ ਬਾਬੂ ਸਿੰਘ ਮੋਗਾ, ਡਾਕਟਰ ਬਲਦੇਵ ਸਿੰਘ ਸੇਖਾ ਕਲਾਂ, ਸਬ ਇੰਸਪੈਕਟਰ ਗੁਰਚਰਨ ਸਿੰਘ ਬਠਿੰਡਾ, ਸੋਹਣ ਸਿੰਘ ਸਰਪੰਚ ਸੰਤੂਵਾਲਾ, ਦਰਸ਼ਨ ਸਿੰਘ ਭੀਮ ਸਰਪੰਚ ਸਮਾਧ ਭਾਈ, ਜਸਵਿੰਦਰ ਸਿੰਘ, ਤਾਰਾ ਸਿੰਘ ਵਾਂਦਰ, ਕਰਮ ਸਿੰਘ ਠੱਠੀ ਭਾਈ, ਜੀਵਨ ਕੌਰ ਰਾਜੇਆਣਾ, ਲਖਵੀਰ ਕੌਰ, ਮੇਸ਼ੀ ਪੰਡਿਤ ਸੇਖਾ ਖੁਰਦ ਆਦਿ ਹਾਜ਼ਰ ਸਨ।



# ਗਿਆਨ ਸਾਗਰ ਕਾਨਵੈਂਟ ਸਕੂਲ ਦੇ ਬੱਚਿਆਂ ਨੇ ਖੇਡਾਂ 'ਚ ਮਾਰੀਆਂ ਮੱਲਾਂ

**ਬਰੇਟਾ (ਰੀਤਵਾਲ)**-ਪੰਜਾਬ ਸਰਕਾਰ ਵੱਲੋਂ ਜ਼ਿਲ੍ਹਾ ਪੱਧਰ ਉੱਤੇ ਖੇਡਾਂ ਵਤਨ ਪੰਜਾਬ ਦੀਆਂ ਦੇ ਮੁਕਾਬਲੇ ਹੋ ਹੋਏ ਸਨ। ਇਨ੍ਹਾਂ ਖੇਡਾਂ ਵਿਚ ਗਿਆਨ ਸਾਗਰ ਕੌਨਵੈਂਟ ਸਕੂਲ ਕਾਹਨਗੜ੍ਹ ਦੇ ਬੱਚਿਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ ਤੇ ਬਾਕੀ ਸਕੂਲਾਂ ਨੂੰ ਪਛਾੜਦੇ ਹੋਏ ਬਹੁਤ ਵਧੀਆ ਅਤੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਬੱਚਿਆਂ ਨੇ ਜ਼ਿਲ੍ਹਾ ਮਾਨਸਾ ਦੇ ਵਿੱਚ ਮੈਦਾਨ 'ਚ ਮੱਲਾਂ ਮਾਣਦੇ ਹੋਏ ਆਪਣੀ ਜਿੱਤ ਦਰਜ ਕੀਤੀ ਤੇ ਜ਼ਿਲ੍ਹਾ ਮਾਨਸਾ ਜਿੱਤ ਕੇ ਨਾਮ ਰੌਸ਼ਨ ਕੀਤਾ ਅਤੇ ਸਟੇਟ ਪੱਧਰ ਦੀਆਂ ਖੇਡਾਂ ਲਈ ਚੁਣੇ ਗਏ, ਜੋ ਕਿ ਆਉਣ ਵਾਲੇ ਦਿਨਾਂ ਵਿੱਚ ਮੋਹਾਲੀ ਵਿਖੇ ਕਰਵਾਈਆਂ ਜਾ ਰਹੀਆਂ ਹਨ। ਕਿੱਕ ਬੌਕਸਿੰਗ ਵਿੱਚ ਅਰਸ਼ਪ੍ਰੀਤ ਸਿੰਘ, ਪਰਗਟ ਸਿੰਘ, ਸਹਿਜ ਸਿੰਘ, ਅਪ੍ਰਿੰਦਰ ਕੌਰ, ਦੀਕਸ਼ਾ ਰਾਣੀ, ਨੈਨਸੀ, ਜਸਪ੍ਰੀਤ ਕੌਰ ਨੇ ਗੋਲਡ ਮੈਡਲ ਜਿੱਤੇ ਅਤੇ ਪੰਜਾਬ ਸਟੇਟ ਪੱਧਰ ਦੀਆਂ ਖੇਡਾਂ ਲਈ ਚੁਣੇ ਗਏ। ਦੀਪਇੰਦਰ ਸਿੰਘ, ਜਸਕੀਰਤ ਸਿੰਘ ਤੇ ਹਰਸ਼ ਸਿੰਘ ਨੇ ਕਿੱਕ ਬੌਕਸਿੰਗ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ ਤੇ ਸਿਲਵਰ ਮੈਡਲ ਹਾਸਲ ਕੀਤੇ। ਇੰਦਰਪ੍ਰੀਤ ਸਿੰਘ ਨੇ ਕਿੱਕ ਬੌਕਸਿੰਗ ਵਿੱਚ ਤੀਜਾ ਸਥਾਨ ਹਾਸਲ ਕੀਤਾ ਤੇ ਬਰੋਨਜ਼ ਮੈਡਲ ਜਿੱਤਿਆ। ਭਵਨਦੀਪ ਸਿੰਘ, ਹਰਨੂਰ ਸਿੰਘ, ਜਸ਼ਨਦੀਪ ਸਿੰਘ, ਹਰਿੰਦਰ ਸਿੰਘ, ਅਰਸ਼ਪ੍ਰੀਤ ਸਿੰਘ ਨੇ ਵੁਸ਼ੂ ਗੇਮ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਤੇ ਗੋਲਡ ਮੈਡਲ ਹਾਸਲ ਕੀਤੇ ਅਤੇ ਸਟੇਟ ਪੱਧਰ ਦੀਆਂ ਖੇਡਾਂ ਲਈ ਚੁਣੇ ਗਏ। ਪ੍ਰਿੰਸੀਪਲ ਭਾਰਤ ਦੀਪ ਗਰਗ ਨੇ ਬੱਚਿਆਂ ਦੀ ਇਸ ਜਿੱਤ ਦਾ ਸਿਹਰਾ ਸਕੂਲ ਡੀ ਪੀ ਬੱਬੂ ਸਿੰਘ ਤੇ ਕਰਾਟੇ ਕੋਚ ਅਮਨਦੀਪ ਸਿੰਘ ਦੇ ਸਿਰ ਬੰਨ੍ਹਿਆ।

# ਕੰਮ ਦੇ ਘੰਟੇ ਵਧਾਉਣ ਸੰਬੰਧੀ ਨੋਟੀਫਿਕੇਸ਼ਨ ਦੀਆਂ ਕਾਪੀਆਂ ਸਾੜੀਆਂ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਗ੍ਰਾਸਿਮ ਸੀਮੈਂਟ ਕੰਟਰੈਕਟਰ ਵਰਕਰਜ਼ ਯੂਨੀਅਨ (ਸੀਟੂ) ਦੀ ਅਗਵਾਈ ਹੇਠ ਸੀਮੈਂਟ ਪਲਾਂਟ ਦੇ ਕਾਮਿਆਂ ਨੇ ਅਲਟ੍ਰਾਟੈਕ ਸੀਮੈਂਟ ਪਲਾਂਟ ਲਹਿਰਾ ਮੁਹੱਬਤ ਦੇ ਮੇਨ ਗੇਟ ਅੱਗੇ ਨਾਅਰੇਬਾਜ਼ੀ ਕਰਦਿਆਂ ਕੰਮ ਦੇ 8 ਘੰਟੇ ਤੋਂ ਵਧਾ ਕੇ 12 ਘੰਟੇ ਕਰਨ ਸਬੰਧੀ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਮਜ਼ਦੂਰ ਵਿਰੋਧੀ ਨੋਟੀਫਿਕੇਸ਼ਨ ਦੀਆਂ ਕਾਪੀਆਂ ਸਾੜੀਆਂ ਗਈਆਂ। ਇਸ ਮੌਕੇ ਸੀਟੂ ਦੇ ਸੂਬਾਈ ਆਗੂ ਬਲਕਾਰ ਸਿੰਘ, ਰਾਜ ਕੁਮਾਰ ਸੈਣੀ, ਪਰਸੂ ਰਾਮ, ਮਨੋਜ ਕੁਮਾਰ ਤੇ ਅਨੰਤ ਕੁਮਾਰ ਆਦਿ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਜਾਰੀ ਨੋਟੀਫਿਕੇਸ਼ਨ ਵਿੱਚ ਫੈਕਟਰੀਜ਼ ਐਕਟ 1948 ਦੀ ਧਾਰਾ 65 ਸਬ-ਸੈਕਸ਼ਨ (2) ਤੇ ਸਬ-ਸੈਕਸ਼ਨ (3) ਵਿੱਚ ਸੋਧ ਕਰਦੇ ਹੋਏ ਫੈਕਟਰੀ ਮਾਲਕਾਂ ਨੂੰ ਰੋਜ਼ਾਨਾ 12 ਘੰਟੇ ਕੰਮ ਕਰਵਾਉਣ ਲਈ ਮਨਜ਼ੂਰੀ ਦੇ ਦਿੱਤੀ ਹੈ, ਤਾਂ ਜੋ ਮਾਲਕਾਂ ਨੂੰ ਓਵਰ ਟਾਈਮ ਨਾ ਦੇਣਾ ਪਵੇ, ਜਿਸ ਨਾਲ ਮਜ਼ਦੂਰਾਂ 'ਤੇ ਕੰਮ ਦਾ ਵਾਧੂ ਬੋਝ ਵਧੇਗਾ ਤੇ ਲਗਾਤਾਰ ਵਧ ਰਹੀ ਬੇਰੁਜ਼ਗਾਰੀ ਵਿੱਚ ਹੋਰ ਵਾਧਾ ਹੋਵੇਗਾ। ਫੈਕਟਰੀ ਮਾਲਕਾਂ ਨੂੰ ਮਜ਼ਦੂਰਾਂ ਦਾ ਸ਼ੋਸ਼ਣ ਕਰਨ ਦੀ ਹੋਰ ਖੁੱਲ੍ਹ ਮਿਲ ਜਾਵੇਗੀ। ਆਗੂਆਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਕਾਰਪੋਰੇਟ ਪੱਖੀ ਤੇ ਮਜ਼ਦੂਰ ਵਿਰੋਧੀ ਨੀਤੀਆਂ ਘੜਨ ਵਿੱਚ ਕੇਂਦਰ ਦੀ ਮੋਦੀ ਸਰਕਾਰ ਤੇ ਪਿਛਲੀਆਂ ਸਰਕਾਰਾਂ ਨੂੰ ਵੀ ਪਛਾੜ ਦਿੱਤਾ ਹੈ, ਜਿਸ ਨਾਲ ਕਿਰਤੀ ਲੋਕਾਂ ਵਿੱਚ ਭਾਰੀ ਰੋਸ ਹੈ। ਆਮ ਆਦਮੀ ਦੀ ਮਾਨ ਸਰਕਾਰ ਕਾਰਪੋਰੇਟ ਘਰਾਣਿਆਂ ਨੂੰ ਖੁਸ਼ ਕਰਨ ਲਈ ਮਜ਼ਦੂਰਾਂ ਨੂੰ ਫਿਰ ਤੋਂ ਗੁਲਾਮੀ ਵੱਲ ਧੱਕ ਰਹੀ ਹੈ, ਜਿਸ ਨੂੰ ਇਨਸਾਫ-ਪਸੰਦ ਲੋਕ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ। ਸਰਕਾਰ ਦੇ ਇਸ ਕਦਮ ਦਾ ਮੂੰਹ-ਤੋੜ ਜਵਾਬ ਦਿੱਤਾ ਜਾਵੇਗਾ ਤੇ ਕਿਸੇ ਵੀ ਕੀਮਤ 'ਤੇ ਇਹ ਮਜ਼ਦੂਰ ਵਿਰੋਧੀ ਨੋਟੀਫਿਕੇਸ਼ਨ ਰੱਦ ਕਰਵਾਇਆ ਜਾਵੇਗਾ।

# ਬੀ ਬੀ ਐੱਸ ਬੀ ਕਾਨਵੈਂਟ ਸਕੂਲ ਦਾ ਜਸਦੀਪ ਪਾਵਰ ਲਿਫਟਿੰਗ 'ਚ ਅੱਵਲ

**ਜਗਰਾਓਂ (ਅਮਿਤ ਖੰਨਾ, ਨਛੱਤਰ ਸੰਧੂ)**

ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਬੀ. ਬੀ. ਐੱਸ. ਬੀ. ਕਾਨਵੈਂਟ ਸਕੂਲ ਸਿਧਵਾਂ ਬੇਟ ਦੇ ਵਿਦਿਆਰਥੀਆਂ ਨੇ ਪੰਜਾਬ ਸਰਕਾਰ ਵੱਲੋਂ ਕਰਵਾਈਆਂ ਜਾ ਰਹੀਆਂ ਖੇਡਾਂ ਵਤਨ ਪੰਜਾਬ ਦੀਆਂ ਵਿੱਚ ਹੁੰਮ ਹੁਮਾ ਕੇ ਹਿੱਸਾ ਲਿਆ ਤੇ ਸਫਲਤਾ ਦਾ ਰਾਸਤਾ ਚੁੰਮਿਆ। ਬੀਤੇ ਦਿਨੀਂ 'ਖੇਡਾਂ ਵਤਨ ਪੰਜਾਬ ਦੀਆਂ' ਦੇ ਜ਼ਿਲ੍ਹਾ ਲੈਵਲ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਸਾਰੇ ਲੁਧਿਆਣਾ ਜ਼ਿਲ੍ਹਾ ਦੇ ਬਲਾਕ ਨੇ ਭਾਗ ਲਿਆ, ਜਿਸ ਦਾ ਪਾਵਰ ਲਿਫਟਿੰਗ ਮੁਕਾਬਲਾ ਨਰੇਸ਼ ਚੰਦਰ ਸਟੇਡੀਅਮ ਖੰਨਾ ਵਿੱਚ ਹੋਇਆ, ਜਿਸ ਵਿੱਚ ਬੀ. ਬੀ. ਐੱਸ. ਬੀ. ਕਾਨਵੈਂਟ ਸਕੂਲ ਸਿੱਧਵਾਂ ਬੇਟ ਸਕੂਲ ਦੇ ਜਸਦੀਪ ਸਿੰਘ ਕਲਾਸ +1 ਨੇ ਭਾਗ ਲੈ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ। ਇਸ ਹੋਣਹਾਰ ਵਿਦਿਆਰਥੀ ਨੂੰ ਸਕੂਲ ਪਹੁੰਚਣ 'ਤੇ ਸਕੂਲ ਦੀ ਪ੍ਰਬੰਧਕੀ ਕਮੇਟੀ ਤੇ ਪ੍ਰਿੰਸੀਪਲ ਮੈਡਮ ਮੋਨਾ ਠਾਕੁਰ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਮੈਡਮ ਮੋਨਾ ਠਾਕੁਰ ਵੱਲੋਂ ਬੱਚਿਆਂ ਨੂੰ ਕਿਹਾ ਕਿ ਖੇਡਾਂ ਵਿੱਚ ਭਾਗ ਲੈ ਕੇ ਬੱਚੇ ਆਪਣੇ ਮਾਂ-ਬਾਪ ਦਾ ਹੀ ਨਹੀਂ, ਬਲਕਿ ਸਕੂਲ ਦਾ ਨਾਮ ਵੀ ਰੌਸ਼ਨ ਕਰਦੇ ਹਨ। ਇਸ ਮੌਕੇ ਸਕੂਲ ਮੈਨੇਜਮੈਂਟ ਮੈਂਬਰ, ਜਿਸ ਵਿੱਚ ਚੇਅਰਮੈਨ ਸਨੀ ਅਰੋੜਾ, ਵਾਈਸ ਚੇਅਰਮੈਨ ਰਜਿੰਦਰ ਕੁਮਾਰ ਬਾਵਾ, ਪ੍ਰੈਜ਼ੀਡੈਂਟ ਹਰੀਕ੍ਰਿਸ਼ਨ ਭਗਵਾਨ ਦਾਸ, ਮੈਨੇਜਿੰਗ ਡਾਇਰੈਕਟਰ ਸ਼ਾਮ ਸੁੰਦਰ ਭਾਰਦਵਾਜ, ਜਨਰਲ ਸੈਕਰੇਟਰੀ ਅੰਜੂ ਬਾਲਾ ਤੇ ਮੈਨੇਜਰ ਗਗਨਦੀਪ ਬਾਵਾ ਹਾਜ਼ਰ ਸਨ।



# ਸਲਾਣਾ ਦੀਆਂ ਸੈਂਟਰ ਪੱਧਰੀ ਖੇਡਾਂ ਸ਼ਾਨੋ-ਸ਼ੌਕਤ ਨਾਲ ਸਮਾਪਤ



**ਅਮਲੋਹ (ਲਖਵੀਰ ਸਿੰਘ, ਹਰਚਰਨ ਉੱਪਲ)**-ਸਿੱਖਿਆ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਬਲਾਕ ਸਿੱਖਿਆ ਅਫਸਰ ਹਰਵੇਲ ਸਿੰਘ ਦੀ ਅਗਵਾਈ ਵਿੱਚ ਸੈਂਟਰ ਹੈੱਡ ਟੀਚਰ ਜਤਿੰਦਰ ਕੌਰ ਦੀ ਨਿਗਰਾਨੀ ਵਿੱਚ ਸੈਂਟਰ ਸਲਾਣੇ ਦੀਆਂ ਦੋ ਰੋਜ਼ਾ ਸੈਂਟਰ ਪੱਧਰੀ ਖੇਡਾਂ ਸਲਾਣਾ ਸਟੇਡੀਅਮ ਵਿੱਚ ਹੋਈਆਂ, ਜਿਸ ਵਿੱਚ ਜਿੱਥੇ ਦੋਨੋਂ ਦਿਨ ਸਾਰੇ ਸੈਂਟਰ ਦੇ ਬੱਚਿਆਂ ਨੇ ਵਧੀਆ ਪ੍ਰਦਰਸ਼ਨ ਦਿਖਾਇਆ, ਉੱਥੇ ਹੀ ਸਲਾਣਾ ਬਸਤੀ ਦਾਰਾ ਸਿੰਘ ਵਾਲਾ ਸਕੂਲ ਦੇ ਬੱਚੇ ਓਵਰ ਆਲ ਟਰਾਫੀ 'ਤੇ ਕਾਬਜ਼ ਰਹੇ ਤੇ ਉਨ੍ਹਾ ਦੇ ਅਧਿਆਪਕ ਬੇਅੰਤ ਸਿੰਘ ਨੇ ਕਿਹਾ ਕਿ ਇਹ ਬੱਚਿਆਂ ਦੀ ਮਿਹਨਤ ਰੰਗ ਲਿਆਈ ਹੈ। ਸੈਂਟਰ ਹੈੱਡ ਟੀਚਰ ਜਤਿੰਦਰ ਕੌਰ ਨੇ ਕਿਹਾ ਕਿ ਇਨ੍ਹਾਂ ਬੱਚਿਆਂ ਨੇ ਬਹੁਤ ਵਧੀਆ ਕਾਰਗੁਜ਼ਾਰੀ ਦਿਖਾਈ, ਜਿਸ ਦੀ ਬਦੌਲਤ ਆਪਣੇ ਸਕੂਲਾਂ ਦਾ ਨਾਂਅ ਰੌਸ਼ਨ ਕੀਤਾ। ਇਸ ਸਮੇਂ ਉਚੇਚੇ ਤੌਰ 'ਤੇ ਪਹੁੰਚੇ ਬਲਾਕ ਸਿੱਖਿਆ ਅਫਸਰ ਹਰਵੇਲ ਸਿੰਘ ਨੇ ਸਮੂਹ ਬੱਚਿਆਂ ਨੂੰ ਸਨਮਾਨਤ ਕਰਦੇ ਹੋਏ ਬੱਚਿਆਂ ਤੇ ਉਨ੍ਹਾਂ ਦੇ ਅਧਿਆਪਕਾਂ ਨੂੰ ਵਧਾਈ ਦਿੱਤੀ ਅਤੇ ਬਲਾਕ ਵਿੱਚ ਹੋਰ ਤਿਆਰੀ ਨਾਲ ਆਉਣ ਬਾਰੇ ਆਖਿਆ। ਇਸ ਮੌਕੇ ਹੈੱਡ ਟੀਚਰ ਸੁਖਵਿੰਦਰ ਕੌਰ, ਗੁਰਪ੍ਰੀਤ ਸਿੰਘ, ਰੇਸ਼ਮ ਕੌਰ, ਇੰਦਰਜੀਤ ਕੌਰ, ਮਨਪ੍ਰੀਤ ਕੌਰ, ਬੇਅੰਤ ਸਿੰਘ, ਕਿਰਨਜੀਤ ਕੌਰ, ਰਵਿੰਦਰ ਕੌਰ, ਪਰਮਿੰਦਰ ਕੌਰ ਘੁੰਮਣ, ਪਰਮਿੰਦਰ ਕੌਰ ਸੋਢੀ, ਇੰਦਰਜੀਤ ਕੌਰ, ਪਰਮਿੰਦਰ ਕੌਰ, ਹਰਵਿੰਦਰ ਕੌਰ, ਦਵਿੰਦਰ ਸਿੰਘ, ਗਗਨਦੀਪ ਕੌਰ, ਜਤਿਨ ਪੰਜ, ਸਿਮਰਨਜੀਤ ਸਿੰਘ, ਤੇਜਿੰਦਰ ਸਿੰਘ, ਗਗਨਦੀਪ ਕੌਰ, ਸੁਖਵਿੰਦਰ ਕੌਰ, ਰਿਤੂ ਮਲਹੋਤਰਾ, ਚਰਨਜੀਤ ਕੌਰ, ਸੰਦੀਪ ਕੁਮਾਰ, ਮੈਡਮ ਕੰਚਨ, ਰਾਜਮੀਤ ਸਿੰਘ ਤੋਂ ਇਲਾਵਾ ਮਾਪੇ ਤੇ ਬੱਚੇ ਹਾਜ਼ਰ ਸਨ।

# ਬਿਕਰਮਜੀਤ ਸੰਧੂ ਨੇ ਬਤੌਰ ਸਕੱਤਰ ਮਾਰਕਿਟ ਕਮੇਟੀ ਮਮਦੋਟ ਦਾ ਚਾਰਜ ਸੰਭਾਲਿਆ



**ਮਮਦੋਟ (ਜਸਬੀਰ ਸਿੰਘ ਕੰਬੋਜ)**-ਬਿਕਰਮਜੀਤ ਸਿੰਘ ਸੰਧੂ ਨੇ ਬਤੌਰ ਸਕੱਤਰ ਮਾਰਕਿਟ ਕਮੇਟੀ ਮਮਦੋਟ ਦਾ ਚਾਰਜ ਸੰਭਾਲ ਲਿਆ ਹੈ। ਚਾਰਜ ਸੰਭਾਲਣ ਉਪਰੰਤ ਗੱਲਬਾਤ ਕਰਦਿਆਂ ਉਨ੍ਹਾ ਕਿਹਾ ਕਿ ਹੁਣ ਜਦਕਿ ਝੋਨੇ ਦੀ ਫਸਲ ਦੀ ਆਮਦ ਮੰਡੀਆਂ ਤੇ ਖਰੀਦ ਕੇਂਦਰਾਂ ਵਿੱਚ ਆਉਣੀ ਸ਼ੁਰੂ ਹੋ ਚੁੱਕੀ ਹੈ ਤੇ ਅਸੀਂ ਵਿਸ਼ਵਾਸ ਦੁਆਉਂਦੇ ਹਾਂ ਕਿ ਸਾਉਣੀ ਸੀਜ਼ਨ ਵਿੱਚ ਕਿਸਾਨਾਂ ਨੂੰ ਕਿਸੇ ਤਰ੍ਹਾਂ ਦੀ ਕੋਈ ਮੁਸ਼ਕਲ ਨਹੀਂ ਆਉਣ ਦੇਵਾਂਗੇ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਆਪਣੀ ਜਿਣਸ ਦਾ ਸਹੀ ਮੁੱਲ ਲਵਾਉਣ ਵਾਸਤੇ ਪੂਰੀ ਪੱਕੀ ਹੋਈ ਫਸਲ ਹੀ ਕਟਾ ਕੇ ਮੰਡੀ ਵਿੱਚ ਲਿਆਂਦੀ ਜਾਵੇ ਅਤੇ ਰਾਤ ਸਮੇ ਜਾਂ ਸਵੇਰੇ ਤ੍ਰੇਲ ਸੁੱਕਣ ਤੱਕ ਝੋਨੇ ਦੀ ਕਟਾਈ ਨਾ ਕੀਤੀ ਜਾਵੇ। ਇਸ ਮੌਕੇ ਮਨਿੰਦਰਜੀਤ ਸਿੰਘ ਬੇਦੀ ਜ਼ਿਲ੍ਹਾ ਮੰਡੀ ਅਫਸਰ ਫਿਰੋਜ਼ਪੁਰ ਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਸ: ਬਲਰਾਜ ਸਿੰਘ ਸੰਧੂ, ਜੰਗੀਰ ਸਿੰਘ ਹਜਾਰਾ ਸਿੰਘ ਵਾਲਾ, ਬਲਵੀਰ ਸਿੰਘ ਫੱਤੇਵਾਲਾ ਬਲਾਕ ਪ੍ਰਧਾਨ, ਸੰਜੀਵ ਕੁਮਾਰ ਧਵਨ ਮਮਦੋਟ, ਕਿਰਪਾਲ ਸਿੰਘ ਨੰਬਰਦਾਰ ਲਖਮੀਰ ਕੇ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।

# ਸੈਂਟਰ ਪੱਧਰੀ ਖੇਡਾਂ 'ਚ ਜੈਤੋ ਸਕੂਲ ਨੇ ਪਹਿਲਾ ਸਥਾਨ ਮੱਲਿਆ

**ਜੈਤੋ (ਸਤੀਸ਼ ਕੁਮਾਰ ਭੀਰੀ)**-ਸਰਕਾਰੀ ਪ੍ਰਾਇਮਰੀ ਸਕੂਲ ਵਾਰਡ ਨੰਬਰ 1 ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸੈਂਟਰ ਪੱਧਰੀ ਖੇਡਾਂ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਦਿਆਂ 10 ਮੈਡਲ ਤੇ 2 ਟਰਾਫ਼ੀਆਂ ਜਿੱਤ ਕੇ ਆਪਣੇ ਸਕੂਲ, ਮਾਪਿਆਂ ਤੇ ਸਮੂਹ ਸਕੂਲ ਸਟਾਫ ਦਾ ਨਾਮ ਰੌਸ਼ਨ ਕੀਤਾ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਕੂਲ ਦੀ ਮੁੱਖ ਆਧਿਅਪਕਾ ਜਸਵਿੰਦਰ ਕੌਰ ਨੇ ਦੱਸਿਆ ਕਿ ਰੱਸਾਕਸੀ ਵਿੱਚ ਮੁੰਡਿਆਂ ਨੇ ਪਹਿਲਾ ਸਥਾਨ ਪ੍ਰਾਪਤ ਕਰਕੇ ਮੈਡਲ ਆਪਣੀ ਝੋਲੀ ਪਾਇਆ, ਖੋ-ਖੋ (ਕੁੜੀਆਂ) ਨੇ ਫਸਟ ਪੁਜ਼ੀਸ਼ਨ ਹਾਸਲ ਕਰਦਿਆਂ ਮੈਡਲ 'ਤੇ ਕਬਜ਼ਾ ਕੀਤਾ। ਉਨ੍ਹਾਂ ਜਾਣਕਾਰੀ ਦਿੰਦੇ ਹੋਇਆ ਦੱਸਿਆ ਕਿ ਨਵਦੀਪ ਸਿੰਘ 100 ਮੀਟਰ ਤੇ 400 ਮੀਟਰ ਰੇਸ ਵਿੱਚ ਪਹਿਲਾ ਸਥਾਲ ਹਾਸਲ ਕਰਕੇ ਆਪਣੇ ਸਕੂਲ ਦੇ ਖਾਤੇ ਵਿੱਚ 2 ਹੋਰ ਮੈਡਲਾਂ ਦਾ ਵਾਧਾ ਕੀਤਾ। ਇਸੇ ਤਰ੍ਹਾਂ ਪਵਨਦੀਪ ਕੌਰ ਨੇ 100 ਮੀਟਰ ਤੇ 400 ਮੀਟਰ ਦੀ ਰੇਸ ਜਿੱਤ ਕੇ 2 ਮੈਡਲ ਫੁੰਡੇ। ਰਲੇਅ ਰੇਸ ਵਿੱਚ ਕੁੜੀਆਂ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਕੁਸ਼ਤੀ ਮੁਕਾਬਲਿਆਂ 'ਚ ਲਵਲੀ ਸ਼ਰਮਾ ਨੇ 30 ਕਿੱਲੋ ਵਰਗ 'ਚ ਪਹਿਲਾ ਤੇ ਅਨਮੋਲ ਸਿੰਘ ਨੇ 32 ਕਿੱਲੋ ਵਰਗ 'ਚ ਦੂਜਾ ਸਥਾਨ ਪ੍ਰਾਪਤ ਕਰਦਿਆਂ ਮੈਡਲ ਜਿੱਤੇ। ਗੋਲਾ ਸੁੱਟਣ ਦੇ ਮੁਕਾਬਲਿਆਂ ਵਿੱਚ ਨਵਦੀਪ ਕੁਮਾਰ ਨੇ ਪਹਿਲਾ ਸਥਾਨ ਹਾਸਲ ਕੀਤਾ। ਇਸ ਮੌਕੇ ਸੈਂਟਰ ਆਧਿਕਾਰੀ ਵਕੀਲ ਸਿੰਘ ਤੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਸੁਸ਼ੀਲ ਕੁਮਾਰ ਨੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਜੇਤੂ ਖਿਡਾਰੀਆਂ ਦਾ ਸਕੂਲ ਪਹੁੰਚਣ 'ਤੇ ਸਕੂਲ ਦੀ ਮੁੱਖ ਆਧਿਆਪਕਾ ਜਸਵਿੰਦਰ ਕੌਰ, ਪ੍ਰਦੀਪ ਸਿੰਘ, ਰਾਜਬੀਰ ਕੌਰ, ਅਨੀਤਾ ਕੁਮਾਰੀ, ਅਨੀਤਾ ਸ਼ਰਮਾ, ਭਰਪੂਰ ਕੌਰ ਆਦਿ ਨੇ ਮੁਬਾਰਕਬਾਦ ਦਿੰਦਿਆਂ ਜ਼ਿੰਦਗੀ ਹਰ ਸਫਰ 'ਤੇ ਵਿਜੇਤਾ ਰਹਿਣ ਦੀ ਕਾਮਨਾ ਕੀਤੀ।



# 14 ਨੂੰ ਚੰਡੀਗੜ੍ਹ ਸੂਬਾਈ ਰੈਲੀ ਤੇ ਮੁਜ਼ਾਹਰੇ 'ਚ ਸ਼ਮੂਲੀਅਤ ਦਾ ਫੈਸਲਾ

■ 20-21-22 ਨੂੰ ਹੋ ਰਹੀ ਕੌਮੀ ਕਾਨਫਰੰਸ ਦੀਆਂ ਤਿਆਰੀਆਂ ਨੂੰ ਦਿੱਤਾ ਅੰਤਿਮ ਰੂਪ



**ਮੋਗਾ (ਅਮਰਜੀਤ ਬੱਬਰੀ)**

ਦੇਸ਼ ਭਰ ਦੇ ਮੁਲਾਜ਼ਮਾਂ ਦੀ ਸਿਰਮੌਰ ਜਥੇਬੰਦੀ ਆਲ ਇੰਡੀਆ ਸਟੇਟ ਗੌਰਮਿੰਟ ਇੰਪਲਾਈਜ਼ ਕਨਫੈਡਰੇਸ਼ਨ ਦੀ ਕੌਮੀ ਕਾਨਫਰੰਸ 20-21-22 ਅਕਤੂਬਰ ਨੂੰ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਮੋਗਾ ਵਿਖੇ ਹੋ ਰਹੀ ਹੈ। 20 ਅਕਤੂਬਰ ਨੂੰ ਸ਼ਾਮ 4 ਵਜੇ ਕਾਮਰੇਡ ਬਲਵਿੰਦਰ ਸਿੰਘ ਸੰਧੂ ਹਾਲ ਵਿੱਚ ਕਨਫੈਡਰੇਸ਼ਨ ਦੀ ਕੌਮੀ ਕਾਰਜਕਾਰਨੀ ਕਮੇਟੀ ਤੇ ਨੈਸ਼ਨਲ ਕੌਂਸਲ ਦੀ ਮੀਟਿੰਗ ਕੌਮੀ ਪ੍ਰਧਾਨ ਕਾਮਰੇਡ ਅਜੇ ਸਿੰਘ ਉੱਤਰ ਪ੍ਰਦੇਸ ਦੀ ਪ੍ਰਧਾਨਗੀ ਹੇਠ ਹੋਵੇਗੀ। 21 ਅਕਤੂਬਰ ਨੂੰ ਕੌਮੀ ਕਾਨਫਰੰਸ ਦਾ ਉਦਘਾਟਨ ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ (ਏਟਕ) ਦੇ ਜਨਰਲ ਸਕੱਤਰ ਕਾਮਰੇਡ ਅਮਰਜੀਤ ਕੌਰ ਕਰਨਗੇ ਤੇ 22 ਅਕਤੂਬਰ ਨੂੰ ਜਥੇਬੰਦਕ ਅਜਲਾਸ ਤੋਂ ਇਲਾਵਾ "ਭਾਰਤ ਦਾ ਭਵਿੱਖ ਤੇ ਭਾਰਤੀ ਸਿਵਲ ਸੇਵਾ ਦਾ ਭਵਿੱਖ" ਵਿਸ਼ੇ 'ਤੇ ਸੈਮੀਨਾਰ ਹੋਵੇਗਾ। ਇਸ ਸੈਮੀਨਾਰ ਦਾ ਉਦਘਾਟਨ ਕਾਮਰੇਡ ਬਿਨੋਏ ਵਿਸਵਾਮ ਐੱਮ ਪੀ ਵੱਲੋਂ ਕੀਤਾ ਜਾਵੇਗਾ।

ਇਸ ਕਾਨਫਰੰਸ ਦੀਆਂ ਤਿਆਰੀਆਂ ਨੂੰ ਅੰਤਿਮ ਰੂਪ ਦੇਣ ਲਈ ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ 1680 ਸੈਕਟਰ 22 ਬੀ, ਚੰਡੀਗੜ੍ਹ ਦੇ ਸੂਬਾ ਪ੍ਰਧਾਨ ਰਣਜੀਤ ਸਿੰਘ ਰਾਣਵਾਂ ਦੀ ਪ੍ਰਧਾਨਗੀ ਹੇਠ ਇੱਕ ਮੀਟਿੰਗ ਸਥਾਨਕ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਯਾਦਗਾਰੀ ਭਵਨ ਵਿਖੇ ਹੋਈ। ਮੀਟਿੰਗ ਦੀ ਕਾਰਵਾਈ ਬਾਰੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਸੂਬਾਈ ਜਨਰਲ ਸਕੱਤਰ ਸੁਰਿੰਦਰ ਕੁਮਾਰ ਪੁਆਰੀ, ਐਡੀਸ਼ਨਲ ਜਨਰਲ ਸਕੱਤਰ ਪ੍ਰੇਮ ਚਾਵਲਾ, ਰਣਦੀਪ ਸਿੰਘ ਫਤਿਹਗੜ੍ਹ ਸਾਹਿਬ, ਵਿੱਤ ਸਕੱਤਰ ਮਨਜੀਤ ਸਿੰਘ ਗਿੱਲ ਤੇ ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚਾ ਦੇ ਸੂਬਾਈ ਕਨਵੀਨਰ ਗੁਰਜੰਟ ਸਿੰਘ ਕੋਕਰੀ ਨੇ ਦੱਸਿਆ ਕਿ ਇਸ ਮੀਟਿੰਗ ਦੌਰਾਨ ਕੌਮੀ ਕਾਨਫਰੰਸ ਦੀਆਂ ਤਿਆਰੀਆਂ ਨੂੰ ਅੰਤਿਮ ਰੂਪ ਦਿੱਤਾ ਗਿਆ। ਮੀਟਿੰਗ ਦੌਰਾਨ ਫੈਸਲਾ ਕੀਤਾ ਗਿਆ ਕਿ ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਵੱਲੋਂ 14 ਅਕਤੂਬਰ ਨੂੰ ਚੰਡੀਗੜ੍ਹ ਵਿਖੇ ਕੀਤੀ ਜਾ ਰਹੀ ਸੂਬਾਈ ਰੈਲੀ ਤੇ ਮੁਜ਼ਾਹਰੇ ਵਿੱਚ ਪ ਸ ਸ ਫ ਨਾਲ ਸਬੰਧਤ ਮੁਲਾਜ਼ਮਾਂ ਵੱਲੋਂ ਭਰਵੀਂ ਸ਼ਮੂਲੀਅਤ ਕੀਤੀ ਜਾਵੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰੋਡਵੇਜ਼ ਮੁਲਾਜ਼ਮ ਆਗੂ ਗੁਰਪ੍ਰੀਤ ਸਿੰਘ ਮੋਗਾ, ਪੋਹਲਾ ਸਿੰਘ ਬਰਾੜ, ਜਸਪਾਲ ਸੰਧੂ, ਬੂਟਾ ਸਿੰਘ ਭੱਟੀ ਤੇ ਰਾਜ ਕੁਮਾਰ ਫਿਰੋਜ਼ਪੁਰ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।

# ਸ਼ਿਵਮ ਗੋਇਲ ਤੇ ਤ੍ਰਿਪਤ ਇੰਦਰ ਸਿੰਘ ਨੂੰ ਸਕੂਲ ਮੈਨੇਜਮੈਂਟ ਨੇ ਕੀਤਾ ਸਨਮਾਨਤ



**ਸੰਗਤ ਮੰਡੀ (ਰਾਜਦੀਪ ਜੋਸ਼ੀ)**-ਪਿਛਲੇ ਦਿਨੀਂ ਪੰਜਾਬ ਸਰਕਾਰ ਵੱਲੋਂ ਖੇਡਾਂ ਤੇ ਯੁਵਕ ਸੇਵਾਵਾਂ ਵਿਭਾਗ ਪੰਜਾਬ ਖੇਡਾਂ ਵਤਨ ਪੰਜਾਬ ਦੀਆਂ ਜ਼ਿਲ੍ਹਾ ਪੱਧਰੀ ਖੇਡਾਂ ਕਰਵਾਈਆਂ ਗਈਆਂ, ਜਿਸ ਵਿੱਚ ਸੈਕਰਡ ਹਾਰਟ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਚੱਕ ਅਤਰ ਸਿੰਘ ਵਾਲਾ ਦੇ ਵਿਦਿਆਰਥੀਆਂ ਨੇ ਜ਼ਿਲ੍ਹੇ ਭਰ ਵਿੱਚੋਂ ਵੱਖ ਵੱਖ ਈਵੈਂਟ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ। ਸਕੂਲ ਦੇ ਵਿਦਿਆਰਥੀ ਸ਼ਿਵਮ ਗੋਇਲ ਨੂੰ ਅੰਡਰ-17 ਪੁਰਸ਼ ਮੁਕਾਬਲਿਆਂ ਵਿੱਚ ਪਾਵਰ ਲਿਫਟਿੰਗ 13 ਕਿੱਲੋ ਭਾਰ ਵਿੱਚ ਪਹਿਲਾ ਸਥਾਨ ਹਾਸਲ ਕਰਕੇ ਗੋਲਡ ਮੈਡਲ ਪ੍ਰਾਪਤ ਕੀਤਾ। ਇਸ ਤਰ੍ਹਾਂ ਗਿਆਰਵੀਂ ਕਲਾਸ ਦੇ ਵਿਦਿਆਰਥੀ ਤ੍ਰਿਪਤ ਇੰਦਰ ਸਿੰਘ ਨੇ ਜ਼ਿਲ੍ਹਾ ਪੱਧਰੀ ਟੂਰਨਾਮੈਂਟ ਵਿੱਚ ਅੰਡਰ-17 ਭਾਰ 66 ਕਿੱਲੋ ਜੂਡੋ 'ਚ ਭਾਗ ਲਿਆ ਤੇ ਪਹਿਲਾ ਸਥਾਨ ਪ੍ਰਾਪਤ ਕੀਤਾ।

ਸਕੂਲ ਵਿੱਚ ਆਉਣ 'ਤੇ ਸਕੂਲ ਦੇ ਚੇਅਰਮੈਨ ਬਲਬੀਰ ਸਿੰਘ ਤੇ ਪ੍ਰਿੰਸੀਪਲ ਜਗਦੀਪ ਕੌਰ ਬਰਾੜ ਨੇ ਜੇਤੂ ਵਿਦਿਆਰਥੀਆਂ ਦੇ ਗਲ ਵਿੱਚ ਮੈਡਲ ਪਾ ਕੇ ਸਨਮਾਨਤ ਕੀਤਾ ਗਿਆ ਅਤੇ ਕਿਹਾ ਕਿ ਅੱਗੇ ਤੋਂ ਹੋਰ ਮਿਹਨਤ ਕਰਕੇ ਸਕੂਲ ਤੇ ਜ਼ਿਲ੍ਹਾ ਬਠਿੰਡਾ ਦਾ ਨਾਮ ਰੋਸ਼ਨ ਕਰਨ ਲਈ ਪ੍ਰੇਰਿਤ ਕੀਤਾ। ਇਸ ਸਮੇਂ ਸਕੂਲ ਦੇ ਚੇਅਰਮੈਨ ਬਲਵੀਰ ਸਿੰਘ ਤੇ ਪ੍ਰਿੰਸੀਪਲ ਜਗਦੀਪ ਕੌਰ ਬਰਾੜ, ਕੋ-ਆਰਡੀਨੇਟਰ ਜਸਵੀਰ ਸਿੰਘ, ਡੀ ਪੀ ਸੁਖਪਾਲ ਸਿੰਘ, ਰਮਨਦੀਪ ਕੌਰ, ਗੁਰਮੀਤ ਸਿੰਘ ਤੇ ਮਨਦੀਪ ਕੌਰ ਹਾਜ਼ਰ ਸਨ।

# ਸਰਕਾਰ ਜਗਰਾਓਂ ਨੂੰ ਪੂਰਨ ਜ਼ਿਲ੍ਹਾ ਐਲਾਨੇ : ਬੀ ਕੇ ਯੂ ਡਕੌਂਦਾ

■ ਪੁਲਸ ਜ਼ਿਲ੍ਹਾ ਜਗਰਾਓਂ ਦੇ ਪਿੰਡਾਂ ਨਾਲ ਛੇੜਛਾੜ ਕੀਤੀ ਤਾਂ ਕਰਾਂਗੇ ਸਖਤ ਵਿਰੋਧ

**ਜਗਰਾਓਂ (ਨਛੱਤਰ ਸੰਧੂ)**-ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਦੀ ਜ਼ਿਲ੍ਹਾ ਪੱਧਰੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਮਾਸਟਰ ਮਹਿੰਦਰ ਸਿੰਘ ਕਮਾਲਪੁਰਾ ਦੀ ਅਗਵਾਈ ਹੇਠ ਸਰਕਾਰ ਵੱਲੋਂ ਰਾਏਕੋਟ ਸਬ ਡਵੀਜ਼ਨ ਨੂੰ ਜ਼ਿਲ੍ਹਾ ਮਲੇਰਕੋਟਲਾ ਨਾਲ ਜੋੜਨ ਸੰਬੰਧੀ ਜਾਰੀ ਹੋਈ ਚਿੱਠੀ ਸੰਬੰਧੀ ਕੀਤੀ ਗਈ, ਜਿਸ ਦੌਰਾਨ ਜ਼ਿਲ੍ਹਾ ਪ੍ਰਧਾਨ ਕਮਾਲਪੁਰਾ ਤੋਂ ਇਲਾਵਾ ਜ਼ਿਲ੍ਹਾ ਸੀਨੀ. ਮੀਤ ਪ੍ਰਧਾਨ ਰਾਜਵੀਰ ਸਿੰਘ ਘੁਡਾਣੀ, ਸੀਨੀ. ਮੀਤ ਪ੍ਰਧਾਨ ਜਗਰੂਪ ਸਿੰਘ ਹਸਨਪੁਰ, ਮੀਤ ਪ੍ਰਧਾਨ ਮਨਜਿੰਦਰ ਸਿੰਘ ਮੋਰਕਰੀਮਾਂ, ਜਨ. ਸਕੱਤਰ ਬਚਿੱਤਰ ਸਿੰਘ ਜਨੇਤਪੁਰਾ, ਜ਼ਿਲ੍ਹਾ ਪ੍ਰੈੱਸ ਸਕੱਤਰ ਹਰਬਖਸ਼ੀਸ਼ ਸਿੰਘ ਰਾਏ ਚੱਕ ਕਾ ਤੇ ਜ਼ਿਲ੍ਹਾ ਵਿੱਤ ਸਕੱਤਰ ਸਤਿਬੀਰ ਸਿੰਘ ਬੋਪਾਰਾਏ ਖੁਰਦ ਨੇ ਸੰਬੋਧਨ ਕਰਦਿਆਂ ਕਿਹਾ ਕਿ ਜਗਰਾਓਂ ਪੁਲਸ ਜ਼ਿਲ੍ਹਾ ਪੁਰਾਣੇ ਸਮੇਂ ਤੋਂ ਚੱਲਿਆ ਆ ਰਿਹਾ ਹੈ, ਕੋਰਟ ਦੇ ਨਾਲ ਨਾਲ ਇੱਥੇ ਵਧੀਕ ਡਿਪਟੀ ਕਮਿਸ਼ਨਰ ਦੀ ਨਿਯੁਕਤੀ ਵੀ ਹੈ, ਜਿਸ ਕਾਰਨ ਜਗਰਾਓਂ ਜ਼ਿਲ੍ਹਾ ਬਣਨ ਵਾਲੀਆਂ ਸਾਰੀਆਂ ਸ਼ਰਤਾਂ ਵੀ ਪੂਰੀਆਂ ਕਰਦਾ ਹੈ, ਜਿਸ ਨਾਲ ਸਬ ਡਵੀਜ਼ਨ ਰਾਏਕੋਟ, ਸਿੱਧਵਾਂ ਬੇਟ, ਮੁੱਲਾਂਪੁਰ ਦਾਖਾ, ਹਠੂਰ ਲੱਗਦੀਆਂ ਹਨ ਤੇ ਇਨ੍ਹਾਂ ਤਹਿਸੀਲਾਂ ਦੇ ਲੋਕ ਵੀ ਬੜੀ ਦੇਰ ਤੋਂ ਜਗਰਾਓਂ ਜ਼ਿਲ੍ਹੇ ਦੀ ਮੰਗ ਕਰਦੇ ਰਹੇ ਹਨ, ਜਦਕਿ ਸਰਕਾਰ ਜਾਣਬੁੱਝ ਕੇ ਲੋਕਾਂ ਨੂੰ ਗੁੰਮਰਾਹ ਕਰਕੇ ਜਗਰਾਓਂ ਜ਼ਿਲ੍ਹਾ ਬਣਾਉਣ ਦੀ ਆਨਾਕਾਨੀ ਕਰਨ ਲਈ ਸਬ ਡਵੀਜ਼ਨ ਰਾਏਕੋਟ ਨੂੰ ਜ਼ਿਲ੍ਹਾ ਮਲੇਰਕੋਟਲੇ ਨਾਲ ਜੋੜਨ ਤੇ ਜਗਰਾਓਂ ਨੂੰ ਜ਼ਿਲ੍ਹਾ ਮੋਗਾ ਨਾਲ ਜੋੜਨ ਦੀਆਂ ਕੋਝੀਆਂ ਚਾਲਾਂ ਚੱਲ ਰਹੀਂ ਹੈ। ਉਨ੍ਹਾਂ ਕਿਹਾ ਕਿ ਜੇਕਰ ਜਗਰਾਓਂ ਪੁਲਸ ਜ਼ਿਲ੍ਹੇ ਨਾਲ ਸੰਬੰਧਤ ਪਿੰਡਾਂ ਨੂੰ ਹੋਰਨਾਂ ਜ਼ਿਲ੍ਹਿਆਂ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਤਾਂ ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਸਖਤ ਵਿਰੋਧ ਕਰੇਗੀ, ਜਿਸ ਦੀ ਜ਼ਿੰਮੇਵਾਰੀ ਪ੍ਰਸ਼ਾਸਨ ਦੀ ਹੋਵੇਗੀ।

ਇਸ ਮੀਟਿੰਗ ਵਿੱਚ ਅਮਨਦੀਪ ਸਿੰਘ ਲਲਤੋਂ, ਹਰਜੀਤ ਸਿੰਘ ਜਨੇਤਪੁਰਾ, ਹਰਚੰਦ ਸਿੰਘ ਢੋਲਣ, ਗਗਨਦੀਪ ਸਿੰਘ ਪਮਾਲੀ, ਕੁਲਵਿੰਦਰ ਸਿੰਘ ਟਿੱਬਾ, ਡਾ. ਜਗਤਾਰ ਸਿੰਘ ਐਤੀਆਣਾ, ਜੰਗੀਰ ਸਿੰਘ ਲੀਹਾਂ, ਗੁਰਸੇਵਕ ਸਿੰਘ ਦਾਖਾ, ਗਗਨਦੀਪ ਸਿੰਘ ਘੁਡਾਣੀ, ਜਗਤਾਰ ਸਿੰਘ ਸਿਆੜ, ਸੁਖਦੇਵ ਸਿੰਘ ਲੇਹਲ, ਸਾਧੂ ਸਿੰਘ ਚੱਕ ਭਾਈ ਕਾ, ਬਲਜਿੰਦਰ ਸਿੰਘ ਜੌਹਲਾਂ, ਬਲਕਾਰ ਸਿੰਘ ਬੋਪਾਰਾਏ ਖੁਰਦ, ਗੁਰਵਿੰਦਰ ਸਿੰਘ ਪੱਖੋਵਾਲ, ਅਮਰਜੀਤ ਸਿੰਘ ਲੀਲ (ਸਾਰੇ ਬਲਾਕ ਪ੍ਰਧਾਨ), ਮਾ. ਭੁਪਿੰਦਰ ਸਿੰਘ ਬੋਪਾਰਾਏ ਖੁਰਦ, ਯੂਥ ਆਗੂ ਇਕਬਾਲ ਸਿੰਘ ਕਾਲਾ ਹੇਰਾਂ, ਕਰਮਜੀਤ ਸਿੰਘ ਪਮਾਲੀ, ਪ੍ਰਦੀਪ ਸਿੰਘ ਸੁਖਾਣਾ, ਜਸਭਿੰਦਰ ਸਿੰਘ ਕਿਸ਼ਨਗੜ੍ਹ ਛੰਨਾਂ, ਜਥੇ. ਸੁਖਦੇਵ ਸਿੰਘ ਦੇਹੜਕਾ ਆਦਿ ਹਾਜ਼ਰ ਸਨ।



# ਮਜ਼ਦੂਰਾਂ ਦੀ ਹੜਤਾਲ ਕਾਰਨ ਮੰਡੀਆਂ 'ਚ ਝੋਨੇ ਦੀਆਂ ਬੋਰੀਆਂ ਦੇ ਲੱਗੇ ਅੰਬਾਰ



**ਸਮਰਾਲਾ (ਸੁਰਜੀਤ ਸਿੰਘ)**

ਝੋਨੇ ਦੀ ਕਟਾਈ ਦਾ ਸੀਜ਼ਨ ਆਪਣੇ ਪੂਰੇ ਜ਼ੋਰਾਂ 'ਤੇ ਹੈ। ਕਿਸਾਨ ਆਪਣੀ ਫਸਲ ਨੂੰ ਕੱਟ ਕੇ ਮੰਡੀਆਂ ਵਿੱਚ ਲਿਆ ਰਹੇ ਹਨ, ਪਰ ਮੰਡੀ ਵਿੱਚ ਮਜ਼ਦੂਰਾਂ ਤੇ ਪੱਲੇਦਾਰਾਂ ਨੇ ਆਪਣੀਆਂ ਮੰਗਾਂ ਨੂੰ ਲੈ ਕੇ ਮੰਗਾਂ ਦੀ ਪੂਰਤੀ ਤੱਕ ਅਣਮਿੱਥੇ ਸਮੇਂ ਲਈ ਹੜਤਾਲ 'ਤੇ ਬੈਠ ਕੇ ਮੰਡੀ ਦੇ ਆਉਣ ਤੇ ਜਾਣ ਦੇ ਰਸਤੇ ਬਲੌਕ ਕਰ ਦਿੱਤੇ ਹਨ। ਨਾ ਝੋਨੇ ਦੀ ਲੱਦੀ ਕੋਈ ਟ੍ਰਾਲੀ ਮੰਡੀ ਵਿੱਚ ਆਈ ਹੈ ਅਤੇ ਨਾ ਹੀ ਲਿਫਟਿੰਗ ਕਰਕੇ ਕੋਈ ਟਰੱਕ ਪੱਲੇਦਾਰਾਂ ਨੇ ਬਾਹਰ ਜਾਣ ਦਿੱਤਾ ਹੈ। ਨਤੀਜੇ ਵਜੋਂ ਹੜਤਾਲ ਦੇ ਅੱਜ ਪਹਿਲੇ ਹੀ ਦਿਨ ਲਿਫਟਿੰਗ ਨਾ ਹੋਣ ਕਾਰਨ ਮੰਡੀ ਵਿੱਚ ਝੋਨੇ ਦੀਆਂ ਬੋਰੀਆਂ ਦੇ ਵੱਡੇ ਢੇਰ ਲੱਗ ਗਏ ਹਨ। ਕਰੀਬ 42 ਹਜ਼ਾਰ ਕਵਿੰਟਲ ਝੋਨਾ ਮੰਡੀ ਵਿੱਚ ਬਲੌਕ ਹੋਇਆ ਪਿਆ ਹੈ। ਮਜ਼ਦੂਰ ਯੂਨੀਅਨ ਦੇ ਆਗੂ ਮੇਜਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਦਿਹਾੜੀ ਵਿੱਚ ਸਰਕਾਰ ਕੋਲ 50%. ਵਾਧੇ ਦੀ ਮੰਗ ਰੱਖੀ ਗਈ ਸੀ, ਸਰਕਾਰ ਨੇ 25 % ਹੀ ਮੰਨੀ ਸੀ, ਪਰ ਮੰਨੀ ਮੰਗ ਦੇ ਬਕਾਏ ਦੀ ਅਦਾਇਗੀ ਵੀ ਸਰਕਾਰ ਵੱਲੋਂ ਨਹੀਂ ਕੀਤੀ ਗਈ। ਉਨ੍ਹਾਂ ਕਿਹਾ ਕਿ ਸਾਡੇ ਸਬਰ ਦੀ ਇੰਤਹਾਂ ਦੇਖੋ ਕਿ ਇਹ ਮੰਗ ਬਾਦਲ ਸਰਕਾਰ ਦੇ ਸਮੇਂ ਦੀ ਲਮਕ ਅਵਸਥਾ ਵਿੱਚ ਪਈ ਹੈ। ਉਨ੍ਹਾਂ ਕਿਹਾ ਕਿ ਹੜਤਾਲ ਤੋਂ ਪਹਿਲਾਂ ਮੌਜੂਦਾ ਸਰਕਾਰ ਨੂੰ ਅਲਟੀਮੇਟਮ ਦਿੱਤਾ ਗਿਆ ਸੀ। ਸਰਕਾਰ ਨੇ ਮੰਗ ਪੂਰੀ ਕਰਨ ਲਈ ਪੰਜ ਦਿਨਾਂ ਦਾ ਸਮਾਂ ਮੰਗਿਆ ਸੀ। 1 ਅਕਤੂਬਰ ਤੋਂ ਮੰਡੀ ਵਿੱਚ ਝੋਨੇ ਦੀ ਆਮਦ ਸ਼ੁਰੂ ਹੋਈ ਹੈ ਤੇ ਉਹ ਆਪਣੀ ਮੰਗ ਦੀ ਪੂਰਤੀ ਦੀ ਉਡੀਕ ਵਿੱਚ ਲਗਾਤਾਰ ਕੰਮ ਕਰ ਰਹੇ ਹਨ। ਜਦੋਂ ਮੰਗਾਂ ਪ੍ਰਤੀ ਸਰਕਾਰ ਦੀ ਬੇਰੁਖੀ ਨਜ਼ਰ ਆਈ ਤਾਂ ਮਜਬੂਰ ਹੋ ਕੇ ਸਰਕਾਰ ਨੂੰ ਜਗਾਉਣ ਲਈ ਉਹ ਮੰਡੀ ਦੇ ਸਾਰੇ ਪੰਜ ਹਜ਼ਾਰ ਮਜ਼ਦੂਰ ਹੜਤਾਲ 'ਤੇ ਬੈਠ ਗਏ ਹਨ। ਜ਼ਿਕਰਯੋਗ ਹੈ ਕਿ ਪੱਲੇਦਾਰਾਂ ਦੀ ਹਮਾਇਤ ਵਿੱਚ ਆੜ੍ਹਤੀਏ ਤੇ ਲੇਖਾਕਾਰ ਵੀ ਹੜਤਾਲ ਦੇ ਸਮਰਥਨ ਵਿੱਚ ਆ ਡਟੇ ਹਨ। ਸਥਾਨਕ ਮਾਰਕੀਟ ਕਮੇਟੀ ਦਫਤਰ ਤੋਂ ਮਿਲੀ ਜਾਣਕਾਰੀ ਮੁਤਾਬਕ ਇੱਕ ਲੱਖ ਕਵਿੰਟਲ ਤੋਂ ਵੱਧ ਝੋਨੇ ਦੀ ਖਰੀਦ ਹੋ ਚੁੱਕੀ ਹੈ ਤੇ ਇਸ ਵਿੱਚੋਂ 66 ਹਜ਼ਾਰ ਕਵਿੰਟਲ ਝੋਨੇ ਦੀ ਲਿਫਟਿੰਗ ਹੋ ਚੁੱਕੀ ਹੈ। ਕਰੀਬ 42 ਹਜ਼ਾਰ ਕਵਿੰਟਲ ਝੋਨਾ ਮੰਡੀ ਵਿੱਚ ਰੁਕਿਆ ਪਿਆ ਹੈ। ਇਸ ਦੌਰਾਨ ਆੜ੍ਹਤੀਆਂ ਐਸੋਸੀਏਸ਼ਨ ਦੇ ਪ੍ਰਧਾਨ ਆਲਮਦੀਪ ਸਿੰਘ ਮੱਲ ਮਾਜਰਾ ਨੇ ਕਿਹਾ ਕਿ ਪੱਲੇਦਾਰਾਂ ਦੀ ਮੰਗ ਮੰਨੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਇਹ ਗਰੀਬ ਤਬਕਾ ਹੈ। ਇਸ ਲਈ ਇਨ੍ਹਾਂ ਦੀ ਆਰਥਿਕਤਾ ਮਜ਼ਬੂਤ ਹੋਣੀ ਚਾਹੀਦੀ ਹੈ। ਉਨ੍ਹਾਂ ਪੱਲੇਦਾਰਾਂ ਨੂੰ ਅਪੀਲ ਕੀਤੀ ਕਿ ਜੋ ਜ਼ਿਮੀਂਦਾਰ ਝੋਨੇ ਦੀ ਟ੍ਰਾਲੀ ਮੰਡੀ ਵਿੱਚ ਲੈ ਕੇ ਆਉਂਦਾ ਹੈ, ਉਹ ਉਤਾਰੀ ਜਾਣੀ ਚਾਹੀਦੀ ਹੈ ਤਾਂ ਜੋ ਕਿਸਾਨ ਦੀ ਖੱਜਲ-ਖੁਆਰੀ ਨਾ ਹੋਵੇ।

# ਸੱਸ-ਨੂੰਹ ਨਾਲ ਲੁੱਟ ਕਰਨ ਵਾਲੇ 2 ਮੁਲਜ਼ਮ ਕਾਬੂ



**ਸਮਰਾਲਾ (ਸੁਰਜੀਤ ਸਿੰਘ)**-ਪਿਛਲੀ 2 ਅਕਤੂਬਰ ਨੂੰ ਸਹਾਇਕ ਸੁਦਾਗਰ ਸਿੰਘ ਥਾਣਾ ਸਮਰਾਲਾ ਕੋਲ ਦਲਵੀਰ ਕੌਰ ਪਤਨੀ ਕਮਲਜੀਤ ਸਿੰਘ ਵਾਸੀ ਸਿਹਾਲਾ ਥਾਣਾ ਸਮਰਾਲਾ ਨੇ ਬਿਆਨ ਲਿਖਵਾਇਆ ਸੀ ਕਿ ਉਹ 2 ਅਕਤੂਬਰ ਨੂੰ ਆਪਣੀ ਨੂੰਹ ਮਨਵੀਰ ਕੌਰ ਨਾਲ ਸਕੂਟਰੀ 'ਤੇ ਸਵਾਰ ਹੋ ਕੇ ਸਮਰਾਲਾ ਤੋਂ ਆਪਣੇ ਘਰ ਨੂੰ ਆ ਰਹੀ ਸੀ, ਤਾਂ ਨੈਸ਼ਨਲ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਬਹਿਲਲਪੁਰ ਰੋਡ ਸਮਰਾਲਾ ਕੋਲ ਇੱਕ ਮੋਟਰਸਾਈਕਲ 'ਤੇ ਸਵਾਰ 2 ਨਾ-ਮਾਲੂਮ ਵਿਅਕਤੀਆਂ ਨੇ ਉਨ੍ਹਾਂ ਦੀ ਸਕੂਟਰੀ 'ਤੇ ਲੱਤ ਮਾਰੀ, ਜਿਸ ਕਰਕੇ ਉਹ ਦੋਨੋਂ ਸੜਕ 'ਤੇ ਡਿੱਗ ਪਈਆਂ ਤੇ ਸਕੂਟਰੀ 'ਤੇ ਟੰਗਿਆ ਪਰਸ, ਜਿਸ 'ਚ 2 ਮੋਬਾਇਲ ਫੋਨ ਮਾਰਕਾ ਸੈਮਸੰਗ, ਕਰੀਬ ਡੇਢ ਤੋਲੇ ਸੋਨੇ ਦੀਆਂ 2 ਮੁੰਦਰੀਆਂ ਤੇ 8000 ਰੁਪਏ ਦੀ ਨਗਦੀ, ਮਨਵੀਰ ਕੌਰ ਦਾ ਪਾਸਪੋਰਟ, 02 ਕਾਰਡ, 02 ਬੈਂਕ ਬੁੱਕਾਂ ਸਨ, ਨੂੰ ਸਕੂਟਰੀ ਤੋਂ ਲਾਹ ਕੇ ਮੌਕੇ ਤੋਂ ਫਰਾਰ ਹੋ ਗਏ ਸਨ, ਜਿਸ 'ਤੇ ਥਾਣਾ ਸਮਰਾਲਾ ਵਿਖੇ ਨਾ-ਮਾਲੂਮ ਮੋਟਰਸਾਈਕਲ ਸਵਾਰ ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਗਿਆ ਸੀ। ਤਫਤੀਸ਼ ਦੌਰਾਨ 07 ਅਕਤੂਬਰ ਨੂੰ ਉਨ੍ਹਾਂ ਕੋਲ ਪੀੜਤਾਂ ਨੇ ਬਿਆਨ ਲਿਖਵਾਇਆ ਕਿ ਉਨ੍ਹਾਂ ਨੂੰ ਪਤਾ ਲੱਗਾ ਹੈ ਕਿ ਉਨ੍ਹਾਂ ਦੇ ਸਾਮਾਨ ਦੀ ਖੋਹ ਕਰਨ ਵਾਲੇ ਵਿਅਕਤੀਆਂ ਦੇ ਨਾਮ ਟੀਟੂ ਸਿੰਘ ਪੁੱਤਰ ਮਲਕੀਤ ਸਿੰਘ (ਉਮਰ ਕਰੀਬ 20 ਸਾਲ) ਵਾਸੀ ਚਹਿਲਾਂ ਤੇ ਇੱਕ ਨਾਬਾਲਗ ਲੜਕਾ ਵਾਸੀ ਚਹਿਲਾਂ ਹਨ, ਜਿਸ 'ਤੇ ਕਾਰਵਾਈ ਕਰਦੇ ਹੋਏ ਸਹਾਇਕ ਥਾਣੇਦਾਰ ਸੁਦਾਗਰ ਸਿੰਘ ਨੇ ਪੁਲਸ ਪਾਰਟੀ ਸਮੇਤ ਮੁਲਜ਼ਮਾਂ ਨੂੰ ਗ੍ਰਿਫਤਾਰ ਕਰਨ ਲਈ ਜਾ ਰਹੇ ਸਨ ਤਾਂ ਭਰਥਲਾ ਕੱਟ ਬਾਈਪਾਸ 'ਤੇ 2 ਨੌਜਵਾਨ ਮੋਟਰਸਾਈਕਲ ਸਮੇਤ ਖੜੇ ਸੀ, ਜਿਨ੍ਹਾਂ ਦੀ ਸ਼ਨਾਖਤ ਕਰਕੇ ਪੀੜਤ ਨੇ ਦੱਸਿਆ ਕਿ ਇਹ ਉਹੀ ਨੌਜਵਾਨ ਹਨ, ਜਿਨ੍ਹਾਂ ਨੇ ਉਨ੍ਹਾਂ ਤੋਂ ਖੋਹ ਕੀਤੀ ਸੀ, ਜਿਸ 'ਤੇ ਦੋਨਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਡੀ ਐੱਸ ਪੀ ਸਮਰਾਲਾ ਨੇ ਦੱਸਿਆ ਕਿ ਇਨ੍ਹਾਂ ਵਿਅਕਤੀਆਂ ਨੇ ਮੋਟਰਸਾਈਕਲ ਨੂੰ ਜਾਲ੍ਹੀ ਨੰਬਰ ਲਗਾਇਆ ਹੋਇਆ ਸੀ, ਜਿਨ੍ਹਾਂ ਪਾਸੋਂ ਬਾਮਦਗੀ ਕਰਵਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਮੁਲਜ਼ਮਾਂ ਨੇ ਇਸ ਤੋਂ ਇਲਾਵਾ 2 ਹੋਰ ਵਾਰਦਾਤਾਂ ਨੂੰ ਵੀ ਅੰਜਾਮ ਦਿੱਤਾ ਹੈ। ਡੀ ਐੱਸ ਪੀ ਨੇ ਦੱਸਿਆ ਕਿ ਮੁਲਜ਼ਮਾਂ ਨੇ ਪੁੱਛਗਿੱਛ ਦੌਰਾਨ ਦੱਸਿਆ ਕਿ ਇਨ੍ਹਾਂ ਵਾਰਦਾਤਾਂ ਵਿੱਚ ਉਨ੍ਹਾਂ ਨਾਲ ਦਿਲਾਵਰ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਚਹਿਲਾਂ ਵੀ ਸ਼ਾਮਲ ਸੀ, ਜਿਸ ਨੂੰ ਮੁਕੱਦਮਾ ਵਿੱਚ ਨਾਮਜ਼ਦ ਕਰਕੇ ਗ੍ਰਿਫਤਾਰ ਕੀਤਾ ਗਿਆ ਹੈ ਤੇ ਉਨ੍ਹਾਂ ਕੋਲੋਂ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ।

# ਭਾਰਤੀਆ ਮਜ਼ਦੂਰ ਸੰਘ ਨੇ ਆੜ੍ਹਤੀਆਂ ਦੇ ਹੱਕ 'ਚ ਲਾਇਆ ਹਾਅ ਦਾ ਨਾਅਰਾ



**ਮੋਗਾ (ਅਮਰਜੀਤ ਬੱਬਰੀ)**-ਪੰਜਾਬ ਦੇ ਆੜ੍ਹਤੀਆਂ ਵੱਲੋਂ ਬੀਤੇ ਲੰਮੇਂ ਸਮੇਂ ਤੋਂ ਪੰਜਾਬ ਆੜ੍ਹਤੀਆ ਐਸੋਸੀਏਸ਼ਨ ਦੇ ਜੁਝਾਰੂ ਪ੍ਰਦੇਸ਼ ਪ੍ਰਧਾਨ ਵਿਜੇ ਕਾਲੜਾ ਦੀ ਅਗਵਾਈ ਵਿੱਚ ਅਪਣੀਆਂ ਮੰਗਾਂ ਦਾ ਹੱਲ ਕਰਵਾਉਣ ਲਈ ਇੱਕ ਜ਼ਬਰਦਸਤ ਅੰਦੋਲਨ ਮੋਗਾ ਸਮੇਤ ਪੰਜਾਬ ਭਰ ਵਿੱਚ ਐੱਫ ਸੀ ਆਈ ਤੇ ਕੇਂਦਰ ਦੀ ਭਾਜਪਾ ਸਰਕਾਰ ਵਿਰੁੱਧ ਕੀਤਾ ਜਾ ਰਿਹਾ ਹੈ। ਮਾਮਲਾਇਹ ਹੈ ਕਿ ਡਗਰੂ ਦੇ ਅਡਾਨੀ ਸਾਈਲੋ ਪਲਾਂਟ ਵਿੱਚ ਕਿਸਾਨਾਂ ਵੱਲੋਂ ਐੱਫ ਸੀ ਆਈ ਨੂੰ ਵੇਚੀ ਗਈ ਖੁੱਲ੍ਹੀ ਕਣਕ 'ਤੇ ਆੜ੍ਹਤੀਆਂ ਨੂੰ ਬਣਦੀ ਆੜ੍ਹਤ ਦੇਣੀ ਬੰਦ ਕੀਤੇ ਜਾਣ ਤੇ ਆੜ੍ਹਤੀਆਂ ਦੀ ਬਣਦੀ 325 ਕਰੋੜ ਦੀ ਆੜ੍ਹਤ ਨਾ ਦਿੱਤੇ ਜਾਣ ਵਿਰੁੱਧ ਪੰਜਾਬ ਭਰ ਦੇ ਆੜ੍ਹਤੀਏ ਕਈ ਮਹੀਨਿਆਂ ਤੋਂ ਇਹ ਐਜੀਟੇਸ਼ਨ ਕਰ ਰਹੇ ਹਨ। ਭਾਜਪਾ ਪੱਖੀ ਮਜ਼ਦੂਰ ਸੰਗਠਨ ਭਾਰਤੀਆ ਮਜ਼ਦੂਰ ਸੰਘ ਪਹਿਲੇ ਦਿਨ ਤੋਂ ਆੜ੍ਹਤੀਆਂ ਦੀਆਂ ਮੰਗਾਂ ਨੂੰ ਜਾਇਜ਼ ਮੰਨਦਿਆਂ ਆੜ੍ਹਤੀਆਂ ਦੀ ਐਜੀਟੇਸ਼ਨ ਦਾ ਸਮਰਥਨ ਕਰ ਰਿਹਾ ਹੈ। ਭਾਰਤੀਆ ਮਜ਼ਦੂਰ ਸੰਘ ਦੇ ਜ਼ਿਲ੍ਹਾ ਪ੍ਰਧਾਨ ਵਿਜੇ ਧੀਰ ਐਡਵੋਕੇਟ ਨੇ ਇੱਕ ਵਾਰ ਫਿਰ ਆੜ੍ਹਤੀਆਂ ਦੀਆਂ ਮੰਗਾਂ ਦਾ ਸਮਰਥਨ ਕਰਦਿਆਂ ਭਾਜਪਾ ਨੂੰ ਨਸੀਹਤ ਦਿੰਦਿਆਂ ਕਿਹਾ ਕਿ ਜ਼ਿਆਦਾਤਰ ਆੜ੍ਹਤੀਏ ਭਾਜਪਾ ਸਮਰਥਕ ਹਨ। ਧੀਰ ਨੇ ਕਿਹਾ ਕਿ ਕੇਵਲ ਲਾਰੇ ਲੱਪੇ ਲਗਾ ਕੇ ਲੋਰੀਆਂ ਸੁਣਾ ਕੇ ਆੜ੍ਹਤੀਆਂ ਦੀ ਸਮੱਸਿਆਂ ਦਾ ਹੱਲ ਨਹੀਂ ਹੋ ਸਕਦਾ ਹੈ। ਹੱਲ ਅਸਲੀਅਤ ਵਿੱਚ ਕੁੱਝ ਕਰਨ ਨਾਲ ਹੁੰਦਾ ਹੈ। ਧੀਰ ਨੇ ਭਾਜਪਾ ਨੂੰ ਨਸੀਹਤ ਦਿੱਤੀ ਕਿ ਜੇਕਰ ਭਾਜਪਾ ਅਪਣੇ ਰਵਾਇਤੀ ਵੋਟਰਾਂ ਨੂੰ ਨਰਾਜ਼ ਕਰਦੀ ਜਾਏਗੀ ਤਾਂ ਫਿਰ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਕਿਹੜੇ ਲੋਕ ਭਾਜਪਾ ਨੂੰ ਵੋਟਾਂ ਪਾਉਣਗੇ। ਧੀਰ ਨੇ ਕਿਹਾ ਕਿ ਪੰਜਾਬ ਵਿੱਚ 45000 ਆੜ੍ਹਤੀਏ ਹਨ, ਜਿਨ੍ਹਾਂ ਨਾਲ ਕਰੀਬ 8 ਲੱਖ ਮਜ਼ਦੂਰ ਜੁੜੇ ਹੋਏ ਹਨ। ਧੀਰ ਨੇ ਕਿਹਾ ਕਿ ਜੇਕਰ ਆੜ੍ਹਤੀਆਂ ਦਾ ਰੋਜ਼ਗਾਰ ਸਮਾਪਤ ਹੋਵੇਗਾ ਤਾਂ 8 ਲੱਖ ਮਜ਼ਦੂਰਾਂ ਦਾ ਵੀ ਰੋਜ਼ਗਾਰ ਸਮਾਪਤ ਹੋਵੇਗਾ। ਆੜ੍ਹਤੀਆਂ ਵੱਲੋਂ ਆੜ੍ਹਤੀਆ ਐਸੋਸੀਏਸ਼ਨ ਜ਼ਿਲ੍ਹਾ ਮੋਗਾ ਦੇ ਪ੍ਰਧਾਨ ਸਮੀਰ ਜੈਨ ਦੀ ਅਗਵਾਈ ਵਿੱਚ ਬੀਤੇ ਦਿਨ ਭਾਜਪਾ ਦੇ ਰਾਸ਼ਟਰੀ ਸੰਗਠਨ ਮੰਤਰੀ ਪੀ ਨਿਵਾਸੁਲ ਦਾ ਘਿਰਾਓ ਕਰਨ ਨੂੰ ਮੰਦਭਾਗਾ ਦੱਸਦਿਆਂ ਵਿਜੇ ਧੀਰ ਨੇ ਕਿਹਾ ਕਿ ਜਦੋਂ ਆੜ੍ਹਤੀਆਂ ਦੀ ਸੁਣਵਾਈ ਨਹੀਂ ਹੋ ਰਹੀ ਹੈ ਤਾਂ ਫਿਰ ਅਜਿਹੇ ਘਿਰਾਓ ਸੰਭਾਵਿਤ ਹੁੰਦੇ ਹਨ। ਇਸ ਮੌਕੇ ਭਾਰਤੀਆ ਮਜ਼ਦੂਰ ਸੰਘ ਨੇ ਮੰਡੀ ਮਜ਼ਦੂਰਾਂ ਦੀ ਮਜ਼ਦੂਰੀ ਵਿੱਚ 25% ਵਾਧਾ ਕਰਨ ਦੀ ਮੰਗ ਨੂੰ ਜਾਇਜ਼ ਦਸਦਿਆਂ ਮੰਡੀ ਮਜ਼ਦੂਰਾਂ ਦੀ ਐਜੀਟੇਸ਼ਨ ਦਾ ਵੀ ਸਮਰਥਨ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪੱਲੇਦਾਰਾਂ ਦੇ ਸੂਬਾ ਆਗੂ ਕੇਵਲ ਸਿੰਘ ਸਾਬਕਾ ਮੈਂਬਰ ਪਾਰਲੀਮੈਂਟ, ਕ੍ਰਾਂਤੀਕਾਰੀ ਭੱਠਾ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਪ੍ਰਵੀਨ ਕੁਮਾਰ ਸ਼ਰਮਾ, ਮਦਨ ਲਾਲ ਬੋਹਤ, ਅਨਿਲ ਯਾਦਾ, ਈ ਰਿਕਸ਼ਾ ਮਜ਼ਦੂਰ ਸੰਘ ਦੇ ਪ੍ਰਧਾਨ ਜਸਵਿੰਦਰ ਸਿੰਘ ਡੱਡ, ਜਨਰਲ ਸਕੱਤਰ ਮੇਜਰ ਸਿੰਘ ਲੰਡੇ ਕੇ, ਸੇਵਕ ਸਿੰਘ, ਸੋਨੂੰ, ਹਰਜੀਤ ਸਿੰਘ, ਰਿੰਪੀ, ਛਿੰਦਾ, ਰੇਸ਼ਮ ਸਿੰਘ, ਦਰਸ਼ਨ ਸਿੰਘ ਜੌੜਾ, ਵਿਜੇ ਕੁਮਾਰ, ਸੋਮਨਾਥ, ਗਗਨ, ਕਰਨ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

## ਕਾਤਰਾਂ

### ਬੱਸ ਤੇ ਮੋਟਰਸਾਈਕਲ ਦੀ ਟੱਕਰ 'ਚ ਇੱਕ ਦੀ ਮੌਤ

**ਤਲਵੰਡੀ ਸਾਬੋ (ਜਗਦੀਪ ਗਿੱਲ)**-ਸ਼ਨੀਵਾਰ ਵਾਪਰੇ ਇੱਕ ਸੜਕ ਹਾਦਸੇ ਦੌਰਾਨ ਇੱਕ ਨੌਜਵਾਨ ਦੀ ਮੌਤ ਹੋ ਜਾਣ ਦਾ ਸਮਾਚਾਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਨੌਜਵਾਨ ਲਖਵਿੰਦਰ ਸਿੰਘ ਪੁੱਤਰ ਗੁਰਦੀਪ ਸਿੰਘ ਉਰਫ ਗੋਰਾ, ਜੋ ਕਿ ਤਲਵੰਡੀ ਸਾਬੋ ਰਹਿੰਦਾ ਸੀ ਤੇ ਰੋੜੀ (ਹਰਿਆਣਾ) ਕਿਸੇ ਫਾਈਨਾਂਸ ਕੰਪਨੀ ਵਿੱਚ ਕੰਮ ਕਰਦਾ ਸੀ। ਲਖਵਿੰਦਰ ਸਿੰਘ ਰੋਜ਼ਾਨਾ ਦੀ ਤਰ੍ਹਾਂ ਅੱਜ ਵੀ ਮੋਟਰਸਾਈਕਲ 'ਤੇ ਸਵਾਰ ਹੋ ਕੇ ਤਲਵੰਡੀ ਸਾਬੋ ਤੋਂ ਰੋੜੀ ਨੂੰ ਜਾ ਰਿਹਾ ਸੀ ਕਿ ਸੀਂਗੋ ਮੰਡੀ ਤੋਂ ਅੱਗੇ ਅਚਾਨਕ ਇੱਕ ਬੱਸ ਨਾਲ ਟੱਕਰ ਹੋਣ 'ਤੇ ਲਖਵਿੰਦਰ ਸਿੰਘ ਦੀ ਮੌਕੇ 'ਤੇ ਮੌਤ ਹੋ ਗਈ। ਦੱਸਿਆ ਜਾਂਦਾ ਹੈ ਕਿ ਬੱਸ ਦਾ ਡਰਾਈਵਰ ਤੇ ਕੰਡਕਟਰ ਮੌਕੇ 'ਤੇ ਭੱਜਣ ਵਿੱਚ ਕਾਮਯਾਬ ਹੋ ਗਏ। ਪਤਾ ਲੱਗਦਿਆਂ ਹੀ ਪਿੰਡ ਵਾਸੀ ਇਕੱਤਰ ਹੋਏ 'ਤੇ ਪੁਲਸ ਵੀ ਘਟਨਾ ਵਾਲੀ ਜਗ੍ਹਾ 'ਤੇ ਪਹੁੰਚ ਗਈ। ਮ੍ਰਿਤਕ ਦੀ ਦੇਹ ਨੂੰ ਸਹਾਰਾ ਕਲੱਬ ਤਲਵੰਡੀ ਸਾਬੋ ਦੇ ਵਰਕਰਾਂ ਵੱਲੋਂ ਸਿਵਲ ਹਸਪਤਾਲ ਤਲਵੰਡੀ ਸਾਬੋ ਵਿਖੇ ਲਿਆਂਦਾ ਗਿਆ। ਖਬਰ ਲਿਖੇ ਜਾਣ ਤੱਕ ਪੁਲਸ ਕਾਰਵਾਈ ਵਿੱਚ ਜੁਟੀ ਹੋਈ ਸੀ।

### ਨੰਨ੍ਹੇ ਵਿਦਿਆਰਥੀਆਂ ਨੂੰ ਫਿਲਮ ਦਿਖਾਈ

**ਅਜੀਤਵਾਲ (ਨਛੱਤਰ ਸੰਧੂ)**-ਇਲਾਕੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਹੋਲੀ ਹਾਰਟ ਸਕੂਲ ਅਜੀਤਵਾਲ ਵਿਖੇ ਵਿਦਿਆਰਥੀਆਂ ਦੇ ਬੌਧਿਕ ਅਤੇ ਮਾਨਸਿਕ ਵਿਕਾਸ ਲਈ ਸਮੇਂ ਸਮੇਂ 'ਤੇ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਹਨ। ਜਿਸ ਦੌਰਾਨ ਨਰਸਰੀ ਜਮਾਤ ਦੇ ਨੰਨ੍ਹੇ ਵਿਦਿਆਰਥੀਆਂ ਨੂੰ ਕਾਰਟੂਨ ਫਿਲਮ ਦਿਖਾਈ ਗਈ। ਇਸ ਮੌਕੇ ਸਕੂਲ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ਼੍ਰੇਆ ਪਲਤਾ ਅਤੇ ਸਕੂਲ ਪ੍ਰਿੰਸੀਪਲ ਸਾਕਸ਼ੀ ਗੁਲੇਰੀਆ ਨੇ ਕਿਹਾ ਕਿ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਕਰਵਾਉਣ ਦਾ ਮੁੱਖ ਮਕਸਦ ਵਿਦਿਆਰਥੀਆਂ ਦਾ ਮਾਨਸਿਕ ਵਿਕਾਸ ਕਰਨਾ ਹੈ। ਬੱਚੇ ਹਰ ਸਮੇਂ ਪੜ੍ਹਾਈ ਵਿੱਚ ਲੱਗੇ ਰਹਿੰਦੇ ਹਨ, ਜਿਸ ਨਾਲ ਬੱਚਿਆਂ ਦਾ ਦਿਮਾਗ ਤਾਜ਼ਾ ਨਹੀਂ ਹੁੰਦਾ। ਕਾਰਟੂਨ ਫਿਲਮਾਂ ਨਾਲ ਬੱਚਿਆਂ ਦਾ ਦਿਮਾਗ ਤਾਜਾ ਰਹਿੰਦਾ ਹੈ ਅਤੇ ਉਨ੍ਹਾਂ ਦਾ ਮਨ ਪੜ੍ਹਾਈ ਵਿੱਚ ਲਗਦਾ ਹੈ। ਇਸ ਮੌਕੇ ਸਮੂਹ ਸਕੂਲ ਸਟਾਫ ਹਾਜ਼ਰ ਸੀ।

### ਸਿਹਤ ਵਿਭਾਗ ਦੇ ਸਹਿਯੋਗ ਨਾਲ ਕੱਢੀ ਗਈ ਜਾਗਰੂਕਤਾ ਰੈਲੀ

**ਮੁਕਤਸਰ (ਸ਼ਮਿੰਦਰਪਾਲ, ਪੂਜਾ)**-ਸਿਹਤ ਵਿਭਾਗ ਦੇ ਸਹਿਯੋਗ ਨਾਲ ਜਾਗਰੂਕਤਾ ਰੈਲੀ ਕੱਢੀ ਗਈ। ਇਸ ਰੈਲੀ ਦੌਰਾਨ ਬੱਚਿਆਂ ਦਾ ਮੁਕੰਮਲ ਟੀਕਾਕਰਨ ਕਰਾਉਣ ਨੂੰ ਪ੍ਰੇਰਤ ਕੀਤਾ ਗਿਆ। ਰੈਲੀ 'ਚ ਜਲਾਲਾਬਾਦ ਰੋਡ ਬਾਈਪਾਸ ਸਥਿਤ ਸਰਕਾਰੀ ਪ੍ਰਾਇਮਰੀ ਸਕੂਲ ਦੇ ਬੱਚਿਆਂ ਨੇ ਵੀ ਸ਼ਾਮਲ ਹੋ ਕੇ ਟੀਕਾਕਰਨ ਕਰਾਉਣ ਸਬੰਧੀ ਜਾਗਰੂਕਤਾ ਸੰਦੇਸ਼ ਦਿੱਤਾ। ਰੈਲੀ ਦੌਰਾਨ ਬੁਲਾਰਿਆਂ ਨੇ ਮਿਸ਼ਨ ਇੰਦਰਧਨੁਸ 5.0 ਰਾਊਂਡ -2 ਤਹਿਤ ਬੱਚਿਆਂ ਦੇ ਮੁਕੰਮਲ ਟੀਕਾਕਰਨ ਦੀ ਗੱਲ 'ਤੇ ਜ਼ੋਰ ਦਿੱਤਾ। ਰੈਲੀ ਨੂੰ ਸਫਲ ਬਣਾਉਣ 'ਚ ਸਾਰਡ ਸੋਸਾਇਟੀ ਦੀ ਸਮੁੱਚੀ ਟੀਮ ਤੋਂ ਇਲਾਵਾ ਸਿਹਤ ਵਿਭਾਗ ਤੋਂ ਏ.ਐਨ.ਐਮ ਵਰਕਰ ਸੀਨੂ, ਨਿਸ਼ਾ ਰਾਣੀ, ਮੀਨੂ ਰਾਣੀ, ਸੁਮਨ ਰਾਣੀ ਆਦਿ ਨੇ ਵੀ ਸਹਿਯੋਗ ਦਿੱਤਾ।

# ਦੀ ਗੁਰੂ ਹਰਸਹਾਏ ਪ੍ਰੈੱਸ ਕਲੱਬ ਦੀ ਸਰਬ-ਸੰਮਤੀ ਨਾਲ ਚੋਣ



ਨਵੇਂ ਚੁਣੇ ਗਏ ਪ੍ਰਧਾਨ ਕਲੱਬ ਦੇ ਮੈਂਬਰਾਂ ਨਾਲ।

**ਗੁਰੂ ਹਰਸਹਾਏ (ਸਿਕਰੀ)**-ਦੀ ਗੁਰੂ ਹਰਸਹਾਏ ਪ੍ਰੈੱਸ ਕਲੱਬ (ਰਜਿ.) ਦੀ ਮੀਟਿੰਗ ਪ੍ਰੈੱਸ ਦੇ ਬਣੇ ਦਫਤਰ ਵਿਖੇ ਹੋਈ। ਇਸ ਮੌਕੇ ਕਲੱਬ ਦੇ ਸਮੂਹ ਪੱਤਰਕਾਰਾਂ ਨੇ ਇਸ ਮੀਟਿੰਗ ਵਿੱਚ ਭਾਗ ਲਿਆ ਤੇ ਇਸ ਮੌਕੇ ਗੁਰੂ ਹਰਸਹਾਏ ਪ੍ਰੈੱਸ ਕਲੱਬ ਦੀ ਚੋਣ ਕੀਤੀ ਗਈ। ਇਸ ਮੌਕੇ ਸਾਰੇ ਮੈਂਬਰਾਂ ਨੇ ਸਰਬ ਸੰਮਤੀ ਨਾਲ ਕਪਿਲ ਕੰਧਾਰੀ ਨੂੰ ਦੀ ਗੁਰੂ ਹਰਸਹਾਏ ਪ੍ਰੈੱਸ ਕਲੱਬ ਦਾ ਪ੍ਰਧਾਨ ਚੁਣਿਆ ਗਿਆ। ਇਸ ਦੇ ਨਾਲ ਹੀ ਮਨਜੀਤ ਸਾਉਂਣਾ ਨੂੰ ਵਾਈਸ ਪ੍ਰਧਾਨ, ਸੁਨੀਲ ਆਵਲਾ ਨੂੰ ਚੇਅਰਮੈਨ, ਫਕੀਰ ਚੰਦ ਸਿਕਰੀ ਨੂੰ ਸਰਪ੍ਰਸਤ, ਗਗਨ ਮੱਕੜ ਨੂੰ ਸੈਕਟਰੀ, ਬਲਜਿੰਦਰ ਹਾਂਡਾ ਨੂੰ ਕੈਸ਼ੀਅਰ, ਜੀਵਨ ਜੋਤ ਕੌਰ, ਸੁਰਿੰਦਰ ਹਾਂਡਾ, ਰਜਿੰਦਰ ਕੰਬੋਜ ਨੂੰ ਮੈਂਬਰ ਨਿਯੁਕਤ ਕੀਤਾ ਗਿਆ। ਇਸ ਮੌਕੇ ਪ੍ਰਧਾਨ ਕਪਿਲ ਕੰਧਾਰੀ ਨੇ ਜਿੱਥੇ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ, ਉੱਥੇ ਹੀ ਉਨ੍ਹਾਂ ਨੇ ਕਿਹਾ ਕਿ ਸਮੂਹ ਮੈਂਬਰਾਂ ਵੱਲੋਂ, ਜੋ ਵਿਸ਼ਵਾਸ ਕਰਕੇ ਉਨ੍ਹਾਂ ਨੂੰ ਪ੍ਰਧਾਨ ਦੀ ਜ਼ਿੰਮੇਦਾਰੀ ਸੌਂਪੀ ਹੈ, ਉਹ ਉਸ 'ਤੇ ਖਰੇ ਉਤਰਨ ਦਾ ਯਤਨ ਕਰਨਗੇ ਤੇ ਫੀਲਡ ਵਿੱਚ ਪੱਤਰਕਾਰਾਂ ਨੂੰ ਆਉਂਦੀਆਂ ਸਮੱਸਿਆਵਾਂ ਦਾ ਹੱਲ ਪਹਿਲ ਦੇ ਅਧਾਰ 'ਤੇ ਕਰਵਾਉਣਗੇ।

# ਸਹੂਲਤਾਂ ਖੋਹਣ ਦੇ ਵਿਰੋਧ 'ਚ ਅੰਗਹੀਣਾਂ ਕੈਬਨਿਟ ਮੰਤਰੀ ਦੀ ਫੂਕੀ ਅਰਥੀ



**ਮਾਨਸਾ (ਪਮਾਰ)**-ਸਮੇਂ ਦੀਆਂ ਸਰਕਾਰ ਤੋਂ ਆਪਣੇ ਹੱਕ ਲੈਣ ਲਈ ਲੰਬੇ ਸਮੇਂ ਤੋਂ ਸੰਘਰਸ਼ ਕਰਦੇ ਆ ਰਹੇ ਅੰਗਹੀਣਾਂ ਪ੍ਰਤੀ ਆਪ ਸਰਕਾਰ ਦੇ ਮਤਰੇਈ ਮਾਂ ਵਾਲੇ ਸਲੂਕ ਖਿਲਾਫ ਫਿਜੀਕਲੀ ਹੈਂਡੀਕੈਪਡ ਐਸੋਸੀਏਸ਼ਨ ਵੱਲੋਂ ਡਿਪਟੀ ਕਮਿਸ਼ਨਰ ਦਫਤਰ ਮੂਹਰੇ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਦੀ ਅਰਥੀ ਫੂਕ ਕੇ ਪੰਜਾਬ ਸਰਕਾਰ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ।

ਇਸ ਤੋਂ ਪਹਿਲਾਂ ਆਪਣੇ ਮਸਲਿਆਂ ਦੇ ਹੱਲ ਸਬੰਧੀ ਬਾਲ ਭਵਨ ਮਾਨਸਾ ਵਿਖੇ ਇਕੱਤਰ ਹੋਏ ਅੰਗਹੀਣਾਂ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਪ੍ਰਧਾਨ ਅਵਿਨਾਸ਼ ਸ਼ਰਮਾ ਨੇ ਫਗਵਾੜਾ ਵਿਖੇ ਸੰਘਰਸ਼ ਕਰ ਰਹੇ ਅੰਗਹੀਣਾਂ 'ਤੇ ਪੰਜਾਬ ਪੁਲਸ ਵੱਲੋਂ ਕੀਤੇ ਗਏ ਲਾਠੀਚਾਰਜ ਦੀ ਸਖਤ ਨਿੰਦਾ ਕਰਦਿਆਂ ਕਿਹਾ ਕਿ ਉਹ ਆਪ ਸਰਕਾਰ ਦੇ ਵਿਧਾਇਕਾਂ ਤੇ ਵਜ਼ੀਰਾਂ ਨੂੰ ਅੰਗਹੀਣਾਂ ਦੀਆਂ ਸਮੱਸਿਆਵਾਂ ਹੱਲ ਕਰਵਾਉਣ ਸਬੰਧੀ ਕਈ ਮੰਗ ਪੱਤਰ ਦੇ ਚੁੱਕੇ ਹਨ, ਇਸ ਤੋਂ ਇਲਾਵਾ ਕੈਬਨਿਟ ਮੰਤਰੀ ਡਾ. ਬਲਜੀਤ ਕੌਰ, ਵਿੱਤ ਮੰਤਰੀ ਹਰਪਾਲ ਚੀਮਾ ਤੇ ਸਿਹਤ ਮੰਤਰੀ ਬਲਵੀਰ ਸਿੰਘ ਆਦਿ ਨੂੰ ਮਿਲ ਕੇ ਵੀ ਕਈ ਵਾਰ ਮਸਲਿਆਂ ਦੇ ਹੱਲ ਕਰਨ ਅਰਜ਼ੋਈਆਂ ਕਰ ਚੁੱਕੇ ਹਨ। ਇਸ ਦੇ ਬਾਵਜੂਦ ਆਪ ਸਰਕਾਰ ਉਨ੍ਹਾਂ ਦੇ ਮਸਲਿਆਂ ਦਾ ਹੱਲ ਕਰਨ ਦੀ ਬਜਾਏ ਉਨ੍ਹਾਂ ਨੂੰ ਪਹਿਲਾਂ ਤੋਂ ਮਿਲਦੀਆਂ ਸਹੂਲਤਾਂ ਵੀ ਖੋਹਣ ਵਿੱਚ ਜੁੱਟ ਗਈ ਹੈ, ਜਿਸ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਸਮੇਂ 50 ਫੀਸਦੀ ਅਪੰਗਤਾ ਵਾਲੇ ਵਿਅਕਤੀ ਸਮੇਤ ਉਸ 'ਤੇ ਨਿਰਭਰ ਪਤਨੀ ਤੇ ਦੋ ਬੱਚਿਆਂ ਨੂੰ ਸਮਾਜਿਕ ਸੁਰੱਖਿਆ ਸਕੀਮ ਅਧੀਨ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ, ਪਰ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਮਗਰੋਂ ਉਨ੍ਹਾਂ ਨੂੰ ਮਿਲਣ ਵਾਲੀ ਇਸ ਸਹੂਲਤ ਨੂੰ ਬੰਦ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਲਗਭਗ ਹਰ ਵਿਭਾਗ ਕੋਲ ਅੰਗਹੀਣਾਂ ਰੋਜ਼ਗਾਰ ਦੇਣ ਲਈ ਅਸਾਮੀਆਂ ਖਾਲੀ ਪਈਆਂ ਹਨ, ਪਰ ਗਲਤ ਸਰਕਾਰੀ ਨੀਤੀਆਂ ਕਾਰਨ ਇਨ੍ਹਾਂ ਵਿਅਕਤੀਆਂ ਨੂੰ ਰੋਜ਼ਗਾਰ ਨਹੀਂ ਮਿਲ ਰਿਹਾ ਅਤੇ ਉਨ੍ਹਾਂ ਨੂੰ ਆਪਣਾ ਜੀਵਨ ਬਸਰ ਕਰਨ ਲਈ ਲੋੜੀਂਦੀਆਂ ਸਹੂਲਤਾਂ ਨਹੀਂ ਦਿੱਤੀਆਂ ਜਾ ਰਹੀਆਂ। ਉਨ੍ਹਾਂ ਪੰਜਾਬ ਸਰਕਾਰ ਵੱਲੋਂ ਅੰਗਹੀਣਾਂ ਪ੍ਰਤੀ ਅਪਣਾਏ ਜਾ ਰਹੇ ਗਲਤ ਰਵੱਈਏ ਦੀ ਸਖਤ ਨਿੰਦਾ ਕਰਦਿਆਂ ਚਿਤਾਵਨੀ ਦਿੱਤੀ ਹੈ ਕਿ ਜੇ ਪੰਜਾਬ ਸਰਕਾਰ ਸਰਕਾਰ ਨੇ ਅੰਗਹੀਣਾਂ ਦੇ ਮਸਲਿਆਂ ਵੱਲ ਹੁਣ ਵੀ ਧਿਆਨ ਨਾ ਦਿੱਤਾ ਗਿਆ ਤਾਂ ਉਹ ਪੰਜਾਬ ਸਰਕਾਰ ਵਿਰੁੱਧ ਸੰਘਰਸ਼ ਨੂੰ ਹੋਰ ਤੇਜ਼ ਕਰਨ ਲਈ ਮਜਬੂਰ ਹੋਣਗੇ।

ਇਸ ਮੌਕੇ ਸੁਖਜੀਤ ਸਿੰਘ ਘੁੱਦੂਵਾਲ, ਕਪਿਲ ਕੁਮਾਰ, ਸਮਸ਼ੇਰ ਸਿੰਘ ਢੈਪਈ, ਸ਼ਮਸ਼ੇਰ ਸਿੰਘ ਕਾਨੂੰਗੋ, ਸੁਖਵਿੰਦਰ ਸਿੰਘ, ਜਗਜੀਤ ਦਾਸ, ਤਰਸੇਮ ਕੁਮਾਰ, ਬਲਵਿੰਦਰ ਸਿੰਘ, ਬਾਦਲ ਸਿੰਘ, ਬੀਰਾਂ ਦੇਵੀ, ਰਨਵੀਰ ਕੌਰ, ਕਮਲਜੀਤ ਕੌਰ, ਮੱਖਣ ਸਿੰਘ, ਮਨਦੀਪ ਸਿੰਘ ਭੀਖੀ, ਗੁਰਦੀਪ ਸਿੰਘ, ਬਿਕਰਮ ਸਿੰਘ, ਪ੍ਰਗਟ ਸਿੰਘ ਰੱਲਾ, ਹਰਸ਼ਦੀਪ ਸਿੰਘ ਉੱਭਾ ਤੇ ਤਰਸੇਮ ਸਿੰਘ ਆਦਿ ਨੇ ਵੀ ਸੰਬੋਧਨ ਕੀਤਾ।

# ਸਰਕਾਰ ਦੀਆਂ ਪੈਨਸ਼ਨਰਜ਼ ਵਿਰੋਧੀ ਨੀਤੀਆਂ ਦੀ ਸਖਤ ਨਿੰਦਾ



**ਦੋਰਾਹਾ (ਦੋਰਾਹਾ)**-ਗੌਰਮਿੰਟ ਪੈਨਸ਼ਨਰਜ਼ ਦੀ ਮਹੀਨਾਵਾਰ ਮੀਟਿੰਗ ਪਵਨ ਕੁਮਾਰ ਕੌਸ਼ਲ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਬੁਲਾਰਿਆਂ ਨੇ ਸਰਕਾਰ ਦੀ ਪੈਨਸ਼ਨਰਜ਼ ਵਿਰੋਧੀ ਨੀਤੀ ਅਤੇ ਵਾਜਬ ਤੇ ਪਹਿਲੋਂ ਮੰਨੀਆਂ ਮੰਗਾਂ ਲਾਗੂ ਨਾ ਕਰਨ ਤੇ ਪੈਨਸ਼ਨਰਜ਼ ਜਾਇੰਟ ਫਰੰਟ ਨਾਲ ਮੀਟਿੰਗਾਂ ਤਹਿ ਕਰਕੇ ਨਾ ਬਲਾਉਣ ਦੀ ਸਖਤ ਨਿਖੇਧੀ ਕੀਤੀ ਅਤੇ ਜਲਦੀ ਮੰਗਾਂ ਨਾ ਮੰਨਣ 'ਤੇ ਪੈਨਸ਼ਨਰਜ਼ ਨੂੰ ਵਿੱਢੇ ਜਾਣ ਵਾਲੇ ਸੰਘਰਸ਼ ਵਿੱਚ ਮਜਬੂਰਨ ਸ਼ਾਮਲ ਹੋਣਾ ਪਵੇਗਾ, ਜਿਸ ਦੀ ਜ਼ਿੰਮੇਵਾਰੀ ਸਰਕਾਰ ਦੀ ਹੋਵੇਗੀ। ਗੌਰਮਿੰਟ ਐਸੋਸੀਏਸ਼ਨ ਦੇ ਮੁੱਖ ਬੁਲਾਰੇ ਪਵਨ ਕੁਮਾਰ ਕੌਸ਼ਲ ਨੇ ਕਿਹਾ ਕਿ ਪੈਨਸ਼ਨ ਕੋਈ ਖੈਰਾਤ ਨਹੀਂ, ਸਗੋਂ ਪੈਨਸ਼ਨਰਜ਼ ਆਪਣੇ ਹੱਕ ਦੀ ਮੰਗ ਕਰ ਰਹੇ ਹਨ। ਮੰਗਾਂ ਵਿੱਚ 2.59 ਗੁਣਾਂਕ ਨਾਲ ਪੈਨਸ਼ਨ ਦੁਹਰਾਈ, 1.1.2016 ਤੋਂ ਡੀ ਏ ਦਾ ਬਕਾਇਆ, ਡਾਕਟਰੀ ਇਲਾਜ ਦੀ ਕੈਸ਼ਲੈਸ ਸਕੀਮ ਮੁੜ ਲਾਗੂ ਕਰਨਾ, ਡੀ ਏ ਦੀਆਂ ਰਹਿੰਦੇ ਡੀ ਏ ਦੀਆਂ ਕਿਸ਼ਤਾਂ ਜਾਰੀ ਕਰਨ ਤੇ ਹੋਰ ਮੰਨੀਆਂ ਮੰਗਾਂ ਲਾਗੂ ਕੀਤੀਆਂ ਜਾਣ। ਕਰਮ ਸਿੰਘ ਨੇ ਕਿਹਾ ਕਿ ਸਰਕਾਰ ਪੈਨਸ਼ਨਰਾਂ, ਮੁਲਾਜ਼ਮਾਂ ਤੇ ਹੋਰ ਜਥੇਬੰਦੀਆਂ ਦਾ ਮੰਗਾਂ ਪ੍ਰਤੀ ਧਿਆਨ ਹੋਰ ਪਾਸੇ ਕਰਨ ਹਿੱਤ ਵਿਜੀਲੈਂਸ ਦੀ ਦੁਰਵਰਤੋਂ ਕਰ ਰਹੀ ਹੈ। ਮੀਟਿੰਗ ਮੁਰਾਰੀ ਲਾਲ ਗੋਇਲ, ਰੁਪਿੰਦਰ ਸਿੰਘ, ਰਣਜੀਤ ਸਿੰਘ ਟਿਵਾਣਾ, ਦਲੀਪ ਸਿੰਘ ਤੇ ਹੋਰਨਾਂ ਨੇ ਆਪਣੇ ਵਿਚਾਰ ਰੱਖੇ।

# ਵਿਧਾਇਕ ਨੇ ਅਨਾਜ ਮੰਡੀ 'ਚ ਝੋਨੇ ਦੀ ਖਰੀਦ ਸ਼ੁਰੂ ਕਰਵਾਈ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਬਾਘਾ ਪੁਰਾਣਾ ਦੀ ਅਨਾਜ ਮੰਡੀ ਵਿੱਚ ਆਮ ਆਦਮੀ ਪਾਰਟੀ ਦੇ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਵੱਲੋਂ ਝੋਨੇ ਦੀ ਫਸਲ ਦੀ ਖਰੀਦ ਸ਼ੁਰੂ ਕਰਵਾ ਕੇ ਲੱਡੂਆਂ ਨਾਲ ਮੂੰਹ ਮਿੱਠਾ ਕਰਵਾਇਆ ਗਿਆ। ਉਨ੍ਹਾ ਨਾਲ ਰਮਨ ਮਿੱਤਲ ਰਿੰਪੀ ਪੰਜਾਬ ਟ੍ਰੇਡ ਵਿੰਗ ਪ੍ਰਧਾਨ, ਪਵਨ ਗੁਪਤਾ ਹਾਜ਼ਰ ਸਨ। ਇਸ ਮੌਕੇ ਵੇਅਰ ਹਾਊਸ ਏਜੰਸੀ ਦੇ ਇੰਸਪੈਕਟਰ ਅਮਨਦੀਪ ਸਿੰਘ, ਪਨਗ੍ਰੇਨ ਦੇ ਅੰਮ੍ਰਿਤਪਾਲ ਸਿੰਘ, ਮਾਰਕਫੈੱਡ ਕੁਲਦੀਪ ਸਿੰਘ ਬਰਾੜ ਮੈਨੇਜਰ, ਪਨਸਪ ਦੇ ਸੁਰਿੰਦਰ ਸਿੰਘ ਏਜੰਸੀਆਂ ਵੱਲੋਂ ਖਰੀਦ ਕੀਤੀ ਗਈ। ਇਸ ਮੌਕੇ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਨੇ ਕਿਹਾ ਕਿ ਝੋਨੇ ਦੀ ਕਟਾਈ ਦੇ ਸੀਜ਼ਨ ਦੌਰਾਨ ਆੜ੍ਹਤੀਆਂ, ਕਿਸਾਨਾਂ ਤੇ ਮਜ਼ਦੂਰਾਂ ਨੂੰ ਕਿਸੇ ਕਿਸਮ ਦੀ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਝੋਨੇ ਦੀ ਫਸਲ ਨੂੰ ਚੰਗੀ ਤਰ੍ਹਾਂ ਸੁਕਾ ਕੇ ਮੰਡੀ ਵਿੱਚ ਲਿਆਂਦਾ ਜਾਵੇ। ਇਸ ਮੌਕੇ ਮਾਰਕਿਟ ਕਮੇਟੀ ਦੇ ਇੰਚਾਰਜ ਅੰਮ੍ਰਿਤਪਾਲ ਸਿੰਘ, ਸੈਕਟਰੀ ਹਰਜੀਤ ਸਿੰਘ ਖਹਿਰਾ, ਮਹਾਂਵੀਰ ਸ਼ਰਮਾ ਤੇ ਹੋਰ ਸ਼ਾਮਲ ਸਨ। ਇਸ ਮੌਕੇ ਰਣਜੀਤ ਸਿੰਘ ਟੀਟੂ, ਧਰਮਿੰਦਰ ਸਿੰਘ ਰੱਖੜਾ, ਗਗਨਦੀਪ ਸਿੰਘ ਚੱਢਾ, ਜਗਸੀਰ ਸਿੰਘ ਸੀਰਾ ਡੇਰੀ ਵਾਲੇ, ਸੋਨੀ ਧਾਲੀਵਾਲ ਮਾੜੀ ਮੁਸਤਫਾ ਗੁਰਪ੍ਰੀਤ ਸਿੰਘ ਲਧਾਈਕੇ, ਗੁਰਪ੍ਰੀਤ ਸਿੰਘ ਮਨਚੰਦਾ, ਬਿਕਰਮਜੀਤ ਸਿੰਘ, ਮਨਜਿੰਦਰ ਬਰਾੜ, ਮਨਜੀਤ ਸਿੰਘ ਕੋਟਲਾ ਮਿਹਰ ਵਾਲਾ, ਇਕਬਾਲ ਸਿੰਘ ਬਰਾੜ, ਮਨਦੀਪ ਮਾਨ ਕੋਟਲਾ, ਪ੍ਰਿੰ: ਕਪਤਾਨ ਸਿੰਘ, ਕਮਲ ਕਿਸ਼ੋਰ ਗਰਗ ਤੇ ਹੋਰ ਸ਼ਾਮਲ ਸਨ।

# ਸਾਂਸਦ ਸੰਜੇ ਸਿੰਘ ਦੀ ਗ੍ਰਿਫਤਾਰੀ ਤੋਂ ਆਮ ਆਦਮੀ ਪਾਰਟੀ ਦੇ ਵਰਕਰ ਨਾਰਾਜ਼

## ਡੀ ਸੀ ਦਫਤਰ ਅੱਗੇ ਪ੍ਰਧਾਨ ਮੰਤਰੀ ਦਾ ਫੂਕਿਆ ਪੁਤਲਾ



**ਫਾਜ਼ਿਲਕਾ (ਕ੍ਰਿਸ਼ਨ ਸਿੰਘ)**-ਆਮ ਆਦਮੀ ਪਾਰਟੀ ਦੇ ਰਾਜ ਸਭਾ ਸੰਸਦ ਮੈਂਬਰ ਸੰਜੇ ਸਿੰਘ ਦੀ ਈ ਡੀ ਵੱਲੋਂ ਗ੍ਰਿਫਤਾਰੀ ਤੋਂ ਬਾਅਦ ਫਾਜ਼ਿਲਕਾ ਜ਼ਿਲ੍ਹੇ ਦੇ ਆਮ ਆਦਮੀ ਪਾਰਟੀ ਦੇ ਵਰਕਰਾਂ ਨੇ ਡਿਪਟੀ ਕਮਿਸ਼ਨਰ ਦਫਤਰ ਅੱਗੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਪੁਤਲਾ ਫੂਕਿਆ। ਇਸ ਮੌਕੇ 'ਆਪ' ਆਗੂਆਂ ਨੇ ਭਾਜਪਾ ਦੀ ਕੇਂਦਰ ਸਰਕਾਰ ਨੂੰ ਜੰਮ ਕੇ ਕੋਸਿਆ। ਇਸ ਮੌਕੇ 'ਆਪ' ਐੱਸ ਸੀ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਡਾ: ਹਰਜੀਤ ਸਿੰਘ ਸਾਹਰੀ, 'ਆਪ' ਯੂਥ ਇੰਚਾਰਜ ਅਬੋਹਰ ਪ੍ਰੋਫੈਸਰ ਤੇਜਵੀਰ ਸਿੰਘ ਬਰਾੜ ਤੇ ਹੋਰ 'ਆਪ' ਆਗੂਆਂ ਨੇ ਕਿਹਾ ਕਿ ਹੁਣ ਭਾਜਪਾ ਦੀ ਉਲਟੀ ਗਿਣਤੀ ਸ਼ੁਰੂ ਹੋ ਗਈ ਹੈ, ਕਿਉਂਕਿ ਈ.ਡੀ. ਵੱਲੋਂ ਇੱਕ ਕੱਟੜ ਇਮਾਨਦਾਰ ਸੰਸਦ ਮੈਂਬਰ ਨੂੰ ਗ੍ਰਿਫਤਾਰ ਕਰਕੇ, ਜੋ ਗਲਤੀ ਕੀਤੀ ਗਈ ਹੈ, ਉਸ ਨੂੰ ਲੈ ਕੇ ਲੋਕਾਂ ਵਿੱਚ ਕਾਫੀ ਗੁੱਸਾ ਹੈ। ਸਾਲ 2024 'ਚ ਦੇਸ਼ ਦੀ ਜਨਤਾ ਭਾਜਪਾ ਨੂੰ ਸਬਕ ਸਿਖਾਏਗੀ ਤੇ ਇਸ ਦਾ ਜਵਾਬ 2024 ਦੀਆਂ ਚੋਣਾਂ 'ਚ ਮਿਲ ਜਾਵੇਗਾ। ਉਨ੍ਹਾ ਕਿਹਾ ਕਿ ਅੱਜ ਭਾਜਪਾ ਦਾ ਜਾਤੀਵਾਦ ਇਸ ਹੱਦ ਤੱਕ ਵਧ ਗਿਆ ਹੈ ਕਿ ਗੈਰ-ਭਾਜਪਾ ਰਾਜ ਸਰਕਾਰਾਂ ਵਿੱਚ ਆਗੂਆਂ ਨੂੰ ਈ ਡੀ ਵੱਲੋਂ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ ਤੇ ਭਾਜਪਾ ਵਿੱਚ ਸ਼ਾਮਲ ਹੋਣ ਵਾਲਿਆਂ ਨੂੰ ਕਲੀਨ ਚਿੱਟ ਦਿੱਤੀ ਜਾ ਰਹੀ ਹੈ। ਦੇਸ਼ ਵਾਸੀ ਇਸ ਕਾਰਵਾਈ ਨੂੰ ਦੇਖ ਤੇ ਸਮਝ ਰਹੇ ਹਨ, ਜਿਸ ਦਾ ਜਵਾਬ ਉਨ੍ਹਾਂ ਨੂੰ 2024 'ਚ ਮਿਲੇਗਾ।

# ਬਸੀ ਪਠਾਣਾਂ 'ਚ ਡੇਂਗੂ ਨੇ ਪਸਾਰੇ ਪੈਰ, ਇੱਕ ਮੌਤ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਦੇ ਵਿਰਾਸਤੀ ਸ਼ਹਿਰ ਬਸੀ ਪਠਾਣਾਂ ਵਿਖੇ ਡੇਂਗੂ ਨੇ ਪੈਰ ਪਸਾਰਨੇ ਸ਼ੁਰੂ ਕਰ ਦਿੱਤੇ ਹਨ, ਜਿਸ ਕਾਰਨ ਸ਼ਹਿਰ ਦੇ ਕਈ ਵਸਨੀਕਾਂ ਦੇ ਪਲੇਟਲੈਟਸ ਸੈੱਲ ਘਟਣ ਤੇ ਇੱਕ ਵਿਅਕਤੀ ਦੀ ਮੌਤ ਹੋ ਜਾਣ ਦੀ ਸੂਚਨਾ ਹੈ। ਬਸੀ ਪਠਾਣਾਂ ਦੇ ਮੁਹੱਲਾ ਪੁਰਾ ਦੇ ਵਸਨੀਕ ਵਿਕਾਸ ਮਹਿਤਾ ਨੇ ਦੱਸਿਆ ਕਿ ਉਸ ਦੇ ਪਿਤਾ ਰਾਮ ਕੁਮਾਰ (63) ਦੀ ਡੇਂਗੂ ਕਾਰਨ ਕਰੀਬ 10 ਦਿਨ ਪਹਿਲਾਂ ਤਬੀਅਤ ਵਿਗੜ ਗਈ ਸੀ, ਜਿਸ 'ਤੇ ਉਨ੍ਹਾਂ ਨੂੰ ਖੰਨਾ ਦੇ ਇੱਕ ਨਿੱਜੀ ਹਸਪਤਾਲ 'ਚ ਦਾਖਲ ਕਰਵਾਇਆ ਗਿਆ, ਜਿੱਥੇ ਸਿਹਤ 'ਚ ਸੁਧਾਰ ਨਾ ਹੋਣ 'ਤੇ ਉਨ੍ਹਾਂ ਨੂੰ ਲੁਧਿਆਣਾ ਦੇ ਅਪੋਲੋ ਹਸਪਤਾਲ 'ਚ ਦਾਖਲ ਕਰਵਾਇਆ ਗਿਆ, ਜਿੱਥੇ ਇਲਾਜ ਦੌਰਾਨ ਬੀਤੀ ਰਾਤ ਉਨ੍ਹਾਂ ਦੀ ਮੌਤ ਹੋ ਗਈ। ਪ੍ਰਾਪਤ ਜਾਣਕਾਰੀ ਅਨੁਸਾਰ ਬਸੀ ਪਠਾਣਾਂ ਦੇ ਇਕੱਲੇ ਪੁਰਾ ਮੁਹੱਲੇ 'ਚ ਹੀ 4 ਤੋਂ ਵੱਧ ਡੇਂਗੂ ਦੇ ਮਰੀਜ਼ ਹਨ, ਜਿਨ੍ਹਾਂ ਦਾ ਵੱਖ-ਵੱਖ ਨਿੱਜੀ ਹਸਪਤਾਲਾਂ 'ਚ ਇਲਾਜ ਚੱਲ ਰਿਹਾ ਹੈ, ਜਦੋਂਕਿ ਬਸੀ ਪਠਾਣਾਂ ਦੇ ਸਰਕਾਰੀ ਹਸਪਤਾਲ 'ਚ ਵੀ ਪਲੇਟਲੈਟਸ ਦੀ ਕਮੀ ਵਾਲੇ ਚਾਰ ਮਰੀਜ਼ ਇਲਾਜ ਕਰਵਾ ਰਹੇ ਹਨ। ਨਗਰ ਕੌਂਸਲ ਦੇ ਸੂਤਰਾਂ ਅਨੁਸਾਰ ਉਨ੍ਹਾਂ ਕੋਲ ਫੌਗਿੰਗ ਲਈ ਸਿਰਫ ਦੋ ਮਸ਼ੀਨਾਂ ਹੀ ਹਨ, ਜੋ ਕਿ ਇਸ ਪੁਰਾਣੇ ਸ਼ਹਿਰ ਦੀਆਂ ਤੰਗ ਗਲੀਆਂ ਤੇ ਸੰਘਣੀ ਆਬਾਦੀ ਵਾਲੇ ਜ਼ਿਆਦਾਤਰ ਇਲਾਕਿਆਂ ਨੂੰ ਕਵਰ ਨਹੀਂ ਕਰ ਪਾਉਂਦੀਆਂ ਤੇ ਡਬਲ ਬੈਰਲ ਫੌਗਿੰਗ ਮਸ਼ੀਨ ਖ੍ਰੀਦਣ ਲਈ ਹਾਲੇ ਟੈਂਡਰ ਲਗਾਏ ਜਾ ਰਹੇ ਹਨ।

# ਭਾਕਿਯੂ ਉਗਰਾਹਾਂ ਨੇ ਕਰਜ਼ਾ ਪੀੜਤ ਦੇ ਘਰ ਦੀ ਕੁਰਕੀ ਰੁਕਵਾਈ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਕਸਬਾ ਮਹਿਲ ਕਲਾਂ ਦੇ ਕਰਜ਼ਾ ਪੀੜਤ ਸੁਖਵਿੰਦਰਪਾਲ ਸਿੰਘ ਕਾਲਾ ਦੇ ਘਰ ਦੀ ਜਬਰੀ ਕੁਰਕੀ ਭਾਕਿਯੂ ਉਗਰਾਹਾਂ ਦੀ ਅਗਵਾਈ ਹੇਠ ਇਕੱਠੇ ਹੋਏ ਕਿਸਾਨਾਂ, ਮਜ਼ਦੂਰਾਂ ਤੇ ਔਰਤ ਕਾਰਕੁਨਾਂ ਨੇ ਇਕੱਠੇ ਹੋ ਕੇ ਰੁਕਵਾਈ। ਕਿਸਾਨ ਆਗੂਆਂ ਨੇ ਕਿਹਾ ਕਿ ਪੀੜਤ ਪਰਵਾਰ ਨੇ 2017 ਵਿੱਚ ਆਪਣੇ ਪਿਤਾ ਦੀ ਗੰਭੀਰ ਬਿਮਾਰੀ ਦੇ ਇਲਾਜ ਤੇ ਹੋਰ ਲੋੜਾਂ ਵਾਸਤੇ 10 ਲੱਖ ਰੁਪਏ ਦੀ ਕਰਜ਼ਾ ਲਿਮਟ ਬਣਾਈ ਸੀ, ਜਿਸ ਵਿੱਚੋਂ ਹੁਣ ਤੱਕ 10 ਲੱਖ, 35 ਹਜ਼ਾਰ ਰੁਪਏ ਭਰੇ ਜਾ ਚੁੱਕੇ ਹਨ, ਪਰ ਬੈਂਕ ਵੱਲੋਂ ਪੀੜਤ ਸਿਰ 13 ਲੱਖ 7 ਹਜ਼ਾਰ ਰੁਪਏ ਬਕਾਇਆ ਕੱਢ ਕੇ ਕੋਰਟ ਰਾਹੀਂ ਗਰੀਬ ਪਰਿਵਾਰ ਦੇ ਘਰ ਦੀ ਕੁਰਕੀ ਦੇ ਕਬਜ਼ਾ ਵਰੰਟ ਲਿਆਂਦੇ ਗਏ ਹਨ। ਪੀੜਤ ਪਰਿਵਾਰ ਦੀ ਮੌਜੂਦਾ ਆਰਥਿਕ ਸਥਿਤੀ ਠੀਕ ਨਹੀਂ ਹੈ, ਜਿਸ ਕਰਕੇ ਉਹ ਕੋਰਟ ਕੇਸ ਦੀ ਪੈਰਵੀ ਵਾਸਤੇ ਕੋਈ ਵਕੀਲ ਵੀ ਨਹੀਂ ਕਰ ਸਕਿਆ। ਅੱਜ ਸਾਰਾ ਦਿਨ ਪੀੜਤ ਪਰਿਵਾਰ ਦੇ ਸੰਕਟ ਸਮੇਂ ਵੱਡੀ ਗਿਣਤੀ 'ਚ ਪਿੰਡ ਵਾਸੀ ਜਥੇਬੰਦੀਆਂ ਦੇ ਆਗੂ, ਵਰਕਰਾਂ ਨੇ ਪੀੜਤ ਦੇ ਘਰ ਦੀ ਕੁਰਕੀ ਰੋਕਣ ਲਈ ਮੋਰਚਾ ਮੱਲੀ ਰੱਖਿਆ। ਕਿਸਾਨ ਆਗੂਆਂ ਨੇ ਸਰਕਾਰ ਤੇ ਬੈਂਕ ਅਧਿਕਾਰੀਆਂ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਵੱਡੇ ਸਿਆਸਤਦਾਨਾਂ, ਸਨਅਤੀ ਘਰਾਣਿਆਂ, ਫਿਲਮ ਸਟਾਰਾਂ ਤੇ ਅਫਸਰਸ਼ਾਹੀ ਵੱਲ ਕਰੋੜਾਂ, ਅਰਬਾਂ ਦੇ ਪਏ ਬਕਾਏ ਕਰਜ਼ਿਆਂ ਨੂੰ ਵੱਟੇ ਖਾਤੇ ਪਾ ਰਹੀ ਹੈ, ਪਰ ਦੂਜੇ ਪਾਸੇ ਗਰੀਬ ਪਰਵਾਰਾਂ ਦੇ ਘਰ, ਜ਼ਮੀਨਾਂ ਕੁਰਕ ਕੀਤੀਆਂ ਜਾ ਰਹੀਆਂ ਹਨ। ਜਥੇਬੰਦੀਆਂ ਵੱਲੋਂ ਇਸ ਧੱਕੇਸ਼ਾਹੀ ਨੂੰ ਸਹਿਣ ਨਹੀਂ ਕੀਤਾ ਜਾਵੇਗਾ। ਕਿਸਾਨ ਆਗੂਆਂ ਨੇ ਸਪੱਸ਼ਟ ਕੀਤਾ ਕਿ ਕਿਸੇ ਵੀ ਗਰੀਬ ਕਿਸਾਨ, ਮਜ਼ਦੂਰ ਪਰਿਵਾਰ ਦੇ ਘਰ, ਜ਼ਮੀਨ ਜਾਇਦਾਦ ਦੀ ਕੁਰਕੀ ਕਿਸੇ ਵੀ ਹਾਲਤ ਨਹੀਂ ਹੋਣ ਦਿਆਂਗੇ। ਇਸ ਮੌਕੇ ਬੁੱਕਣ ਸਿੰਘ ਸੱਦੋਵਾਲ, ਕੁਲਜੀਤ ਸਿੰਘ, ਨਾਹਰ ਸਿੰਘ, ਨਿਸ਼ਾਨ ਸਿੰਘ, ਰਾਮ ਸਿੰਘ, ਬਿਧੀ ਚੰਦ, ਕੁਲਵਿੰਦਰ ਕੌਰ, ਅਜਮੇਰ ਸਿੰਘ, ਜੱਜ ਸਿੰਘ, ਹਰਭਜਨ ਸਿੰਘ, ਰੇਸ਼ਮ ਸਿੰਘ, ਭਾਕਿਯੂ ਡਕੌਂਦਾ ਦੇ ਪਰਮਜੀਤ ਸਿੰਘ ਪੰਮਾ ਆਦਿ ਤੋਂ ਇਲਾਵਾ ਵੱਡੀ ਗਿਣਤੀ 'ਚ ਕਿਸਾਨ ਹਾਜ਼ਰ ਸਨ।

# ਜ਼ਿਲ੍ਹਾ ਪੱਧਰ ਦੀਆਂ ਖੇਡਾਂ 'ਚ ਲਹਿਰਾ ਮੁਹੱਬਤ ਸਕੂਲ ਦਾ ਸ਼ਾਨਦਾਰ ਪ੍ਰਦਰਸ਼ਨ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਪੰਜਾਬ ਸਕੂਲ ਜ਼ਿਲ੍ਹਾ ਪੱਧਰ ਖੇਡਾਂ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲਹਿਰਾ ਮੁਹੱਬਤ ਦੇ ਖਿਡਾਰੀਆਂ ਦਾ ਸ਼ਾਨਦਾਰ ਪ੍ਰਦਰਸ਼ਨ ਰਿਹਾ। ਸਕੂਲ ਦੇ ਕੰਪਿਊਟਰ ਅਧਿਆਪਕ ਗੁਰਪ੍ਰੀਤ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਕਬੱਡੀ ਨੈਸ਼ਨਲ ਸਟਾਈਲ ਲੜਕੀਆਂ (14 ਸਾਲ) 'ਚ ਸਕੂਲ ਦੀਆਂ ਖਿਡਾਰਨਾਂ ਨੇ ਜ਼ਿਲ੍ਹੇ 'ਚੋਂ ਪਹਿਲਾ, ਬੈਡਮਿੰਟਨ ਲੜਕੇ (19 ਸਾਲ) 'ਚ ਜ਼ਿਲ੍ਹੇ 'ਚੋਂ ਦੂਜਾ, ਕਬੱਡੀ ਨੈਸ਼ਨਲ ਸਟਾਈਲ ਲੜਕੀਆਂ (19 ਸਾਲ) 'ਚ ਜ਼ਿਲ੍ਹੇ 'ਚੋਂ ਤੀਜਾ ਤੇ ਹਾਕੀ ਲੜਕੀਆਂ (14 ਸਾਲ) 'ਚ ਜ਼ਿਲ੍ਹੇ 'ਚੋਂ ਤੀਜਾ ਸਥਾਨ ਹਾਸਲ ਕੀਤਾ। ਇਸ ਤੋਂ ਇਲਾਵਾ 'ਖੇਡਾਂ ਵਤਨ ਪੰਜਾਬ ਦੀਆਂ' ਕਬੱਡੀ ਨੈਸ਼ਨਲ ਸਟਾਈਲ ਲੜਕੀਆਂ (14 ਸਾਲ) 'ਚ ਵੀ ਜ਼ਿਲ੍ਹੇ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ। ਅਸੈਂਬਲੀ ਦੌਰਾਨ ਪ੍ਰਿੰਸੀਪਲ ਨਵਨੀਤ ਕੁਮਾਰ ਤੇ ਸਟਾਫ ਨੇ ਜੇਤੂ ਖਿਡਾਰੀ ਵਿਦਿਆਰਥੀਆਂ ਨੂੰ ਸਰਟੀਫਿਕੇਟ ਦਿੱਤੇ ਤੇ ਮੈਡਲ ਪਹਿਨਾ ਕੇ ਹੌਸਲਾ ਅਫਜ਼ਾਈ ਕਰਦਿਆਂ ਅੱਗੇ ਤੋਂ ਵੀ ਰਾਜ ਪੱਧਰ ਦੀਆਂ ਖੇਡਾਂ ਵਿੱਚ ਵਧੀਆ ਪ੍ਰਦਰਸ਼ਨ ਕਰਨ ਲਈ ਪ੍ਰੇਰਿਤ ਕੀਤਾ। ਬਾਕੀ ਵਿਦਿਆਰਥੀਆਂ ਨੂੰ ਵੀ ਇਨ੍ਹਾਂ ਖਿਡਾਰੀਆਂ ਦੀ ਤਰ੍ਹਾਂ ਵੱਖ-ਵੱਖ ਖੇਤਰਾਂ ਵਿੱਚ ਸਕੂਲ ਦਾ ਨਾਮ ਰੌਸ਼ਨ ਕਰਨ ਲਈ ਪ੍ਰੇਰਿਤ ਕੀਤਾ ਗਿਆ। ਇਨ੍ਹਾਂ ਪ੍ਰਾਪਤੀਆਂ ਲਈ ਖੇਡ ਵਿਭਾਗ ਦੇ ਮੈਡਮ ਭਿੰਦਰਪਾਲ ਕੌਰ (ਲੈਕ. ਸਰੀਰਕ ਸਿੱਖਿਆ) ਤੇ ਜਗਮੋਹਨ ਸਿੰਘ (ਡੀ. ਪੀ. ਈ.) ਨੂੰ ਵਧਾਈਆਂ ਦਿੱਤੀਆਂ। ਮੈਡਮ ਭਿੰਦਰਪਾਲ ਕੌਰ ਤੇ ਜਗਮੋਹਨ ਸਿੰਘ ਨੇ ਪ੍ਰਿੰਸੀਪਲ ਸਮੇਤ ਸਟਾਫ ਮੈਂਬਰਜ਼ ਤੇ ਖਿਡਾਰੀਆਂ ਦੀ ਡਾਇਟ ਵਿੱਚ ਵਿਸ਼ੇਸ਼ ਯੋਗਦਾਨ ਪਾਉਣ ਲਈ ਵੋਕੇਸ਼ਨਲ ਟੀਚਰ ਕੁਲਦੀਪ ਕੁਮਾਰ ਦਾ ਵਿਸ਼ੇਸ਼ ਧੰਨਵਾਦ ਕੀਤਾ।

# ਤਰਕਸ਼ੀਲਾਂ ਵੱਲੋਂ ਅੰਧ-ਵਿਸ਼ਵਾਸ ਰੋਕੂ ਕਾਨੂੰਨ ਲਾਗੂ ਕਰਨ ਦੀ ਮੰਗ

## ਲੋਕਾਂ ਨੂੰ ਤਰਕਸ਼ੀਲ ਸੋਚ ਅਪਣਾਉਣ ਦੀ ਅਪੀਲ



ਤਰਕਸ਼ੀਲ ਸੁਸਾਇਟੀ ਜ਼ੀਰਾ ਦੇ ਆਗੂ ਅਲੌੜ ਦੀ ਘਟਨਾ ਦੀ ਨਿੰਦਾ ਕਰਦੇ ਹੋਏ।

**ਜ਼ੀਰਾ (ਨਰਿੰਦਰ ਅਨੇਜਾ)**-ਬੀਤੇ ਦਿਨੀਂ ਖੰਨਾ ਨੇੜਲੇ ਪਿੰਡ ਅਲੌੜ ਵਿਖੇ ਇਕ ਤਾਂਤਰਿਕ ਦੇ ਕਹਿਣ 'ਤੇ ਚਾਰ ਸਾਲਾ ਮਾਸੂਮ ਲੜਕੇ ਰਵੀ ਰਾਜ ਦੀ ਬੇਰਹਿਮੀ ਨਾਲ ਹੱਤਿਆ ਕਰਕੇ ਬਲੀ ਦਿੱਤੇ ਜਾਣ 'ਤੇ ਤਰਕਸ਼ੀਲ ਸੁਸਾਇਟੀ ਇਕਾਈ ਜ਼ੀਰਾ ਨੇ ਇਸ ਘਟੀਆ ਹਰਕਤ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਇਸ ਸਬੰਧੀ ਤਰਕਸ਼ੀਲ ਆਗੂਆਂ ਵੇਦ ਪ੍ਰਕਾਸ਼ ਸੋਨੀ, ਹਰਚਰਨ ਸਿੰਘ ਚੋਹਲਾ, ਡਾਕਟਰ ਗੁਰਚਰਨ ਨੂਰਪੁਰ, ਦਲੀਪ ਬਿੱਟੂ, ਬਚਿੱਤਰ ਸਿੰਘ ਠੱਠਾ ਸਾਹਿਬ, ਅਜਮੇਰ ਸਿੰਘ ਇੱਟਾਂਵਾਲੀ, ਪਰਮਜੀਤ ਵਿਦਿਆਰਥੀ, ਐਡਵੋਕੇਟ ਹਰਦੀਪ ਸਿੰਘ ਸ਼ੇਰਗਿੱਲ, ਪ੍ਰਤਾਪ ਸਿੰਘ, ਸੁਰਿੰਦਰ ਕੁਮਾਰ, ਪ੍ਰੇਮ ਜ਼ੀਰਾ ਤੇ ਰਣਜੀਤ ਸਿੰਘ ਆਦਿ ਆਗੂਆਂ ਨੇ ਗ੍ਰਿਫਤਾਰ ਮੁਲਜ਼ਮ ਨੂੰ ਸਖਤ ਤੋਂ ਸਖਤ ਸਜ਼ਾ ਦੇਣ ਤੇ ਇਸ ਵਹਿਸ਼ੀ ਹੱਤਿਆ ਕਾਂਡ ਲਈ ਉਕਸਾਉਣ ਵਾਲੇ ਤਾਂਤਰਿਕ ਨੂੰ ਵੀ ਤੁਰੰਤ ਗ੍ਰਿਫਤਾਰ ਕਰਨ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਪਾਖੰਡੀ ਤਾਂਤਰਿਕਾਂ ਦੇ ਬਹਿਕਾਵੇ ਹੇਠ ਮਾਸੂਮ ਬੱਚਿਆਂ ਦੀ ਬਲੀ ਦੇਣ ਦੀਆਂ ਜੋ ਘਟਨਾਵਾਂ ਵਾਪਰ ਰਹੀਆਂ ਹਨ, ਇਹ ਬਹੁਤ ਦੁੱਖਦਾਈ ਹਨ, ਅਜਿਹੀਆਂ ਘਟਨਾਵਾਂ 'ਤੇ ਸਖਤ ਪਾਬੰਦੀ ਲਗਾ ਕੇ ਸੂਬੇ ਵਿੱਚ ਅੰਧ ਵਿਸ਼ਵਾਸ ਰੋਕੂ ਕਾਨੂੰਨ ਸਖਤੀ ਨਾਲ ਲਾਗੂ ਕਰਕੇ ਪੰਜਾਬ ਸਰਕਾਰ ਵੱਲੋਂ ਅਜਿਹੀਆਂ ਘਟਨਾਵਾਂ ਵਾਪਰਨ ਤੋਂ ਰੋਕਣਾ ਚਾਹੀਦਾ ਹੈ। ਉਨ੍ਹਾਂ ਦੋਸ਼ ਲਗਾਉਂਦਿਆਂ ਕਿਹਾ ਕਿ ਅਜਿਹੇ ਪਾਖੰਡੀਆਂ ਦੀਆਂ ਗੈਰ-ਸਮਾਜੀ ਗਤੀਵਿਧੀਆਂ ਤੇ ਝੂਠੀ ਤੇ ਗੈਰ-ਕਾਨੂੰਨੀ ਇਸ਼ਤਿਹਾਰਬਾਜ਼ੀ ਡਰੱਗਜ਼ ਤੇ ਮੈਜਿਕ ਰੈਮਡੀਜ਼ ਇਤਰਾਜ਼ਯੋਗ ਇਸ਼ਤਿਹਾਰਬਾਜ਼ੀ ਐਕਟ 1954, ਕੇਬਲ ਟੈਲੀਵਿਜ਼ਨ ਰੈਗੂਲੇਸ਼ਨ ਐਕਟ 1994 ਤੇ ਖਾਸ ਕਰਕੇ ਮੈਡੀਕਲ ਰਜਿਸਟ੍ਰੇਸ਼ਨ ਐਕਟ ਦੀ ਸਖਤ ਉਲੰਘਣਾ ਹੈ, ਪਰ ਪੁਲਸ ਤੇ ਸਿਵਲ ਪ੍ਰਸ਼ਾਸਨ ਵੱਲੋਂ ਇਨ੍ਹਾਂ ਬਾਬਿਆਂ ਤੇ ਮੀਡੀਏ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ। ਤਰਕਸ਼ੀਲ ਆਗੂਆਂ ਨੇ ਲੋਕਾਂ ਨੂੰ ਜ਼ਿੰਦਗੀ ਵਿੱਚ ਤਰਕਸ਼ੀਲ ਸੋਚ ਅਪਣਾਉਣ ਤੇ ਅੰਧ ਵਿਸ਼ਵਾਸਾਂ, ਵਹਿਮਾਂ ਭਰਮਾਂ, ਪਾਖੰਡੀ ਬਾਬਿਆਂ ਤਾਂਤਰਿਕਾਂ ਤੇ ਜੋਤਸ਼ੀਆਂ ਦੇ ਝਾਂਸਿਆਂ ਤੋਂ ਬਚਣ ਦੀ ਵੀ ਅਪੀਲ ਕੀਤੀ ਹੈ। ਤਰਕਸ਼ੀਲ ਸੁਸਾਇਟੀ ਜ਼ੀਰਾ ਨੇ ਪੰਜਾਬ ਸਰਕਾਰ ਤੋਂ ਜ਼ੋਰਦਾਰ ਮੰਗ ਕੀਤੀ ਹੈ ਕਿ ਭੋਲੇ ਭਾਲੇ ਲੋਕਾਂ ਨੂੰ ਅੰਧ ਵਿਸ਼ਵਾਸਾਂ, ਵਹਿਮਾਂ ਵਿੱਚ ਫਸਾ ਕੇ ਉਨ੍ਹਾਂ ਦਾ ਆਰਥਿਕ, ਮਾਨਸਿਕ ਤੇ ਸਰੀਰਕ ਸ਼ੋਸ਼ਣ ਕਰਨ, ਬਲਾਤਕਾਰ ਤੇ ਮਨੁੱਖੀ ਬਲੀ ਦੇਣ ਵਰਗੇ ਵਹਿਸ਼ੀ ਅਪਰਾਧ ਕਰਨ ਵਾਲੇ ਪਾਖੰਡੀ ਬਾਬਿਆਂ, ਤਾਂਤਰਿਕਾਂ ਦੀਆਂ ਗੈਰ-ਕਾਨੂੰਨੀ ਗਤੀਵਿਧੀਆਂ ਉੱਤੇ ਰੋਕ ਲਾਉਣ ਲਈ ਬਿਨਾਂ ਕਿਸੇ ਦੇਰੀ ਦੇ ਪੰਜਾਬ ਵਿੱਚ ਅੰਧ ਵਿਸ਼ਵਾਸ ਰੋਕੂ ਕਾਨੂੰਨ ਲਾਗੂ ਕੀਤਾ ਜਾਵੇ।

# ਵੀਜ਼ਨ ਐਜੂਕੇਸ਼ਨ ਦੀ ਵਿਦਿਆਰਥਣ ਨੇ 53 ਸਕੋਰ ਲਏ



**ਬਾਘਾ ਪੁਰਾਣਾ (ਮਨੀ ਸਿੰਗਲਾ)**

ਬਾਘਾ ਪੁਰਾਣਾ ਦੇ ਮੇਨ ਬੱਸ ਸਟੈਂਡ ਵਿੱਚ ਸਥਿਤ ਇਲਾਕੇ ਦਾ ਨਾਮਵਰ ਸੈਂਟਰ ਵੀਜ਼ਨ ਐਜੂਕੇਸ਼ਨ ਐਂਡ ਇਮੀਗ੍ਰੇਸ਼ਨ ਦੇ ਡਾਇਰੈਕਟਰ ਯਾਦਵਿੰਦਰ ਸਿੰਘ ਬਰਾੜ, ਇਕਬਾਲ ਸਿੰਘ ਢਿੱਲੋਂ ਤੇ ਨੰਦ ਸਿੰਘ ਬਰਾੜ ਨੇ ਦੱਸਿਆ ਕਿ ਮਨਦੀਪ ਕੌਰ ਪੁੱਤਰੀ ਬਲਵਿੰਦਰ ਸਿੰਘ ਵਾਸੀ ਮਡੀਰਾ ਵਾਲਾ ਨੇ ਪੀ ਟੀ ਈ ਵਿੱਚੋਂ ਓਵਰਆਲ 53 ਸਕੋਰ ਪ੍ਰਾਪਤ ਕਰਕੇ ਆਪਣਾ ਤੇ ਸੈਂਟਰ ਦਾ ਨਾਮ ਰੌਸ਼ਨ ਕੀਤਾ। ਇਸ ਮੌਕੇ ਯਾਦਵਿੰਦਰ ਸਿੰਘ ਬਰਾੜ, ਇਕਬਾਲ ਸਿੰਘ ਢਿੱਲੋਂ ਤੇ ਨੰਦ ਸਿੰਘ ਬਰਾੜ ਐੱਮ ਸੀ ਨੇ ਮਨਦੀਪ ਕੌਰ ਤੇ ਉਨ੍ਹਾਂ ਦੇ ਪਰਿਵਾਰ ਨੂੰ ਵਧਾਈ ਦਿੱਤੀ। ਸੰਸਥਾ ਵੱਲੋਂ ਪੀ ਟੀ ਈ ਦੀ ਕੋਚਿੰਗ ਦਾ ਖਾਸ ਪ੍ਰਬੰਧ ਹੈ ਤੇ ਇਥੇ ਸਟੱਡੀ ਵੀਜ਼ਾ, ਵਿਜ਼ਟਰ ਵੀਜ਼ਾ ਤੇ ਓਪਨ ਵਰਕ ਪਰਮਿੱਟ ਬਾਰੇ ਵੀ ਜਾਣਕਾਰੀ ਦਿੱਤੀ ਜਾਂਦੀ ਹੈ। ਡਾਇਰੈਕਟਰ ਯਾਦਵਿੰਦਰ ਸਿੰਘ ਬਰਾੜ ਨੇ ਦੱਸਿਆ ਕਿ ਸੰਸਥਾ ਵੱਲੋਂ ਵੀਜ਼ੇ ਕਾਨੂੰਨੀ ਤੇ ਪਾਰਦਰਸ਼ੀ ਢੰਗ ਨਾਲ ਲਗਾਏ ਜਾਂਦੇ ਹਨ।

# ਇਨਕਲਾਬੀ ਕੇਂਦਰ ਵੱਲੋਂ ਨਿਊਜ਼ ਕਲਿੱਕ ਦੇ ਪੱਤਰਕਾਰਾਂ ਨੂੰ ਦੇਸ਼ ਧ੍ਰੋਹ ਦੇ ਕੇਸ 'ਚ ਫਸਾਉਣ ਦੀ ਸਾਜ਼ਿਸ਼ ਦਾ ਵਿਰੋਧ ਕਰਨ ਦਾ ਸੱਦਾ

**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**

ਇਨਕਲਾਬੀ ਕੇਂਦਰ ਪੰਜਾਬ ਨੇ ਨਿਊਜ਼ ਕਲਿੱਕ ਦੇ ਪੱਤਰਕਾਰਾਂ 'ਤੇ ਵੱਖ-ਵੱਖ ਕੇਂਦਰੀ ਏਜੰਸੀਆਂ ਵੱਲੋਂ ਕੀਤੀ ਜਾ ਰਹੀ ਛਾਪੇਮਾਰੀ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਦੇਸ਼ ਧ੍ਰੋਹ ਦੇ ਕੇਸ 'ਚ ਫਸਾਉਣ ਦੀ ਸਾਜ਼ਿਸ਼ ਦੇ ਵਿਰੋਧ ਦਾ ਸੱਦਾ ਦਿੱਤਾ ਹੈ। ਜਥੇਬੰਦੀ ਦੇ ਸੂਬਾ ਪ੍ਰਧਾਨ ਨਰਾਇਣ ਦੱਤ ਤੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਪ੍ਰੈੱਸ ਨੂੰ ਬਿਆਨ ਜਾਰੀ ਕਰਦਿਆਂ ਕਿਹਾ ਕਿ ਵੈੱਬ ਪੋਰਟਲ ਨਿਊਜ਼ ਕਲਿੱਕ ਨਾਲ ਜੁੜੇ ਪੱਤਰਕਾਰਾਂ ਤੇ ਮੁਲਾਜ਼ਮਾਂ 'ਚੋਂ ਲੱਗਭੱਗ 30 ਜਣਿਆਂ ਦੇ ਘਰਾਂ 'ਤੇ ਛਾਪੇਮਾਰੀ ਕੀਤੀ ਗਈ ਹੈ, ਜਿਨ੍ਹਾਂ 'ਚੋਂ ਦਸ ਜਣਿਆਂ ਨੂੰ ਹਿਰਾਸਤ ਵਿੱਚ ਲਿਆ ਹੋਇਆ ਹੈ। ਪੁਲਸ ਨੇ ਪੱਤਰਕਾਰਾਂ ਦੇ ਲੈਪਟਾਪ ਤੇ ਹੋਰ ਦਸਤਾਵੇਜ਼ ਆਪਣੇ ਕਬਜ਼ੇ 'ਚ ਲਏ ਹਨ। ਇਹ ਛਾਪੇ ਅਗਸਤ ਮਹੀਨੇ ਵਿੱਚ ਜਾਬਰ ਕਾਨੂੰਨ ਯੂਏਪੀਏ ਤਹਿਤ ਦਰਜ ਕੀਤੇ ਕੇਸ ਰਾਹੀਂ ਮਾਰੇ ਗਏ ਹਨ। ਕੇਸ ਦਰਜ ਕਰਨ ਲਈ ਨਿਊਜ਼ ਕਲਿੱਕ ਨੂੰ ਮਿਲੀ ਫੰਡਿੰਗ ਦਾ ਬਹਾਨਾ ਬਣਾਇਆ ਗਿਆ ਹੈ, ਜਿਸ ਨੂੰ ਚੀਨ ਨਾਲ ਜੋੜ ਕੇ ਪੇਸ਼ ਕੀਤਾ ਗਿਆ ਹੈ। ਇਸ ਫੰਡਿੰਗ ਨੂੰ ਚੀਨ ਨਾਲ ਜੋੜਨ ਪਿੱਛੇ ਅਮਰੀਕਾ ਦੇ ਚੀਨ ਵਿਰੋਧੀ ਸੰਸਾਰ ਪ੍ਰਾਪੇਗੰਡੇ ਵਿੱਚ ਮੋਦੀ ਸਰਕਾਰ ਵੱਲੋਂ ਸਿੱਧੀ ਪੈੜ ਟਿਕਾਉਣਾ ਤੇ ਇਸ ਪ੍ਰਾਪੇਗੰਡੇ ਨੂੰ ਪ੍ਰੈੱਸ ਦੀ ਆਜ਼ਾਦੀ ਦਾ ਗਲਾ ਘੁੱਟਣਾ ਵੀ ਸ਼ਾਮਲ ਹੈ। ਆਗੂਆਂ ਨੇ ਅਸਲ ਨੁਕਤੇ ਦੀ ਗੱਲ ਕਰਦਿਆਂ ਕਿਹਾ ਕਿ ਨਿਊਜ਼ ਕਲਿੱਕ ਵਾਲੇ ਭਾਜਪਾ ਦੇ ਫਿਰਕੂ-ਫਾਸ਼ੀ ਹੱਲੇ ਦਾ ਡੱਟ ਕੇ ਵਿਰੋਧ ਕਰ ਰਹੇ ਹਨ ਤੇ ਇਸ ਹੱਲੇ ਖਿਲਾਫ਼ ਸੰਘਰਸ਼ ਰਹੇ ਲੋਕਾਂ ਦੀਆਂ ਸੰਘਰਸ਼ ਸਰਗਰਮੀਆਂ ਨੂੰ ਪ੍ਰਮੁੱਖਤਾ ਨਾਲ ਬਣਦੀ ਥਾਂ ਦੇ ਰਹੇ ਹਨ। ਪੱਤਰਕਾਰਾਂ ਨੂੰ ਪੁੱਛਗਿੱਛ ਦੌਰਾਨ ਕੀਤੇ ਗਏ ਸਵਾਲਾਂ ਵਿੱਚ ਇਤਿਹਾਸਕ ਕਿਸਾਨ ਸੰਘਰਸ਼ ਦੀਆਂ ਖ਼ਬਰਾਂ ਦੇਣ ਦਾ ਵੀ ਵਿਸ਼ੇਸ਼ ਜ਼ਿਕਰ ਆ ਰਿਹਾ ਹੈ। ਇਹ ਅਹਿਮ ਤੱਥ ਹੈ ਕਿ ਨਿਊਜ਼ ਕਲਿੱਕ ਵਾਲਿਆਂ ਨੇ ਇਤਿਹਾਸਕ ਕਿਸਾਨ ਸੰਘਰਸ਼ ਨੂੰ ਬੜੀ ਹੀ ਪ੍ਰਮੁੱਖਤਾ ਨਾਲ ਕਵਰ ਕੀਤਾ ਸੀ ਤੇ ਇਹ ਮੀਡੀਆ ਮੋਦੀ ਸਰਕਾਰ ਦੇ ਝੂਠੇ ਪ੍ਰਾਪੇਗੰਡੇ ਦੀ ਕਾਟ ਦਾ ਅਹਿਮ ਸਾਧਨ ਬਣਿਆ ਸੀ। ਇਨ੍ਹਾਂ ਪੱਤਰਕਾਰਾਂ ਖਿਲਾਫ਼ ਆਏ ਇਨ੍ਹਾਂ ਕਦਮਾਂ ਵਿੱਚ ਕਿਸਾਨ ਸੰਘਰਸ਼ ਸਮੇਤ ਲੋਕਾਈ ਦੇ ਹੋਰਨਾਂ ਬੁਨਿਆਦੀ ਮੁੱਦਿਆਂ ਦੀ ਕੀਤੀ ਜਾ ਰਹੀ ਬੇਬਾਕ ਰਿਪੋਰਟਿੰਗ ਦਾ ਬਦਲਾ ਲੈਣ ਦਾ ਮੋਦੀ ਹਕੂਮਤ ਦੀ ਬਦਲਾਖੋਰੀ ਦਾ ਇਰਾਦਾ ਵੀ ਸ਼ਾਮਲ ਹੈ। ਪੱਤਰਕਾਰਾਂ ਨੂੰ ਕੇਸਾਂ 'ਚ ਉਲਝਾਉਣ ਦੀ ਇਹ ਕਾਰਵਾਈ ਉਸੇ ਜਾਬਰ ਫਾਸ਼ੀ ਹੱਲੇ ਦੇ ਅਗਲੇ ਕਦਮ ਹਨ, ਜਿਸ ਤਹਿਤ ਰੋਜ਼ਾਨਾ ਦੇਸ਼ ਭਰ ਅੰਦਰ ਲੋਕਾਂ ਦੀਆਂ ਹੱਕੀ ਆਵਾਜ਼ਾਂ ਦੀ ਸੰਘੀ ਘੁੱਟੀ ਜਾ ਰਹੀ ਹੈ। ਆਗੂਆਂ ਨੇ ਕਿਹਾ ਕਿ ਪੰਜਾਬ ਦੀ ਇਨਕਲਾਬੀ ਜਮਹੂਰੀ ਲਹਿਰ ਤੇ ਸਭਨਾਂ ਇਨਸਾਫਪਸੰਦ ਜਮਹੂਰੀ ਹਲਕਿਆਂ ਨੂੰ ਪ੍ਰੈੱਸ ਦੀ ਆਜ਼ਾਦੀ ਦੇ ਹੱਕ 'ਚ ਮੋਦੀ ਹਕੂਮਤ ਦੇ ਜਾਬਰ ਕਦਮ ਖਿਲਾਫ਼ ਡੱਟ ਕੇ ਆਵਾਜ਼ ਉਠਾਉਣੀ ਚਾਹੀਦੀ ਹੈ।

# ਜ਼ਿਲ੍ਹਾ ਪੱਧਰੀ ਕ੍ਰਿਕਟ ਮੁਕਾਬਲੇ 'ਚ ਬਾਬਾ ਫਰੀਦ ਸਕੂਲ ਨੇ ਸੋਨ ਤਮਗਾ ਜਿੱਤਿਆ



**ਫਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-51ਵੀਆਂ ਜ਼ਿਲ੍ਹਾ ਸਕੂਲ ਖੇਡਾਂ, ਜੋ 26 ਸਤੰਬਰ ਤੋਂ 29 ਸਤੰਬਰ ਤੱਕ ਦਸਮੇਸ਼ ਪਬਲਿਕ ਸਕੂਲ ਫਰੀਦਕੋਟ ਵਿੱਚ ਹੋਈਆਂ, ਜਿਸ ਵਿੱਚ 10 ਜ਼ੋਨਾਂ ਦੇ ਸਕੂਲਾਂ ਦੇ ਖਿਡਾਰੀਆਂ ਨੇ ਭਾਗ ਲਿਆ। ਪ੍ਰਿੰਸੀਪਲ ਸ਼੍ਰੀਮਤੀ ਕੁਲਦੀਪ ਕੌਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਵਿੱਚ ਮਚਾਕੀ ਮੱਲ ਸਿੰਘ ਜ਼ੋਨ ਨੇ ਆਪਣੀ ਸਭ ਤੋਂ ਵਧੀਆ ਕਾਰਗੁਜ਼ਾਰੀ ਦਿਖਾਈ। ਅੰਡਰ-17 ਵਿੱਚ ਬਾਬਾ ਫਰੀਦ ਪਬਲਿਕ ਸਕੂਲ ਫਰੀਦਕੋਟ ਦੇ ਗੁਰਕੀਰਤ ਸਿੰਘ ਦਸਵੀਂ, ਜਤਿਨ ਚਾਨਣਾ ਗਿਆਰਵੀਂ, ਕਰਨਵੀਰ ਸਿੰਘ ਨੌਵੀਂ ਤੇ ਕੋਮਲਪ੍ਰੀਤ ਸਿੰਘ ਦਸਵੀਂ ਦੇ ਖਿਡਾਰੀਆਂ ਨੇ ਭਾਗ ਲਿਆ ਤੇ ਗੋਲਡ ਮੈਡਲ ਹਾਸਲ ਕੀਤਾ। ਉਨ੍ਹਾਂ ਕਿਹਾ ਕਿ ਖੇਡਾਂ ਜ਼ਿੰਦਗੀ ਵਿੱਚ ਬਹੁਤ ਹੀ ਅਹਿਮੀਅਤ ਰੱਖਦੀਆਂ ਹਨ, ਕਿਉਂਕਿ ਤੰਦਰੁਸਤ ਮਨ ਲਈ ਤੰਦਰੁਸਤ ਸਰੀਰ ਦਾ ਹੋਣਾ ਵੀ ਜ਼ਰੂਰੀ ਹੈ। ਫ਼ਿਰ ਵਿਦਿਆਰਥੀਆਂ ਦੀਆਂ ਇਨ੍ਹਾਂ ਪ੍ਰਾਪਤੀਆਂ ਦੀ ਹੌਸਲਾ ਅਫਜ਼ਾਈ ਕਰਦੇ ਹੋਏ ਅਦਾਰੇ ਦੇ ਚੇਅਰਮੈਨ ਸ੍ਰ. ਇੰਦਰਜੀਤ ਸਿੰਘ ਖਾਲਸਾ ਨੇ ਖਿਡਾਰੀਆਂ ਨੂੰ ਅਸ਼ੀਰਵਾਦ ਦਿੱਤਾ ਤੇ ਕਿਹਾ ਕਿ ਪੜ੍ਹਾਈ ਦੇ ਨਾਲ-ਨਾਲ ਸਾਨੂੰ ਆਪਣੇ ਸਰੀਰਕ ਗਤੀਵਿਧੀਆਂ ਵੱਲ ਵੀ ਧਿਆਨ ਦਿੰਦੇ ਹੋਏ ਵੱਧ ਤੋਂ ਵੱਧ ਖੇਡਾਂ ਵਿੱਚ ਭਾਗ ਲੈਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅਜਿਹੇ ਹੋਣਹਾਰ ਵਿਦਿਆਰਥੀ ਹਮੇਸ਼ਾ ਹੀ ਅਦਾਰੇ ਤੇ ਮਾਪਿਆਂ ਦਾ ਨਾਮ ਰੌਸ਼ਨ ਕਰਦੇ ਹਨ। ਉਨ੍ਹਾਂ ਕਾਮਨਾ ਕਰਦੇ ਹੋਏ ਕਿਹਾ ਕਿ ਇਹ ਅੱਗੇ ਵਧਦੇ ਹੋਏ ਹਮੇਸ਼ਾ ਉੱਚੀਆਂ ਬੁਲੰਦੀਆਂ ਨੂੰ ਛੂਹਣ ਤੇ ਭਵਿੱਖ ਵਿੱਚ ਵੀ ਅਗਾਂਹਵਧੂ ਸੋਚ ਰਾਹੀਂ ਆਪਣੇ ਮਾਪਿਆਂ, ਅਧਿਆਪਕਾਂ ਤੇ ਅਦਾਰੇ ਦਾ ਨਾਂਅ ਰੌਸ਼ਨ ਕਰਦੇ ਰਹਿਣ।

CMYK

# ਸੈਂਟਰ ਆਫ ਟਰੇਡ ਯੂਨੀਅਨਜ਼ ਵੱਲੋਂ ਕਿਰਤੀਆਂ ਦੀਆਂ ਮੰਗਾਂ-ਮੁਸ਼ਕਲਾਂ ਨੂੰ ਲੈ ਕੇ ਰੋਸ ਮੁਜ਼ਾਹਰੇ ਭਲਕ ਤੋਂ



**ਜਲੰਧਰ ( ਰਾਜੇਸ਼ ਥਾਪਾ )** ਸੈਂਟਰ ਆਫ ਟਰੇਡ ਯੂਨੀਅਨਜ਼ (ਸੀ ਟੀ ਯੂ) ਪੰਜਾਬ ਸੂਬਾ ਵਰਕਿੰਗ ਕਮੇਟੀ ਦੀ ਮੀਟਿੰਗ ਕਾਰਜਕਾਰੀ ਪ੍ਰਧਾਨ ਕਾਮਰੇਡ ਦੇਵ ਰਾਜ ਵਰਮਾ ਦੀ ਪ੍ਰਧਾਨਗੀ ਹੇਠ ਸੂਬਾਈ ਕੇਂਦਰ ਸ਼ਹੀਦ ਸਵਰਨ ਸਿੰਘ ਚੀਮਾ ਯਾਦਗਾਰ ਭਵਨ ਗੜ੍ਹਾ ਜਲੰਧਰ ਵਿਖੇ ਹੋਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਕਾਮਰੇਡ ਮੰਗਤ ਰਾਮ ਪਾਸਲਾ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਦੀਆਂ ਮਜ਼ਦੂਰ ਮਾਰੂ ਅਤੇ ਦੇਸ਼ ਵਿਰੋਧੀ, ਦੇਸੀ ਵਿਦੇਸ਼ੀ ਕਾਰਪੋਰੇਟ ਘਰਾਣਿਆਂ ਨੂੰ ਮਾਲਾਮਾਲ ਕਰਨ ਵਾਲੀਆਂ ਆਰਥਿਕ ਤੇ ਸਨਅਤੀ ਨੀਤੀਆਂ ਕਰਕੇ ਭਾਰਤ ਦੇ ਦਸਾਂ ਨਹੁੰਆਂ ਦੀ ਕਿਰਤ ਕਮਾਈ ਕਰਨ ਵਾਲੇ ਕਰੋੜਾਂ ਲੋਕਾਂ ਸਾਹਮਣੇ ਰੁਜ਼ਗਾਰ ਦਾ ਸੰਕਟ ਖੜਾ ਹੋ ਗਿਆ ਹੈ ਅਤੇ ਮਜ਼ਦੂਰ ਜਮਾਤ ਦੀ ਲੰਮੀ ਜੱਦੋ ਜਹਿਦ ਅਨੇਕਾਂ ਕੁਰਬਾਨੀਆਂ ਤੋਂ ਬਾਅਦ ਪ੍ਰਾਪਤ ਕੀਤੇ ਮਜ਼ਦੂਰ ਪੱਖੀ ਕਾਨੂੰਨਾਂ ਨੂੰ ਖਤਮ ਕਰਕੇ ਕਾਰਪੋਰੇਟ ਘਰਾਣਿਆਂ ਪੱਖੀ ਬਣਾਏ ਚਾਰ ਕੋਡਜ਼ ਵਿੱਚ ਤਬਦੀਲ ਕਰ ਦਿੱਤਾ। ਮੋਦੀ ਸਰਕਾਰ ਦੇ ਇਸ ਮਜ਼ਦੂਰ ਵਿਰੋਧੀ ਫੈਸਲਿਆਂ ਦਾ ਵਿਰੋਧ ਕਰਨ ਦੀ ਬਜਾਏ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੇ ਦੇਸ਼ ਦੇ ਸਾਰੇ ਸੂਬਿਆਂ ਨਾਲੋਂ ਪਹਿਲ ਕਰਦਿਆਂ ਮੋਦੀ ਸਰਕਾਰ ਦੀ ਹਾਂ ਵਿੱਚ ਹਾਂ ਮਿਲਾ ਕੇ ਮਜ਼ਦੂਰਾਂ ਨਾਲ ਪੰਜਾਬ ਅੰਦਰ ਸਰਮਾਏਦਾਰਾਂ ਤੇ ਉਦਯੋਗਿਕ ਘਰਾਣਿਆਂ ਦੇ ਹਿੱਤਾਂ ਵਿੱਚ ਕੰਮ ਦਿਹਾੜੀ ਦਾ ਸਮਾਂ ਅੱਠ ਘੰਟੇ ਤੋਂ ਵਧਾ ਕੇ ਬਾਰਾਂ ਘੰਟੇ ਕਰਕੇ ਪੰਜਾਬ ਦੇ ਮਜ਼ਦੂਰਾਂ ਨਾਲ ਧਰੋਹ ਕੀਤਾ ਹੈ। ਉਹਨਾਂ ਸੀ ਟੀ ਯੂ ਪੰਜਾਬ ਦੀ ਸਮੁੱਚੀ ਲੀਡਰਸ਼ਿਪ ਕੇਂਦਰ ਤੇ ਪੰਜਾਬ ਸਰਕਾਰ ਦੇ ਮਜ਼ਦੂਰ ਵਿਰੋਧੀ ਕਦਮਾਂ ਦਾ ਡੱਟ ਕੇ ਵਿਰੋਧ ਕਰਨ ਦੇ ਨਾਲ ਨਾਲ ਆਰ ਐੱਸ ਐੱਸ ਦੇ ਇਸ਼ਾਰੇ 'ਤੇ ਭਾਜਪਾ ਦੀ ਫਿਰਕੂ ਮੋਦੀ ਸ਼ਾਹ ਸਰਕਾਰ ਨੂੰ ਹਰਾਉਣ ਦਾ ਵੀ ਸੱਦਾ ਦਿੱਤਾ। ਮੀਟਿੰਗ ਵਿੱਚ ਫੈਸਲਾ ਕੀਤਾ ਕਿ ਸੀ ਟੀ ਯੂ ਪੰਜਾਬ ਵਲੋਂ ਉਪਰੋਕਤ ਮੰਗਾਂ ਤੋਂ ਇਲਾਵਾ ਨਿਰਮਾਣ ਮਜ਼ਦੂਰਾਂ, ਆਂਗਣਵਾੜੀ ਵਰਕਰਾਂ, ਟੈਕਸਟਾਈਲ, ਹੌਜ਼ਰੀ, ਸਪੋਰਟਸ, ਹੋਰ ਉਦਯੋਗਿਕ ਇਕਾਈਆਂ ਦੇ ਕਿਰਤੀਆਂ, ਭੱਠਾ ਮਜ਼ਦੂਰਾਂ, ਪਿਡ ਡੇ ਮੀਲ ਵਰਕਰਾਂ, ਸਫਾਈ ਕਾਮਿਆਂ, ਆਸ਼ਾ ਵਰਕਰਾਂ, ਮਨਰੇਗਾ ਮਜ਼ਦੂਰਾਂ, ਘਰੇਲੂ ਮਜ਼ਦੂਰਾਂ, ਠੇਕੇਦਾਰੀ ਸਿਸਟਮ ਅਧੀਨ ਕਾਮਿਆਂ, ਸਕੀਮ ਵਰਕਰਾਂ ਅਤੇ ਹੋਰ ਵੱਖ ਵੱਖ ਅਦਾਰਿਆਂ ਵਿੱਚ ਕੰਮ ਕਰਦੇ ਕਿਰਤੀਆਂ ਦੀ ਮੰਗਾਂ-ਮੁਸ਼ਕਲਾਂ ਨੂੰ ਲੈ ਕੇ 9 ਅਕਤੂਬਰ ਤੋਂ 13 ਅਕਤੂਬਰ ਤੱਕ ਜ਼ਿਲ੍ਹਾ ਹੈਡਕੁਆਰਟਰਾਂ ਤੇ ਰੋਸ ਮੁਜਾਹਰੇ ਕਰਕੇ ਡਿਪਟੀ ਕਮਿਸ਼ਨਰਾਂ ਰਾਹੀਂ ਮੁੱਖ ਮੰਤਰੀ ਪੰਜਾਬ ਅਤੇ ਲੇਬਰ ਮੰਤਰੀ ਪੰਜਾਬ ਸਰਕਾਰ ਨੂੰ ਮੰਗ ਪੱਤਰ ਭੇਜੇ ਜਾਣਗੇ। ਮੀਟਿੰਗ ਵਿੱਚ ਉਪਰੋਕਤ ਤੋਂ ਇਲਾਵਾ ਸੀ ਟੀ ਯੂ ਪੰਜਾਬ ਦੇ ਵਿੱਤ ਸਕੱਤਰ ਕਾਮਰੇਡ ਸ਼ਿਵ ਕੁਮਾਰ ਪਠਾਨਕੋਟ, ਹਰੀਮੁਨੀ ਸਿੰਘ, ਜਗਦੀਸ਼ ਚੰਦਰ, ਸੱਜਣ ਸਿੰਘ ਮੁਹਾਲੀ, ਗੰਗਾ ਪ੍ਰਸ਼ਾਦ, ਜਗਤਾਰ ਸਿੰਘ ਕਰਮਪੁਰਾ, ਠਾਕੁਰ ਧਿਆਨ ਸਿੰਘ, ਲਾਲ ਚੰਦ ਸਰਦੂਲਗੜ੍ਹ, ਪਰਮਜੀਤ ਸਿੰਘ, ਗੁਰਦੀਪ ਸਿੰਘ ਰਾਏਕੋਟ, ਬਲਰਾਮ ਸਿੰਘ, ਹਰੀ ਸਿੰਘ ਢੀਂਡਸਾ, ਬਲਵਿੰਦਰ ਸਿੰਘ, ਮੱਖਣ ਸਿੰਘ ਜਖੇਪਲ, ਬੀਬੀ ਗੁਰਮੇਲ ਕੌਰ, ਗੁਰਸੇਵਕ ਸਿੰਘ, ਤਹਿਸੀਲਦਾਰ ਯਾਦਵ, ਅਮਰਜੀਤ ਸਿੰਘ ਘਨੌਰ, ਸੁੱਚਾ ਸਿੰਘ, ਜਸਵੰਤ ਸਿੰਘ, ਧਰਮ ਸਿੰਘ ਪੱਟੀ, ਪਰਲਾਦ ਸਿੰਘ, ਗੁਰਮੇਲ ਸਿੰਘ ਬਰਨਾਲਾ, ਨੰਦ ਕਿਸ਼ੋਰ ਮੌਰੀਆ, ਸੰਤੋਖ ਸਿੰਘ ਡੇਰਾ ਬਾਬਾ ਨਾਨਕ, ਮਨਹਰਨ ਅਤੇ ਹੋਰ ਸਾਥੀਆਂ ਨੇ ਮੀਟਿੰਗ ਵਿੱਚ ਆਪਣੇ ਵਿਚਾਰ ਸਾਂਝੇ ਕੀਤੇ।

# 30 ਤੋਂ ਦਿਨ-ਰਾਤ ਚੱਲੇਗਾ ਗਦਰੀ ਬਾਬਿਆਂ ਦਾ ਮੇਲਾ



**ਜਲੰਧਰ-** ਗਦਰੀ ਬਾਬਿਆਂ ਦਾ ਮੇਲਾ 30-31ਅਕਤੂਬਰ ਤੇ ਪਹਿਲੀ ਨਵੰਬਰ ਸਾਰਾ ਦਿਨ ਤੇ ਸਾਰੀ ਰਾਤ ਚੱਲੇਗਾ। ਪੁਸਤਕਾਂ ਦੇ ਨਾਂਅ 30 ਸ਼ਾਮ ਨੂੰ ਵਿਚਾਰ ਚਰਚਾ ਹੋਵੇਗੀ ਅਤੇ 31 ਨੂੰ ਕੁਇਜ਼ ਤੇ ਪੇਂਟਿੰਗ ਮੁਕਾਬਲੇ ਹੋਣਗੇ। ਦੁਪਹਿਰ ਢਾਈ ਤੋਂ 4 ਵਜੇ ਤੱਕ ਕੌਮੀ ਹਸਤੀਆਂ ਵੱਲੋਂ ਵਿਚਾਰ ਪੇਸ਼ ਕੀਤੇ ਜਾਣਗੇ ਤੇ ਸਵਾਲ ਜਵਾਬ ਵੀ ਹੋਣਗੇ। ਪਹਿਲੀ ਨਵੰਬਰ ਸਵੇਰੇ 9 ਵਜੇ ਝੰਡਾ ਲਹਿਰਾਉਣ ਦੀ ਰਸਮ ਦੇਸ਼ ਭਗਤ ਯਾਦਗਾਰ ਕਮੇਟੀ ਦੇ ਟਰੱਸਟੀ ਸੁਰਿੰਦਰ ਕੁਮਾਰੀ ਕੋਛੜ ਅਦਾ ਕਰਨਗੇ। ਕਮੇਟੀ ਦੇ ਜਨਰਲ ਸਕੱਤਰ ਪਿਰਥੀਪਾਲ ਸਿੰਘ ਮਾੜੀਮੇਘਾ ਸੰਗਤਾਂ ਨੂੰ ਜੀ ਆਇਆਂ ਕਹਿਣਗੇ ਤੇ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਮੁੱਖ ਵਕਤਾ ਹੋਣਗੇ। ਗੀਤ ਸੰਗੀਤ ਵਾਲੀ ਦਿਨ ਦੀ ਸਟੇਜ ਕਮੇਟੀ ਮੈਂਬਰ ਹਰਵਿੰਦਰ ਭੰਡਾਲ ਤੇ ਰਮਿੰਦਰ ਪਟਿਆਲਾ ਚਲਾਉਣਗੇ। ਰਾਤ ਵਾਲੀ ਨਾਟਕਾਂ ਵਾਲੀ ਸਟੇਜ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਤੇ ਕਮੇਟੀ ਮੈਂਬਰ ਮਨਜੀਤ ਸਿੰਘ ਬਾਸਰਕੇ ਚਲਾਉਣਗੇ। ਤਿੰਨ ਦਿਨਾਂ ਮੇਲੇ ਦੇ ਲੰਗਰ ਦੀ ਸੇਵਾ ਦੇਸ਼ ਭਗਤ ਯਾਦਗਾਰ ਕਮੇਟੀ ਦੇ ਬਾਨੀ ਪ੍ਰਧਾਨ ਸੰਤ ਵਿਸਾਖਾ ਸਿੰਘ ਦੇ ਪਿੰਡ ਦਦੇਹਰ ਸਾਹਿਬ ਦੀ ਸੰਗਤ ਨਿਭਾਏਗੀ। ਬਾਕੀ ਖਰਚਿਆਂ ਵਾਸਤੇ ਵੱਖ ਵੱਖ ਪਿੰਡਾਂ, ਸ਼ਹਿਰ ਤੇ ਵਿਦੇਸ਼ੀ ਨਿਵਾਸੀਆਂ ਤੋਂ ਵੱਡੇ ਪੱਧਰ 'ਤੇ ਆਰਥਿਕ ਮਦਦ ਪਹੁੰਚ ਰਹੀ। ਇਸ ਦੀ ਲੜੀ ਵਜੋਂ ਮੈਡਮ ਮਧੂ ਰਚਨਾ ਨੇ ਦਫਤਰ ਆ ਕੇ 5000 ਰੁਪਏ ਕਮੇਟੀ ਦੇ ਜਨਰਲ ਸਕੱਤਰ ਪਿਰਥੀਪਾਲ ਸਿੰਘ ਮਾੜੀਮੇਘਾ, ਸੁਰਿੰਦਰ ਕੁਮਾਰੀ ਕੋਛੜ ਤੇ ਰਜਿੰਦਰ ਮੰਡ ਐਡਵੋਕੇਟ ਨੂੰ ਸੌਂਪੇ। ਕਮੇਟੀ ਨੇ ਸੁਰਿੰਦਰ ਕੁਮਾਰੀ ਕੋਛੜ ਦੀ ਜੀਵਨੀ ਦੇ ਕੇ ਧੰਨਵਾਦ ਕੀਤਾ।

# ਸਾਲਾਨਾ ਸਰਾਧ ਜੋੜ ਮੇਲੇ ਮੌਕੇ ਮੁਫਤ ਮੈਡੀਕਲ ਕੈਂਪ ਲਗਾਇਆ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਭਾਮ ਵਿਖੇ ਡੇਰਾ ਦੁੱਧਾਧਾਰੀ ਭਾਮ ਦੇ ਅਸਥਾਨ 'ਤੇ ਸਾਲਾਨਾ ਸਰਾਧ ਜੋੜ ਮੇਲੇ ਮੌਕੇ ਸੰਗਤਾਂ ਦੀ ਸਹੂਲਤ ਲਈ 24ਵਾਂ ਮੁਫਤ ਮੈਡੀਕਲ ਕੈਂਪ ਲਗਾਇਆ। ਕੈਂਪ ਦਾ ਡੇਰਾ ਦੁੱਧਾਧਾਰੀ ਭਾਮ ਪ੍ਰਬੰਧਕ ਕਮੇਟੀ ਵੱਲੋਂ ਅਰਦਾਸ ਬੇਨਤੀ ਕਰਨ ਉਪਰੰਤ ਰੀਬਨ ਕੱਟ ਕੇ ਉਦਘਾਟਨ ਕੀਤਾ ਗਿਆ। ਡਾਕਟਰ ਪਰਮਿੰਦਰ ਸੂਦ ਐੱਸ ਜੀ ਆਰ ਹਸਪਤਾਲ ਕੋਟ ਫ਼ੁਤਹੀ ਵੱਲੋਂ 350 ਮਰੀਜਾਂ ਦੀ ਜਾਂਚ ਕਰਕੇ ਮੁਫਤ ਦਵਾਈਆਂ ਦਿੱਤੀਆਂ ਗਈਆਂ। ਸ਼ੂਗਰ, ਬੀ ਪੀ, ਦਿਲ ਦੀ ਧੜਕਣ ਅਤੇ ਕਈ ਟੈਸਟ ਬਿਲਕੁਲ ਮੁਫਤ ਕੀਤੇ ਗਏ। ਇਸ ਮੌਕੇ ਡਾਕਟਰ ਗਗਨਦੀਪ ਸਿੰਘ ਗੋਪੀਆਂ, ਡਾਕਟਰ ਐਮ ਐਸ ਕੋਲ ਨੰਗਲ ਕਲਾਂ, ਰਾਮ ਪ੍ਰਕਾਸ਼ ਸੂਦ ਰਹੀਲਾ, ਮੋਹਣ ਸਿੰਘ ਟੋਡਰਪੁਰ, ਬਲਵਿੰਦਰ ਰਾਮ ਗੋਪਾਲੀਆ, ਪ੍ਰਭ, ਦੀਪੂ ਰਹੀਲਾ, ਭੁਪਿੰਦਰ ਸਿੰਘ, ਪ੍ਰਿੰਸ, ਰੀਤੂ, ਕਮੇਟੀ ਪ੍ਰਧਾਨ ਬਲਜੀਤ ਸਿੰਘ ਸੋਨੂੰ ਪੰਚ, ਸੁਖਵਿੰਦਰ ਰਾਮ ਮੀਤ ਪ੍ਰਧਾਨ, ਸੋਹਣ ਲਾਲ ਜਨਰਲ ਸਕੱਤਰ, ਗੁਰਨਾਮ ਸਿੰਘ ਜਨਰਲ ਸਕੱਤਰ, ਅਮਰਜੀਤ ਸਿੰਘ ਖਜਾਨਚੀ, ਗੇਜ ਰਾਮ ਖਜਾਨਚੀ, ਸੋਢੀ ਰਾਮ ਪ੍ਰੈਸ ਸਕੱਤਰ, ਰਾਮ ਆਸਰਾ ਪ੍ਰੈਸ ਸਕੱਤਰ, ਹੰਸ ਰਾਜ ਸਲਾਹਕਾਰ, ਪ੍ਰੀਤਮ ਸਲਾਹਕਾਰ, ਰਾਮ ਸਰੂਪ ਸਲਾਹਕਾਰ ਤੋਂ ਇਲਾਵਾ ਇਲਾਕੇ ਭਰ ਤੋਂ ਵੱਡੀ ਗਿਣਤੀ ਵਿਚ ਸੰਗਤਾਂ ਹਾਜਰ ਸਨ।

# ਭਾਰਤੀ ਹਾਕੀ ਖਿਡਾਰੀਆਂ ਨੇ ਇੱਕ ਵਾਰ ਫਿਰ ਦੇਸ਼ ਦਾ ਨਾਂਅ ਕੀਤਾ ਰੌਸ਼ਨ-ਸੁਰਜੀਤ ਹਾਕੀ ਸੁਸਾਇਟੀ

**ਜਲੰਧਰ (ਸ਼ੈਲੀ ਐਲਬਰਟ)**-ਚੀਨ ਵਿਚ ਚੱਲ ਰਹੀਆਂ ਏਸ਼ਿਆਈ ਖੇਡਾਂ ਵਿਚ ਭਾਰਤੀ ਹਾਕੀ ਟੀਮ ਵੱਲੋਂ ਗੋਲਡ ਮੈਡਲ ਜਿੱਤਣ 'ਤੇ ਸੁਰਜੀਤ ਹਾਕੀ ਸੁਸਾਇਟੀ ਜਲੰਧਰ ਨੇ ਭਾਰਤੀ ਟੀਮ ਨੂੰ ਵਧਾਈ ਦਿੱਤੀ ਹੈ। ਸੁਰਜੀਤ ਹਾਕੀ ਸੁਸਾਇਟੀ ਦੇ ਪ੍ਰਧਾਨ ਵਿਸ਼ੇਸ਼ ਸਾਰੰਗਲ (ਡਿਪਟੀ ਕਮਿਸ਼ਨਰ ਜਲੰਧਰ), ਲਖਵਿੰਦਰਪਾਲ ਸਿੰਘ ਖਹਿਰਾ, ਐਲ. ਆਰ. ਨਈਅਰ, ਅਮਰੀਕ ਸਿੰਘ ਪਵਾਰ, ਸੁਰਿੰਦਰ ਸਿੰਘ ਭਾਪਾ, ਇਕਬਾਲ ਸਿੰਘ ਸੰਧੂ, ਰਾਮ ਪ੍ਰਤਾਪ, ਰਣਬੀਰ ਸਿੰਘ ਟੁੱਟ, ਨਰਿੰਦਰਪਾਲ ਸਿੰਘ ਜੱਜ, ਰਮਣੀਕ ਸਿੰਘ ਰੰਧਾਵਾ, ਪ੍ਰਵੀਨ ਗੁਪਤਾ ਨੇ ਭਾਰਤੀ ਹਾਕੀ ਟੀਮ ਨੂੰ ਸ਼ੁੱਭਕਾਮਨਾਵਾਂ ਦਿੰਦਿਆਂ ਕਿਹਾ ਕਿ ਭਾਰਤੀ ਹਾਕੀ ਟੀਮ ਨੇ ਜੇਤੂ ਲੈਅ ਨੂੰ ਬਰਕਰਾਰ ਰੱਖਦਿਆਂ ਫਾਈਨਲ 'ਜਾਪਾਨ ਨੂੰ ਕਰਾਰੀ ਹਾਰ ਦੇ ਕੇ ਭਾਰਤ ਦਾ ਨਾਂਅ ਇਕ ਵਾਰ ਫਿਰ ਪੂਰੀ ਦੁਨੀਆ ਵਿਚ ਰੌਸ਼ਨ ਕਰ ਦਿੱਤਾ ਹੈ। ਇਸ ਮੌਕੇ ਸੁਰਿੰਦਰ ਸਿੰਘ ਭਾਪਾ ਨੇ ਭਾਰਤੀ ਟੀਮ ਨੂੰ ਫੋਨ 'ਤੇ ਵਧਾਈ ਦਿੱਤੀ ਅਤੇ ਖਿਡਾਰੀਆਂ ਦੀ ਹੌਂਸਲਾ ਅਫਜਾਈ ਕੀਤੀ।।

# ਸ੍ਰੀ ਹਨੂੰਮੰਤ ਝੰਡਾ ਗੱਡਣ ਦੀ ਸ਼ੋਭਾ ਯਾਤਰਾ ਕੱਢੀ



**ਕਰਤਾਰਪੁਰ, ( ਹਰਮੇਸ ਦੱਤ )** ਸ੍ਰੀ ਗਣੇਸ ਡਰਾਮੈਟਿਕ ਕਲੱਬ ਕਰਤਾਰਪੁਰ ਦੀ ਵਲੋਂ ਸ੍ਰੀ ਰਾਮਚਰਿਤ ਮੰਚਨ-2023 ਦੇ ਸਬੰਧ ਵਿੱਚ ਸ੍ਰੀ ਹਨੂੰਮਾਨ ਝੰਡਾ ਗੱਡਣ ਦੀ ਸ਼ੋਭਾ ਯਾਤਰਾ ਸ਼ਿਵ ਮੰਦਰ ਬਜਾਰ ਪਾਂਧਿਆਂ ਵਾਲਾ ਤੋਂ ਕੱਢੀ ਗਈ ਅਤੇ ਕਲੱਬ ਦੇ ਅਹੁਦੇਦਾਰਾ ਅਤੇ ਕਲਾਕਾਰਾਂ ਵੱਲੋਂ ਪੂਜਾ ਅਰਚਨਾ ਤੋ ਬਾਅਦ ਸ੍ਰੀ ਹਨੂੰਮਾਨ ਝੰਡੇ ਨਾਲ ਪ੍ਰਚੀਨ ਹਨੂੰਮਾਨ ਮੰਦਿਰ ਮੁੱਹਲਾ ਮੱਟ ਵਾਲਾ ਵਿਖੇ ਪਹੁੰਚੀ। ਸ੍ਰੀ ਹਨੂੰਮਾਨ ਚਾਲੀਸਾ ਦਾ ਪਾਠ ਕੀਤਾ ਗਿਆ। ਕਿਲਾ ਕੋਠੀ ਚੌਂਕ ਵਿਖੇ ਰਾਮ ਲੀਲਾ ਸਟੇਜ ਨੇੜੇ ਜਿੱਥੇ ਸ੍ਰੀ ਰਾਮ ਚਰਿਤ ਮੰਚਨ ਦਾ ਆਯੋਜਨ ਕੀਤਾ ਜਾਣਾ ਹੈ ਅਤੇ ਉੱਥੇ ਪੂਜਾ ਦੇ ਨਾਲ ਸ੍ਰੀ ਹਨੂੰਮਤ ਝੰਡਾ ਗੱਡਿਆ ਗਿਆ। ਇਸ ਮੌਕੇ ਸੰਸਥਾ ਦੇ ਸੰਸਥਾਪਕ ਮੈਂਬਰ ਸੰਜੇ ਸ਼ਰਮਾ, ਡਾਇਰੈਕਟਰ ਰਾਹੁਲ ਸ਼ਰਮਾ, ਪ੍ਰਧਾਨ ਪਵਨ ਸ਼ਰਮਾ ਨੇ ਦੱਸਿਆ ਕਿ 15 ਅਕਤੂਬਰ ਤੋਂ 23 ਅਕਤੂਬਰ 2023 ਤੱਕ ਸ੍ਰੀ ਰਾਮ ਚਰਿਤ ਮੰਚਨ ਕੀਤਾ ਜਾਵੇਗਾ, ਜਿਸ ਵਿਚ ਕਰਤਾਰਪੁਰ ਦੇ ਸਮੂਹ ਨਗਰ ਨਿਵਾਸੀ ਅਤੇ ਸ਼ਹਿਰ ਦੀਆਂ ਧਾਰਮਿਕ ਸੰਸਥਾਵਾਂ ਪੂਰਨ ਤੌਰ 'ਤੇ ਸ਼ਮੂਲੀਅਤ ਕਰਨਗੀਆਂ। ਸਮੂਹ ਸ਼ਰਧਾਲੂਆਂ ਵਿੱਚ ਪ੍ਰਸਾਦ ਵੰਡਿਆ ਗਿਆ। ਇਸ ਮੌਕੇ ਸਰਪ੍ਰਸਤ ਸੁਦਰਸ਼ਨ ਓਹਰੀ, ਫਾਉਂਡਰ ਮੈਂਬਰ ਸੰਜੇ ਸ਼ਰਮਾ, ਗਗਨ ਗੌਤਮ, ਦੀਪਕ ਦੀਪਾ, ਚੇਅਰਮੈਨ ਸੰਜੀਵ ਭੱਲਾ, ਡਾਇਰੈਕਟਰ ਰਾਮ ਸ਼ਰਮਾ, ਡਾਇਰੈਕਟਰ ਰਾਹੁਲ ਸ਼ਰਮਾ, ਬਨਮਾਲੀ ਕਾਂਤ ਸ਼ਰਮਾ, 'ਆਪ' ਆਗੂ ਪੰਡਿਤ ਅਵਧ ਸ਼ਰਮਾ, ਰਜਨੀਸ਼ ਬਾਂਕਾ, ਭਾਰਤ ਭੂਸ਼ਣ ਸ਼ਰਮਾ, ਸੁਰਿੰਦਰ, ਡੇਵਿਡ ਕੁਮਾਰ, ਅਮਿਤ ਬੱਸੀ, ਪਵਨ ਭੀਚਾ, ਸਾਗਰ, ਸ਼ਿਆਮ ਕੁਮਾਰ, ਸੂਰਜ ਸ਼ਰਮਾ, ਰਿਧਵ ਸ਼ਰਮਾ, ਗਵੀਸ ਕੁੰਦਰਾ, ਦੀਪਾਸ਼ੂ ਸ਼ਰਮਾ, ਆਯੂਸ਼ ਬਾਬਾ, ਅੰਕੁਸ, ਮੋਹਿਤ ਕੁਮਾਰ ਅਤੇ ਹੋਰ ਹਾਜਰ ਸਨ।

# ਗੜ੍ਹਸ਼ੰਕਰ, ਮਾਹਿਲਪੁਰ, ਪਾਲਦੀ ਤੇ ਖੇੜਾ 'ਚ ਹੋਣਗੇ ਸੂਬਾ ਪੱਧਰੀ ਫੁੱਟਬਾਲ ਮੁਕਾਬਲੇ : ਰਾਹੁਲ ਚਾਬਾ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਵਧੀਕ ਡਿਪਟੀ ਕਮਿਸ਼ਨਰ (ਜ) ਰਾਹੁਲ ਚਾਬਾ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ 'ਖੇਡਾਂ ਵਤਨ ਪੰਜਾਬ ਦੀਆਂ-2023' ਦੇ ਸੂਬਾ ਪੱਧਰੀ ਫੁੱਟਬਾਲ ਮੁਕਾਬਲੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਗੜ੍ਹਸ਼ੰਕਰ, ਮਾਹਿਲਪੁਰ ਅਤੇ ਪਾਲਦੀ ਵਿਖੇ 17 ਤੋਂ 22 ਅਕਤੂਬਰ ਤੱਕ ਕਰਵਾਏ ਜਾਣਗੇ, ਜਿਸ ਵਿਚ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਖਿਡਾਰੀ ਹੁਸ਼ਿਆਰਪੁਰ ਪਹੁੰਚਣਗੇ। ਉਹ ਅੱਜ ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ ਵਿਖੇ ਸੂਬਾ ਪੱਧਰੀ ਫੁੱਟਬਾਲ ਮੁਕਾਬਲਿਆਂ ਦੇ ਪ੍ਰਬੰਧਾਂ ਸਬੰਧੀ ਪ੍ਰਸ਼ਾਸਨਿਕ ਅਧਿਕਾਰੀਆਂ ਅਤੇ ਸਕੂਲਾਂ-ਕਾਲਜਾਂ ਦੇ ਮੁਖੀਆਂ ਨਾਲ ਮੀਟਿੰਗ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਨਾਲ ਐਸ. ਪੀ (ਹੈੱਡਕੁਆਰਟਰ) ਮਨਜੀਤ ਕੌਰ ਅਤੇ ਜ਼ਿਲ੍ਹਾ ਖੇਡ ਅਫ਼ਸਰ ਗੁਰਪ੍ਰੀਤ ਸਿੰਘ ਤੋਂ ਇਲਾਵਾ ਹੋਰਨਾਂ ਵਿਭਾਗਾਂ ਦੇ ਅਧਿਕਾਰੀ ਵੀ ਹਾਜ਼ਰ ਸਨ। ਵਧੀਕ ਡਿਪਟੀ ਕਮਿਸ਼ਨਰ ਨੇ ਇਸ ਦੌਰਾਨ ਖਿਡਾਰੀਆਂ ਦੇ ਰਹਿਣ-ਸਹਿਣ ਸਬੰਧੀ ਮਾਹਿਲਪੁਰ ਅਤੇ ਗੜ੍ਹਸ਼ੰਕਰ ਦੇ ਸਕੂਲਾਂ ਅਤੇ ਕਾਲਜਾਂ ਦੇ ਮੁਖੀਆਂ ਨੂੰ ਹਦਾਇਤ ਦਿੰਦਿਆਂ ਲੋੜੀਂਦੇ ਪ੍ਰਬੰਧ ਕਰਨ ਲਈ ਕਿਹਾ।

ਉਨ੍ਹਾਂ ਸਾਰਿਆਂ ਨੂੰ ਮੁਕਾਬਲਿਆਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਅਗਾਊਂ ਤਿਆਰੀਆਂ ਮੁਕੰਮਲ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਦੱਸਿਆ ਕਿ ਇਨ੍ਹਾਂ ਫੁੱਟਬਾਲ ਮੁਕਾਬਲਿਆਂ ਵਿਚ ਅੰਡਰ 14, 17, 21, 30 ਅਤੇ 31 ਤੋਂ ਵੱਧ ਉਮਰ ਵਰਗ ਦੇ ਮਹਿਲਾ ਤੇ ਪੁਰਸ਼ ਖਿਡਾਰੀ ਪਹੁੰਚ ਰਹੇ ਹਨ। ਉਨ੍ਹਾਂ ਦੱਸਿਆ ਕਿ ਇਹ ਮੁਕਾਬਲੇ ਐਸ. ਜੀ. ਐਸ ਖਾਲਸਾ ਕਾਲਜ ਮਾਹਿਲਪੁਰ ਫੁੱਟਬਾਲ ਸਟੇਡੀਅਮ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਮਾਹਿਲਪੁਰ ਅਤੇ ਫੁੱਟਬਾਲ ਸਟੇਡੀਅਮ ਪਿੰਡ ਬਾਹੋਵਾਲ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੜ੍ਹਸ਼ੰਕਰ, ਬੱਬਰ ਅਕਾਲੀ ਮੈਮੋਰੀਅਲ ਖਾਲਸਾ ਕਾਲਜ ਗੜ੍ਹਸ਼ੰਕਰ, ਦੁਆਬਾ ਪਬਲਿਕ ਸਕੂਲ ਗੜ੍ਹਸ਼ੰਕਰ, ਫੁੱਟਬਾਲ ਸਟੇਡੀਅਮ ਪਿੰਡ ਪਾਲਦੀ, ਫੁੱਟਬਾਲ ਸਟੇਡੀਅਮ ਪਿੰਡ ਖੇੜਾ ਦੀਆਂ ਗਰਾਊਂਡਾਂ ਵਿਚ ਹੋਣਗੇ।

# ਸਰਕਾਰੀ ਸਕੂਲ ਦੀ ਇਮਾਰਤ ਬਣਾਉਣ ਲਈ ਚੱਲ ਰਹੇ ਧਰਨੇ ਦੀ ਇਸਤਰੀ ਜਾਗ੍ਰਿਤੀ ਮੰਚ ਵੱਲੋਂ ਹਮਾਇਤ



**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )**-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨੂਰਮਹਿਲ ਦੀ ਅਧੂਰੀ ਬਿਲਡਿੰਗ ਨੂੰ ਮੁਕੰਮਲ ਤੌਰ 'ਤੇ ਵਿੱਦਿਆ ਦਾ ਮੰਦਰ ਬਣਵਾਉਣ ਅਤੇ ਸਾਜਿਸ਼ਕਾਰਾਂ ਨੂੰ ਨੁਕਰੇ ਲਾਉਣ ਲਈ ਸਰਕਾਰੀ ਸਕੂਲ ਬਚਾਓ ਮੋਰਚਾ ਵੱਲੋਂ ਦਿੱਤੇ ਜਾ ਰਹੇ ਧਰਨੇ ਦਾ 27ਵਾਂ ਦਿਨ ਵੀ ਬੀਤ ਗਿਆ। ਧਰਨੇ ਨੂੰ ਉਸ ਵਕਤ ਹੋਰ ਉਤਸ਼ਾਹ ਮਿਲਿਆ ਜਦੋਂ ਇਸਤਰੀ ਜਾਗ੍ਰਿਤੀ ਮੰਚ ਪੰਜਾਬ ਦੀ ਪ੍ਰੈਸ ਸਕੱਤਰ ਜਸਬੀਰ ਜੱਸੀ ਅਤੇ ਜ਼ਿਲ੍ਹਾ ਕਮੇਟੀ ਮੈਂਬਰ ਕੁਲਵੰਤ ਕੌਰ ਪਬਵਾਂ ਉਚੇਚੇ ਤੌਰ 'ਤੇ ਪਹੁੰਚੇ। ਉਹਨਾਂ ਦੋਸ਼ ਲਗਾਇਆ ਕਿ ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰ ਸੰਜੇ ਸਿੰਘ ਦੀ ਗ੍ਰਿਫਤਾਰੀ ਦੇ ਚੰਦ ਘੰਟਿਆਂ ਬਾਅਦ ਹੀ ਹਲਕਾ ਵਿਧਾਇਕ ਨਕੋਦਰ ਇੰਦਰਜੀਤ ਕੌਰ ਮਾਨ, ਸੰਸਦ ਮੈਂਬਰ ਸੁਸ਼ੀਲ ਕੁਮਾਰ ਰਿੰਕੂ, ਵਿਧਾਇਕ ਰਮਨ ਅਰੋੜਾ, ਕੈਬਨਿਟ ਮੰਤਰੀ ਬਲਕਾਰ ਸਿੰਘ ਅਤੇ ਹੋਰਾਂ ਵੱਲੋਂ ਭੁੰਜੇ ਜਮੀਨ 'ਤੇ ਬੈਠ ਕੇ ਧਰਨਾ ਦਿੱਤਾ ਗਿਆ ਪਰ ਜਿਸ ਜਗ੍ਹਾ ਗਰੀਬ ਬੱਚਿਆਂ ਦਾ ਭਵਿੱਖ ਤਬਾਹ ਹੋ ਰਿਹਾ ਹੈ ਅਤੇ ਬੱਚਿਆਂ ਦੇ ਭਵਿੱਖ ਨੂੰ ਸੁਰੱਖਿਅਤ ਰੱਖਣ ਲਈ ਮਿਤੀ 11 ਸਤੰਬਰ ਤੋਂ ਧਰਨਾ ਲਗਾਤਾਰ ਜਾਰੀ ਹੈ ਉਸ ਜਗ੍ਹਾ 'ਤੇ ਪਹੁੰਚਣ ਲਈ ਹਲਕਾ ਵਿਧਾਇਕ ਇੰਦਰਜੀਤ ਕੌਰ ਮਾਨ ਨੂੰ ਅਤਿਅੰਤ ਸ਼ਰਮ ਮਹਿਸੂਸ ਹੋ ਰਹੀ ਹੈ। ਵਿਧਾਇਕ ਅਤੇ ਉਹਨਾਂ ਦੀ ਪਾਰਟੀ ਵੱਲੋਂ ਸਕੂਲ ਪ੍ਰਤੀ ਵਰਤੀ ਜਾ ਰਹੀ ਅਣਗਿਹਲੀ ਅਤਿ ਨਿੰਦਣਯੋਗ ਹੈ। ਉਹਨਾਂ ਕਿਹਾ ਕਿ 15 ਅਕਤੂਬਰ ਨੂੰ ਕੀਤੇ ਜਾ ਰਹੇ ਰੋਸ ਮਾਰਚ ਵਿੱਚ ਉਹ ਵੱਧ ਚੜ੍ਹਕੇ ਹਿੱਸਾ ਲੈਣਗੇ। ਇਸ ਮੌਕੇ ਪੇਂਡੂ ਮਜਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਹੰਸ ਰਾਜ ਪਬਵਾਂ, ਪੰਜਾਬ ਨੰਬਰਦਾਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਲਾਇਨ ਅਸ਼ੋਕ ਸੰਧੂ ਨੰਬਰਦਾਰ ਨੂਰਮਹਿਲ, ਧਰਨਾਕਾਰੀ ਬਾਲ ਕ੍ਰਿਸ਼ਨ ਬਾਲੀ, ਪੱਤਰਕਾਰ ਤੀਰਥ ਚੀਮਾਂ, ਗੁਰਮੇਲ ਸਿੰਘ ਗੇਲੀ, ਰਾਜੀਵ ਜੋਸੀ, ਮਨਜਿੰਦਰ ਸਿੰਘ ਮੰਗਾ ਵੀ ਹਾਜਰ ਸਨ।

# ਹੱਕ-ਸੱਚ ਦੀ ਲੜਾਈ ਵਾਲੇ ਲਈ ਸਮਾਜ ਭਲਾਈ ਮੋਰਚਾ 'ਚ ਸਵਾਗਤ : ਸਰੋਆ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**ਸਮਾਜ ਭਲਾਈ ਮੋਰਚਾ ਦੇ ਰਾਸ਼ਟਰੀ ਪ੍ਰਧਾਨ ਦਵਿੰਦਰ ਕੁਮਾਰ ਸਰੋਆ ਨੇ ਦੱਸਿਆ ਕਿ ਪਾਰਟੀ ਸਮਾਜ ਭਲਾਈ ਮੋਰਚਾ ਦੀਆਂ ਗਤੀਵਿਧੀਆਂ ਤੇਜ਼ ਕੀਤੀਆਂ ਗਈਆਂ ਹਨ। ਵਿਧਾਨ ਸਭਾ ਹਲਕਾ ਆਦਮਪੁਰ ਇਕ ਲੇਡੀ ਵਿੰਗ ਦਾ ਗਠਨ ਕੀਤਾ ਗਿਆ ਜਿਸ ਵਿੱਚ ਪਿੰਡ ਸਰਨਾਣਾ ਤੋਂ ਲੇਡੀ ਵਿੰਗ ਪ੍ਰਧਾਨ ਕਮਲਜੀਤ ਕੌਰ, ਉਪ ਪ੍ਰਧਾਨ ਬਿੰਦਰ ਕੌਰ, ਸੈਕਟਰੀ ਸੱਤਿਆ ਦੇਵੀ, ਸੈਕਟਰੀ ਮਹਿੰਦਰ ਕੌਰ ਨੂੰ ਨਿਯੁਕਤ ਕੀਤਾ ਗਿਆ। ਉਨ੍ਹਾਂ ਕਿਹਾ ਜੋ ਵੀ ਇਨਸਾਨ ਸੱਚਾਈ ਦੇ ਰਾਹ 'ਤੇ ਚੱਲਣਾ ਚਾਹੁੰਦਾ ਹੈ, ਦੇਸ਼ ਦਾ, ਪੰਜਾਬ ਦਾ ਵਿਕਾਸ ਕਰਨਾ ਚਾਹੁੰਦਾ ਹੈ ਉਸ ਦਾ ਸਮਾਜ ਭਲਾਈ ਮੋਰਚਾ ਵਿੱਚ ਨਿੱਘਾ ਸਵਾਗਤ ਹੈ। ਸਮਾਜ ਭਲਾਈ ਮੋਰਚਾ ਹਮੇਸ਼ਾ ਹੀ ਸੱਚ ਦੀ, ਇਨਸਾਨੀਅਤ ਦੀ, ਹੱਕ ਦੀ ਲੜਾਈ ਲੜਦਾ ਹੈ ਅਤੇ ਹਮੇਸ਼ਾ ਲੜਦਾ ਰਹੇਗਾ। ਇਸ ਸਮੇਂ ਸਮਾਜ ਭਲਾਈ ਮੋਰਚਾ ਵਰਕਰ, ਜਤਿੰਦਰ ਕੁਮਾਰ ਹੈਪੀ ਹਰਮੋਇਆ, ਰਮਨਪ੍ਰੀਤ ਪ੍ਰਧਾਨ ਹਲਕਾ ਚੱਬੇਵਾਲ, ਸੁਨੀਤਾ ਰਾਣੀ, ਰੀਨਾ ਰਾਣੀ, ਗੁਰਮੇਲ ਸਿੰਘ, ਬਿਮਲਾ, ਕੁਲਦੀਪ ਕੌਰ, ਸਿਮਰਨਜੀਤ ਕੌਰ ਆਦਿ ਹਾਜ਼ਰ ਸਨ।

# ਹਰਮਿਲਨ ਬੈਂਸ ਵੱਲੋਂ 2 ਸਿਲਵਰ ਮੈਡਲ ਜਿੱਤਣ ਦੀ ਖੁਸ਼ੀ 'ਚ ਸਮਾਗਮ



**ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ)**-ਹਰਮਿਲਨ ਬੈਂਸ ਵਲੋਂ ਚੀਨ 'ਚ ਚੱਲ ਰਹੀਆ ਏਸ਼ੀਅਨ ਖੇਡਾਂ ਦੌਰਾਨ ਮਹਿਲਾ ਦੌੜ ਵਿਚੋਂ 1500 ਤੇ 800 ਮੀਟਰ 'ਚ ਸਿਲਵਰ ਮੈਡਲ ਜਿੱਤ ਕੇ ਦੇਸ਼ ਅਤੇ ਮਾਹਿਲਪੁਰ ਇਲਾਕੇ ਦਾ ਨਾਮ ਰੋਸ਼ਨ ਕੀਤਾ ਗਿਆ। ਜਸਵੀਰ ਸਿੰਘ ਸ਼ੀਰਾ ਸੋਨਾ ਦੀ ਅਗਵਾਈ 'ਚ ਇਸ ਮੌਕੇ ਪਿੰਡ ਜੰਡੋਲੀ 'ਚ ਕਰਵਾਏ ਗਏ ਸਨਮਾਨ ਸਮਾਰੋਹ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਹਰਮਿਲਨ ਬੈਂਸ ਦੇ ਪਿਤਾ ਜੀ ਅੰਤਰਰਾਸ਼ਟਰੀ ਅਥਲੀਟ ਅਮਨਦੀਪ ਬੈਂਸ ਦਾ ਸਿਰੋਪਾਓ ਪਾ ਕੇ ਸਨਮਾਨ ਕੀਤਾ ਗਿਆ ਤੇ ਲੱਡੂ ਵੰਡੇ ਗਏ। ਸਰਦਾਰਾ ਸਿੰਘ ਜੰਡੋਲੀ ਨੇ ਬੈਂਸ ਪਰਵਾਰ ਬਾਰੇ ਲੋਕਾਂ ਨੂੰ ਜਾਣੂ ਕਰਵਾਇਆ। ਇਸ ਸਮੇਂ ਸੁਖਮਿੰਦਰ ਸਿੰਘ ਗਰੇਵਾਲ,ਭਾਈ ਸੁਖਵਿੰਦਰ ਸਿੰਘ ਸੋਨੀ ਚੰਡੀਗੜ੍ਹ ਵਾਲੇ,ਬਲਵੀਰ ਸਿੰਘ,ਕੁਲਦੀਪ ਰਾਣਾ,ਜਸਵੀਰ ਮਾਨ,ਜਸਵੰਤ ਰਾਏ,ਕੁਲਵਿੰਦਰ ਢਿੱਲੋਂ,ਰਣਜੀਤ ਸਿੰਘ ਤਾਜੇਵਾਲ,ਜਸਵੀਰ ਕੁਮਾਰ,ਕਮਲ ਨੱਸਰਾਂ,ਰਵਿੰਦਰ ਸਿੰਘ,ਅਵਤਾਰ ਸਿੰਘ,ਜੇ-ਪੀ,ਨਿਰਮਲ ਸਿੰਘ ਸਾਰੰਗਵਾਲ,ਜਸਵੀਰ ਭਟੋਆ,ਪਰਮਜੀਤ ਕੌਰ,ਸੁਖਦੀਪ ਕੌਰ,ਦਵਿੰਦਰ ਕੌਰ,ਮਨਪ੍ਰੀਤ ਕੌਰ,ਨਵਜੋਤ ਕੌਰ,ਰਜਨੀ ਦੇਵੀ,ਨਰਿੰਦਰ ਹੀਰ,ਰਵਿੰਦਰ ਫੌਜੀ,ਹਰਦੀਪ ਦੀਪਾ,ਗ੍ਰਾਮੀਣ ਬੈਂਕ ਸਟਾਫ, ਐੱਚ, ਡੀ,ਐੱਫ,ਬੈਂਕ ਸਟਾਫ,ਕੋਆਪ੍ਰੇਟਿਵ ਬੈਂਕ ਸਟਾਫ,ਜਸਵਿੰਦਰ ਕੁਮਾਰ,ਵਿਸ਼ਵਜੀਤ ਭਲਵਾਨ,ਚਮਨ ਲਾਲ,ਰਾਜਾ,ਹੈਪੀ ਟੈਲੀਕੋਮ,ਚੰਨਾ,ਅੰਮ੍ਰਿਤ ਸੈਣੀ ਆਦਿ ਹਾਜਰ ਸਨ।

# ਅੰਤਰ-ਰਾਸ਼ਟਰੀ ਬਜ਼ੁਰਗ ਦਿਵਸ ਮਨਾਇਆ




**ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)**

ਡਾ.ਪਰਮਿੰਦਰ ਕੁਮਾਰ ਸਿਵਲ ਸਰਜਨ ਰੂਪਨਗਰ ਦੇ ਦਿਸਾ ਨਿਰਦੇਸ਼ਾਂ ਤਹਿਤ ਡਾ.ਵਿਧਾਨ ਚੰਦਰ ਦੀ ਅਗਵਾਈ ਹੇਠ ਸੀਐਚਸੀ ਸਿੰਘਪੁਰ ਵਿਖੇ ਬਜੁਰਗ ਦਿਵਸ ਮਨਾਇਆ ਗਿਆ। ਸੀਨੀਅਰ ਮੈਡੀਕਲ ਅਫਸਰ ਡਾ.ਵਿਧਾਨ ਨੇ ਦੱਸਿਆ ਕਿ ਇਸ ਦਿਵਸ ਨੂੰ ਮਨਾਉਣ ਦਾ ਮੁੱਖ ਮੰਤਵ ਬਜ਼ੁਰਗਾਂ ਦੇ ਪ੍ਰਤੀ ਸਤਿਕਾਰ ਨੂੰ ਵਧਾਉਣਾ ਹੈ "ਸਾਡੇ ਬਜੁਰਗ ਸਾਡਾ ਮਾਣ" ਹਨ। ਉਨ੍ਹਾਂ ਦੱਸਿਆ ਕਿ ਬਜੁਰਗਾਂ ਦੇ ਨਾਲ ਹੋਣ ਵਾਲੀ ਬੇਇਨਸਾਫੀ ਅਤੇ ਘਟੀਆ ਸਲੂਕ 'ਤੇ ਰੋਕ ਲਗਾਉਣ ਦੇ ਮਕਸਦ ਨਾਲ ਕੌਮਾਂਤਰੀ ਬਜੁਰਗ ਦਿਵਸ ਮਨਾਇਆ ਜਾਂਦਾ ਹੈ। ਸਰਕਾਰ ਵੱਲੋਂ ਸਿਹਤ ਅਤੇ ਤੰਦਰੁਸਤੀ ਕੇਂਦਰਾਂ ਵਿੱਚ ਬਜ਼ੁਰਗਾਂ ਦੀਆਂ ਸਿਹਤ ਸਹੂਲਤਾਂ ਨੂੰ ਸਮਝਣਾ ਅਤੇ ਉਹਨਾਂ ਦੀ ਦੇਖਭਾਲ ਲਈ ਸਹੂਲਤ ਪ੍ਰਦਾਨ ਕਰਨਾ ਵੀ ਮਹੱਤਵਪੂਰਨ ਹੈ, ਬਜੁਰਗਾਂ ਦੀ ਦੇਖਭਾਲ ਕਰਨ ਵਾਲੇ ਨੂੰ ਸਹਾਇਤਾ ਪ੍ਰਦਾਨ ਕਰਨਾ, ਬਜੁਰਗਾਂ ਲਈ ਸਿਹਤ ਸੇਵਾਵਾਂ ਤੱਕ ਪਹੁੰਚ ਕਰਨ,ਸਹੂਲਤ ਬਜੁਰਗਾਂ ਅਤੇ ਉਨਾਂ ਦੇ ਪਰਿਵਾਰ ਲਈ ਮਨੋਸਮਾਜਿਕ ਸਹਾਇਤਾ, ਪੋਸਟਿਕ ਦੇਖਭਾਲ ਅਤੇ ਬਿਸਤਰੇ ਤੇ ਸਵਾਰ ਬਜੁਰਗਾਂ ਨੇ ਘਰ ਅਧਾਰਤ ਦੇਖਭਾਲ ਦਾ ਧਿਆਨ ਰੱਖਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਜਿਸ ਬਜੁਰਗ ਨੂੰ ਸਿਹਤ ਸਹੂਲਤਾਂ ਆਸਾਨੀ ਨਾਲ ਮਿਲ ਸਕਣ,ਜਿਉਂ ਜਿਉਂ ਲੋਕ ਬੁੱਢੇ ਹੋ ਜਾਂਦੇ ਹਨ ਉਹਨਾਂ ਚ ਕੁਝ ਵੀ ਜਨਰੇਟਿਵ ਸਥਿਤੀਆਂ ਹੁੰਦੀਆਂ ਹਨ, ਬਜੁਰਗ ਲੋਕ ਵੀ ਕੁਝ ਬਿਮਾਰੀਆਂ ਦਾ ਸ਼ਿਕਾਰ ਹੁੰਦੇ ਹਨ। ਵੱਡੀ ਉਮਰ ਵਿੱਚ ਆਮ ਹਾਲਾਤਾਂ ਵਿੱਚ ਸੁਣਨ ਸ਼ਕਤੀ ਦਾ ਨੁਕਸਾਨ, ਧੁੰਦਲੀ ਨਜ਼ਰ, ਪਿੱਠ ਅਤੇ ਗਰਦਨ ਵਿੱਚ ਦਰਦ, ਸੂਗਰ, ਬੀ.ਪੀ ਅਤੇ ਦਿਮਾਗੀ ਕਮਜੋਰੀ ਸਾਮਿਲ ਹੈ, ਇਸ ਤੋਂ ਇਲਾਵਾ ਜਿਵੇਂ ਜਿਵੇਂ ਲੋਕਾਂ ਦੀ ਉਮਰ ਵੱਧਦੀ ਹੈ। ਉਹਨਾਂ ਨੂੰ ਇੱਕ ਸਮੇਂ ਕਈ ਸਥਿਤੀਆਂ ਦਾ ਅਨੁਭਵ ਕਰਨ ਦੀ ਸੰਭਾਵਨਾ ਹੁੰਦੀ ਹੈ। ਬਜੁਰਗ ਵਿਅਕਤੀਆਂ ਦੀਆਂ ਵੱਖ-ਵੱਖ ਸਿਹਤ ਲੋੜਾਂ ਹੁੰਦੀਆਂ ਹਨ, ਉਹਨਾਂ ਨੂੰ ਧਿਆਨ ਨਾਲ ਸੰਭਾਲਣ ਦੀ ਲੋੜ ਹੁੰਦੀ ਹੈ। ਉਹਨਾਂ ਦੀ ਮੱਦਦ ਕਰਨੀ ਚਾਹੀਦੀ ਹੈ, ਬਜੁਰਗਾਂ ਨੂੰ ਸੰਭਾਲਣ ਦੀ ਲੋੜ ਹੈ।

# ਪੰਜਾਬ 'ਚ ਐੱਸ ਵਾਈ ਐੱਲ ਨਿਰਮਾਣ ਦੇ ਲਈ ਸਰਵੇ ਦੀ ਪ੍ਰਕ੍ਰਿਆ ਜਲਦੀ ਕੀਤੀ ਜਾਵੇ : ਮਨੋਹਰ ਲਾਲ

**ਚੰਡੀਗੜ੍ਹ, (ਕ੍ਰਿਸ਼ਨ ਗਰਗ )** - ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਨੇ ਐਸ ਵਾਈ ਐਲ ਮੁੱਦੇ 'ਤੇ ਦੋਹਰਾ ਰੁੱਖ ਅਪਨਾਉਣ ਲਈ ਪੰਜਾਬ ਸਰਕਾਰ 'ਤੇ ਤਿੱਖਾ ਹਮਲਾ ਕਰਦੇ ਹੋਏ ਕਿਹਾ ਕਿ ਆਮ ਆਦਮੀ ਪਾਰਟੀ ਨੂੰ ਇਸ ਮਾਮਲੇ 'ਤੇ ਆਪਣਾ ਇਕ ਯਕੀਨੀ ਰੁਖ ਸਪੱਸ਼ਟ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਕਿ ਇਕ ਹੀ ਪਾਰਟੀ ਦੇ ਨੇਤਾ ਵੱਖ-ਵੱਖ ਗੱਲ ਕਹਿੰਦੇ ਹਨ। ਇਸ ਮੁੱਦੇ 'ਤੇ ਆਪ ਪਾਰਟੀ ਨੂੰ ਚਰਚਾ ਨੂੰ ਸਿਰਫ ਪੰਜਾਬ ਭਵਨ ਤਕ ਹੀ ਸੀਮਤ ਨਹੀਂ ਰੱਖਣਾ ਚਾਹੀਦਾ ਹੈ ਸਗੋਂ ਆਪਸੀ ਸਹਿਮਤੀ ਨਾਲ ਵਿਸਤਾਰ ਚਰਚਾ ਕਰਨੀ ਚਾਹੀਦੀ ਹੈ। ਮੁੱਖ ਮੰਤਰੀ ਨੇ ਇੱਥੇ ਪ੍ਰੈਸ ਕਾਨਫ੍ਰੈਂਸ ਨੂੰ ਸੰਬੋਧਿਤ ਕਰਦੇ ਹੋਏ ਕਿਹਾ ਕਿ ਐਸ ਵਾਈ ਐਲ ਦੇ ਮੁੱਦੇ 'ਤੇ ਇਕ ਹੀ ਪਾਰਟੀ ਵੱਲੋਂ ਵਿਰੋਧੀ ਬਿਆਨ ਦਿੱਤੇ ਜਾ ਰਹੇ ਹਨ। ਇਕ ਹੀ ਸਰਕਾਰ ਦੇ 2 ਚਿਹਰੇ ਉਜਾਗਰ ਹੋ ਰਹੇ ਹਨ। ਪੰਜਾਬ ਸਰਕਾਰ ਇਸ ਮੁੱਦੇ ਦਾ ਸਹੀ ਢੰਗ ਨਾਲ ਹੱਲ ਕੱਢਣ ਦੀ ਥਾਂ ਘੜਿਆਲੀ ਆਂਸੂ ਬਹਾ ਰਹੀ ਹੈ। ਸੁਪਰੀਮ ਕੋਰਟ ਨੇ ਹਾਲ ਹੀ ਵਿਚ ਆਦੇਸ਼ ਵਿਚ ਕਿਹਾ ਕਿ ਕੇਂਦਰ ਸਰਕਾਰ ਨੇ ਜੋ ਜਮੀਨ ਵਾਪਸ ਕਰ ਦਿੱਤੀ ਹੈ, ਉਸ ਨੂੰ ਰਾਖਵਾਂ ਕਰ ਕੇ ਸੁਰੱਖਿਅਤ ਕਰਨ। ਇਸ ਦੇ ਲਈ 3 ਮਹੀਨੇ ਦਾ ਸਮੇਂ ਦਿੱਤਾ ਹੈ। ਉਨ੍ਹਾਂ ਨੇ ਕੇਂਦਰ ਸਰਕਾਰ ਤੋਂ ਸਤਲੁਜ ਯਮੁਨਾ ਲਿੰਕ ਨਹਿਰ ਦਾ ਕੰਮ ਪੂਰਾ ਕਰਾਉਣ ਲਈ ਪੰਜਾਬ ਵਿਚ ਸਰਵੇ ਦੀ ਪ੍ਰਕ੍ਰਿਆ ਜਲਦੀ ਸ਼ੁਰੂ ਕਰਵਾਉਣ ਦੀ ਅਪੀਲ ਕੀਤੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਵੱਲੋਂ ਐਸ ਵਾਈ ਐਲ ਨਹਿਰ ਦੇ ਨਿਰਮਾਣ ਨਾਲ ਹੋਈ ਦੇਰੀ ਨਾਲ ਨਾ ਸਿਰਫ ਹਰਿਆਣਾ ਨੂੰ ਜਲ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਸਗੋਂ ਰਾਵੀ, ਸਤਲੁਜ ਅਤੇ ਬਿਆਸ ਦਾ ਵੱਧ ਜਲ ਪਾਕਿਸਤਾਨ ਨੂੰ ਜਾ ਰਿਹਾ ਹੈ। ਇਸ ਨਾਲ ਦੇਸ਼ ਆਪਣੀ ਜਲ ਸੰਪਦਾ ਦਾ ਲਾਭ ਚੁੱਕਣ ਨਾਲ ਵਾਂਝਾ ਹੋ ਰਿਹਾ ਹੈ।

# ਲੇਬਰ ਕਮਿਸ਼ਨਰ ਦੇ ਵਿਰੋਧ 'ਚ ਰੋਸ ਰੈਲੀ ਅੱਜ

**ਚਮਕੌਰ ਸਾਹਿਬ ( ਗੁਰਵਿੰਦਰਪਾਲ ਸਿੰਘ ਬੌਬੀ** ਸ੍ਰੀ ਵਿਸ਼ਵਕਰਮਾ ਬਿਲਡਿੰਗ ਉਸਾਰੀ ਕਿਰਤੀ ਕਾਮਾ ਯੂਨੀਅਨ ਬਲਾਕ ਦੇ ਮੈਂਬਰਾਂ ਦੀ ਮੀਟਿੰਗ ਬਲਾਕ ਪ੍ਰਧਾਨ ਪ੍ਰਧਾਨ ਬਲਵਿੰਦਰ ਸਿੰਘ ਭੈਰੋਂ ਮਾਜਰਾ ਦੀ ਪ੍ਰਧਾਨਗੀ ਹੇਠ ਸ੍ਰੀ ਵਿਸ਼ਵਕਰਮਾ ਭਵਨ ਵਿਖੇ ਹੋਈ । ਯੂਨੀਅਨ ਦੇ ਜਰਨਲ ਸਕੱਤਰ ਮਿਸਤਰੀ ਮਨਮੋਹਨ ਸਿੰਘ ਕਾਲਾ ਨੇ ਦੱਸਿਆ ਕਿ ਉਸਾਰੀ ਨਾਲ ਸਬੰਧਤ ਮਿਸਤਰੀਆਂ ਅਤੇ ਮਜਦੂਰਾਂ ਦੀਆਂ ਮੰਗਾਂ ਜਿਵੇਂ ਨਵੀਂ ਰਜਿਸਟ੍ਰੇਸ਼ਨ, ਲਾਭਪਾਤਰੀ ਕਾਪੀਆਂ ਨੂੰ ਨਿਊ ਕਰਨਾ, ਮਜਦੂਰਾਂ ਦੇ ਕੰਮਾਂ ਸਬੰਧੀ ਸਮਾਂ ਸੀਮਾਂ ਤਹਿ ਕਰਕੇ ਲੇਬਰ ਵਿਭਾਗ ਦੀ ਜਵਾਬਦੇਹੀ, ਬੱਚਿਆਂ ਦੇ ਤਿੰਨ ਸਾਲਾਂ ਤੋਂ ਬਕਾਏ ਵਜੀਫੇ, ਮੈਡੀਕਲ ਕਲੇਮ, ਪੈਨਸ਼ਨ ਕੇਸ ਅਤੇ ਲੇਬਰ ਦਫਤਰ ਰੋਪੜ ਵਿੱਚ ਚੱਲ ਰਹੇ ਭ੍ਰਿਸ਼ਟਾਚਾਰ ਨੂੰ ਨੱਥ ਪਾਉਣ, ਪੰਜਾਬ ਸਰਕਾਰ ਵੱਲੋਂ ਕਾਰਪੋਰੇਟ ਪੱਖੀ ਅੱਠ ਘੰਟੇ ਦੀ ਦਿਹਾੜੀ ਨੂੰ ਬਾਰਾਂ ਘੰਟੇ ਕਰਨ ਦੇ ਨੋਟੀਫਿਕੇਸ਼ਨ ਨੂੰ ਵਾਪਸ ਲੈਣ ਆਦਿ ਮੰਗਾਂ ਲਈ 11 ਅਕਤੂਬਰ ਨੂੰ ਲੇਬਰ ਵਿਭਾਗ ਵਿਰੁੱਧ ਡਿਪਟੀ ਕਮਿਸ਼ਨਰ ਰੂਪਨਗਰ ਦੇ ਦਫਤਰ ਅੱਗੇ ਦਿੱਤੇ ਜਾ ਰਹੇ ਧਰਨੇ ਤੇ ਰੋਸ਼ ਮਾਰਚ ਵਿੱਚ ਬਲਾਕ ਤੋਂ ਵੱਡੀ ਗਿਣਤੀ ਵਿੱਚ ਮਿਸਤਰੀ, ਮਜਦੂਰ ਸ਼ਮੂਲੀਅਤ ਕਰਨਗੇ। ਉਨ੍ਹਾਂ ਦੱਸਿਆ ਕਿ ਮੀਟਿੰਗ ਵਿੱਚ ਫੈਸਲਾ ਕੀਤਾ ਕਿ ਪੰਜਾਬ ਸਰਕਾਰ ਦੇ ਲੇਬਰ ਕਮਿਸ਼ਨਰ ਵਲੋਂ ਜਾਰੀ ਕੀਤੇ ਬਾਰਾਂ ਘੰਟੇ ਦੇ ਨੋਟੀਫਿਕੇਸ਼ਨ ਵਿਰੁੱਧ 8 ਅਕਤੂਬਰ ਨੂੰ ਇੱਥੋਂ ਦੇ ਪੁਰਾਣੇ ਲੇਬਰ ਚੌਂਕ ਵਿਖੇ ਲੇਬਰ ਕਮਿਸ਼ਨਰ ਦੇ ਵਿਰੋਧ ਵਿਚ ਪੱਤਰ ਸਾੜ ਰੋਸ ਰੈਲੀ ਕੀਤੀ ਜਾਵੇਗੀ। ਮੀਟਿੰਗ ਵਿੱਚ ਮਤਾ ਪਾਸ ਕਰਕੇ ਕੇਂਦਰ ਸਰਕਾਰ ਵਲੋਂ ਨਿਊਜ ਕਲਿੱਕ ਦੇ ਦਫਤਰ ਵਿਖੇ ਛਾਪੇਮਾਰੀ ਕਰਕੇ ਪੱਤਰਕਾਰਾਂ ਨੂੰ ਗ੍ਰਿਫਤਾਰ ਕਰਨ ਦੀ ਜੋਰਦਾਰ ਨਿਖੇਧੀ ਕੀਤੀ ਗਈ। । ਇਸ ਮੌਕੇ ਚੈਅਰਮੈਨ ਦਲਵੀਰ ਸਿੰਘ ਜਟਾਣਾ, ਸੀਨੀਅਰ ਮੀਤ ਪ੍ਰਧਾਨ ਜਰਨੈਲ ਸਿੰਘ ਜੈਲਾ, ਮੀਤ ਪ੍ਰਧਾਨ ਲਖਵੀਰ ਸਿੰਘ , ਅਜੈਬ ਸਿੰਘ , ਗੁਲਾਬ ਚੰਦ ਚੌਹਾਨ, ਰਮੇਸ਼ ਕੁਮਾਰ , ਮਲਾਗਰ ਸਿੰਘ , ਦਵਿੰਦਰ ਸਿੰਘ, ਜੀਵਨ ਸਿੰਘ, ਬਹਾਦਰ ਸਿੰਘ ਅਤੇ ਗੁਰਮੇਲ ਸਿੰਘ ਆਦਿ ਹਾਜਰ ਸਨ ।

# 'ਸਵੱਛਤਾ ਹੀ ਸੇਵਾ' ਸੰਬੰਧੀ ਸਕੂਲ 'ਚ ਸਮਾਗਮ



**ਲੋਹੀਆਂ ਖਾਸ (ਯੋਗੇਸ਼ਵਰ, ਰੀਨਾ ਸ਼ਰਮਾ) :** ਭਾਰਤ ਸਰਕਾਰ ਵਲੋਂ ਚਲਾਏ ਗਏ 'ਸਵੱਛਤਾ ਹੀ ਸੇਵਾ' ਪ੍ਰੋਗਰਾਮ ਤਹਿਤ ਸਥਾਨਕ ਬੀ ਕੇ ਇੰਟਰਨੈਸ਼ਨਲ ਕਾਨਵੈਂਟ ਸਕੂਲ ਵਾੜਾ ਜੋਧ ਸਿੰਘ ਵਲੋਂ ਇਸ ਮੁਹਿਮ ਨੂੰ ਸਮਰਥਨ ਦਿੰਦੇ ਹੋਏ ਸਕੂਲ ਵਿਚ ਕਰਵਾਏ ਗਏ ਸਮਾਗਮ ਦੌਰਾਨ ਸਕੂਲੀ ਵਿਦਿਆਰਥੀਆਂ ਵਲੋਂ ਸਫਾਈ ਦੀ ਮਹੱਤਤਾ ਸੰਬੰਧੀ ਵੱਖ-ਵੱਖ ਵੰਨਗੀਆਂ ਨੂੰ ਪੇਸ਼ ਕੀਤਾ ਅਤੇ ਸਕੂਲ ਪ੍ਰਿੰਸੀਪਲ ਸ੍ਰੀਮਤੀ ਨੀਤੀਮਾ ਨੇ ਦੱਸਿਆ ਕਿ ਅਸਲ ਇਨਸਾਨ ਦੀ ਪਹਿਚਾਣ ਹੈ ਕਿ ਉਹ ਸਵੱਛਤਾ ਨੂੰ ਪਹਿਲ ਦੇ ਅਧਾਰ 'ਤੇ ਸੇਵਾ ਸਮਝ ਕੇ ਕਰੇ, ਕਿਉਂਕਿ ਸਵੱਛਤਾ ਨਾਲ ਹੀ ਇਕ ਚੰਗੇ ਅਤੇ ਸਿਹਤਮੰਦ ਸਮਾਜ ਦੀ ਸਿਰਜਣਾ ਕੀਤੀ ਜਾ ਸਕਦੀ ਹੈ। ਇਸ ਮੌਕੇ ਸਕੂਲ ਮੈਨੇਜਮੈਂਟ, ਪ੍ਰਿੰਸੀਪਲ ਅਤੇ ਸਟਾਫ ਨੇ ਵਿਦਿਆਰਥੀਆਂ ਨੂੰ ਮਹਾਤਮਾ ਗਾਂਧੀ ਦੇ ਦੱਸੇ ਅਨੁਸਾਰ ਸੱਚਾਈ ਅਤੇ ਅਹਿੰਸਾ ਦਾ ਮਾਰਗ ਅਪਣਾ ਕੇ ਇਕ ਚੰਗਾ ਤੇ ਸਾਧਾ ਜੀਵਨ ਬਤੀਤ ਕਰਨ ਲਈ ਪ੍ਰੇਰਿਆ।

# ਸੁਖਦੀਪ ਸਿੰਘ ਸੁਕਾਰ ਦੇ ਜ਼ਿਲ੍ਹਾ ਪ੍ਰਧਾਨ ਬਣਨ 'ਤੇ ਸ਼ੁਕਰਾਨਾ



**ਬ ਹਿ ਰਾ ਮ (ਅਵਤਾਰ ਕਲੇਰ)** ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਪ੍ਰਧਾਨ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਬੀਤੇ ਦਿਨੀਂ ਸੁਖਦੀਪ ਸਿੰਘ ਸੁਕਾਰ ਨੂੰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦਾ ਪਾਰਟੀ ਪ੍ਰਧਾਨ ਨਿਯੁਕਤ ਕੀਤਾ ਗਿਆ । ਮੰਜੀ ਸਾਹਿਬ ਗੁਰਦੁਆਰਾ ਨਵਾਂਸ਼ਹਿਰ ਵਿਖੇ ਸ਼ੁਕਰਾਨਾ ਸਮਾਗਮ ਕਰਵਾਇਆ ਗਿਆ । ਸ੍ਰੀ ਸੁਖਮਨੀ ਸਾਹਿਬ ਜੀ ਦੇ ਭੋਗ ਪਾਏ ਗਏ । ਕੀਰਤਨੀ ਜਥੇ ਵਲੋਂ ਰਸਭਿੰਨਾ ਕੀਰਤਨ ਅਤੇ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਜ਼ਿਕਰਯੋਗ ਹੈ ਕਿ ਸੁਖਦੀਪ ਸਿੰਘ ਸੁਕਾਰ ਢਾਈ ਦਹਾਕੇ ਤੋਂ ਵੀ ਵੱਧ ਸਮੇਂ ਤੋਂ ਪਾਰਟੀ ਨਾਲ ਜੁੜੇ ਹੋਏ ਹਨ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਯੂਥ ਪ੍ਰਧਾਨ ਵੀ ਰਹਿ ਚੁੱਕੇ ਹਨ । ਸੁਕਾਰ ਨੇ ਕਿਹਾ ਕਿ ਪਾਰਟੀ ਵਲੋਂ ਦਿੱਤੀ ਗਈ ਜ਼ੁੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣਗੇ । ਸਮਾਗਮ ਨੂੰ ਪ੍ਰੋ: ਪ੍ਰੇਮ ਸਿੰਘ ਚੰਦੂਮਾਜਰਾ ਸਾਬਕਾ ਮੈਂਬਰ ਪਾਰਲੀਮੈਂਟ , ਡਾ. ਸੁਖਵਿੰਦਰ ਕੁਮਾਰ ਸੁੱਖੀ ਵਿਧਾਇਕ ਬੰਗਾ , ਡਾ. ਨਛੱਤਰ ਪਾਲ ਵਿਧਾਇਕ ਨਵਾਂਸ਼ਹਿਰ ਨੇ ਵੀ ਸੰਬੋਧਨ ਕੀਤਾ । ਮੰਜੀ ਸਾਹਿਬ ਗੁਰਦੁਆਰਾ ਸਾਹਿਬ ਪ੍ਰਬੰਧਕ ਕਮੇਟੀ ਅਤੇ ਮੁੱਖ ਸੇਵਾਦਾਰ ਨਿਹੰਗ ਭਾਈ ਨਿਰੰਗ ਸਿੰਘ ਵਲੋਂ ਵਿਸ਼ੇਸ਼ ਯੋਗਦਾਨ ਪਾਇਆ ਗਿਆ । ਗੁਰਦੁਆਰਾ ਸਾਹਿਬ ਦੀ ਕਮੇਟੀ ਵਲੋਂ ਸਾਰਿਆ ਨੂੰ ਸਿਰਪਾਓ ਨਾਲ ਸਨਮਾਨਿਤ ਕੀਤਾ । ਇਸ ਮੌਕੇ ਸੋਹਣ ਲਾਲ ਢੰਡਾ , ਕਮਲਜੀਤ ਸਿੰਘ ਮੇਹਲੀ , ਸੁਰਿੰਦਰ ਮੇਹਲੀ ਤੋਂ ਇਲਾਵਾ ਪਾਰਟੀ ਵਰਕਰ ਹਾਜਰ ਸਨ ।

# ਰਣਜੀਤ ਸਿੰਘ ਨੂੰ ਸ਼ਰਧਾਂਜਲੀਆਂ ਭੇਟ



**ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)** ਸਥਾਨਕ ਕਪੜਾ ਵਪਾਰੀ ਅਤੇ ਪੱਤਰਕਾਰ ਗੁਰਵਿੰਦਰਪਾਲ ਸਿੰਘ ਬੌਬੀ ਦੇ ਪਿਤਾ ਰਣਜੀਤ ਸਿੰਘ ਨਮਿੱਤ ਸ਼ਰਧਾਂਜਲੀ ਸਮਾਗਮ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਦੇ ਭਾਈ ਸੰਗਤ ਸਿੰਘ ਦੀਵਾਨ ਹਾਲ ਵਿੱਚ ਹੋਇਆ।

ਸਮਾਗਮ ਦੌਰਾਨ ਭਾਈ ਜਗਤਾਰ ਸਿੰਘ ਹਜ਼ੂਰੀ ਰਾਗੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਦੇ ਜਥੇ ਵੱਲੋਂ ਵੈਰਾਗਮਈ ਕੀਰਤਨ ਕੀਤਾ ਗਿਆ। ਇਸ ਮੌਕੇ ਹਲਕਾ ਵਿਧਾਇਕ ਡਾ ਚਰਨਜੀਤ ਸਿੰਘ, ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਸਪੁੱਤਰ ਨਵਜੀਤ ਸਿੰਘ ਨਵੀਂ, ਅਕਾਲੀ ਦਲ ਦੇ ਹਲਕਾ ਇੰਚਾਰਜ ਕਰਨ ਸਿੰਘ, ਸਰਕਲ ਪ੍ਰਧਾਨ ਅਮਨਦੀਪ ਸਿੰਘ ਮਾਂਗਟ, ਜਥੇ ਹਰਬੰਸ ਸਿੰਘ ਕੰਧੋਲਾ ਅਤੇ ਆੜ੍ਹਤੀ ਐਸੋਸੀਏਸ਼ਨ ਦੇ ਪ੍ਰਧਾਨ ਮੇਜਰ ਸਿੰਘ ਮਾਂਗਟ ਨੇ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਸਵ: ਕੱਪੜਾ ਵਪਾਰੀ ਰਣਜੀਤ ਸਿੰਘ ਇੱਕ ਅਜਿਹੇ ਵਿਅਕਤੀ ਸਨ ਜੋ ਕਿ ਹਮੇਸ਼ਾ ਲੋੜਵੰਦ ਲੋਕਾਂ ਦੀ ਹਰ ਪੱਖੋਂ ਮੱਦਦ ਕਰਨ ਨੂੰ ਤਰਜੀਹ ਦਿੰਦੇ ਸਨ ਅਤੇ ਬੱਚਿਆਂ ਨੂੰ ਰੱਬ ਰੂਪੀ ਮੰਨ ਕੇ ਉਨ੍ਹਾਂ ਨੂੰ ਕੁਝ ਨਾ ਕੁਝ ਖਾਣ ਨੂੰ ਦੇਣਾ ਉਨ੍ਹਾਂ ਦੀ ਪਹਿਲ ਕਦਮੀ ਸੀ।

ਉਕਤ ਆਗੂਆਂ ਨੇ ਕਿਹਾ ਕਿ ਸਵ: ਰਣਜੀਤ ਸਿੰਘ ਹੋਰਾਂ ਵੱਲੋਂ ਦਰਸਾਏ ਰਾਹ 'ਤੇ ਤੁਰ ਕੇ ਹੀ ਅਸੀਂ ਸਹੀ ਅਰਥਾਂ ਵਿੱਚ ਲੋਕਾਂ ਦੀ ਸੇਵਾ ਕਰ ਸਕਦੇ ਹਨ। ਇਸ ਤੋਂ ਇਲਾਵਾ ਸਾਬਕਾ ਪ੍ਰਿੰਸੀਪਲ ਅਜਾਇਬ ਸਿੰਘ ਮਾਂਗਟ, ਬੁੱਧ ਰਾਮ ਸਿੰਘ, ਆੜ੍ਹਤੀ ਉੱਜਲ ਸਿੰਘ, ਮਨਜੀਤ ਸਿੰਘ ਕੰਗ, ਨਗਰ ਕੌਂਸਲ ਦੇ ਵਾਇਸ ਪ੍ਰਧਾਨ ਭੁਪਿੰਦਰ ਸਿੰਘ ਭੂਰਾ, ਕੌਂਸਲਰ ਕਿਰਪਾਲ ਸਿੰਘ ਗਿੱਲ , ਨੈਬ ਸਿੰਘ, ਜਥੇ ਪ੍ਰੀਤਮ ਸਿੰਘ , ਡਾ ਅਰਵਿੰਦ ਸਿੰਘ ਮਿੰਟੂ , ਡਾ ਰਾਜਪਾਲ ਚੌਧਰੀ, ਡਾ ਸੁਰਿੰਦਰਪਾਲ ਸਿੰਘ, ਬੁਲੰਦ ਪ੍ਰੈਸ ਕਲੱਬ ਦੇ ਪ੍ਰਧਾਨ ਅਮਰਜੀਤ ਸਿੰਘ ਕਲਸੀ,ਵਿਸਾਲ , ਅਵਤਾਰ ਸਿੰਘ ਭੰਗੂ,ਨੰਬਰਦਾਰ ਬਾਵਾ ਸਿੰਘ ਸਮੇਤ ਵੱਖ-ਵੱਖ ਸਿਆਸੀ ਪਾਰਟੀਆਂ ਦੇ ਆਗੂਆਂ ਅਤੇ ਵੱਡੀ ਗਿਣਤੀ ਵਿੱਚ ਪਤਵੰਤਿਆਂ ਨੇ ਸ਼ਰਧਾਂਜਲੀ ਭੇਟ ਕੀਤੀ ।

# ਮੈਂਬਰ ਪਾਰਲੀਮੈਂਟ ਰਿੰਕੂ ਨੇ ਝੋਨੇ ਦੀ ਖਰੀਦ ਸ਼ੁਰੂ ਕਰਵਾਈ



**ਆ ਦ ਮ ਪੁ ਰ (ਪਰਮਜੀਤ ਸਿੰਘ)**- ਆਦਮਪੁਰ ਦਾਣਾ ਮੰਡੀ ਵਿਖੇ ਮੈਂਬਰ ਪਾਰਲੀਮੈਂਟ ਸੁਸ਼ੀਲ ਕੁਮਾਰ ਰਿੰਕੂ ਅਤੇ ਮਾਰਕੀਟ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਰਾਜਵੰਸ਼ ਵਲੋਂ ਝੋਨੇ ਦੀ ਖਰੀਦ ਦੀ ਸੁਰੂਆਤ ਕਰਵਾਈ ਗਈ। ਰਿੰਕੂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀਆਂ ਹਦਾਇਤਾਂ ਅਨੁਸਾਰ ਮੰਡੀ ਅਧਿਕਾਰੀਆਂ ਨੂੰ ਹੁਕਮ ਕੀਤੇ ਗਏ ਹਨ ਕੀ ਕਿਸੇ ਵੀ ਕਿਸਾਨ ਦਾ ਝੋਨਾ ਮੰਡੀਆਂ ਵਿੱਚ ਰੁਲਣ ਨਹੀਂ ਦਿੱਤਾ ਜਾਵੇਗਾ ਅਤੇ ਉਨਾਂ ਦੇ ਆਏ ਝੋਨੇ ਦਾ ਦਾਣਾ-ਦਾਣਾ ਪੰਜਾਬ ਸਰਕਾਰ ਵੱਲੋ ਖਰੀਦਿਆ ਜਾਵੇਗਾ। ਇਸ ਮੌਕੇ ਉਹਨਾਂ ਦੇ ਨਾਲ ਬਰਕਤ ਰਾਮ ਚੇਅਰਮੈਨ ਮਾਰਕੀਟ ਕਮੇਟੀ ਭੋਗਪੁਰ, ਜੀਤ ਲਾਲ ਭੱਟੀ, ਬਲਾਕ ਪ੍ਰਧਾਨ ਭੁਪਿੰਦਰ ਸਿੰਘ ਦੇਵ, ਬਲਾਕ ਪ੍ਰਧਾਨ ਪ੍ਰਦੀਪ ਸਿੰਘ, ਰਮੇਸ ਚੰਦਰ ਅਰੋੜਾ ਜਿਲਾ ਜੋਇੰਟ ਸਕੱਤਰ ਟ੍ਰੇਡ ਵਿੰਗ, ਪਵਨ ਅਰੋੜਾ ਸਹਿਰੀ ਪ੍ਰਧਾਨ, ਗੁਰਦੀਪ ਦੀਪੂ, ਬੂਟਾ ਸਿੰਘ ਟੀਟੂ, ਮੰਗਾ ਰਾਮ ਜਿਲਾ ਜੁਆਇੰਟ ਸਕੱਤਰ ਐਸ.ਸੀ ਵਿੰਗ, ਸਰਕਲ ਇੰਚਾਰਜ ਹਨਿਦਰ ਸਿੰਘ, ਸੂਬੇਦਾਰ ਹੰਸ ਰਾਜ, ਸਰਕਲ ਇੰਚਾਰਜ ਤਰਲੋਕ ਸਿੰਘ, ਇਕਬਾਲ ਅਹਿਮਦ, ਅਮਰੀਕ ਲਾਲ, ਸਤਨਾਮ ਸਿੰਘ ਟਾਂਡੀ, ਸੁਖਦੇਵ ਲਾਲ, ਗੁਰਦੇਵ ਸਿੰਘ ਚਰੜ, ਮਸਤਾਨ ਸਿੰਘ,ਅਜੇ ਕੁਮਾਰ ਸਰਕਲ ਇੰਚਾਰਜ ਹਰਪ੍ਰੀਤ ਸਿੰਘ, ਬਲਵਿੰਦਰ ਸਿੰਘ, ਆਕਾਸਦੀਪ ਆਸੂ, ਮਨਜੀਤ ਸਿੰਘ, ਮਨਦੀਪ ਅਰੋੜਾ, ਬਲਵਿੰਦਰ ਭੰਡਾਰੀ, ਸਤਨਾਮ ਸਿੰਘ ਮਨਕੋਟੀਆ ਅਤੇ ਹੋਰ ਪਾਰਟੀ ਵਲੰਟੀਅਰ ਮੌਜੂਦ ਸਨ।

# ਦੋਆਬਾ ਸਾਹਿਤ ਤੇ ਸਮਾਜਿਕ ਕੇਂਦਰ ਨੇ ਬੂਟੇ ਲਗਾ ਕੇ ਦਿੱਤੀ ਜਥੇ. ਕੁਲਾਰ ਨੂੰ ਸ਼ਰਧਾਂਜਲੀ

**ਫਗਵਾੜਾ ( ਡਾ. ਰਮਨ, ਢੱਡਾ )** ਦੋਆਬਾ ਸਾਹਿਤ ਅਤੇ ਸਮਾਜਿਕ ਕੇਂਦਰ ਫਗਵਾੜਾ ਵਲੋਂ ਪ੍ਰਧਾਨ ਰਵਿੰਦਰ ਸਿੰਘ ਰਾਏ ਅਤੇ ਵਾਈਸ ਪ੍ਰਧਾਨ ਗੁਰਨਾਮ ਸਿੰਘ ਦੀ ਅਗਵਾਈ ਹੇਠ ਸਥਾਨਕ ਦਾਣਾ ਮੰਡੀ ਵਿਖੇ ਫਲਦਾਰ ਅਤੇ ਛਾਂਦਾਰ ਬੂਟੇ ਲਗਾ ਕੇ ਮਾਰਕਿਟ ਕਮੇਟੀ ਫਗਵਾੜਾ ਦੇ ਸਾਬਕਾ ਚੇਅਰਮੈਨ, ਸ਼੍ਰੋਮਣੀ ਅਕਾਲੀ ਦਲ ਜ਼ਿਲ੍ਹਾ ਕਪੂਰਥਲਾ ਦੇ ਸਾਬਕਾ ਪ੍ਰਧਾਨ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਜਥੇਦਾਰ ਸਰਵਣ ਸਿੰਘ ਕੁਲਾਰ ਨੂੰ ਨਿੱਘੀ ਸ਼ਰਧਾਂਜਲੀ ਦਿੱਤੀ ਗਈ। ਕੇਂਦਰ ਦੇ ਪ੍ਰਧਾਨ ਰਵਿੰਦਰ ਸਿੰਘ ਰਾਏ ਨੇ ਕਿਹਾ ਕਿ ਸਾਡਾ ਸਾਰਿਆਂ ਦਾ ਫਰਜ ਹੈ ਕਿ ਅਸੀਂ ਵੱਧ ਤੋਂ ਵੱਧ ਬੂਟੇ ਲਗਾ ਕੇ ਵਾਤਾਵਰਨ ਦੀ ਸ਼ੁੱਧਤਾ ਵਿਚ ਆਪਣਾ ਯੋਗਦਾਨ ਪਾਈਏ, ਜੋ ਕਿ ਸਮੇਂ ਦੀ ਲੋੜ ਹੈ। ਇਸ ਦੌਰਾਨ ਘੁੰਮਣ ਐਗਰੋ ਸਿਸਟਮ ਦੇ ਮਾਲਕ ਜਸਵਿੰਦਰ ਸਿੰਘ ਘੁੰਮਣ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਉਹਨਾਂ ਕੇਂਦਰ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਸਾਨੂੰ ਆਪਣੇ ਹਰ ਗਮੀ, ਖੁਸ਼ੀ ਦੇ ਮੌਕੇ ਅਤੇ ਯਾਦਗਾਰ ਦਿਨ ਇਸੇ ਤਰ੍ਹਾਂ ਬੂਟੇ ਲਗਾ ਕੇ ਮਨਾਉਣੇ ਚਾਹੀਦੇ ਹਨ। ਇਸ ਮੌਕੇ ਦੋਆਬਾ ਸਾਹਿਤ ਅਤੇ ਸਮਾਜਿਕ ਕੇਂਦਰ ਦੇ ਚੇਅਰਮੈਨ ਜਤਿੰਦਰ ਸਿੰਘ ਖਾਲਸਾ, ਕਰਮਵੀਰ ਪਾਲ ਹੈਪੀ, ਅੰਮ੍ਰਿਤਪਾਲ ਸਿੰਘ ਕੁਲਾਰ, ਰਾਕੇਸ਼ ਕੁਮਾਰ ਗੁਪਤਾ, ਗੁਰਕਰਨ ਸਿੰਘ, ਗੁਲਜਿੰਦਰ ਸਿੰਘ, ਲਵਪ੍ਰੀਤ ਸਿੰਘ ਰਾਏ, ਖੁਸ਼ਪ੍ਰੀਤ ਕੌਰ, ਡਾ. ਐਸ.ਪੀ. ਮਾਨ ਅਤੇ ਹੋਰ ਪਤਵੰਤੇ ਹਾਜਰ ਸਨ।

# ਐੱਲ ਪੀ ਯੂ ਨੇ ਏਸ਼ੀਆਈ ਖੇਡਾਂ 'ਚ ਭਾਰਤੀ ਹਾਕੀ ਟੀਮ ਦੀ ਜਿੱਤ ਦਾ ਜਸ਼ਨ ਮਨਾਇਆ




**ਜਲੰਧਰ (ਸ਼ੈਲੀ ਐਲਬਰਟ)**- ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐੱਲ. ਪੀ. ਯੂ.) ਦਾ ਕੈਂਪਸ ਜਸ਼ਨ ਨਾਲ ਗੂੰਜ ਉੱਠਿਆ ਕਿਉਂਕਿ 19ਵੀਆਂ ਏਸ਼ੀਆਈ ਖੇਡਾਂ ਚ ਭਾਰਤੀ ਪੁਰਸ਼ ਹਾਕੀ ਟੀਮ, ਜਿਸ ਚ 9 ਐਲਪੀਯੂ ਦੇ ਵਿਦਿਆਰਥੀ ਸ਼ਾਮਲ ਸਨ, ਜੇਤੂ ਬਣ ਕੇ ਸਾਹਮਣੇ ਆਏ। ਟੀਮ ਨੇ ਅਸਾਧਾਰਨ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ ਅਤੇ ਚੀਨ ਦੇ ਹਾਂਗਜ਼ੂ ਸਟੇਡੀਅਮ ਵਿੱਚ ਮੌਜੂਦਾ ਚੈਂਪੀਅਨ ਜਾਪਾਨ ਨੂੰ 5-1 ਨਾਲ ਹਰਾਇਆ । ਐਲਪੀਯੂ ਦੇ ਵਿਦਿਆਰਥੀ ਕੈਪਟਨ ਹਰਮਨਪ੍ਰੀਤ ਸਿੰਘ ਦੀ ਅਗਵਾਈ ਵਿੱਚ ਭਾਰਤੀ ਹਾਕੀ ਟੀਮ ਨੇ ਪੂਰੇ ਟੂਰਨਾਮੈਂਟ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ । ਟੀਮ ਦੀ ਸਫਲਤਾ ਵਿੱਚ ਅਹਿਮ ਯੋਗਦਾਨ ਪਾਉਣ ਵਾਲੇ ਐਲਪੀਯੂ ਦੇ ਹੋਰ ਵਿਦਿਆਰਥੀਆਂ ਵਿੱਚ ਉਪ-ਕਪਤਾਨ ਹਾਰਦਿਕ ਸਿੰਘ, ਮਨਪ੍ਰੀਤ ਸਿੰਘ, ਗੁਰਜੰਟ ਸਿੰਘ, ਸਮਸ਼ੇਰ ਸਿੰਘ, ਮਨਦੀਪ ਸਿੰਘ, ਜਰਮਨਪ੍ਰੀਤ ਸਿੰਘ, ਸੁਖਜੀਤ ਸਿੰਘ ਅਤੇ ਵਰੁਣ ਕੁਮਾਰ ਸ਼ਾਮਲ ਹਨ । ਇਹ ਸਾਰੇ ਨੌਂ ਵਿਦਿਆਰਥੀ ਐਲਪੀਯੂ ਤੋਂ ਗ੍ਰੈਜੂਏਸ਼ਨ ਕਰ ਰਹੇ ਹਨ । ਇਹ ਜਿੱਤ ਬੇਹੱਦ ਮਹੱਤਵਪੂਰਨ ਹੈ ਕਿਉਂਕਿ ਇਹ ਭਾਰਤੀ ਟੀਮ ਦੀ ਅੱਠ ਸਾਲ ਦੇ ਵਕਫੇ ਬਾਅਦ ਫਾਈਨਲ ਵਿੱਚ ਪ੍ਰਵੇਸ਼ ਦੀ ਨਿਸ਼ਾਨਦੇਹੀ ਕਰਦੀ ਹੈ। ਉੱਚ-ਦਾਅ ਵਾਲੇ ਮੈਚ ਨੇ ਨਾ ਸਿਰਫ ਸੋਨ ਤਗਮਾ ਜੇਤੂ ਨੂੰ ਨਿਰਧਾਰਤ ਕੀਤਾ ਬਲਕਿ ਭਾਰਤ ਅਤੇ ਜਾਪਾਨ ਦੋਵਾਂ ਨੂੰ ਪੈਰਿਸ 2024 ਓਲੰਪਿਕ ਲਈ ਸ਼ੁਰੂਆਤੀ ਯੋਗਤਾ ਦਾ ਮੌਕਾ ਵੀ ਪ੍ਰਦਾਨ ਕੀਤਾ। ਏਸ਼ੀਅਨ ਖੇਡਾਂ 2023 ਵਿੱਚ ਪੁਰਸ਼ ਅਤੇ ਮਹਿਲਾ ਹਾਕੀ ਚੈਂਪੀਅਨਸ਼ਿਪ ਦੇ ਜੇਤੂਆਂ ਨੂੰ ਅਗਲੇ ਸਾਲ ਦੀਆਂ ਗਰਮੀਆਂ ਦੀਆਂ ਖੇਡਾਂ ਲਈ ਕੋਟੇ ਦਿੱਤੇ ਗਏ।। ਐਲਪੀਯੂ ਦੇ ਵਿਦਿਆਰਥੀਆਂ ਨੂੰ ਕੈਂਪਸ ਵਿੱਚ ਵੱਖ-ਵੱਖ ਪ੍ਰਮੁੱਖ ਸਥਾਨਾਂ ਤੇ ਸਥਾਪਤ ਵੱਡਿਆਂ ਸਕ੍ਰੀਨਾਂ ਤੇ ਆਪਣੇ ਸਹਿਪਾਠੀਆਂ ਨੂੰ ਲਾਈਵ ਦੇਖਣ ਦਾ ਸਨਮਾਨ ਮਿਲਿਆ। ਪੂਰਾ ਐਲਪੀਯੂ ਭਾਈਚਾਰਾ ਅੰਤਰਰਾਸ਼ਟਰੀ ਪਲੇਟਫਾਰਮ ਤੇ ਦੇਸ਼ ਦੀ ਨੁਮਾਇੰਦਗੀ ਕਰਨ ਵਾਲੇ ਆਪਣੇ ਸਾਥੀ ਵਿਦਿਆਰਥੀਆਂ ਦਾ ਸਮਰਥਨ ਕਰਨ ਅਤੇ ਉਤਸ਼ਾਹ ਦੇਣ ਲਈ ਇਕੱਠੇ ਹੋਏ, ਅਤੇ ਇੱਕ ਬਹੁਤ ਹੀ ਖੁਸ਼ੀ ਵਾਲਾ ਮਾਹੌਲ ਪੈਦਾ ਕੀਤਾ। ਐਲਪੀਯੂ ਦੇ ਸੰਸਥਾਪਕ ਚਾਂਸਲਰ ਅਤੇ ਸੰਸਦ ਮੈਂਬਰ ਰਾਜ ਸਭਾ ਡਾ. ਅਸ਼ੋਕ ਕੁਮਾਰ ਮਿੱਤਲ ਨੇ ਟੀਮ ਦੀ ਸ਼ਾਨਦਾਰ ਪ੍ਰਾਪਤੀ ਤੇ ਆਪਣੀ ਖੁਸ਼ੀ ਅਤੇ ਮਾਣ ਜ਼ਾਹਰ ਕੀਤਾ ਅਤੇ ਕਿਹਾ, ਏਸ਼ੀਅਨ ਖੇਡਾਂ ਵਿੱਚ ਭਾਰਤੀ ਪੁਰਸ਼ ਹਾਕੀ ਟੀਮ ਵਿੱਚ ਸਾਡੇ ਵਿਦਿਆਰਥੀਆਂ ਦੀ ਸਫ਼ਲਤਾ ਉਨ੍ਹਾਂ ਦੀ ਸਖ਼ਤ ਮਿਹਨਤ, ਸਮਰਪਣ ਅਤੇ ਐਲਪੀਯੂ ਵਿੱਚ ਪ੍ਰਦਾਨ ਕੀਤੇ ਗਏ ਪੋਸ਼ਣ ਵਾਤਾਵਰਨ ਦਾ ਪ੍ਰਮਾਣ ਹੈ। .ਅਸੀਂ ਖਿਡਾਰੀਆਂ ਨੂੰ ਉਨ੍ਹਾਂ ਦੇ ਸ਼ਾਨਦਾਰ ਪ੍ਰਦਰਸ਼ਨ ਲਈ ਵਧਾਈ ਦਿੰਦੇ ਹਾਂ ਅਤੇ ਉਨ੍ਹਾਂ ਦੇ ਭਵਿੱਖ ਦੇ ਯਤਨਾਂ ਵਿੱਚ ਲਗਾਤਾਰ ਸਫਲਤਾ ਦੀ ਕਾਮਨਾ ਕਰਦੇ ਹਾਂ। ।

# *ਸੇਵਾ ਮੁਕਤ ਐਸ ਐਸ ਪੀ ਤੋਂ ਫਿਰੌਤੀ ਮੰਗਣ ਵਾਲੇ ਗਿਰੋਹ ਦੇ ਮੈਂਬਰ ਵਿਰੁੱਧ ਮੁਕੱਦਮਾ ਦਰਜ*

**ਭੋਗਪੁਰ, (ਗੁਰਪ੍ਰੀਤ ਸਿੰਘ ਭੋਗਲ)**-ਸੇਵਾ ਮੁਕਤ ਪੁਲਸ ਕਮਾਂਡੈਂਟ ਹਰਵਿੰਦਰ ਸਿੰਘ ਡੱਲੀ ਪੀ ਪੀ ਐਸ ਅਤੇ ਉਸ ਦੇ ਪਰਵਾਰ ਦੇ ਮੈਂਬਰਾਂ ਨੂੰ ਜਾਨੋਂ ਮਾਰਨ ਅਤੇ ਲੱਖਾਂ ਰੁਪਏ ਦੀ ਫਿਰੌਤੀ ਮੰਗਣ ਵਾਲੇ ਗਿਰੋਹ ਦੇ ਇੱਕ ਵਿਦੇਸ਼ ਵਿੱਚ ਰਹਿ ਰਹੇ ਮੈਂਬਰ ਦੀ ਪੁਲਸ ਨੇ ਪਹਿਚਾਣ ਕਰਕੇ ਉਸ ਵਿਰੁੱਧ ਥਾਣਾ ਭੋਗਪੁਰ ਵਿੱਚ ਮੁਕੱਦਮਾ ਦਰਜ ਕਰ ਦਿੱਤਾ ਹੈ । ਡੱਲੀ ਨੇ ਦੱਸਿਆ ਕਿ ਉਸ ਨੇ ਪੁਲਸ ਸਰਵਿਸ ਦੌਰਾਨ ਵੱਖ ਵੱਖ ਜ਼ਿਲ੍ਹਿਆਂ ਵਿੱਚ ਸਰਕਾਰੀ ਸੇਵਾ ਦੌਰਾਨ ਗੈਂਗਸਟਰਾਂ, ਅੱਤਵਾਦੀਆਂ ਅਤੇ ਸਮਾਜ ਵਿਰੋਧੀ ਅਨਸਰਾਂ ਨੂੰ ਨੱਥ ਪਾਉਣ ਲਈ ਵੱਡੀ ਪੱਧਰ 'ਤੇ ਕਦਮ ਚੁੱਕੇ ਸਨ। ਵਿਦੇਸ਼ ਵਿੱਚ ਰਹਿ ਰਹੇ ਅਣਪਛਾਤੇ ਵਿਅਕਤੀ ਦੇ ਮੋਬਾਇਲ ਫੋਨ ਤੋਂ ਉਹਨਾਂ ਨੂੰ , ਜਲੰਧਰ ਵਿੱਚ ਕਾਰੋਬਾਰ ਕਰ ਰਹੇ ਬੇਟੇ ਚਰਨਪ੍ਰੀਤ ਸਿੰਘ ਮੌਂਟੀ ਅਤੇ ਉਸ ਦੇ ਮੈਨੇਜਰ ਬੰਟੂ ਕੁਮਾਰ ਨੂੰ ਵਾਰ-ਵਾਰ ਫੋਨ ਕਰਕੇ ਲੱਖਾਂ ਰੁਪਏ ਦੀ ਫਿਰੌਤੀ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਮਿਲਣ ਕਰਕੇ ਪਰਵਾਰ ਨੂੰ ਦੁਖੀ ਕਰ ਦਿੱਤਾ। ਉਨ੍ਹਾਂ ਪੰਜਾਬ ਪੁਲਸ ਦੇ ਸਾਈਬਰ ਸੈੱਲ ਜਲੰਧਰ ਵਿੱਚ ਦਰਖਾਸਤ ਦਿੱਤੀ ਸੀ। ਸਾਈਬਰ ਸੈੱਲ ਦੇ ਪੁਲਸ ਅਧਿਕਾਰੀਆਂ ਨੇ ਮੋਬਾਇਲ ਫੋਨ ਕਾਲਾਂ ਦਾ ਨਿਰੀਖਣ ਕਰਕੇ ਅੰਤ ਫਿਰੌਤੀ ਮੰਗਣ ਵਾਲੇ ਅਤੇ ਪਰਵਾਰਕ ਮੈਂਬਰਾਂ ਨੂੰ ਧਮਕੀ ਦੇਣ ਵਾਲੇ ਗਿਰੋਹ ਦੇ ਇੱਕ ਮੈਂਬਰ ਹਰਪ੍ਰੀਤ ਸਿੰਘ ਪੁੱਤਰ ਅਮਰ ਸਿੰਘ ਵਾਸੀ ਡੱਲੀ ਥਾਣਾ ਭੋਗਪੁਰ ਜ਼ਿਲ੍ਹਾ ਜਲੰਧਰ ਹਾਲ ਵਾਸੀ ਯੂ ਐਸ ਏ ਵਜੋਂ ਪਛਾਣ ਕੀਤੀ ਹੈ ਅਤੇ ਉਸ ਵਿਰੁੱਧ 387 ਆਈ ਪੀ ਸੀ ਅਧੀਨ ਥਾਣਾ ਭੋਗਪੁਰ ਵਿੱਚ ਮੁਕੱਦਮਾ ਦਰਜ ਕਰ ਦਿੱਤਾ ਹੈ।

# ਇਪਟਾ ਨਾਟਕਰਮੀ ਗੁਰਮੇਲ ਸ਼ਾਮ ਨਗਰ ਨੂੰ ਸਦਮਾ, ਪਿਤਾ ਦਾ ਦੇਹਾਂਤ



**ਮੋਹਾਲੀ (ਗੁਰਜੀਤ ਬਿੱਲਾ)**- ਇਪਟਾ, ਪੰਜਾਬ ਦੇ ਮੀਤ ਪ੍ਰਧਾਨ ਅਤੇ ਨਾਟਕਰਮੀ ਗੁਰਮੇਲ ਸ਼ਾਮ ਨਗਰ ਨੂੰ ਉਸ ਸਮੇਂ ਭਾਰੀ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਪਿਤਾ ਗਿਆਨੀ ਝੰਡਾ ਸਿੰਘ ਦਾ 82 ਸਾਲ ਦੀ ਉਮਰ ਭੋਗ ਕੇ ਬੀਤੇ ਦਿਨੀ ਦੇਹਾਂਤ ਹੋ ਗਿਆ। ਇਹ ਜਾਣਕਾਰੀ ਦਿੰਦੇ ਇਪਟਾ, ਪੰਜਾਬ ਦੇ ਪ੍ਰਧਾਨ ਸੰਜੀਵਨ ਸਿੰਘ ਨੇ ਦੱਸਿਆ ਸਾਦਗੀ, ਨਿਮਰਤਾ ਅਤੇ ਹਲੀਮੀ ਗਿਆਨੀ ਝੰਡਾ ਸਿੰਘ ਹੋਰਾਂ ਭਾਈ ਲਾਲੋ ਵਾਂਗ ਸਾਰੀ ਉਮਰ ਹੱਥੀ ਕਿਰਤ ਕੀਤੀ। ਗਿਆਨੀ ਜੀ ਨੇ ਘੋਰ ਆਰਥਿਕ ਮੰਦੇਹਾਲੀ ਅਤੇ ਤੰਗੀਆਂ-ਤੁਰਸ਼ੀਆਂ ਨਾਲ ਦਸਤ ਪੰਜਾ ਅਤੇ ਇਕ ਪੁੱਤਰ ਅਤੇ ਨੌਂ ਧੀਆਂ ਨੂੰ ਉੱਚ ਸਿੱਖਿਆ ਪ੍ਰਾਪਤ ਕਰਵਾਕੇ ਚੰਗੇ ਰੁਤਬੇ ਹਾਸਿਲ ਕਰਨ ਦੇ ਯੋਗ ਬਣਾਇਆ। ਉਨਾਂ ਦਾ ਪੁੱਤਰ ਗੁਰਮੇਲ ਸ਼ਾਮ ਨਗਰ ਮਿਹਨਤੀ ਅਧਿਆਪਕ ਹੋਣ ਦੇ ਨਾਲ ਨਾਲ ਰੰਗਮੰਚ ਦੇ ਖੇਤਰ ਵਿਚ ਵੀ ਸਿਰੜ ਅਤੇ ਇਮਾਨਦਾਰੀ ਨਾਲ ਕਰਜਸ਼ੀਲ ਹੈ। ਲੇਖਕ ਰਿਪੁਦਮਨ ਸਿੰਘ ਰੂਪ, ਇਪਟਾ, ਪੰਜਾਬ ਦੇ ਜਨਰਲ ਸੱਕਤਰ ਇੰਦਰਜੀਤ ਰੂਪੋਵਾਲੀ, ਇਪਟਾ, ਚੰਡੀਗੜ੍ਹ ਦੇ ਪ੍ਰਧਾਨ ਬਲਕਾਰ ਸਿੱਧੂ ਤੇ ਜਨਰਲ ਸੱਕਤਰ ਕੰਵਲ ਨੈਣ ਸਿੰਘ ਸੇਖੋਂ ਅਤੇ ਇਪਟਾ ਕਾਰਕੁਨ ਰਾਬਿੰਦਰ ਸਿੰਘ ਰੱਬੀ, ਅਮਨ ਭੋਗਲ, ਦਲਬਾਰ ਸਿੰਘ, ਹਰਜੀਤ ਕੈਂਥ, ਡਾ. ਕੁਲਦੀਪ ਦੀਪ, ਕਿਰਤੀ ਕ੍ਰਿਪਾਲ, ਡਾ. ਸੁਰੇਸ਼ ਮਹਿਤਾ, ਗੁਰਵਿੰਦਰ ਸਿੰਘ, ਬਿੱਟੂ ਮਾਨਸਾ, ਸੋਮਪਾਲ ਹੀਰਾ, ਗੁਰਮੀਤ ਪਾਹੜਾ, ਬਲਬੀਰ ਮੂਦਲ, ਗਮਨੂ ਬਾਂਸਲ, ਪ੍ਰਦੀਪ ਸ਼ਰਮਾ, ਡਾ.ਹਰਭਜਨ ਸਿੰਘ, ਨਰਿੰਦਰ ਨੀਨਾ, ਅਸ਼ੋਕ ਪੁਰੀ, ਵਿੱਕੀ ਮਹੇਸਰੀ, ਇੰਦਜੀਤ ਮੋਗਾ ਅਤੇ ਸਰਘੀ ਪ੍ਰੀਵਾਰ ਦੇ ਰੰਗਕਰਮੀ ਰੰਜੀਵਨ ਸਿੰਘ, ਸੰਜੀਵ ਦੀਵਾਨ 'ਕੁੱਕੂ', ਨਰਿੰਦਰ ਨਸਰੀਨ ਅਤੇ ਰਿੱਤੂਰਾਗ ਨੇ ਗਿਆਨੀ ਝੰਡਾ ਸਿੰਘ ਹੋਰਾਂ ਦੇ ਵਿਛੋੜੇ ਉਪਰ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦੇ ਉਨਾਂ ਦੇ ਪਰਵਾਰ ਦੇ ਦੁੱਖ ਵਿਚ ਸ਼ਰੀਕ ਹੁੰਦੇ ਕਿਹਾ ਕਿ ਗਿਆਨੀ ਜੀ ਬਾਬੇ ਨਾਨਕ ਦੇ ਫਲਸਫੇ ਕਿਰਤ ਕਰੋ, ਨਾਮ ਜਪੋ, ਵੰਡ ਛੱਕੋ ਦੇ ਧਾਰਨੀ ਸਨ। ਉਨਾਂ ਦੀ ਯਾਦ ਵਿਚ ਕੀਰਤਨ ਅਤੇ ਅੰਤਿਮ ਅਰਦਾਸ 8 ਅਕਤੂਬਰ, ਦੁਪਹਿਰ 12.00 ਤੋਂ 1.00 ਵਜੇ ਤੱਕ ਗੁਰੂਦੁਆਰਾ ਟਾਹਲੀ ਸਾਹਿਬ, ਪਿੰਡ ਸ਼ਾਮ ਨਗਰ, ਅੰਮ੍ਰਿਤਸਰ ਵਿਖੇ ਹੋਣਗੇ।

# ਨਸ਼ਾ ਤਸਕਰ ਔਰਤ ਗ੍ਰਿਫਤਾਰ



**ਅੱਡਾ ਸਰਾਂ (ਜਸਵੀਰ ਕਾਜਲ)**-ਇੰਸਪੈਕਟਰ ਉਕਾਂਰ ਸਿੰਘ ਬਰਾੜ ਮੁੱਖ ਅਫਸਰ ਥਾਣਾ ਟਾਂਡਾ ਨੇ ਦੱਸਿਆ ਕਿ ਏ.ਐਸ.ਆਈ ਰਾਜੇਸ਼ ਕੁਮਾਰ ਇੰਚਾਰਜ ਚੌਕੀ ਸਰਾ ਥਾਣਾ ਟਾਂਡਾ ਸਮੇਤ ਪੁਲਸ ਪਾਰਟੀ ਨੇ ਮੁੱਕਦਮਾ ਵਿੱਚ ਨਾਮਜਦ ਔਰਤ ਨੂੰ ਗ੍ਰਿਫਤਾਰ ਕੀਤਾ ਹੈ। ਇਹ ਔਰਤ ਆਪਣੇ ਸਾਥੀਆਂ ਨਾਲ ਰਲ ਕੇ ਨਸ਼ੇ ਦਾ ਧੰਦਾ ਕਰਦੀ ਹੈ। ਇਸ ਦੇ ਸਾਥੀਆਂ ਪਾਸੋਂ 367 ਗ੍ਰਾਮ ਨਸ਼ੀਲੇ ਪਦਾਰਥ ਦੀ ਬ੍ਰਾਮਦਗੀ ਹੋ ਚੁੱਕੀ ਹੈ।

# ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ 'ਚ ਸਵੱਛਤਾ ਦਿਵਸ ਮਨਾਇਆ



**ਕਪੂਰਥਲਾ ( ਹਨੀ )**- ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਵਿੱਚ ਸਵੱਛ ਭਾਰਤ ਨੂੰ ਸਮਰਪਿਤ ਸਵੱਛਤਾ ਜਨ ਅੰਦੋਲਨ ਦਿਵਸ ਮਨਾਇਆ ਗਿਆ। ਸਕੂਲ ਦੇ ਪ੍ਰਿੰਸੀਪਲ ਪ੍ਰਭਦੀਪ ਕੌਰ ਮੋਗਾ ਨੇ ਦੱਸਿਆ ਕਿ ਸਕੂਲ ਦੇ ਐਨ ਸੀ ਸੀ ਦੇ 30 ਕੈਡਿਟਸ ਨੇ ਇਸ ਪ੍ਰੋਗਰਾਮ ਵਿੱਚ ਭਾਗ ਲਿਆ ਅਤੇ ਸਕੂਲ ਦੇ ਨਾਲ ਨਾਲ ਆਸ ਪਾਸ ਦਾ ਏਰੀਆ ਵੀ ਸਾਫ ਕੀਤਾ.ਸਕੂਲ ਦੇ ਪ੍ਰਧਾਨ ਗੁਰਪ੍ਰੀਤ ਕੌਰ (ਮੈਂਬਰ ਸ਼੍ਰੋਮਣੀ ਕਮੇਟੀ) ਨੇ ਕਿਹਾ ਕਿ ਇਸ ਤਰ੍ਹਾਂ ਦੇ ਪ੍ਰੋਗਰਾਮ ਜ਼ਰੂਰ ਉਲੀਕੇ ਜਾਣੇ ਚਾਹੀਦੇ ਹਨ ਅਤੇ ਸਾਨੂੰ ਸਾਰਿਆਂ ਨੂੰ ਹੀ ਇਸ ਵਿੱਚ ਭਾਗ ਲੈਣਾ ਚਾਹੀਦਾ ਹੈ। ਇਸ ਤਰ੍ਹਾਂ ਸਾਡੇ ਆਲੇ ਦੁਆਲੇ ਦੇ ਨਾਲ ਨਾਲ ਸਾਡਾ ਭਾਰਤ ਵੀ ਸਾਫ ਅਤੇ ਸੁੰਦਰ ਬਣ ਜਾਵੇਗਾ। ਇਸ ਮੌਕੇ ਸਕੂਲ ਦੇ ਡਾਇਰੈਕਟਰ ਹਰਨਿਆਮਤ ਕੌਰ ਅਤੇ ਪ੍ਰਸ਼ਾਸਨ ਨਿਮਰਤਾ ਕੌਰ ਵੀ ਹਾਜਰ ਸਨ।

8-Oct-Sunday.qxd 10/7/2023 9:14 PM Page 1



ਅਮਨ ਦਾਤੇਵਾਸੀਆ ਦੀਆਂ ਨਵੀਆਂ ਗ਼ਜ਼ਲਾਂ ਆਖ਼ਰੀ ਤੋਂ ਪਹਿਲੇ ਸਫ਼ੇ 'ਤੇ



# ਨਵਾਂ ਜ਼ਮਾਨਾ ਐਤਵਾਰਤਾ



ਬਗ਼ਾਵਤ ਦੀ ਹਵਾ ਉਠੀ ਹੈ
ਕੱਚਿਆਂ ਢਾਰਿਆਂ ਕੋਲੋਂ
ਓ ਤਖ਼ਤਾਂ ਵਾਲਿਓ ਹੁਸ਼ਿਆਰ
ਵਖ਼ਤਾਂ ਮਾਰਿਆਂ ਕੋਲੋਂ।

-ਸੁਖਵਿੰਦਰ ਅੰਮ੍ਰਿਤ

Regd. No : Pb/JL-123/2021-2023, (R.N.I.)-00068/57

ਜਲੰਧਰ : ਐਤਵਾਰ, 8 ਅਕਤੂਬਰ 2023

www.nawanzamana.in

ਕੀਮਤ 5.00 ਰੁਪਏ

## ਫਲਸਫ਼ੇ ਦੀ ਪ੍ਰਸੰਗਿਕਤਾ

# ਮਾਰਕਸਵਾਦ ਸਦਾ ਰਾਹ-ਦਸੇਰਾ

**ਜਗਰੂਪ**

ਭਾਗ-15

ਸਵਾ-ਸਦੀ ਤੋਂ ਵਧੇਰੇ ਸਮਾਂ ਹੋ ਗਿਆ, ਜਦੋਂ ਤੋਂ 'ਹਰਾਵਲ ਦਸਤੇ' (ਮਾਰਕਸਵਾਦੀਆਂ) ਦੀ ਸੂਝ "ਆਮ-ਕੰਮ-ਦਿਨ" (Normal Working Day) ਦੀ ਸਮਝ ਉਤੇ ਉਲਝ ਗਈ। ਉਹ ਮਾਰਕਸ ਦੀ ਦਿੱਤੀ ਸੇਧ ਦੀ ਥਾਂ, ਜਿਸ ਦੀ ਮਾਰਕਸ ਨੇ ਆਲੋਚਨਾ ਕੀਤੀ ਸੀ, ਉਸੇ ਗੋਥਾ ਪ੍ਰੋਗਰਾਮ ਵਾਲੀ ਸਮਝ ਵੱਲ ਮੁੜ ਗਏ। ਇੰਜ ਜਮਾਤੀ-ਘੋਲ ਰੁਕ ਗਿਆ, ਜਿਸ ਨਾਲ ਉਹ ਲੜਾਈ ਦੇ ਮੈਦਾਨ ਵਿੱਚੋਂ ਹਾਸ਼ੀਏ ਵੱਲ ਧੱਕਣੇ ਸ਼ੁਰੂ ਹੋ ਗਏ। ਸਿਧਾਂਤ-ਹੀਣਤਾ ਕਾਰਨ ਉਹਨਾਂ ਨੂੰ ਸਮਝ ਨਹੀਂ ਪੈ ਰਹੀ ਕਿ,

* ਸਰਗਰਮੀਆਂ ਨੂੰ ਫਲ ਕਿਉਂ ਨਹੀਂ ਪੈਂਦਾ ?

* ਇਮਾਨਦਾਰੀ, ਸਿਰੜੀ ਘੋਲ, ਕੁਰਬਾਨੀਆਂ ਆਦਿ, ਇਹ ਸਭ ਲੋਕਾਂ ਨੂੰ ਨਜ਼ਰ ਕਿਉਂ ਨਹੀਂ ਪੈਂਦੇ ?

* 'ਅਸੀਂ' ਦਿਨ ਪ੍ਰਤੀ ਦਿਨ ਅ-ਪਰਸੰਗਕ ਕਿਉਂ ਹੋਈ ਜਾ ਰਹੇ ਹਾਂ ?

* ਅਸੀਂ ਜਮਾਤੀ-ਘੋਲ ਦੇ ਝੰਡਾ-ਬਰਦਾਰ ਅਤੇ,

'ਹਰ ਜਮਾਤੀ-ਘੋਲ ਰਾਜਨੀਤਕ ਘੋਲ ਹੁੰਦਾ ਹੈ', ਫਿਰ ਅਸੀਂ ਰਾਜਨੀਤਕ ਮੰਚ 'ਤੇ ਗਵਾਚੀ ਹੋਂਦ ਵਾਲੇ ਕਿਉਂ ਹਾਂ ?

* ਸਮਾਜਵਾਦੀ ਇਨਕਲਾਬ ਹੋਣ ਦੇ ਬਾ-ਵਜੂਦ, ਉਥੇ "ਮੂਧੇ-ਮੂੰਹ ਕਿਉਂ ਡਿੱਗੇ" ਹਾਂ ?

* ਕਿਸੇ ਇਕ ਪਾਰਟੀ ਦਾ ਨਿਘਾਰ ਹੁੰਦਾ ਤਾਂ ਉਸ ਦੇ ਨੁਕਸ ਗਿਣ ਗਿਣ ਦੋਸ਼ ਮੜ੍ਹੇ ਜਾ ਸਕਦੇ ਸਨ, ਪਰ

ਸਭ ਥਾਂ ਅੱਗੜ ਪਿੱਛੜ ਨਿਘਾਰ ਕਿਉਂ ਹੈ ?

* ਸਮਾਜ ਨਿਵਾਣਾਂ ਤੋਂ ਨਿਘਾਰ ਵੱਲ ਕਿਉਂ ਹੈ ?

* ਇਨਸਾਨ ਫਰੇਬੀ, ਲੋਭੀ ਕਿਉਂ ਬਣ ਰਿਹਾ ਹੈ ?

ਇਹਨਾਂ ਸਭ ਸਵਾਲਾਂ ਦੇ ਜਵਾਬ, ਸਮਾਜਿਕ ਹਾਲਾਤ ਵਿੱਚ ਹਨ। ਇਹ ਪਦਾਰਥਕ ਹਨ।

ਦਰਸ਼ਨ ਨੇ ਇਹ ਬਹਿਸ ਚਰੋਕੀ ਪਹਿਲਾਂ ਨਜਿੱਠ ਦਿੱਤੀ ਸੀ ਕਿ, "ਵਿਚਾਰ, ਪਦਾਰਥਕ ਹਾਲਤਾਂ ਦੀ ਉਪਜ ਹਨ"। ਪਦਾਰਥਕ ਹਾਲਾਤ ਪਹਿਲਾਂ ਹਨ, ਵਿਚਾਰ ਉਹਨਾਂ ਦੀ ਉਪਜ, ਭਾਵ ਪਿੱਛੋਂ ਹਨ।

ਅਗਵਾਈ ਪਦਾਰਥਕ ਹਾਲਤਾਂ ਕਰਦੀਆਂ ਹਨ, ਭਾਵ ਪਦਾਰਥਕ ਹਾਲਤਾਂ 'ਚੋਂ ਉਪਜੇ ਵਿਚਾਰ ਕਰਦੇ ਹਨ। ਮਨੁੱਖ ਨੂੰ ਜੋ ਹਾਲਾਤ ਮਿਲਦੇ ਹਨ, ਉਹੀ ਸੋਚ, ਵਿਚਾਰ ਬਣੀ ਜਾਂਦੇ ਹਨ ਅਤੇ ਵਿਚਾਰਾਂ ਅਨੁਸਾਰ ਅਮਲ ਵਾਪਰੀ ਜਾਂਦਾ ਹੈ।

ਸਮਾਜ ਵਿੱਚ, ਜਿਹੀਆਂ ਸਮਾਜਿਕ ਹਾਲਤਾਂ ਹਨ ਉਹੋ ਜਿਹੇ ਸਮਾਜਿਕ ਵਿਚਾਰ ਅਤੇ ਉਹਨਾਂ ਦਾ ਅਮਲ ਵਾਪਰਦਾ ਹੈ।

"ਬਦਲੇ ਵਿਚਾਰ ਵਾਲੇ ਲੋਕ, ਬਦਲੇ ਹਾਲਤਾਂ ਦੀ ਉਪਜ ਹੁੰਦੇ ਹਨ।"

* ਹਾਲਤਾਂ ਕੌਣ ਬਣਾਉਂਦਾ ਹੈ ?

ਇਹ ਕੁਦਰਤੀ ਅਤੇ ਸਮਾਜਿਕ ਹਨ।

* ਕੁਦਰਤੀ ਹਾਲਾਤ : ਪਦਾਰਥਕ-ਗਤੀ ਕਾਰਨ ਬਣਦੇ ਹਨ। ਇਹ ਦਿਨ, ਰਾਤ, ਰੁੱਤਾਂ, ਮੀਂਹ, ਹਨੇਰੀ ਆਦਿ, ਇਸੇ ਗਤੀ ਕਰਕੇ ਹਨ।

* ਸਮਾਜਿਕ ਹਾਲਾਤ : ਸਮਾਜ ਉਪਜੀਵਕਾ ਦੇ ਸਾਧਨਾ ਬਗੈਰ ਹੋਂਦ ਵਿਚ ਨਹੀਂ ਹੁੰਦਾ। ਪੈਦਾਵਾਰ ਦਾ ਅਮਲ (ਉਪਜਾਣ ਅਤੇ ਵੰਡਣ ਢੰਗ, ਖਪਤ ਕਰਨ ਅਤੇ ਮੁੜ-ਉਪਜਾਣ ਢੰਗ, ਆਦਿ) ਸਮਾਜਿਕ ਹਾਲਾਤ ਬਣਾਉਂਦਾ ਹੈ।

ਇਸ, ਇਕ ਸਦੀ ਦੀਆਂ ਸਮਾਜਿਕ ਹਾਲਤਾਂ, ਮਨੁੱਖੀ ਲੋੜਾਂ ਦੀ ਪੂਰਤੀ ਲਈ "ਸਮਾਜਿਕ ਉਤਪਾਦਨ ਅਤੇ ਵੰਡ" (production and distribution) ਦੇ ਬੁਰਜੂਆ ਢੰਗ ਦੀਆਂ ਪੈਦਾ ਕੀਤੀਆਂ ਹਨ।

ਇਹ ਆਪਣੇ "ਆਧਾਰ ਅਤੇ ਉਸਾਰ" ਦੇ ਨੇਮ ਅਨੁਸਾਰ ਰੂਪ ਧਾਰਦੀਆਂ ਹਨ। ਇਹਨਾਂ ਨੂੰ ਸਮਝਣ ਲਈ ਵਸਤੂ-ਵਰਤਾਰੇ ਦਾ ਅਮਲ, "ਕਾਰਨ ਅਤੇ ਪ੍ਰਭਾਵ" ਦਾ ਗੇੜ, ਦਿੱਖ ਤੇ ਸਾਰ ਦਾ ਰੂਪ, ਬਹੁਤ ਅਹਿਮੀਅਤ ਰੱਖਦੇ ਹਨ।

ਸਮਾਜਿਕ-ਗਤੀ, ਠੋਸ ਰੂਪ ਹੈ, ਇਹ ਸਮਝ ਪੈਣੀ ਮੁਕਾਬਲਤਨ ਸੌਖੀ ਹੈ, ਪਰ ਇਸ ਦਾ ਅਗਲਾ ਵਿਚਾਰਧਾਰਕ-ਗਤੀ ਰੂਪ, ਅਮੂਰਤ ਹੈ। ਇਸ ਦੀ ਸਮਝ ਧਾਰਨ ਲਈ, ਮੂਰਤ-ਅਮੂਰਤ ਅਤੇ ਅਮੂਰਤ- ਮੁੜ ਮੂਰਤ ਦੇ ਗੁੰਝਲਦਾਰ ਅਮਲ ਵਿੱਚੋਂ ਲੰਘਣਾ ਪੈਂਦਾ ਹੈ। ਇਹੀ ਵਿਚਾਰਧਾਰਕ-ਗਤੀ ਦੀ ਵਿਸ਼ੇਸ਼ਤਾ ਹੈ। ਇਹ ਇਕਾਗਰਤਾ ਲੋੜਦੀ ਹੈ। ਇਹ ਗਾਹੜਾ ਮਾਨਸਿਕ ਅਮਲ ਹੈ, ਪਰ ਹੈ ਸਮਝਣਯੋਗ। ਸਮੁੱਚਾ ਦਰਸ਼ਨ, ਸਮਾਜਿਕ ਸੂਝ ਦੀ ਸਿਖਰ ਦਾ ਅਮਲ ਹੁੰਦਾ ਹੈ। ਕਹਾਵਤ ਹੈ: 'ਅਕਲ ਕੰਮ ਆਉਂਦੀ ਹੈ ਬੇ ਅਕਲੀ ਨਹੀਂ', ਇੱਥੇ ਵੀ ਇਹੀ ਸੂਤਰ ਲਾਗੂ ਹੈ।

॥ ਬੁਰਜੂਆ ਪ੍ਰਬੰਧ ਦੀਆਂ ਇਤਿਹਾਸਕ ਮੰਜ਼ਲਾਂ ॥

ਬੁਰਜੂਆ ਪ੍ਰਬੰਧ, ਕਿਰਤ-ਸ਼ਕਤੀ ਦੀ ਲੁੱਟ-ਚੋਂਘ ਅਧਾਰਤ ਹੈ, ਇਥੋਂ ਹੀ ਮੁਨਾਫੇ ਲੁੱਟੇ, ਨਿਚੋੜੇ ਜਾਂਦੇ ਹਨ। ਇਹ ਆਧਾਰ ਹੈ, ਬਾਕੀ ਸਭ ਉਸਾਰ ਹੈ।

ਇਸ ਦੀਆਂ ਇਤਿਹਾਸਕ ਮੰਜ਼ਲਾਂ ਦਾ ਸੰਬੰਧ ਦੋਹਰਾ ਹੈ :

1) ਕਿਰਤ-ਸ਼ਕਤੀ ਦੀ ਲੁੱਟ ਦਾ ਵਾਧਾ, ਆਧਾਰ ਹੈ ਅਤੇ

2) ਉਸ ਲੁੱਟ ਦੇ ਸਮਾਜਿਕ ਪ੍ਰਭਾਵ, ਜੋ ਉਸਾਰ ਦਾ ਹਿੱਸਾ ਹੈ।

ਗੈਰ-ਇਜਾਰੇਦਾਰ ਸਰਮਾਏਦਾਰੀ, ਖੁੱਲ੍ਹੇ ਮੁਕਾਬਲੇ ਵਾਲੀ ਸੀ। ਇਹ, ਜਗੀਰੂ ਪ੍ਰਬੰਧ ਢਾਹ ਰਹੀ ਸੀ। ਇਹ ਕਮਜ਼ੋਰ ਸੀ, ਪਰ ਪੈਦਾਵਾਰ ਕਰਨ ਵਿਚ ਇਨਕਲਾਬੀ ਸੀ, ਜਿਸ ਕਰਕੇ ਇਹ ਸਮਾਜਿਕ ਅਮੀਰੀ ਅਤੇ ਬਰਾਬਰੀ ਦੀ ਝੰਡਾ-ਬਰਦਾਰ ਸੀ।

ਰਾਜਨੀਤਕ ਖੇਤਰ ਵਿੱਚ ਲੋਕਤੰਤਰੀ ਸੀ, ਪਰ ਖੁੱਲ੍ਹੇ ਮੁਕਾਬਲੇ ਨੇ ਇਜਾਰੇਦਾਰੀਆਂ ਉਭਾਰ ਦਿੱਤੀਆਂ।

1870ਵਿਆਂ ਤੋਂ ਹੋਂਦ ਵਿਚ ਆਈਆਂ ਇਜਾਰੇਦਾਰੀਆਂ ਨੇ ਉਤਪਾਦਨ ਖੇਤਰ ਦੇ ਨਾਲ ਹੀ, ਕੱਚੇ ਮਾਲ ਦੀ ਖਰੀਦਦਾਰੀ, ਭਾਵ ਮੰਡੀ ਵਿੱਚ ਵੀ ਇਜਾਰੇਦਾਰੀ ਦੇ ਪੈਰ ਪਸਾਰ ਲਏ।

ਹੁਣ, ਉਜਰਤੀ-ਕਿਰਤ ਦੀ ਲੁੱਟ ਦੇ ਨਾਲ, ਨਵੀਂ, ਕੱਚੇ ਮਾਲ ਦੇ ਪੈਦਾਕਾਰਾਂ ਦੀ ਲੁੱਟ ਵੀ ਜੁੜ ਗਈ, ਜਿਸ ਨਾਲ ਸਰਮਾਏਦਾਰੀ ਨੂੰ ਵਧੇਰੇ ਮਜ਼ਬੂਤੀ ਮਿਲੀ, ਉਸ ਦੇ ਮੁਨਾਫੇ ਵੱਡੇ ਹੋਏ। ਉਤਪਾਦਨ ਦੀ ਇਜਾਰੇਦਾਰੀ ਨੇ, ਖਪਤ ਦੀ ਪੂਰਤੀ ਦੀ ਇਜਾਰੇਦਾਰੀ ਰਾਹੀਂ, ਖਪਤਕਾਰ ਨੂੰ ਵੀ ਲੁੱਟ ਦਾ ਸ਼ਿਕਾਰ ਬਣਾ ਲਿਆ।

ਪਰ ਲੁੱਟ ਦਾ ਆਧਾਰ, ਉਜਰਤੀ-ਕਿਰਤ ਦੀ ਲੁੱਟ ਹੀ ਰਿਹਾ। ਕੱਚੇ ਮਾਲ ਦੇ ਪੈਦਾਕਾਰ ਅਤੇ ਖਪਤਕਾਰ ਦੀ ਲੁੱਟ, ਉਸ ਦੇ ਸੁਪਰ ਮੁਨਾਫੇ ਬਣੇ। ਇਜਾਰੇਦਾਰੀ ਵਧੀ-ਫੁੱਲੀ, ਅਮੀਰ ਬਣੀ, ਪਰ ਕੱਚੇ ਮਾਲ ਦੇ ਪੈਦਾਕਾਰ ਅਤੇ ਖਪਤਕਾਰ ਘਾਟੇ 'ਚ ਗਏ, ਗਰੀਬ ਹੋਏ।

ਮੁਕਾਬਲੇਬਾਜ਼ੀ ਨੇ ਵੱਡੀਆਂ ਇਜਾਰੇਦਾਰੀਆਂ ਨੂੰ ਹੋਂਦ ਵਿਚ ਲੈ ਆਂਦਾ। ਵਿਕਸਤ ਦੇਸ਼ਾਂ ਦੀਆਂ ਇਜਾਰੇਦਾਰੀਆਂ ਨੇ ਜਿੱਥੇ ਸਮਾਜਿਕ ਆਰਥਿਕ ਪਾੜਾ

ਵੱਡਾ ਕੀਤਾ, ਨਾਲ ਵੀ ਉਥੇ ਨਵੇਂ ਕਾਰੋਬਾਰ ਖੁੱਲ੍ਹਣ ਦਾ ਰਾਹ ਵੀ ਰੋਕ ਦਿੱਤਾ। ਅਜਿਹਾ ਕਰਨ ਲਈ ਉਸ ਨੂੰ ਰਾਜਨੀਤੀ ਦੀ ਲੋੜ ਸੀ। ਇਸ ਤਰ੍ਹਾਂ ਰਾਜਨੀਤਕ-ਇਜਾਰੇਦਾਰੀ ਆਰੰਭ ਹੋ ਗਈ।

"ਜਿਸ ਵਰਗ ਦਾ ਆਰਥਿਕਤਾ 'ਤੇ ਕਬਜ਼ਾ ਹੁੰਦਾ ਹੈ, ਉਹ ਰਾਜਨੀਤੀ ਅਤੇ ਸਮਾਜ ਦੇ ਬੌਧਿਕ ਵਸੀਲਿਆਂ ਉਤੇ ਵੀ ਕਾਬਜ਼ ਹੁੰਦਾ ਹੈ।"

ਇਹ 'ਆਧਾਰ ਤੇ ਉਸਾਰ' ਦਾ ਨੇਮ ਹੈ।

ਪਰ, ਇਜਾਰੇਦਾਰੀਆਂ ਬਣੀਆਂ ਕਿਉਂ ?

ਦਾਸ-ਕੈਪੀਟਲ, 1867 ਵਿਚ ਛਪੀ ਸੀ। ਸਰਮਾਏਦਾਰੀ ਦਾ ਇਤਿਹਾਸ, ਇਜਾਰੇਦਾਰੀਆਂ ਦਾ ਅਰੰਭ 1870 ਤੋਂ ਦੱਸਦਾ ਹੈ। ਜੇ ਸਾਪੇਖ ਵਾਧੂ-ਮੁੱਲ ਦਾ ਟਾਕਰਾ ਕਰਨ ਲਈ, "ਜੰਗਜੂ ਹਥਿਆਰ"-'ਛੁਟੇਰੀ ਕੰਮ ਦਿਹਾੜੀ' ਦੇ ਨੇਮ ਉਤੇ ਅਮਲ ਹੁੰਦਾ ਤਾਂ ਵਾਧੂ ਮੁਨਾਫੇ ਹੀ ਨਾ ਜੁੜਦੇ।

ਮਾਰਕਸ-ਏਂਗਲਜ਼ ਦੀ ਅਗਵਾਈ ਵਿਚ ਬਣੀ ਪਹਿਲੀ ਕੌਮਾਂਤਰੀ ਦੀ ਸਾਲਾਨਾ ਕਾਂਗਰਸ-1866 ਨੇ ਜੋ ਸਿਧਾਂਤਕ ਸੇਧ ਦਿੱਤੀ, ਉਹ ਸ਼ਬਦ, ਸਦਾ ਲਈ ਰਾਹ-ਦਸੇਰਾ ਹਨ :

"ਕੰਮ-ਦਿਹਾੜੀ ਦੀ ਸੀਮਾ ਉਹ ਮੁਢਲੀ ਸ਼ਰਤ ਹੈ, ਜਿਸ ਤੋਂ ਬਿਨਾਂ ਸੁਧਾਰ ਤੇ ਮੁਕਤੀ ਦੇ ਸਾਰੇ ਅਗਲੇ ਜਤਨ ਅਸਫਲ ਸਿੱਧ ਹੋਣਗੇ..। ਕਾਂਗਰਸ ਦਾ ਸੁਝਾਓ ਹੈ ਕਿ ਕੰਮ-ਦਿਹਾੜੀ ਦੀ ਕਾਨੂੰਨੀ ਸੀਮਾ ਅੱਠ ਘੰਟੇ ਹੋਵੇ।"

ਜੇ ਇਸ ਸੁਝਾਓ ਉਤੇ ਅਮਲ ਹੁੰਦਾ ਤਾਂ ਸਮਾਜ ਵਿਚ ਆਰਥਿਕ ਪਾੜਾ ਨਾ ਵਧਦਾ, ਫਿਰ ਇਜਾਰੇਦਾਰੀਆਂ ਜੰਮਦੀਆਂ ਹੀ ਨਾ। ਇਹ ਸਰਮਾਏ ਨੂੰ, ਸਾਪੇਖ ਵਾਧੂ-ਮੁੱਲ ਵਧਾਉਣ ਦੀ ਖੁੱਲ੍ਹ ਦੇਣ ਦਾ ਨਤੀਜਾ ਹੈ। ਇਹ ਆਰਥਿਕ ਪਾੜਾ ਵਧਾਉਣ ਦੀਆਂ ਨੀਤੀਆਂ ਨੂੰ ਮਨਜ਼ੂਰ ਕਰਨ ਦੀ ਸਜ਼ਾ ਹੈ, ਪਰ ਇਸ ਨਾਕਾਮੀ ਦੀ ਜੜ੍ਹ, ਸਿਧਾਂਤ ਵਿਚ ਨਹੀਂ ਹੈ, ਸਗੋਂ ਸਿਧਾਂਤ ਉਪਰ ਅਮਲ ਨਾ ਕਰਨ ਵਿਚ ਹੈ।

ਇਹ ਪਰੋਲਤਾਰੀ ਦੀ ਗੈਰ-ਸਿਧਾਂਤਕੀ ਵਿੱਚੋਂ ਉਪਜਿਆ ਵਰਤਾਰਾ ਹੈ। ਨਾਲ ਹੀ ਇਹ ਇਤਿਹਾਸਕ ਸਬਕ ਹੈ, ਸਿਧਾਂਤਕ ਅਮਲ ਤੋਂ ਖੁੰਝਣਾ ਮੁਸੀਬਤਾਂ ਨੂੰ ਸੱਦਾ ਦੇਣਾ ਹੈ। ਦਾਸ-ਕੈਪੀਟਲ ਵਿਚਲੀ ਸੇਧ ਅਤੇ ਪਹਿਲੀ-ਕੌਮਾਂਤਰੀ ਦੇ ਸੱਦੇ ਨੂੰ ਅਣਗੌਲਿਆ ਕਰਨਾ, ਇਸ ਸਜ਼ਾ ਦਾ ਸਬੱਬ ਬਣਿਆ ਹੈ। ਇਸ ਨਾਲ ਦਾਰਸ਼ਨਿਕ-ਮਾਰਕਸ ਦੀ ਮਹਾਨਤਾ ਮਿਟਦੀ ਨਹੀਂ, ਸਗੋਂ ਉਜਾਗਰ ਹੁੰਦੀ ਹੈ।

ਸਾਡੀ ਇਸ ਨਾਕਾਮੀ ਵਿੱਚੋਂ ਇਜਾਰੇਦਾਰੀ ਹਿੱਤਾਂ ਨੇ, ਆਪਣੇ ਉਸਾਰ ਰਾਹੀਂ, ਇਸ ਤੋਂ ਪਹਿਲੇ ਦੌਰ ਦੀਆਂ ਲੋਕਤੰਤਰੀ ਸਮਾਜਿਕ-ਰੀਤਾਂ ਨੂੰ ਵੱਟਾ ਲਾਇਆ ਅਤੇ ਉਹਨਾਂ ਨੂੰ ਸੀਮਾਵਾਂ ਵਿਚ ਲਪੇਟ ਧਰਿਆ। ਇਜਾਰੇਦਾਰੀ ਕਾਰਨ ਲੋਕਤੰਤਰ ਸੁੰਗੜਨ



ਲੱਗਾ। ਸਮਾਜ, ਵਧੇਰੇ- ਆਰਥਿਕ-ਰਾਜਨੀਤਕ ਪਾੜੇ ਵਾਲਾ ਬਣ ਗਿਆ।

ਇਜਾਰੇਦਾਰੀਆਂ ਨੇ ਆਪਣੇ ਵਿਕਾਸ ਦਾ ਨਵਾਂ ਰੂਪ; ਵੀਹਵੀਂ ਸਦੀ ਦੇ ਅਰੰਭ ਵਿਚ ਧਾਰਿਆ, ਜੋ ਸਾਮਰਾਜਵਾਦ ਕਰਕੇ ਜਾਣਿਆ ਜਾਂਦਾ ਹੈ। ਇਸ ਵਿਸ਼ੇ ਜਾਂ ਨਵੀਂ-ਮੰਜ਼ਲ ਸਾਮਰਾਜਵਾਦ ਬਾਰੇ ਬਹੁਤ ਬਹਿਸ ਹੋਈ। ਇਸ ਦੇ ਬਹੁਤ ਸਾਰੇ ਪਹਿਲੂ ਹਨ, ਪਰ ਨਿਵੇਕਲਾ ਪਹਿਲੂ "ਮਾਲੀ-ਸਰਮਾਇਆ" ਹੈ।

* " .. ਇਸ ਤਰ੍ਹਾਂ 20ਵੀਂ ਸਦੀ ਦਾ ਆਰੰਭ ਉਸ ਮੋੜ ਦਾ ਸੂਚਕ ਹੈ ਜਿਸ ਤੋਂ ਪੁਰਾਣੀ ਸਰਮਾਏਦਾਰੀ ਨਵੀਂ ਸਰਮਾਏਦਾਰੀ ਦੀ ਸੇਧ ਵਿੱਚ, ਆਮ ਤੌਰ 'ਤੇ ਸਰਮਾਏ ਦਾ ਦਾਬਾ ਮਾਲੀ ਸਰਮਾਏ ਦੇ ਦਾਬੇ ਦੀ ਸੇਧ ਵਿੱਚ ਮੁੜ ਗਿਆ।" (-ਸਫਾ 504, ਲੈਨਿਨ, ਚੋਣਵੀਂ ਰਚਨਾ, ਸਾਮਰਾਜਵਾਦ, ਸਰਮਾਏਦਾਰੀ ਦੀ ਅੰਤਮ ਅਵਸਥਾ)

"ਪੁਰਾਣੀ ਸਰਮਾਏਦਾਰੀ ਦੇ ਜ਼ਮਾਨੇ ਵਿਚ, ਜਦੋਂ ਖੁੱਲ੍ਹੇ ਮੁਕਾਬਲੇ ਦਾ ਰਾਜ ਸੀ, ਮਾਲ ਦੀ ਬਰਾਮਦ ਉਸ ਦਾ ਉਚੇਚਾ ਖਾਸਾ ਸੀ। ਸਰਮਾਏਦਾਰੀ ਦੀ ਸਭ ਤੋਂ ਨਵੀਂ ਅਵਸਥਾ ਵਿਚ, ਜਦੋਂ ਕਿ ਇਜਾਰੇਦਾਰੀਆਂ ਦਾ ਰਾਜ ਹੈ, ਸਰਮਾਏ ਦੀ ਬਰਾਮਦ ਉਸ ਦਾ ਉਚੇਚਾ ਖਾਸਾ ਹੈ।" (ਸਫਾ-522)

"ਮਾਲੀ ਸਰਮਾਇਆ ਆਜ਼ਾਦੀ ਨਹੀਂ, ਸਗੋਂ ਦਾਬਾ ਚਾਹੁੰਦਾ ਹੈ।" (ਸਫਾ-551)

ਇੰਝ ਇਹ, ਇਜਾਰੇਦਾਰੀਆਂ "ਸਾਮਰਾਜਵਾਦੀ" ਬਣ ਗਈਆਂ। ਬਸਤੀਵਾਦੀ ਦੇਸ਼ਾਂ ਨੇ ਆਪਣੀ ਲੁੱਟ ਲਈ ਸੰਸਾਰ ਦੀ ਵੰਡ ਕਰ ਲਈ।...

ਭਾਗ-16

ਰੇਲ ਲਾਈਨਾਂ ਦੀ ਮਹੱਤਤਾ ਉਸ ਸਮੇਂ ਬਹੁਤ ਵਧ ਗਈ ਸੀ। ਮਾਲ ਦੀ ਢੋਆ-ਢੁਆਈ, ਕੱਚਾ ਮਾਲ ਲਿਆਉਣਾ ਤੇ ਪੱਕਾ ਮਾਲ ਭੇਜਣਾ, ਇਸ ਲਈ, ਰੇਲ ਲਾਈਨ 'ਤੇ ਕਬਜ਼ਾ, ਮੰਡੀ 'ਤੇ ਕਬਜ਼ੇ ਦਾ ਰੂਪ ਸੀ।

ਸੰਸਾਰ ਨੂੰ ਵੰਡ ਲਿਆ ਗਿਆ ਸੀ।

* " ...ਬਰਤਾਨੀਆ, ਬੈਲਜੀਅਮ, ਤੇ ਜਰਮਨੀ ਦੇ ਰੇਲ ਕਾਰਖਾਨਿਆਂ ਦੇ ਮਾਲਕਾਂ ਵੱਲੋਂ...ਆਪੋ ਵਿੱਚ ਸਮਝੌਤਾ ਕੀਤਾ ਕਿ ਉਹ ਇਕ-ਦੂਜੇ ਦੀਆਂ ਮੰਡੀਆਂ ਵਿਚ ਮੁਕਾਬਲਾ ਨਹੀਂ ਕਰਨਗੇ, ਅਤੇ ਉਹਨਾਂ ਨੇ ਵਿਦੇਸ਼ਾਂ ਨੂੰ ਹੇਠਾਂ ਦਿੱਤੇ ਤਨਾਸਬ ਨਾਲ ਵੰਡ ਲਿਆ ਸੀ: ਬਰਤਾਨੀਆ 66 ਫੀ ਸਦੀ; ਜਰਮਨੀ 27 ਫੀ ਸਦੀ, ਬੈਲਜੀਅਮ 7 ਫੀ ਸਦੀ। ਭਾਰਤ ਨੂੰ ਪੂਰੀ ਤਰ੍ਹਾਂ ਬਰਤਾਨੀਆ ਲਈ ਰਾਖਵਾਂ ਰੱਖਿਆ ਗਿਆ ਸੀ।" (ਚੋਣਵੀਂ ਰਚਨਾ-1, ਸਫਾ-536) ਨਵਾਂ-ਸਰਮਾਇਆ, ਇਜਾਰੇਦਾਰੀ-ਲੁੱਟ ਭਾਵ ਨਵੀਂ ਲੁੱਟ 'ਚ ਲੱਗ ਰਿਹਾ ਸੀ। ਜਿਣਸ ਉਤਪਾਦਨ ਦੇ ਗੇੜ ਵਿਚ, ਕਿਰਤ-ਸ਼ਕਤੀ ਨਿਚੋੜੀ ਜਾਂਦੀ ਹੈ, ਮੁਨਾਫੇ (ਵਾਧੂ-ਮੁੱਲ) ਕੱਢੇ ਜਾਂਦੇ ਹਨ। ਸੁਪਰ ਮੁਨਾਫੇ ਲੈਣ ਲਈ, ਕੱਚੇ ਮਾਲ ਦੀ ਸਸਤੀ ਖਰੀਦਦਾਰੀ ਲਈ, ਮੰਡੀ-ਇਜਾਰੇਦਾਰੀ ਦੀ ਰੁਚੀ ਨਾਲ, ਉਹ ਹਰ ਮੰਡੀ 'ਚ ਦਾਖਲ ਹੋਵੇਗਾ, ਪਰ ਉਪਜਾਂ ਤੋਂ ਮੁਨਾਫੇ ਤਾਂ ਹਾਸਲ ਹੋਣਗੇ, ਜੇ ਉਪਜਾਂ ਦੀ ਖਪਤ ਯਕੀਨੀ ਕਰਨ ਲਈ, ਖਪਤ-ਮੰਡੀਆਂ ਤੱਕ ਰੇਲ-ਰੋਡ ਢਾਂਚਾ ਹੋਵੇਗਾ। ਇੰਝ, ਸੰਸਾਰ ਮੰਡੀ ਦੇ ਵਿਸਤਾਰ ਲਈ, ਸਰਮਾਏ ਦੀ ਵੱਡੀ ਲੋੜ ਪੂਰਤੀ ਨੇ ਮਾਲੀ-ਸਰਮਾਇਆ ਦੀ ਵੁੱਕਤ ਹੋਰ ਵਧਾ ਦਿੱਤੀ। ਸਰਮਾਏ ਦੇ ਵਿਕਾਸ ਨੂੰ, ਆਮ 'ਵਿਕਾਸ'-ਮਾਡਲ ਪ੍ਰਚਾਰ ਧਰਿਆ। ਅਸਲ ਵਿਚ ਸਾਰੇ ਸਮਾਜ ਨੂੰ ਲਿਤਾੜ ਕੇ, ਲੁੱਟ ਕੇ, ਸਰਮਾਇਆ ਵਧੀ ਜਾ ਰਿਹੈ। ਸਰਮਾਇਆ ਹਮੇਸ਼ਾ ਨਿੱਜੀ ਹੁੰਦੈ, ਜਦੋਂ ਉਹ ਸਮਾਜਿਕ ਹੋ ਜਾਏ ਤਾਂ ਖਾਸਾ ਬਦਲਣ ਨਾਲ, ਉਹ, 'ਧਨ' ਜਾਂ ਸ "ਸਮਾਜਕ ਧਨ" (social-wealth) ਬਣ ਜਾਂਦਾ ਹੈ। ਫਿਰ ਉਹ ਨਿੱਜੀ-ਅਮੀਰੀ ਦਾ ਪ੍ਰਤੀਕ ਨਹੀਂ, ਸਗੋਂ ਸਮਾਜਿਕ-ਅਮੀਰੀ ਦਾ ਪ੍ਰਤੀਕ ਹੁੰਦਾ ਹੈ।

ਮਾਲੀ ਸਰਮਾਇਆ, ਨਿੱਜੀ ਸਰਮਾਇਆ ਹੈ।

ਇਹ ਕਰਜ਼ਾ ਹੈ, ਇਸ ਦੇ ਵਾਧੇ ਲਈ ਇਹਨੂੰ, ਕਰਜ਼-ਸ਼ਰਤਾਂ ਨਾਲ ਜੋੜ ਦਿੱਤਾ ਜਾਂਦਾ, 'ਐਨੇ ਫੀ ਸਦੀ ਕਰਜ਼-ਰਾਸ਼ੀ ਨਾਲ, ਫਲਾਨੀ- ਫਲਾਨੀ ਜਿਣਸ ਸਾਡੇ ਤੋਂ ਖਰੀਦੋਗੇ'। ਇੰਝ ਮਾਲੀ-ਸਰਮਾਇਆ 'ਨੀਤੀ-ਹਦਾਇਤਕਾਰ' ਬਣਦਾ ਗਿਆ, ਆਪਣੇ ਅਧਿਕਾਰ ਵਧਾਉਂਦਾ ਗਿਆ। ਇਹ ਸਨਅਤੀ-ਸਰਮਾਇਆ ਨਹੀਂ ਹੈ, ਇਹ, ਕਿਰਤ-ਸ਼ਕਤੀ ਦੀ ਵਰਤੋਂ ਨਹੀਂ ਕਰਦਾ, ਇਸ ਦੇ ਵਾਧੇ ਦਾ ਗੁਣ, ਪ੍ਰਜੀਵੀ ਪਣ (parasitic) ਹੈ, ਇਹ ਕਾਰੋਬਾਰਾਂ, ਪੈਦਾਕਾਰੀ- ਸਰਮਾਏ ਨੂੰ ਚੂਸ ਕੇ ਵਧਦਾ ਹੈ। ਇਹ 'ਅੰਬਰਵੇਲ' ਰੂਪੀ ਹੈ, ਜਿਵੇਂ-ਜਿਵੇਂ ਇਹ ਵੱਡਾ ਹੋਈ ਜਾਂਦਾ ਹੈ, ਕਾਰੋਬਾਰੀ-ਸਰਮਾਇਆ, ਆਪਣੇ ਮੁਨਾਫੇ ਵਿਚੋਂ ਕਿਸ਼ਤ ਮੋੜਦਾ ਹੈ। ਉਹ ਕਰਜ਼-ਕਿਸ਼ਤ ਮੋੜੂ ਸੰਕਟ ਵਿਚ ਗਰਸਦਾ ਜਾਂਦਾ ਹੈ। ਕਰਜ਼-ਕਿਸ਼ਤ ਮੋੜਨ ਲਈ, ਨਵੇਂ ਕਰਜ਼ ਲੈਣ ਦੀ ਨੌਬਤ ਹੈ, ਇਹ ਅਮਲ, ਮਾਲੀ-ਸਰਮਾਇਆ ਦੀ ਸਰਦਾਰੀ ਬਣਾ ਰਿਹੈ। ਇਹ ਸਾਮਰਾਜਵਾਦ ਹੈ!

ਮਾਰਕਸਵਾਦੀਆਂ-ਲੈਨਿਨਵਾਦੀਆਂ ਨੇ ਇਸ ਦਾ ਰਾਹ ਰੋਕਣ ਦਾ ਸੱਦਾ ਦਿੱਤਾ। ਉਹਨਾਂ ਦੋਵੇਂ ਸੰਭਾਵਨਾਵਾਂ, (ਇਸ ਦੇ ਵਾਧੇ ਦਾ ਰਾਹ ਰੋਕਣ ਅਤੇ ਇਨਕਲਾਬ ਵਿਚ ਬਦਲ ਦੇਣ ਦਾ ਰਾਹ,) ਦਾ ਉਲੇਖ ਕੀਤਾ:

* "ਵਿਕਾਸ ਇਜਾਰੇਦਾਰੀ ਵੱਲ ਵਧ ਰਿਹਾ ਹੈ, ਇਸ ਦਾ ਝੁਕਾਅ ਸਾਰੀ ਦੁਨੀਆ ਦੀ ਇਕੋ ਇਜਾਰੇਦਾਰ, ਸਾਰੀ ਦੁਨੀਆ ਦੇ ਇਕੋ ਟਰੱਸਟ ਵੱਲ ਹੈ। ਇਹ ਗੱਲ ਕੱਟੀ ਨਹੀਂ ਜਾ ਸਕਦੀ, ਪਰ ਇਸ ਦੇ ਨਾਲ ਹੀ ਇਹ ਏਨੀ ਹੀ ਪੂਰੀ ਤਰ੍ਹਾਂ ਬੇਮਤਲਬ ਹੈ, ਜਿੰਨਾ ਕਿ ਇਹ ਆਖਣਾ ਕਿ "ਵਿਕਾਸ" ਪ੍ਰਯੋਗਸ਼ਾਲਾਵਾਂ ਵਿੱਚ ਖੁਰਾਕ ਦੀ ਉਪਜ ਦੀ ਸੇਧ ਵਿੱਚ ਵਧ ਰਿਹਾ ਹੈ।" (ਸ-562)।

* " ..ਸਾਮਰਾਜਵਾਦ, ਸਮਾਜਵਾਦੀ ਇਨਕਲਾਬ ਤੋਂ ਝੱਟ ਪਹਿਲਾਂ ਦਾ ਵੇਲਾ ਹੈ" (ਮੁੱਖਬੰਦ 'ਚ)

* "ਇਹ ਬਦਲ ਰਹੀ ਹਾਲਤ ਵਿੱਚ ਸਰਮਾਏਦਾਰੀ ਹੈ, ਜਾਂ ਇਹ ਆਖਣਾ ਵਧੇਰੇ ਉਚਿੱਤ ਹੋਵੇਗਾ ਕਿ ਇਹ ਗਲ-ਸੜ ਰਹੀ ਸਰਮਾਏਦਾਰੀ ਹੈ"। (ਸ-598)

* "ਇਸ ਮਾਮਲੇ ਵਿਚ ਸਭ ਤੋਂ ਖਤਰਨਾਕ ਉਹ ਲੋਕ ਹਨ, ਜਿਹੜੇ ਇਹ ਨਹੀਂ ਸਮਝਦੇ ਕਿ ਸਾਮਰਾਜਵਾਦ ਵਿਰੁੱਧ ਲੜਾਈ ਉਸ ਵੇਲੇ ਤੱਕ ਇਕ ਢੌਂਗ ਤੇ ਵਿਅਰਥ ਗੱਲ ਹੈ, ਜਦ ਤੱਕ ਇਸ ਦਾ ਸੰਬੰਧ ਅਵੰਡ ਤੌਰ 'ਤੇ ਮੌਕਾਤਾੜੂਪਣ ਵਿਰੁੱਧ ਲੜਾਈ ਨਾਲ ਨਾ ਹੋਵੇ।" (ਸ-598)

ਲੈਨਿਨ ਦੇ ਪੇਸ਼ ਕੀਤੇ ਨਿਰਣੇ ਦੀ ਕਦਰ ਕਰਨੀ ਬਣਦੀ ਹੈ! ਉਸ ਨੇ 1916 ਲਿਖਿਆ:

* "ਇਜਾਰੇਦਾਰੀ ਦੇ ਦੇਸ਼ਾਂ ਨੇ "ਸਾਮਰਾਜਵਾਦ ਜਾਂ ਸਮਾਜਵਾਦ" ਵਿਚ ਬਦਲਣਾ ਹੈ। ਮਨੁੱਖ ਜਾਤੀ ਦੇ ਭਲੇ ਵਿਚ ਹੈ ਕਿ ਇਜਾਰੇਦਾਰੀ ਨੂੰ ਸਾਮਰਾਜਵਾਦੀ ਨਾ ਬਣਨ ਦਿੱਤਾ ਜਾਵੇ। ਰੋਕਣ ਦਾ ਦੂਜਾ ਰਾਹ, ਇਹਨਾਂ ਦੇਸ਼ਾਂ ਵਿਚ ਇਨਕਲਾਬ ਕਰਨਾ ਅਤੇ ਸਮਾਜਵਾਦੀ ਪ੍ਰਬੰਧ ਉਸਾਰਨਾ ਹੈ।.... ਮਾਰਕਸਵਾਦੀਆਂ ਲਈ ਅ-ਵਿਵਾਦੀ ਹੈ ਕਿ "ਇਨਕਲਾਬੀ ਪ੍ਰਸਥਿਤੀ ਤੋਂ ਬਿਨਾਂ ਇਨਕਲਾਬ ਨਹੀਂ ਹੋ ਸਕਦਾ; ਨਾਲੇ ਹਰ ਇਨਕਲਾਬੀ ਪ੍ਰਸਥਿਤੀ ਦਾ ਸਿੱਟਾ ਇਨਕਲਾਬ ਨਹੀਂ ਹੁੰਦਾ"। (ਦੂਜੀ ਇੰਟਰਨੈਸ਼ਨਲ ਦਾ ਪਤਨ, ਵਿੱਚੋਂ)

* "ਕਿਉਂ ਜੋ....ਜੇ ਅਤਿ ਮਾੜੀ ਗੱਲ ਵਾਪਰ ਜਾਵੇ-

ਨੂੰ ਅਸੀਂ ਅੱਖੋਂ ਉਹਲੇ ਕਰਨਾ ਨਹੀਂ ਚਾਹੁੰਦੇ, ਕਿ

ਮਨੁੱਖ ਜਾਤੀ ਨੂੰ ਦੂਜੀ ਸਾਮਰਾਜੀ ਜੰਗ ਵਿੱਚੋਂ ਲੰਘਣਾ ਪੈ ਸਕਦਾ ਹੈ, ਜੇਕਰ ਅਸੀਂ ਅਜੋਕੀ ਜੰਗ ਨੇ, ਜਨਤਕ ਬੇਚੈਨੀ ਤੇ ਜਨਤਕ ਅਸੰਤੁਸ਼ਟਤਾ ਦੇ ਅਨੇਕ ਭਬੂਕਿਆਂ ਦੇ, ਅਤੇ ਸਾਡੇ ਯਤਨਾਂ ਦੇ ਹੁੰਦਿਆਂ ਹੋਇਆਂ ਇਨਕਲਾਬ ਨੂੰ ਜਨਮ ਨਾ ਦਿੱਤਾ"। (ਚੋਣਵੀਂ ਰਚਨਾ-1, ਸ-609)

ਰੂਸ ਵਿਚ ਇਨਕਲਾਬ ਵਾਪਰਿਆ, ਪਰ ਬਾਕੀ ਸ਼ੁਰੂ ਹੀ ਨਾ ਕਰ ਸਕੇ, ਲੈਨਿਨ ਆਸਵੰਦ ਰਿਹਾ ਤੇ ਉਸ ਨੇ ਲਿਖਿਆ ਵੀ;

* "ਇਹ ਬੜੀ ਚੰਗੀ ਗੱਲ ਹੋਵੇ ਜੇ ਜਰਮਨ ਪਰੋਲਤਾਰੀ ਅਮਲ ਕਰਨ ਦੇ ਸਮਰਥ ਬਣੇ"। (7 ਮਾਰਚ, 1918 ਰਾਜਨੀਤਕ ਰਿਪੋਰਟ 'ਚੋਂ)

"ਦੋਵੇਂ ਸੰਭਾਵਨਾਵਾਂ" ਦੀ ਪੁਸ਼ਟੀ ਇਤਿਹਾਸ ਵਿਚ ਦਰਜ ਹੈ। ਸਾਮਰਾਜਵਾਦ ਚੱਲ ਰਿਹਾ ਹੈ। ਅਤੇ "ਇਨਕਲਾਬ ਤੋਂ ਝੱਟ ਪਹਿਲਾਂ ਦਾ ਵੇਲਾ ਹੈ" ਦੀ ਪੁਸ਼ਟੀ, 1917 ਵਿਚ ਰੂਸੀ-ਇਨਕਲਾਬ ਨੇ ਕਰ ਦਿੱਤੀ ਸੀ। ਲੈਨਿਨ ਨੇ ਜਰਮਨੀ ਦੀ ਕਿਰਤੀ ਲਹਿਰ ਨੂੰ ਇਨਕਲਾਬ ਸ਼ੁਰੂ ਕਰਨ ਦੀਆਂ ਬਹੁਤ ਸਲਾਹਾਂ ਦਿੱਤੀਆਂ, ਪਰ ਉਹ ਟੱਸ ਤੋਂ ਮੱਸ ਨਾ ਹੋਏ, ਨਤੀਜਾ ਸਭ ਦੇ ਸਾਹਮਣੇ ਹੈ।

ਰੂਸੀ-ਇਨਕਲਾਬ ਦੀ ਇਤਿਹਾਸਕ ਮਹੱਤਤਾ ਹੈ,

ਉਸ ਨੇ ਮਾਰਕਸਵਾਦ ਨੂੰ "ਮੱਤ" ਤੋਂ "ਸਿਧਾਂਤ" ਸਾਬਤ ਕਰ ਦਿੱਤਾ। ਕਿਰਤ ਸ਼ਕਤੀ ਦੀ 'ਵਰਤੋਂ' ਰਾਹੀਂ ਲੁੱਟ, ਜੋ ਉਜਰਤੀ-ਗੁਲਾਮੀ ਦਾ ਪ੍ਰਬੰਧ ਹੈ, ਇਸ ਨੂੰ ਖਤਮ ਕਰਨਾ ਜਮਾਤੀ-ਘੋਲ ਦਾ ਵਿਗਿਆਨ ਹੈ। ਇਹ "ਆਧਾਰ ਅਤੇ ਉਸਾਰ" ਦੇ ਨੇਮਾਂ ਦਾ ਪਾਬੰਦ ਹੈ। ਆਧਾਰ, ਉਸਾਰ ਦਾ ਸਿਰਜਕ ਹੈ ਅਤੇ ਉਸਾਰ ਆਧਾਰ ਨੂੰ ਪ੍ਰਭਾਵਤ ਕਰਦਾ ਹੈ।

ਜਦੋਂ ਇਸ ਤੋਂ ਉਲਟਾ ਅਮਲ, ਭਾਵ ਉਸਾਰ ਰਾਹੀਂ ਸਮੱਸਿਆਵਾਂ ਦਾ ਹੱਲ ਕਰਨ ਉਤੇ ਸਰਗਰਮੀ ਹੁੰਦੀ ਹੈ ਤਾਂ ਆਖਰ ਆਧਾਰ ਮਜ਼ਬੂਤ ਹੋ ਕੇ ਨਿਕਲਦਾ ਹੈ। ਫਿਰ ਨਿਰਾਸ਼ਾ ਹੀ ਪੱਲੇ ਪੈਂਦੀ ਹੈ। ਵੱਡਾ ਸਵਾਲ ਹੈ!

* ਜਰਮਨੀ, ਰੂਸ ਦੇ ਰਾਹ ਕਿਉਂ ਨਹੀਂ ਪਿਆ ? ਰੂਸ ਨਾਲੋਂ ਸਨਅਤੀ ਤੌਰ 'ਤੇ ਵਿਕਸਤ ਹੋਣ ਦੇ ਬਾਵਜੂਦ, ਇਨਕਲਾਬ ਕਿਉਂ ਨਹੀਂ ਕਰ ਸਕਿਆ ?

ਇਸ ਦੀਆਂ ਜੜ੍ਹਾਂ, "ਗੋਥਾ ਪ੍ਰੋਗਰਾਮ" ਦੀ ਗੈਰ-ਮਾਰਕਸਵਾਦੀ ਸਮਝਦਾਰੀ ਵਿੱਚ ਹਨ, ਜਿਸ ਦੀ ਮਾਰਕਸ-ਏਂਗਲਜ਼ ਨੇ ਆਲੋਚਨਾ ਕੀਤੀ ਸੀ, ਉਹਨਾਂ ਆਲੋਚਨਾ ਨੂੰ ਅਣਗੌਲਿਆ ਕੀਤਾ ਸੀ। ਉਹ "ਆਮ-ਕੰਮ-ਦਿਨ" ਦੀ ਧਾਰਨਾ 'ਤੇ ਰੁਕ ਗਏ, ਫਿਰ ਅਗਵਾਈ ਕਿੱਦਾਂ ਕਰਦੇ ? ਜਿਹੜੇ ਵੀ ਮਾਰਕਸਵਾਦੀ ਬਣ ਕੇ, ਆਮ ਕੰਮ ਦਿਨ ਦੀ ਗਲਤ ਧਾਰਨਾ ਲੈ ਕੇ ਚੱਲਦੇ ਹਨ, ਉਹ ਇਤਿਹਾਸ ਵਿਚ ਗੈਰ ਪ੍ਰਸੰਗਿਕ ਬਣਦੇ ਜਾਣਗੇ। ਜਰਮਨੀ ਦੀ ਕਮਿਊਨਿਸਟ ਲਹਿਰ, ਗੋਥਾ ਪ੍ਰੋਗਰਾਮ ਸਮਝ ਕਾਰਨ, ਬਾਵਜੂਦ ਦੋ ਪਾਰਟੀਆਂ ਦੇ ਰਲੇਵੇਂ ਦੇ, ਇਨਕਲਾਬ ਸ਼ੁਰੂ ਕਰਨ ਦੀ ਦਲੇਰੀ ਨਹੀਂ ਕਰ ਸਕੇ।

ਲੈਨਿਨ ਨੇ, ਜੋ 1905 ਦੇ ਅਸਫਲ ਇਨਕਲਾਬ ਦੇ ਸਮੇਂ ਤੋਂ 8 ਘੰਟੇ ਕਿਰਤ ਦਿਨ ਲਈ ਲੜਦਾ ਆ ਰਿਹਾ ਸੀ, ਉਸ ਨੇ ਇਨਕਲਾਬ ਦੇ ਫੌਰੀ ਫ਼ੁਰਮਾਨਾਂ ਵਿਚ ਕਿਰਤ ਦਿਨ ਦੀ ਕਾਨੂੰਨੀ ਸੀਮਾਂ 8 ਘੰਟੇ ਲਾਗੂ ਕਰ ਦਿੱਤੀ। ਜਿਸ ਨਾਲ ਕਰੋੜਾਂ ਮਜ਼ਦੂਰ ਸੋਵੀਅਤ ਸਰਕਾਰ ਦੇ ਹੱਕ ਵਿੱਚ, ਆਪਣੇ ਹੱਕ ਦੀ ਸਾਂਝ ਲੈ ਕੇ ਸਰਗਰਮ ਹੋ ਗਏ, ਜਦੋਂ ਕਿ ਜਰਮਨ ਦੀ ਪਾਰਟੀ, ਇਸ ਰਾਏ ਦੀ ਹੀ ਨਹੀਂ ਸੀ ਤਾਂ ਉਹ ਇਨਕਲਾਬ ਕਰਨ ਬਾਰੇ ਸੋਚ ਹੀ ਨਹੀਂ ਸਕਦੀ ਸੀ ਅਤੇ ਇਹੀ ਅਮਲ 'ਚ ਹੋਇਆ। ਇਨਕਲਾਬ ਦਾ ਅਮਲ, ਸੋਚ ਦੇ ਅਮਲ ਦਾ ਯਥਾਰਥ ਹੁੰਦਾ ਹੈ।

"ਉਜਰਤੀ-ਕਿਰਤ" ਜੋ 'ਵਾਧੂ-ਮੁੱਲ' ਸਿਰਜਣ ਦਾ ਸਰੋਤ ਹੈ ਅਤੇ ਜਿੱਥੇ, 'ਉਜਰਤੀ-ਕਿਰਤ' ਜੋ ਉਜਰਤੀ-ਗੁਲਾਮੀ ਦਾ ਪ੍ਰਬੰਧ ਹੈ, ਨਾਲ ਹੀ ਉਜਰਤੀ-ਗੁਲਾਮੀ ਤੋਂ ਮੁਕਤੀ ਦਾ ਮਾਰਗ ਵੀ ਇੱਥੋਂ ਸ਼ੁਰੂ ਹੁੰਦਾ ਹੈ, ਇਸ ਨੂੰ ਨਜ਼ਰਅੰਦਾਜ਼ ਕਰਕੇ, ਪਰੋਲਤਾਰੀ ਮੁਕਤੀ-ਮਾਰਗ 'ਤੇ ਅੱਗੇ ਨਹੀਂ ਵਧ ਸਕਦਾ। ਉਸਾਰ ਨਾਲ ਟੱਕਰ ਮਾਰ ਕੇ ਆਧਾਰ ਨਹੀਂ ਬਦਲਦੇ। ਭਾਵੇਂ ਕਿ ਉਸਾਰ ਦੇ ਪ੍ਰਭਾਵ ਨੂੰ ਤੁੱਛ ਸਮਝਣ ਦੀ ਭੁੱਲ ਕਦੀ ਨਹੀਂ ਕਰਨੀ ਚਾਹੀਦੀ।

ਸਟੇਟ ਉਸਾਰ ਦਾ ਮਹੱਤਵਪੂਰਨ ਅੰਗ ਹੈ, ਸਟੇਟ ਵਿਰੁੱਧ ਰਿਆਇਤ ਹਾਸਲ ਕਰਨ ਦਾ (ਮਾਤਰਕ) ਘੋਲ ਨਹੀਂ, ਸਗੋਂ ਸਿਫਤੀ ਘੋਲ ਹੈ, ਭਾਵ ਸਟੇਟ ਪਾਵਰ ਹਾਸਲ ਕਰਕੇ ਮਸਲੇ ਹੱਲ ਹੁੰਦੇ ਹਨ।

(ਚਲਦਾ)

# ਬਦਲ ਰਹੇ ਸਮਿਆਂ ਦਾ ਵਰਤਾਰਾ

**ਗੁਰਬਿੰਦਰ ਸਿੰਘ ਮਾਣਕ**

ਤਬਦੀਲੀ ਕੁਦਰਤ ਦਾ ਨੇਮ ਹੈ। ਪੁਰਾਣੇ ਤੇ ਵੇਲਾ ਹੰਢਾ ਚੁੱਕੇ ਪੱਤ ਝੜਦੇ ਰਹਿੰਦੇ ਹਨ ਤੇ ਨਵੀਆਂ ਕਰੂੰਬਲਾਂ ਫੁੱਟਦੀਆਂ ਰਹਿੰਦੀਆਂ ਹਨ। ਜ਼ਿੰਦਗੀ ਵਿਚ ਤਾਜ਼ਗੀ ਬਣਾਈ ਰੱਖਣ ਲਈ ਅਜਿਹਾ ਪਰਿਵਰਤਨ ਜ਼ਰੂਰੀ ਵੀ ਹੈ। ਸਮੇਂ ਦੇ ਬਦਲਣ ਨਾਲ ਮਨੁੱਖੀ ਜੀਵਨ-ਜਾਚ ਦੇ ਹਰ ਪਹਿਲੂ ਵਿਚ ਬਦਲਾਅ ਹੋਣਾ ਸੁਭਾਵਿਕ ਵਰਤਾਰਾ ਹੈ। ਸਿੱਖਿਆ, ਸਮਾਜਿਕ ਚੇਤਨਾ, ਵਿਗਿਆਨਕ ਤੇ ਤਕਨੀਕੀ ਖੋਜਾਂ ਦੀ ਬਦੌਲਤ ਮਨੁੱਖ ਦੀਆਂ ਸੋਚਾਂ, ਖਾਣ-ਪੀਣ, ਪਹਿਰਾਵਾ ਤੇ ਜੀਵਨ-ਜਾਚ ਵਿਚ ਵੱਡੇ ਪਰਿਵਰਤਨ ਆ ਚੁੱਕੇ ਹਨ ਤੇ ਲਗਾਤਾਰ ਆ ਰਹੇ ਹਨ। ਮਨੁੱਖੀ ਸੂਝ ਨੇ ਵਿਗਿਆਨ ਤੇ ਤਕਨਾਲੌਜੀ ਦੇ ਖੇਤਰ ਵਿਚ ਅਜਿਹੀਆਂ ਖੋਜਾਂ ਕੀਤੀਆਂ ਹਨ, ਜਿਸ ਨਾਲ ਜੀਵਨ ਦੀ ਤੋਰ ਹੀ ਬਦਲ ਗਈ ਹੈ। ਮਨੁੱਖ ਨੇ ਆਪਣੇ ਜੀਵਨ ਨੂੰ ਸੁਖਾਵਾਂ ਬਣਾਉਣ ਲਈ ਅਨੇਕਾਂ ਸੁੱਖ-ਸਹੂਲਤਾਂ ਪੈਦਾ ਕਰ ਲਈਆਂ ਹਨ ਤੇ ਅਜੋਕਾ ਮਨੁੱਖ ਆਪਣੇ-ਆਪ ਨੂੰ 'ਮਾਡਰਨ' ਕਹਾ ਕੇ ਫੁੱਲਿਆ ਨਹੀਂ ਸਮਾ ਰਿਹਾ। ਹਾਲਾਂਕਿ ਇਹ ਅਖੌਤੀ ਆਧੁਨਿਕਤਾ ਮਨੁੱਖ ਨੂੰ ਬਹੁਤ ਭਾਰੀ ਪੈ ਰਹੀ ਹੈ ਤੇ ਮਨੁੱਖ ਨੂੰ ਕਈ ਤਰ੍ਹਾਂ ਦੇ ਅਣਕਿਆਸੇ ਸੰਕਟਾਂ ਨਾਲ ਜੂਝਣਾ ਪੈ ਰਿਹਾ ਹੈ।

ਕੁਝ ਗੱਲਾਂ ਵਿਚ ਅਸੀਂ ਇੰਨੇ ਆਧੁਨਿਕ ਹੋਣ ਦਾ ਦਮ ਭਰਦੇ ਹਾਂ ਕਿ ਅਸੀਂ ਸਮਾਜ ਦੁਆਰਾ ਸਿਰਜੇ ਸਭ ਪ੍ਰਤੀਮਾਨਾਂ ਨੂੰ ਛਿੱਕੇ 'ਤੇ ਟੰਗ ਦਿੱਤਾ ਹੈ। ਅਖ਼ਬਾਰਾਂ ਵਿਚ ਅਨੈਤਿਕ ਵਿਵਹਾਰ ਵਾਲੀਆਂ ਖ਼ਬਰਾਂ ਇੰਨੀ ਵੱਡੀ ਮਾਤਰਾ ਵਿਚ ਛਪਦੀਆਂ ਹਨ ਕਿ ਇਸ ਤਰ੍ਹਾਂ ਜਾਪਦਾ ਹੈ ਕਿ ਜਿਵੇਂ ਸਾਰਾ ਸਮਾਜ ਹੀ ਨੈਤਿਕ ਕਦਰਾਂ-ਕੀਮਤਾਂ ਦੀ ਚਰਮ-ਸੀਮਾ ਵੀ ਪਾਰ ਕਰ ਗਿਆ ਹੋਵੇ। ਕੋਈ ਦਿਨ ਅਜਿਹਾ ਨਹੀਂ ਲੰਘਦਾ, ਜਿਸ ਦਿਨ ਦੇਹ-ਵਪਾਰ ਨਾਲ ਜੁੜੀਆਂ ਖ਼ਬਰਾਂ, ਫੋਟੋਆਂ ਸਮੇਤ ਅਖ਼ਬਾਰਾਂ ਵਿਚ ਨਾ ਛਪਦੀਆਂ ਹੋਣ। ਕਿਸੇ ਨਾ ਕਿਸੇ ਧੰਦੇ ਦੀ ਆੜ ਵਿਚ ਅਜਿਹੇ ਅਨੈਤਿਕ ਕੰਮ ਕੀਤੇ ਜਾਂਦੇ ਹਨ। ਕਿਸੇ ਨੂੰ ਲਾਲਚ ਦੇ ਕੇ, ਕਿਸੇ ਨੂੰ ਵਰਗਲਾ ਕੇ, ਕਿਸੇ ਨੂੰ ਜ਼ਬਰਦਸਤੀ ਅਤੇ ਕੋਈ ਮਜਬੂਰੀਆਂ ਦੇ ਭੰਵਰ ਵਿਚ ਭਟਕਦਾ ਇਸ ਅੰਨ੍ਹੀ ਗਲੀ ਦਾ ਰਾਹੀ ਬਣ ਜਾਂਦਾ ਹੈ। ਇਕ ਵਾਰ ਫਸੇ ਬੰਦੇ ਦਾ ਅਜਿਹੇ ਕੰਮਾਂ ਵਿੱਚੋਂ ਬਾਹਰ ਨਿਕਲਣਾ ਬੇਹੱਦ ਔਖਾ ਹੋ ਜਾਂਦਾ ਹੈ। ਪਹਿਲਾਂ-ਪਹਿਲ ਵੱਡੇ-ਵੱਡੇ ਸ਼ਹਿਰਾਂ ਵਿਚ ਅਜਿਹੀਆਂ ਖ਼ਬਰਾਂ ਪੜ੍ਹਨ-ਸੁਣਨ ਨੂੰ ਮਿਲਦੀਆਂ ਸਨ, ਪਰ ਹੁਣ ਤਾਂ ਛੋਟੇ ਸ਼ਹਿਰ, ਕਸਬੇ ਤੇ ਪਿੰਡ ਵੀ ਇਸ ਬਿਮਾਰੀ ਦਾ ਸ਼ਿਕਾਰ ਹੋ ਗਏ ਹਨ। ਔਰਤਾਂ, ਮੁਟਿਆਰਾਂ ਦਾ ਅਜਿਹੇ ਗੈਰ-ਸਮਾਜੀ ਧੰਦਿਆਂ ਵਿਚ, ਕਿਸੇ ਮਜਬੂਰੀਵੱਸ ਸ਼ਾਮਲ ਹੋਣਾ ਵੱਡੀ ਚਿੰਤਾ ਦਾ ਵਿਸ਼ਾ ਹੈ। ਨਾਬਾਲਗ ਬੱਚੀਆਂ ਨੂੰ ਤਾਂ ਕਿਸੇ ਲਾਲਚ-ਵਸ ਵਰਗਲਾਇਆ ਜਾ ਸਕਦਾ ਹੈ, ਪਰ ਕਿਸੇ ਲਾਲਚ ਕਾਰਨ ਜਾਂ ਆਰਥਿਕ ਮਜਬੂਰੀ ਦਾ ਬਹਾਨਾ ਬਣਾ ਕੇ ਇਸ ਪਾਸੇ ਤੁਰਨਾ ਕਿਸੇ ਤਰ੍ਹਾਂ ਵੀ ਵਾਜਬ ਨਹੀਂ ਕਿਹਾ ਜਾ ਸਕਦਾ।

ਫਿਲਮਾਂ, ਟੀ.ਵੀ. ਅਤੇ ਬਾਜ਼ਾਰੂ ਜਿਹੇ ਗੀਤਾਂ ਦੀਆਂ ਵੀਡੀਓ ਕੈਸਿਟਾਂ ਵਿਚ ਨੰਗੇਜ-ਭਰਪੂਰ ਸਮੱਗਰੀ ਪਰੋਸੀ ਜਾ ਰਹੀ ਹੈ। ਅਸ਼ਲੀਲਤਾ ਇੰਨੀ ਭਾਰੂ ਹੋ ਚੁੱਕੀ ਹੈ ਕਿ ਸਮਾਜ ਦੇ ਹਰ ਨੈਤਿਕ ਨਿਯਮ ਨੂੰ ਉਲੰਘਿਆ ਜਾ ਰਿਹਾ ਹੈ। ਜਿਵੇਂ ਬਾਜ਼ਾਰ ਵਿਚ ਵਿਕਣ ਵਾਲੀ ਹਰ ਵਸਤੂ ਨੂੰ ਆਕਰਸ਼ਿਕ ਰੈਪਰ ਵਿਚ ਸਜਾ ਕੇ ਗਾਹਕਾਂ ਨੂੰ ਭਰਮਾਇਆ ਜਾਂਦਾ ਹੈ, ਬਿਲਕੁਲ ਇਸੇ ਤਰ੍ਹਾਂ ਹੀ ਔਰਤ ਨੂੰ ਵੀ ਵਸਤਾਂ ਦੀ ਇਸ਼ਤਿਹਾਰਬਾਜ਼ੀ ਅਤੇ ਟੀ.ਵੀ. ਸੀਰੀਅਲਾਂ ਵਿਚ ਸਜਾ-ਸ਼ਿੰਗਾਰ ਕੇ ਮੰਡੀ ਦੀ ਇਕ ਵਸਤੂ ਵਾਂਗ ਪੇਸ਼ ਕੀਤਾ ਜਾਂਦਾ ਹੈ। ਅਜੋਕੀ ਮਾਰੇ ਗਏ, ਲੁੱਟੇ ਗਏ ਕਿਸਮ ਦੀ ਗਾਇਕੀ ਦੀਆਂ ਵੀਡੀਓ ਕੈਸਿਟਾਂ ਵਿਚ ਮਾਡਲ ਕੁੜੀਆਂ ਦੀ ਲੱਗਭੱਗ ਨਗਨ ਪੇਸ਼ਕਾਰੀ ਨੇ ਸਮਾਜ ਦੀਆਂ ਪ੍ਰਵਾਨਿਤ ਕਦਰਾਂ-ਕੀਮਤਾਂ ਦੀ ਮਿੱਟੀ ਪਲੀਤ ਕਰ ਦਿੱਤੀ ਹੈ। ਟੀ.ਵੀ. ਚੈਨਲਾਂ 'ਤੇ ਪੇਸ਼ ਕੀਤੇ ਜਾਂਦੇ ਬਹੁਤੇ ਸੀਰੀਅਲਾਂ ਵਿਚ ਵਿਆਹ-ਬਾਹਰੇ ਕਾਮ-ਸੰਬੰਧਾਂ ਦੁਆਲੇ ਹੀ ਸਾਰੀਆਂ ਕਹਾਣੀਆਂ ਘੁੰਮਦੀਆਂ ਹਨ।

ਕੋਈ ਮਰਦ-ਪਾਤਰ ਦੂਜੇ ਦੀ ਪਤਨੀ ਨਾਲ ਸੰਬੰਧ ਬਣਾ ਰਿਹਾ ਹੈ, ਕੋਈ ਔਰਤ ਪਤੀ ਨੂੰ ਧੋਖਾ ਦੇ ਕੇ ਕਿਸੇ ਹੋਰ ਮਰਦ ਦਾ ਸਾਥ ਮਾਣ ਰਹੀ ਹੈ। ਕਾਰੋਬਾਰੀ ਦਫਤਰਾਂ ਵਿਚ ਬੈਠੇ ਇਹ ਕਾਰੋਬਾਰ ਤਾਂ ਘੱਟ ਹੀ ਕਰਦੇ ਦਿਖਾਏ ਜਾਂਦੇ ਹਨ, ਸਗੋਂ ਇਸ਼ਕ ਫਰਮਾਉਂਦੇ ਵੱਧ ਨਜ਼ਰ ਆਉਂਦੇ ਹਨ। ਫਰੇਬ, ਧੋਖਾ, ਲਾਲਚ, ਸਵਾਰਥ ਤੇ ਇਕ-ਦੂਜੇ ਪ੍ਰਤੀ ਵਿਸ਼ਵਾਸ ਨੂੰ ਤਾਰ-ਤਾਰ ਕਰਨ ਦੀ ਚੂਲ ਦੁਆਲੇ ਘੁੰਮਦੇ ਇਹ ਸੀਰੀਅਲ ਸਮਾਜ ਨੂੰ ਕੀ ਸੁਨੇਹਾ ਦਿੰਦੇ ਹਨ, ਇਹ ਗੱਲ ਸਮਝ ਤੋਂ ਬਾਹਰ ਹੈ। ਅਜੋਕੀਆਂ ਫਿਲਮਾਂ ਵੀ ਬਹੁਤ ਹੱਦ ਤੱਕ ਇਸੇ ਰਾਹ ਤੁਰੀਆਂ ਹੋਈਆਂ ਹਨ। ਇਸ ਤਰ੍ਹਾਂ ਜਾਪਦਾ ਹੈ, ਜਿਵੇਂ ਇਕੋ ਹੀ ਘਸੀ-ਪਿਟੀ ਕਹਾਣੀ ਨੂੰ ਵਾਰ-ਵਾਰ ਦੁਹਰਾਇਆ ਜਾ ਰਿਹਾ ਹੈ। ਇਨ੍ਹਾਂ ਸਭ ਗੱਲਾਂ ਦਾ ਨੌਜਵਾਨ ਪੀੜ੍ਹੀ 'ਤੇ ਅਸਰ ਪੈਣਾ ਸੁਭਾਵਿਕ ਹੈ। ਫਿਲਮਾਂ ਦੇ ਦੀਵਾਨੇ ਨੌਜਵਾਨ, ਨਾਇਕ ਤੇ ਨਾਇਕਾਵਾਂ ਦੀ ਭਰਮ-ਯੁਕਤ ਚਕਾਚੌਂਧ ਨੂੰ ਅਸਲੀਅਤ



ਸਮਝਣ ਦਾ ਭੁਲੇਖਾ ਸਿਰਜ ਲੈਂਦੇ ਹਨ।

ਸਮਾਜ ਵਿਚ ਨਸ਼ਿਆਂ ਦਾ ਵਧ ਰਿਹਾ ਪ੍ਰਕੋਪ ਵੀ ਅਨੈਤਿਕ ਗਤੀਵਿਧੀਆਂ ਨੂੰ ਵਧਾਉਣ ਵਿਚ ਸਹਾਈ ਹੁੰਦਾ ਹੈ। ਨਸ਼ਿਆਂ ਦੀ ਲੋੜ ਨੂੰ ਪੂਰਾ ਕਰਨ ਲਈ ਇਹ ਨੌਜਵਾਨ, ਗੈਰ-ਸਮਾਜੀ ਗਤੀਵਿਧੀਆਂ ਵਿਚ ਲੱਗੇ ਵਿਅਕਤੀਆਂ ਦੇ ਸੰਪਰਕ ਵਿਚ ਆ ਕੇ ਇਸ ਦਲਦਲ ਵਿਚ ਇਸ ਕਦਰ ਖੁੱਭ ਜਾਂਦੇ ਹਨ ਕਿ ਇੱਥੋਂ ਨਿਕਲਣਾ ਬਹੁਤ ਮੁਸ਼ਕਲ ਹੋ ਜਾਂਦਾ ਹੈ। ਇਸ ਤਰ੍ਹਾਂ ਇਹ ਜੁਰਮ ਦੀ ਦੁਨੀਆ ਦਾ ਹਿੱਸਾ ਬਣ ਜਾਂਦੇ ਹਨ। ਵਿਆਹ-ਸ਼ਾਦੀਆਂ ਵਿਚ ਦਾਰੂ ਦੀ ਖੁੱਲ੍ਹੇ-ਆਮ ਵਰਤੋਂ ਦੇ ਸਿੱਟੇ ਵਜੋਂ, ਛੋਟੀ ਉਮਰ ਦੇ ਮੁੰਡੇ ਵੀ ਦਾਰੂ ਪੀਣ ਦੇ ਰਾਹ ਤੁਰ ਪਏ ਹਨ। ਅਸ਼ਲੀਲ ਜਿਹੇ ਗੀਤਾਂ 'ਤੇ, ਸ਼ਰਾਬ ਦੇ ਨਸ਼ੇ ਵਿਚ ਲੋਕ ਨਾਚੀਆਂ ਦੇ ਨੇੜੇ ਹੋ-ਹੋ ਨੱਚਦੇ ਹਨ। ਕਈ ਵਾਰ ਤਾਂ ਸਿਆਣੇ-ਬਿਆਣੇ ਬੰਦੇ ਵੀ ਨਸ਼ੇ ਦੀ ਲੋਰ ਵਿਚ ਅਜਿਹੇ ਮੌਕੇ ਦਾ ਲਾਭ ਉਠਾਉਣ ਤੋਂ ਪਿੱਛੇ ਨਹੀਂ ਰਹਿੰਦੇ। ਰੋਜ਼ੀ-ਰੋਟੀ ਦੀਆਂ ਦੁਸ਼ਵਾਰੀਆਂ ਨਾਲ ਜੂਝਦੀਆਂ ਇਨ੍ਹਾਂ ਡਾਂਸਰਾਂ ਨੂੰ ਵੀ ਕਈ ਤਰ੍ਹਾਂ ਦੇ ਸਬਜ਼ਬਾਗ ਦਿਖਾ ਕੇ, ਜਿਸਮ-ਫਰੋਸ਼ੀ ਦੇ ਧੰਦੇ ਵਿਚ ਫਸਾ ਲਿਆ ਜਾਂਦਾ ਹੈ। ਗਰੀਬੀ ਬਹੁਤ ਵੱਡਾ ਸਰਾਪ ਹੈ। ਕਰੋੜਾਂ ਲੋਕ ਅੱਜ ਵੀ ਜੀਵਨ ਦੀਆਂ ਮੁੱਢਲੀਆਂ ਲੋੜਾਂ ਤੋਂ ਵਿਰਵੇ, ਭੁੱਖਮਰੀ ਦਾ ਜੀਵਨ ਹੰਢਾਉਣ ਲਈ ਮਜਬੂਰ ਹਨ। ਪੇਟ ਦੀ ਭੁੱਖ ਦੀਆਂ ਸਤਾਈਆਂ ਅਜਿਹੀਆਂ ਔਰਤਾਂ/ਮੁਟਿਆਰਾਂ ਅੱਖਾਂ ਵਿਚ ਰੰਗੀਨ ਸੁਪਨੇ ਸਜਾਈ, ਸਭ ਨੈਤਿਕ ਕਦਰਾਂ-ਕੀਮਤਾਂ ਨੂੰ ਛਿੱਕੇ 'ਤੇ ਟੰਗ ਕੇ ਜਿਸਮ-ਫਰੋਸ਼ੀ ਦੀ ਅੰਨ੍ਹੀ ਗਲੀ ਦੇ ਰਾਹ ਪੈ ਜਾਂਦੀਆਂ ਹਨ।

ਮਨੁੱਖੀ ਜੀਵਨ ਵਿਚ ਨਿਘਾਰ ਦਾ ਕੋਈ ਹੱਦ-ਬੰਨਾ ਨਹੀਂ ਰਿਹਾ। ਰਿਸ਼ਤੇ ਏਨੇ ਨੀਵੇਂ ਹੋ ਗਏ ਹਨ ਕਿ ਹਰ ਸੰਜੀਦਾ ਵਿਅਕਤੀ ਸ਼ਰਮਸਾਰ ਹੋਇਆ ਮਹਿਸੂਸ ਕਰਦਾ ਹੈ। ਨਹਾਇਤ ਦੁਖਦਾਈ ਵਰਤਾਰਾ ਹੈ ਕਿ ਔਰਤ ਘਰੋਂ ਬਾਹਰ ਹੀ ਨਹੀਂ, ਸਗੋਂ ਘਰ ਦੀ ਚਾਰ-ਦੀਵਾਰੀ ਦੇ ਅੰਦਰ ਵੀ ਹਵਸ ਦਾ ਸ਼ਿਕਾਰ ਬਣ ਰਹੀ ਹੈ। ਇਹ ਕਿਸ ਤਰ੍ਹਾਂ ਦਾ ਦੌਰ ਹੈ ਕਿ ਮਾਸੂਮ ਬਾਲੜੀਆਂ ਤੋਂ ਲੈ ਕੇ ਦਾਦੀ-ਮਾਂ ਤੱਕ ਦੀ ਉਮਰ ਦੀਆਂ ਔਰਤਾਂ ਨਿੱਤ ਦਿਨ ਮਰਦ ਦੀ ਹੈਵਾਨੀਅਤ ਦੁਆਰਾ ਵਿੰਨ੍ਹੀਆਂ ਜਾ ਰਹੀਆਂ ਹਨ। ਅਖੌਤੀ ਪ੍ਰੇਮੀ ਜੋੜਿਆਂ ਵਿਚ ਅਕਸਰ ਹੀ ਮਰਦ-ਔਰਤ ਸ਼ਾਦੀ-ਸ਼ੁਦਾ ਹੁੰਦੇ, ਪਰ ਕਾਮਵਾਸ਼ਨਾ ਵਿਚ ਅੰਨ੍ਹੇ ਹੋਏ, ਵਸਦੇ-ਰਸਦੇ ਘਰਾਂ ਨੂੰ ਵੀ ਉਜਾੜ ਲੈਂਦੇ ਹਨ ਤੇ ਆਪ ਵੀ ਉੱਜੜ ਜਾਂਦੇ ਹਨ। ਦੂਜੀ ਔਰਤ ਜਾਂ ਮਰਦ ਦੇ ਚੱਕਰ ਵਿਚ, ਖ਼ੂਨ ਇੰਨਾ ਚਿੱਟਾ ਹੋ ਗਿਆ ਹੈ ਕਿ ਰਿਸ਼ਤਿਆਂ ਦੀ ਮਿੱਟੀ ਪਲੀਤ ਹੋ ਰਹੀ ਹੈ। ਰਾਹ ਦਾ ਰੋੜਾ ਬਣਦੇ ਰਿਸ਼ਤਿਆਂ ਦਾ ਹਮੇਸ਼ਾ ਲਈ ਫਾਹਾ ਵੱਢਣ ਲਈ ਸੁਪਾਰੀ ਦੇ ਕੇ ਕਤਲ ਕਰਾਉਣ ਦਾ ਵਰਤਾਰਾ ਲਗਾਤਾਰ ਵਧ ਰਿਹਾ ਹੈ। ਲਾਲਚ, ਸਵਾਰਥ ਤੇ ਹਵਸ ਵਿਚ ਅੰਨ੍ਹੇ ਹੋਏ ਲੋਕ ਇਹ ਵੀ ਨਹੀਂ ਸੋਚਦੇ ਕਿ ਸੱਚ ਨੇ ਇਕ ਦਿਨ ਸਾਹਮਣੇ ਆ ਹੀ ਜਾਣਾ ਹੈ। ਅਜਿਹੇ ਮਾਮਲਿਆਂ ਵਿਚ ਕਈ ਵਾਰ ਮਾਸੂਮ ਬੱਚਿਆਂ ਨੂੰ ਵੀ ਬਲੀ ਦਾ ਬੱਕਰਾ ਬਣਾ ਦਿੱਤਾ ਜਾਂਦਾ ਹੈ।

ਅਜੋਕਾ ਸਮਾਂ ਤਾਂ ਬਹੁਤ ਤੇਜ਼-ਤਰਾਰ ਹੈ। ਹੁਣ ਤਾਂ ਬੱਚੇ ਤੇ ਅੱਲੜ੍ਹ ਉਮਰ ਦੇ ਨੌਜਵਾਨ ਵੀ ਸਭ ਕੁਝ ਜਾਣਦੇ ਹਨ, ਭਾਵੇਂ ਉਨ੍ਹਾਂ ਦੀ ਸੋਚ ਕੱਚੀ ਹੁੰਦੀ ਹੈ, ਪਰ ਕੋਈ ਕਿਸੇ ਨੂੰ ਕਿਵੇਂ ਵਰਗਲਾ ਸਕਦਾ ਹੈ। ਅਸਲ ਵਿਚ ਸਮਾਜ ਦਾ ਮਾਹੌਲ ਹੀ ਅਜਿਹਾ ਸਿਰਜ ਦਿੱਤਾ ਗਿਆ ਹੈ ਕਿ ਮਾਪੇ ਵੀ ਕੰਮਾਂਕਾਰਾਂ ਵਿਚ ਉਲਝੇ ਆਪਣੇ ਬੱਚਿਆਂ ਦੀਆਂ ਗਤੀਵਿਧੀਆਂ ਤੋਂ ਜਾਣੂ ਨਹੀਂ ਹੁੰਦੇ। ਜਦੋਂ ਪਤਾ ਲੱਗਦਾ ਹੈ, ਉਦੋਂ ਪਾਣੀ ਸਿਰ ਤੋਂ ਲੰਘ ਚੁੱਕਾ ਹੁੰਦਾ ਹੈ। ਕੀ ਅੱਲੜ੍ਹ ਉਮਰ ਦੀਆਂ ਪੰਦਰਾਂ-ਸੋਲਾਂ ਸਾਲ ਦੀਆਂ ਕੁੜੀਆਂ ਨੂੰ ਇਹ ਸਮਝ ਨਹੀਂ ਹੁੰਦੀ ਕਿ ਉਸ ਨੂੰ ਕੋਈ ਵਿਆਹ ਦਾ ਲਾਰਾ ਲਾ ਕੇ, ਸਰੀਰਕ ਸੰਬੰਧ ਬਣਾਉਣ ਲਈ ਮਜਬੂਰ ਕਰੇ। ਇਹ ਗੱਲ ਤਾਂ ਸਮਾਜ ਵਿਚ ਹਰ ਕਿਸੇ ਨੂੰ ਪਤਾ ਹੈ ਕਿ ਸਮਾਜਿਕ ਰੂਪ ਵਿਚ ਵਿਆਹ-ਸ਼ਾਦੀ ਦੇ ਬੰਧਨ ਵਿਚ ਬੱਝਣ ਤੋਂ ਬਿਨਾਂ, ਸਰੀਰਕ ਸੰਬੰਧ ਜਾਇਜ਼ ਨਹੀਂ ਹਨ। ਪਿਆਰ ਦੀ ਪ੍ਰੀਭਾਸ਼ਾ ਵੀ ਬਦਲ ਗਈ ਹੈ। ਪਿਆਰ ਨਾਲੋਂ ਇਹ ਸਰੀਰਕ ਆਕਰਸ਼ਨ ਪ੍ਰਤੀ ਖਿੱਚ ਹੋਣਾ ਵਧੇਰੇ ਸਹੀ ਜਾਪਦਾ ਹੈ। ਹੁਣ ਤਾਂ ਕਾਨੂੰਨ ਵੀ ਅਜਿਹੇ ਕੰਮ ਨੂੰ ਗੈਰ-ਕਾਨੂੰਨੀ ਨਹੀਂ ਮੰਨਦਾ।

ਤਕਨੀਕੀ ਸਾਧਨਾਂ ਮੋਬਾਇਲ, ਕੰਪਿਊਟਰ ਤੇ ਇੰਟਰਨੈੱਟ ਦੀ ਅੰਨ੍ਹੇਵਾਹ ਤੇ ਨਜਾਇਜ਼ ਵਰਤੋਂ ਨੇ ਵੀ ਅਜਿਹੀਆਂ ਘਟਨਾਵਾਂ ਨੂੰ ਵਧਾਉਣ ਵਿਚ ਆਪਣੀ ਭੂਮਿਕਾ ਨਿਭਾਈ ਹੈ। ਨੌਜਵਾਨ ਪੀੜ੍ਹੀ ਇਨ੍ਹਾਂ ਸਾਧਨਾਂ ਦੀ ਪਾਗਲਪਨ ਦੀ ਹੱਦ ਤੱਕ ਦੀਵਾਨੀ ਹੈ। ਇਸੇ ਕਾਰਨ ਉਹ ਅਨੈਤਿਕ ਕੰਮਾਂ ਤੇ ਜੁਰਮ ਦੀ ਦੁਨੀਆ ਦਾ ਸ਼ਿਕਾਰ ਹੋ ਜਾਂਦੇ ਹਨ। ਇਸ ਵਿਚ ਤਕਨਾਲੋਜੀ ਦੋਸ਼ੀ ਨਹੀਂ, ਸਗੋਂ ਮਨੁੱਖੀ ਸਮਝ ਹੀ ਅਧੋਗਤੀ ਦਾ ਸ਼ਿਕਾਰ ਹੋ ਕੇ ਆਪਣੇ ਤੇ ਸਮਾਜ ਲਈ ਕਈ ਤਰ੍ਹਾਂ ਦੇ ਸੰਕਟ ਪੈਦਾ ਕਰ ਰਹੀ ਹੈ।

ਮੋਬਾ. 98153-56086

# ਬੇਅਸੂਲੇ ਸਮਝੌਤਿਆਂ ਅਤੇ ਪੈਂਤੜਿਆਂ ਪਿੱਛੋਂ ਦਰਿਆਵਾਂ ਦੇ ਪਾਣੀ ਵਿੱਚ ਮਧਾਣੀ ਘੁੰਮਾਉਣ ਦੀ ਰਾਜਨੀਤੀ

ਦ੍ਰਿਸ਼ਟੀਕੋਣ

**ਜਤਿੰਦਰ ਪਨੂੰ**

ਪੰਜਾਬ ਅਤੇ ਹਰਿਆਣਾ ਵਿਚਾਲੇ ਦਰਿਆਈ ਪਾਣੀਆਂ ਦੀ ਵੰਡ ਦੇ ਮਸਲੇ ਬਾਰੇ ਭਾਰਤ ਦੀ ਸੁਪਰੀਮ ਕੋਰਟ ਵਿੱਚੋਂ ਇੱਕ ਫੈਸਲਾ ਹੋਰ ਆ ਗਿਆ ਹੈ ਅਤੇ ਇਹ ਵੀ ਪਿਛਲੇ ਫੈਸਲਿਆਂ ਵਾਂਗ ਪੰਜਾਬ ਦੇ ਖਿਲਾਫ ਆਇਆ ਹੈ। ਜਿਵੇਂ ਹਮੇਸ਼ਾ ਤੋਂ ਹੁੰਦਾ ਆਇਆ ਹੈ, ਇਸ ਵਾਰੀ ਵੀ ਫੈਸਲਾ ਆਉਂਦੇ ਸਾਰ ਰਾਜਨੀਤੀ ਸਰਗਰਮ ਹੋਈ ਅਤੇ ਹਰ ਇੱਕ ਧਿਰ ਦਾ ਹਰ ਆਗੂ ਇੰਜ ਕੂਕ ਰਿਹਾ ਹੈ, ਜਿਵੇਂ ਇੱਕ ਪੰਜਾਬੀ ਅਖਾਣ ਦੇ ਮੁਤਾਬਕ 'ਟਟੀਹਰੀ ਵਾਂਗ ਅਸਮਾਨ ਉਸੇ ਦੀਆਂ ਟੰਗਾਂ ਉੱਤੇ ਟਿਕਿਆ' ਹੋਇਆ ਹੋਵੇ। ਅਸੀਂ ਪੰਜਾਬੀ ਲੋਕ ਅੱਜ ਤੱਕ ਇਹ ਗੱਲ ਨਹੀਂ ਸਮਝ ਸਕੇ ਕਿ ਹਿੰਦੀ ਦੇ ਅਖਾਣ 'ਚੋਰ ਮਚਾਏ ਸ਼ੋਰ' ਦੇ ਅਰਥ ਇਹ ਵੀ ਨਿਕਲ ਸਕਦੇ ਹਨ ਕਿ ਜਿਸ ਕਿਸੇ ਦਾ ਜਿੰਨਾ ਵੱਧ ਕਸੂਰ ਹੁੰਦਾ ਹੈ, ਓਨਾ ਉਹ ਬਾਕੀਆਂ ਤੋਂ ਵੱਧ ਜ਼ੋਰ ਨਾਲ ਚੀਕ-ਚੀਕ ਕੇ ਆਪਣੇ ਆਪ ਨੂੰ ਬੇਗੁਨਾਹ ਦੱਸਣ ਅਤੇ ਬਾਕੀ ਸਾਰਿਆਂ ਨੂੰ ਦੋਸ਼ੀ ਕਰਾਰ ਦੇਣ ਵਾਲੀ ਦੁਹਾਈ ਪਾਉਂਦਾ ਹੈ। ਇਸ ਵਾਰੀ ਵੀ ਇਹੋ ਕੁਝ ਹੋ ਰਿਹਾ ਹੈ ਅਤੇ ਸਗੋਂ ਪਹਿਲਾਂ ਤੋਂ ਵੱਧ ਹੋ ਰਿਹਾ ਜਾਪਦਾ ਹੈ।

ਸਦੀਆਂ ਤੋਂ ਸਾਂਝੇ ਚੱਲਦੇ ਆਏ ਪੰਜਾਬ ਨਾਲ ਪਹਿਲੀ ਵਧੀਕੀ ਓਦੋਂ ਹੋ ਗਈ, ਜਦੋਂ ਭਾਰਤ ਦੇਸ਼ ਦੀ ਵੰਡ ਕਰਦੇ ਵਕਤ ਇਸ ਦਾ ਇੱਕ ਹਿੱਸਾ ਪਾਕਿਸਤਾਨ ਵਿੱਚ ਪਾ ਦਿੱਤਾ ਤੇ ਦੂਸਰਾ ਭਾਰਤ ਨਾਲ ਜੋੜ ਦਿੱਤਾ ਗਿਆ। ਕੁਝ ਲੋਕ ਕਹਿੰਦੇ ਹਨ ਕਿ ਓਦੋਂ ਭਾਰਤ ਨਾਲ ਨਹੀਂ ਸੀ ਜੁੜਨਾ ਚਾਹੀਦਾ, ਪਰ ਉਹ ਵੀ ਠੀਕ ਨਹੀਂ ਕਹਿ ਰਹੇ, ਪੰਜਾਬ ਲਈ ਹੋਰ ਬਦਲ ਵੀ ਕੋਈ ਨਹੀਂ ਸੀ। ਐਵੇਂ ਕਹਿਣ ਵਾਲੇ ਕਹੀ ਛੱਡਦੇ ਹਨ ਕਿ ਅੰਗਰੇਜ਼ ਵੱਖਰਾ ਰਾਜ ਦੇਣ ਲਈ ਤਿਆਰ ਸਨ, ਅਸਲ ਵਿੱਚ ਨਾ ਕੋਈ ਦੇਣ ਨੂੰ ਤਿਆਰ ਸੀ, ਨਾ ਲੈਣ ਵਾਲਿਆਂ ਨੂੰ ਠੀਕ ਲੱਗਦਾ ਸੀ ਕਿ ਆਪੋ ਵਿੱਚ ਨਿੱਤ ਦਿਨ ਲੜੀ ਜਾਣ ਵਾਲੀਆਂ ਦੋ ਧਿਰਾਂ ਵਿਚਾਲੇ ਦੁਵੱਲੀ ਕੁੱਟ ਖਾਣ ਲਈ ਅਸੀਂ ਬੈਠੇ ਹੋਈਏ, ਜਿਨ੍ਹਾਂ ਕੋਲ ਸਮੁੰਦਰ ਤੱਕ ਪਹੁੰਚਣ ਦਾ ਕੋਈ ਰਸਤਾ ਵੀ ਨਹੀਂ ਸੀ। ਜਿਹੜਾ ਪੰਜਾਬ ਰਹਿ ਗਿਆ, ਉਸ ਵਿੱਚੋਂ ਹਿਮਾਚਲ ਪ੍ਰਦੇਸ਼ ਅਤੇ ਫਿਰ ਹਰਿਆਣਾ ਕੱਟੇ ਗਏ ਅਤੇ ਇਸ ਕੱਟ ਲਈ ਉਨ੍ਹਾਂ ਦੋਵਾਂ ਰਾਜਾਂ ਦੇ ਲੋਕਾਂ ਨੇ ਕਦੀ ਵੀ ਮੰਗ ਨਹੀਂ ਸੀ ਕੀਤੀ, ਪੰਜਾਬੀ ਸੂਬਾ ਲੈਣ ਵਾਸਤੇ ਮੋਰਚੇ ਏਧਰਲਿਆਂ ਨੇ ਲਾਏ ਸਨ ਅਤੇ ਦਿੱਲੀ ਦੀਆਂ ਦੋਵੇਂ ਵੱਖੀਆਂ ਨੂੰ ਫੜੀ ਬੈਠਾ ਪੰਜਾਬ ਓਥੇ ਟਿਕਾਏ ਹੱਥ ਛੱਡ ਕੇ ਅੰਬਾਲੇ ਤੋਂ ਉਰਲੇ ਪਾਸੇ ਸ਼ੰਭੂ ਬੈਰੀਅਰ ਤੱਕ ਸੀਮਤ ਕਰ ਲਿਆ ਸੀ। ਜਦੋਂ ਹਰ ਸਾਂਝੀ ਚੀਜ਼ ਪੰਜਾਬ ਤੇ ਹਰਿਆਣੇ ਵਿੱਚ ਵੰਡੀ ਜਾਣ ਲੱਗੀ, ਰਾਜ ਦਾ ਸਿਵਲ ਸੈਕਟਰੀਏਟ ਅਤੇ ਵਿਧਾਨ ਸਭਾ ਵੀ ਕਮਰੇ ਗਿਣ ਕੇ ਅਤੇ ਫੁੱਟਾਂ ਨਾਲ ਜਗ੍ਹਾ ਮਿਣ ਕੇ ਵੰਡੇ ਗਏ ਤਾਂ ਪਾਣੀਆਂ ਦੀ ਵੰਡ ਦਾ ਮੁੱਦਾ ਵੀ ਉੱਠ ਪਿਆ। ਓਦੋਂ ਇਹ ਮੁੱਦਾ ਬਿਨਾਂ ਮੁਕਾਏ ਛੱਡ ਦਿੱਤਾ ਗਿਆ ਤੇ ਐਮਰਜੈਂਸੀ ਵੇਲੇ ਇੰਦਰਾ ਗਾਂਧੀ ਦੇ ਛੋਟੇ ਪੁੱਤਰ ਸੰਜੇ ਗਾਂਧੀ ਦੀ ਜਦੋਂ ਤੂਤੀ ਬੋਲਦੀ ਸੀ, ਉਸ ਵੇਲੇ ਪਾਣੀਆਂ ਦੀ ਵੰਡ ਦਾ ਐਵਾਰਡ ਕੇਂਦਰ ਸਰਕਾਰ ਨੇ ਇਸ ਤਰ੍ਹਾਂ ਜਾਰੀ ਕਰ ਦਿੱਤਾ ਕਿ ਚਿੱਟੇ ਦਿਨ ਪੰਜਾਬ ਦੀ ਜੇਬ ਕੱਟੀ ਜਾਣ ਵਾਲਾ ਹਾਲ ਹੋ ਗਿਆ। ਹਰਿਆਣੇ ਦਾ ਓਦੋਂ ਦਾ ਮੁੱਖ ਮੰਤਰੀ ਚੌਧਰੀ ਬੰਸੀ ਲਾਲ, ਕਿਉਂਕਿ ਸੰਜੇ ਗਾਂਧੀ ਦੀ ਜੁੰਡੀ ਵਿੱਚ ਗਿਣਿਆ ਜਾਂਦਾ ਸੀ, ਉਹ ਆਪਣੀ ਮਰਜ਼ੀ ਪੁਗਾ ਗਿਆ ਤੇ ਪੰਜਾਬ ਦੇ ਕਾਂਗਰਸੀ ਆਗੂ ਕੁਝ ਬੋਲਣ ਜੋਗੇ ਨਾ ਹੋਣ ਕਾਰਨ ਇਸ ਨੂੰ ਭਾਣਾ ਮੰਨ ਕੇ ਚੁੱਪ ਕੀਤੇ ਰਹਿ ਗਏ।

ਐਮਰਜੈਂਸੀ ਦੇ ਬਾਅਦ ਰਾਜ ਬਦਲ ਗਿਆ ਤਾਂ ਜਿਹੜਾ ਅਕਾਲੀ ਦਲ ਇਸ ਦਾ ਵਿਰੋਧ ਕਰਦਾ ਰਿਹਾ ਸੀ, ਉਸ ਨੇ ਦੋ ਕੰਮ ਏਦਾਂ ਦੇ ਕਰ ਦਿੱਤੇ, ਜਿਹੜੇ ਪੰਜਾਬ ਦੇ ਭਲੇ ਵਾਲੇ ਨਹੀਂ ਸਨ। ਇੱਕ ਤਾਂ ਪਾਣੀਆਂ ਬਾਰੇ ਕੇਂਦਰ ਸਰਕਾਰ ਵੱਲੋਂ ਦਿੱਤੇ ਐਵਾਰਡ ਨੂੰ ਕੋਰਟ ਵਿੱਚ ਚੈਲਿੰਜ ਕਰ ਕੇ ਅਦਾਲਤੀ ਦਖਲ ਲਈ ਰਾਹ ਕੱਢ ਦਿੱਤਾ ਤੇ ਦੂਸਰਾ ਹਰਿਆਣੇ ਦੇ ਮੁੱਖ ਮੰਤਰੀ ਬਣੇ ਚੌਧਰੀ ਦੇਵੀ ਲਾਲ ਨਾਲ ਸਾਂਝ ਪੁਗਾਉਣ ਖਾਤਰ ਉਸ ਤੋਂ ਹਰਿਆਣੇ ਨੂੰ ਪਾਣੀ ਦੇਣ ਵਾਸਤੇ ਨਹਿਰ ਬਣਾਉਣ ਲਈ ਇਕ ਕਰੋੜ ਰੁਪਏ ਦੀ ਪੇਸ਼ਗੀ ਰਕਮ ਦਾ ਚੈੱਕ ਫੜ ਕੇ ਕੈਸ਼ ਕਰਵਾ ਲਿਆ। ਦੇਵੀ ਲਾਲ ਨੇ ਹਰਿਆਣੇ ਦੀ ਵਿਧਾਨ ਸਭਾ ਵਿੱਚ ਜਦੋਂ ਇਹ ਕਿਹਾ ਕਿ ਮੇਰਾ ਭਰਾ ਪੰਜਾਬ ਦਾ ਮੁੱਖ ਮੰਤਰੀ ਬਣਿਆ ਤਾਂ ਸਾਨੂੰ ਪਾਣੀ ਦੇਣ ਲਈ ਨਹਿਰ ਬਣਾਏ ਜਾਣ ਦੀ ਸ਼ੁਰੂਆਤ ਹੋਈ ਹੈ ਤਾਂ ਅਕਾਲੀ ਆਗੂਆਂ ਦੇ ਇੱਕ ਧੜੇ ਨੇ ਇਸ ਦੇ ਵਿਰੋਧ ਕਰਨ ਦੀ ਆਵਾਜ਼ ਚੁੱਕੀ। ਅਕਾਲੀ ਪਾਰਟੀ ਇਸ ਆਵਾਜ਼ ਨੂੰ ਆਪਣੀ ਅਧਿਕਾਰਤ ਆਵਾਜ਼ ਵੀ ਮੰਨਦੀ ਰਹੀ ਤੇ ਉਸ ਦੀ ਪੰਜਾਬ ਸਰਕਾਰ ਦਾ ਮੁਖੀ ਪੰਜਾਬ ਵਿੱਚੋਂ ਹਰਿਆਣੇ ਨੂੰ ਪਾਣੀ ਦੇਣ ਵਾਸਤੇ ਨਹਿਰ ਬਣਾਉਣ ਦਾ ਕੰਮ ਵੀ ਨਾਲ ਦੀ ਨਾਲ ਕਰੀ ਗਿਆ। ਜਿਹੜੀ ਸਤਲੁਜ-ਯਮਨਾ ਨਹਿਰ ਨੂੰ ਬਣਨ ਤੋਂ ਰੋਕਣ ਦੀਆਂ ਗੱਲਾਂ ਅੱਜ ਇਹ ਪਾਰਟੀ ਕਰਦੀ ਹੈ ਤੇ ਇਸ ਦੀ ਪਿਛਲੀ ਸਰਕਾਰ ਦੇ ਵਕਤ ਸੁਪਰੀਮ ਕੋਰਟ ਦੇ ਫੈਸਲੇ ਦਾ ਵਿਰੋਧ ਕਰਨ ਲਈ ਟਰੈਕਟਰਾਂ ਨਾਲ ਉਹ ਨਹਿਰ ਭਰਨ ਦੀ ਅਗਵਾਈ ਕੀਤੀ ਸੀ, ਉਸ ਨਹਿਰ ਦੇ ਲਈ ਜ਼ਮੀਨਾਂ ਵੀ ਇਸੇ ਪਾਰਟੀ ਦੇ 1977-80 ਵਾਲੇ ਰਾਜ ਦੌਰਾਨ ਅਕੁਆਇਰ ਕੀਤੀਆਂ ਗਈਆਂ ਸਨ।

ਫਿਰ ਹਾਲਾਤ ਬਦਲੇ ਤੇ ਪੰਜਾਬ ਵਿੱਚ ਕਾਂਗਰਸੀ ਸਰਕਾਰ ਬਣ ਗਈ। ਬਦਕਿਸਮਤੀ ਨਾਲ ਪੰਜਾਬੀਆਂ ਦੇ ਖਿਲਾਫ ਨਫਰਤ ਨਾਲ ਭਰਿਆ ਆਗੂ ਚੌਧਰੀ ਭਜਨ ਲਾਲ ਜਨਤਾ ਪਾਰਟੀ ਛੱਡ ਕੇ ਰਾਤੋ-ਰਾਤ ਕਾਂਗਰਸੀ ਬਣ ਗਿਆ ਅਤੇ ਉਸ ਦੇ ਦਬਾਅ ਹੇਠ ਹਰਿਆਣੇ ਨੂੰ ਪਾਣੀ ਦੇਣ ਵਾਸਤੇ ਇੰਦਰਾ ਗਾਂਧੀ ਨਹਿਰ ਬਣਾਉਣ ਤੁਰ ਪਈ। ਪੰਜਾਬ ਕਾਂਗਰਸ ਦੇ ਜਿਹੜੇ ਆਗੂ ਓਦੋਂ ਇੰਦਰਾ ਗਾਂਧੀ ਦੀ ਅਗਵਾਨੀ ਵਾਸਤੇ ਓਥੇ ਪੈਲਾਂ ਪਾਉਂਦੇ ਫਿਰਦੇ ਸਨ, ਉਹ ਹੀ ਬਾਅਦ ਵਿੱਚ ਹਰਿਆਣੇ ਨੂੰ ਪਾਣੀ ਦੇਣ ਦਾ ਵਿਖਾਵੇ ਜੋਗਾ ਵਿਰੋਧ ਕਰਨ ਲੱਗ ਪਏ ਅਤੇ ਜਿਨ੍ਹਾਂ ਅਕਾਲੀਆਂ ਨੇ ਨਹਿਰ ਬਣਾਉਣ ਵਾਸਤੇ ਆਪ ਜ਼ਮੀਨ ਅਕੁਆਇਰ ਕਰ ਕੇ ਦਿੱਤੀ ਸੀ, ਉਹ ਇਸ ਦੇ ਵਿਰੁੱਧ ਮੋਰਚਾ ਲਾਉਣ ਨਿਕਲ ਪਏ। ਏਧਰ ਸਿਆਸਤ ਆਪਣੀ ਚਤਰਾਈ ਦੇ ਕ੍ਰਿਸ਼ਮੇ ਵਿਖਾਉਂਦੀ ਰਹੀ ਤੇ ਓਧਰ ਸੁਪਰੀਮ ਕੋਰਟ ਵਿੱਚ ਕੇਸ ਚੱਲਦਾ ਅਤੇ ਵਾਰ-ਵਾਰ ਪੰਜਾਬ ਦੇ ਖਿਲਾਫ ਫੈਸਲੇ ਹੋਣ ਦਾ ਚੱਕਰ ਚੱਲਦਾ ਰਿਹਾ। ਇੱਕ ਮੌਕੇ ਪੰਜਾਬ ਦਾ ਕੇਸ ਲੜਨ ਲਈ ਜਿਹੜੀ ਵਕੀਲਾਂ ਦੀ ਟੀਮ ਨੇ ਕਮਾਂਡ ਸੰਭਾਲੀ, ਉਸ ਟੀਮ ਦਾ ਮੁਖੀ ਹਰਿਆਣੇ ਦਾ ਵਕੀਲ ਸੀ। ਉਹ ਲੱਖ ਚੰਗਾ ਹੋਵੇ, ਜੇ ਉਹ ਪੰਜਾਬ ਲਈ ਕੇਸ ਜਿੱਤ ਜਾਂਦਾ ਤਾਂ ਇਸ ਪਿੱਛੋਂ ਜਦੋਂ ਕਦੀ ਕਿਸੇ ਖੁਸ਼ੀ-ਗਮੀ ਦੇ ਮੌਕੇ ਹਰਿਆਣੇ ਦੇ ਸਮਾਜਕ ਇਕੱਠਾਂ ਵਿੱਚ ਜਾਂਦਾ, ਓਥੇ ਲੋਕਾਂ ਨੇ ਉਸ ਨੂੰ ਇਹ ਕਿਹਾ ਕਰਨਾ ਸੀ ਕਿ ਤੇਰੇ ਕਾਰਨ ਸਾਡੇ ਹਰਿਆਣੇ ਦਾ ਨੁਕਸਾਨ ਹੋ ਗਿਆ ਹੈ ਤੇ ਕੋਈ ਵੀ ਬੰਦਾ ਸਾਰੀ ਉਮਰ ਏਦਾਂ ਦੀ ਅਣਸੁਖਾਵੀਂ ਸਥਿਤੀ ਆਪਣੇ ਲਈ ਕਦੀ ਪੈਦਾ ਨਹੀਂ ਕਰਨਾ ਚਾਹੇਗਾ। ਕਿੱਤੇ ਲਈ ਉਹ ਪੂਰਾ ਇਮਾਨਦਾਰ ਤੇ ਸਮੱਰਪਤ ਵੀ ਹੋਵੇ ਤਾਂ ਪੰਜਾਬ ਦੇ ਲੋਕਾਂ ਲਈ ਇਸ ਸ਼ੱਕ ਦੀ ਗੁੰਜਾਇਸ਼ ਹਰ ਹਾਲ ਰਹਿਣੀ ਸੀ ਤੇ ਜਦੋਂ ਪੰਜਾਬ ਉਹ ਕੇਸ ਹਾਰਿਆ ਸੀ ਤਾਂ ਇਸ ਦੇ ਬਾਅਦ ਏਥੇ ਰਾਜ ਸਰਕਾਰ ਦੇ ਖਿਲਾਫ ਘੱਟ ਤੇ ਉਸ ਵਕੀਲ ਦੇ ਬਾਰੇ ਵੱਧ ਚਰਚਾ ਹੁੰਦੀ ਰਹੀ ਸੀ।

ਪੰਜਾਬ ਦੇ ਖਿਲਾਫ ਸੁਪਰੀਮ ਕੋਰਟ ਦਾ ਪਹਿਲਾ ਫੈਸਲਾ ਓਦੋਂ ਆਇਆ ਸੀ, ਜਦੋਂ ਪ੍ਰਕਾਸ਼ ਸਿੰਘ ਬਾਦਲ ਤੀਸਰੀ ਵਾਰੀ ਰਾਜ ਦੀ ਕਮਾਨ ਸੰਭਾਲੀ ਬੈਠੇ ਸਨ ਤੇ ਅਗਲੀਆਂ ਵਿਧਾਨ ਸਭਾ ਚੋਣਾਂ ਵਿੱਚ ਕੁਝ ਹਫਤੇ ਹੀ ਬਾਕੀ ਸਨ। ਕੋਰਟ ਦਾ ਫੈਸਲਾ ਆਉਂਦੇ ਸਾਰ ਉਨ੍ਹਾ ਕਹਿ ਦਿੱਤਾ ਕਿ ਮੈਨੂੰ ਜੇਲ੍ਹ ਜਾਣ ਵਿੱਚ ਝਿਜਕ ਨਹੀਂ, ਪਰ ਅਦਾਲਤੀ ਹੁਕਮ ਮੈਂ ਲਾਗੂ ਨਹੀਂ ਹੋਣ ਦੇਣਾ। ਲੋਕਾਂ ਅੱਗੇ ਸੱਚੇ ਹੋਣ ਦਾ ਇਹ ਪੈਂਤੜਾ ਵੀ ਕੰਮ ਨਹੀਂ ਸੀ ਆ ਸਕਿਆ ਤੇ ਸਰਕਾਰ ਕਾਂਗਰਸ ਦੀ ਬਣ ਗਈ। ਸੁਪਰੀਮ ਕੋਰਟ ਦੇ ਫੈਸਲੇ ਲਈ ਰੀਵੀਊ ਦੀ ਅਰਜ਼ੀ ਪਾਈ ਤਾਂ ਦੋ ਸਾਲਾਂ ਬਾਅਦ ਫਿਰ ਉਹੀ ਫੈਸਲਾ ਆ ਗਿਆ। ਓਦੋਂ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਵਿਧਾਨ ਸਭਾ ਵਿੱਚ ਮਤਾ ਪਾਸ ਕਰ ਕੇ ਸਾਰੇ ਪਿਛਲੇ ਸਮਝੌਤੇ ਤੋੜਨ ਦਾ ਕਦਮ ਚੁੱਕ ਲਿਆ, ਜਿਸ ਨਾਲ ਵਿਰੋਧੀ ਧਿਰ ਅਤੇ ਖਾਸ ਤੌਰ ਉੱਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੀ ਉਸ ਨਾਲ ਖੜੋ ਗਿਆ। ਇੱਕ ਜਣੇ ਨੇ ਮੁੱਖ ਮੰਤਰੀ ਹੁੰਦਿਆਂ ਹਰਿਆਣੇ ਨੂੰ ਪਾਣੀ ਭੇਜਣ ਵਾਸਤੇ ਨਹਿਰ ਪੁੱਟਣ ਲਈ ਜ਼ਮੀਨ ਅਕੁਆਇਰ ਕਰਵਾਈ ਸੀ ਅਤੇ ਦੂਸਰੇ ਨੇ ਇੰਦਰਾ ਗਾਂਧੀ ਵੱਲੋਂ ਐੱਸ ਵਾਈ ਐੱਲ (ਸਤਲੁਜ- ਯਮਨਾ ਲਿੰਕ) ਨਹਿਰ ਦੀ ਉਸਾਰੀ ਲਈ ਪਹਿਲਾ ਟੱਕ ਲਾਉਣ ਆਈ ਇੰਦਰਾ ਗਾਂਧੀ ਦਾ ਸਾਥ ਦਿੱਤਾ ਸੀ, ਦੋਵੇਂ ਜਣੇ ਲੋਕਾਂ ਕੋਲ ਸੱਚੇ ਬਣਨ ਲਈ ਇੱਕ-ਦੂਸਰੇ ਦੇ ਪੈਰ ਮਿੱਧਣ ਲੱਗ ਪਏ। ਵਿਧਾਨ ਸਭਾ ਵਿੱਚ ਬਿੱਲ ਪਾਸ ਕਰ ਕੇ ਸਾਰੇ ਸਮਝੌਤੇ ਤੋੜਨ ਦਾ ਉਹ ਫੈਸਲਾ ਵੀ ਟਿਕ ਨਹੀਂ ਸਕਿਆ ਅਤੇ ਸੁਪਰੀਮ ਕੋਰਟ ਨੇ ਇਸ ਦੇ ਵਿਰੁੱਧ ਹੁਕਮ ਓਦੋਂ ਦਾਗਿਆ ਸੀ, ਜਦੋਂ ਪ੍ਰਕਾਸ਼ ਸਿੰਘ ਬਾਦਲ ਦੀ ਪੰਜਵੀਂ ਸਰਕਾਰ ਦੀ ਮਿਆਦ ਪੁੱਗਣ ਵਿੱਚ ਕੁਝ ਹਫਤੇ ਬਾਕੀ ਸਨ। ਇਸ ਵਾਰੀ ਪਿਛਲੇ ਸਾਰੇ ਧੋਣ ਧੋਣ ਲਈ ਬਾਦਲ ਸਾਹਿਬ ਨੇ ਕਿਸਾਨਾਂ ਦੀਆਂ ਜ਼ਮੀਨਾਂ ਉਨ੍ਹਾਂ ਨੂੰ ਵਾਪਸ ਕਰਨ ਦਾ ਐਲਾਨ ਕਰ ਦਿੱਤਾ ਤੇ ਡਿਪਟੀ ਕਮਿਸ਼ਨਰਾਂ ਨੂੰ ਹੁਕਮ ਦੇ ਕੇ ਰਾਤੋ-ਰਾਤ ਇਹ ਕੰਮ ਨੇਪਰੇ ਚਾੜ੍ਹਨ ਤੁਰ ਪਏ। ਇਹੀ ਨਹੀਂ, ਨਹਿਰ ਦਾ ਪੰਜਾਬ ਵਿੱਚ ਬਣਿਆ ਪਿਆ ਹਿੱਸਾ ਟਰੈਕਟਰਾਂ ਅਤੇ ਜੇ ਸੀ ਬੀ ਮਸ਼ੀਨਾਂ ਨਾਲ ਢਾਹੁਣ ਲਈ ਆਪਣੀ ਪਾਰਟੀ ਦੇ ਆਗੂਆਂ ਅਤੇ ਵਰਕਰਾਂ ਨੂੰ ਮੈਦਾਨ ਵਿੱਚ ਕੱਢ ਲਿਆਂਦਾ, ਪਰ ਪੰਜਾਬ ਦੇ ਲੋਕਾਂ ਨੇ ਇਸ ਦੀ ਵੀ ਕਦਰ ਨਾ ਪਾਈ ਅਤੇ ਸਰਕਾਰ ਫਿਰ ਉਨ੍ਹਾ ਦੀ ਥਾਂ ਕੈਪਟਨ ਅਮਰਿੰਦਰ ਸਿੰਘ ਦੀ ਬਣ ਗਈ। ਪੰਜ ਸਾਲ ਕਾਂਗਰਸੀ ਆਗੂ ਟਾਹਰਾਂ ਮਾਰਦੇ ਰਹੇ, ਉਨ੍ਹਾਂ ਦੇ ਵਕੀਲ ਕੇਸਾਂ ਦੀ ਪੈਰਵੀ ਕਰਨ ਦੀ ਥਾਂ ਵਕਤ ਟਾਲਣ ਵਾਸਤੇ ਚਰਚਾ ਵਿੱਚ ਰਹੇ ਅਤੇ ਉਸੇ ਕੇਸ ਦਾ ਫੈਸਲਾ ਇਸ ਹਫਤੇ ਫਿਰ ਪੰਜਾਬ ਦੇ ਖਿਲਾਫ ਆ ਗਿਆ ਹੈ।

ਕੈਪਟਨ ਅਮਰਿੰਦਰ ਸਿੰਘ ਦੇ ਵਕਤ ਸੁਪਰੀਮ ਕੋਰਟ ਨੇ ਇੱਕ ਵਾਰੀ ਹਦਾਇਤ ਕੀਤੀ ਸੀ ਕਿ ਕੇਂਦਰ ਸਰਕਾਰ ਦੋਵਾਂ ਰਾਜਾਂ ਪੰਜਾਬ ਅਤੇ ਹਰਿਆਣੇ ਦੇ ਆਗੂਆਂ ਨਾਲ ਗੱਲਬਾਤ ਰਾਹੀਂ ਮਸਲਾ ਸੁਲਝਾਉਣ ਦਾ ਯਤਨ ਕਰੇ, ਪਰ ਕੇਂਦਰ ਸਰਕਾਰ ਨੇ ਕੁਝ ਕਰਨ ਦੀ ਲੋੜ ਨਾ ਸਮਝੀ। ਜਦੋਂ ਉਹ ਲੋਕ ਚਲੇ ਗਏ ਤਾਂ ਸੁਪਰੀਮ ਕੋਰਟ ਦੀ ਅਗਲੀ ਹਦਾਇਤ ਉੱਤੇ ਇਨ੍ਹਾਂ ਦੋਵਾਂ ਰਾਜਾਂ ਦੇ ਮੁੱਖ ਮੰਤਰੀਆਂ ਭਗਵੰਤ ਮਾਨ ਅਤੇ ਮਨੋਹਰ ਲਾਲ ਖੱਟਰ ਦੀ ਮੀਟਿੰਗ ਹੋਣ ਦਾ ਮੌਕਾ ਆ ਗਿਆ। ਪੁਆੜਾ ਪਿਛਲੀਆਂ ਦੋ ਪਾਰਟੀਆਂ ਕਾਂਗਰਸ ਤੇ ਅਕਾਲੀ ਦਲ ਦੇ ਆਗੂਆਂ ਦਾ ਪਾਇਆ ਪਿਆ ਸੀ, ਜ਼ਿੰਮਾ ਉਸ ਪਾਰਟੀ ਦੇ ਮੁੱਖ ਮੰਤਰੀ ਸਿਰ ਪੈ ਗਿਆ, ਜਿਹੜੀ ਪਾਰਟੀ ਬਣੀ ਨੂੰ ਹਾਲੇ ਬਾਰਾਂ ਸਾਲ ਨਹੀਂ ਸਨ ਹੋਏ ਅਤੇ ਉਨ੍ਹਾਂ ਦਾ ਇਸ ਮੁੱਦੇ ਨਾਲ ਕੋਈ ਪੁਰਾਣਾ ਰਿਸ਼ਤਾ ਵੀ ਨਹੀਂ ਸੀ। ਪਾਣੀਆਂ ਬਾਰੇ ਇੰਦਰਾ ਗਾਂਧੀ ਸਰਕਾਰ ਦਾ ਪਹਿਲਾ ਐਵਰਡ ਜਦੋਂ ਆਇਆ ਸੀ, ਓਦੋਂ ਭਗਵੰਤ ਮਾਨ ਅਜੇ ਤਿੰਨਾਂ ਸਾਲਾਂ ਦਾ ਨਹੀਂ ਹੋਇਆ ਹੋਣਾ। ਫਿਰ ਵੀ ਜਦੋਂ ਉਹ ਹਰਿਆਣੇ ਦੇ ਸਾਰੀ ਉਮਰ ਦੇ ਸੋਇਮਸੇਵਕ ਮੁੱਖ ਮੰਤਰੀ ਨਾਲ ਗੱਲ ਕਰਨ ਬੈਠਾ ਤਾਂ ਨਵਾਂ ਨੁਕਤਾ ਚੁੱਕ ਕੇ ਸਭ ਨੂੰ ਹੈਰਾਨ ਕਰ ਦਿਤਾ ਕਿ ਪੰਜਾਬ ਦੀ ਜਾਇਦਾਦ ਵੰਡਣ ਵਾਲਾ ਫਾਰਮੂਲਾ ਹੀ ਲਾਗੂ ਕਦੇ ਨਹੀਂ ਕੀਤਾ ਗਿਆ। ਉਸ ਨੇ ਕਿਹਾ ਕਿ ਜਦੋਂ ਸਿਵਲ ਸੈਕਟਰੀਏਟ ਤੇ ਵਿਧਾਨ ਸਭਾ ਦੀ ਸਾਂਝੀ ਜਾਇਦਾਦ ਵੰਡੀ ਗਈ ਅਤੇ ਹਰ ਹੋਰ ਜਾਇਦਾਦ ਵੀ ਜਿੰਨੀ ਕਿਸੇ ਥਾਂ ਸਾਂਝੀ ਸੀ, ਗਿਣਤੀਆਂ ਕਰ ਕੇ ਵੰਡੀ ਗਈ ਸੀ ਤਾਂ ਪਾਣੀ ਦੀ ਵੰਡ ਵੇਲੇ ਸਿਰਫ ਉਨ੍ਹਾਂ ਦਰਿਆਵਾਂ ਦਾ ਪਾਣੀ ਕਿਉਂ ਗਿਣਿਆ ਸੀ, ਜਿਹੜੇ ਏਧਰ ਪੈਂਦੇ ਸਨ, ਹਰਿਆਣੇ ਵਿੱਚ ਵਗਣ ਵਾਲਾ ਯਮਨਾ ਦਰਿਆ ਵੀ ਸਾਂਝੇ ਪੰਜਾਬ ਦਾ ਹਿੱਸਾ ਸੀ, ਉਸ ਵਿਚਲਾ ਪਾਣੀ ਕਿਉਂ ਨਾ ਇਸ ਵਿੱਚ ਰੱਖਿਆ ਗਿਆ ਤੇ ਜਿਹੜਾ ਘੱਗਰ ਦਰਿਆ ਵਗਣ ਵੇਲੇ ਕਦੀ ਸਾਡੇ ਵੱਲ ਤੇ ਕਦੀ ਹਰਿਆਣੇ ਵੱਲ ਜਾਂਦਾ ਆਖਰ ਨੂੰ ਹਰਿਆਣੇ ਵਿੱਚ ਜਾ ਪੈਂਦਾ ਹੈ, ਉਸ ਦਾ ਪਾਣੀ ਵਿੱਚ ਕਿਉਂ ਨਹੀਂ ਸੀ ਗਿਣਿਆ? ਇਸ ਨਾਲ ਹਰਿਅਣੇ ਦੇ ਆਗੂ ਕੋਈ ਵੀ ਦਲੀਲ ਦੇਣ ਜੋਗੇ ਨਾ ਰਹਿ ਗਏ ਅਤੇ ਇਹੋ ਕਹੀ ਜਾਣ ਕਿ ਭਗਵੰਤ ਮਾਨ ਗੱਲ ਤਿਲਕਾਉਣ ਦੇ ਦਾਅ ਖੇਡਦਾ ਹੈ।

ਇਸ ਪੜਾਅ ਉੱਤੇ ਪੰਜਾਬ ਦੇ ਲੋਕ ਇਹ ਸਮਝਣ ਲੱਗ ਪਏ ਕਿ ਨਵੀਂ ਸਰਕਾਰ ਪਾਣੀਆਂ ਦਾ ਕੇਸ ਸਿਦਕਦਿਲੀ ਤੇ ਸਾਬਤਕਦਮੀ ਨਾਲ ਲੜੇਗੀ ਅਤੇ ਇਸ ਵਾਰੀ ਸਾਨੂੰ ਮਾਰ ਨਹੀਂ ਪਵੇਗੀ। ਬਦਕਿਸਮਤੀ ਨਾਲ ਏਦਾਂ ਹੋਇਆ ਨਹੀਂ ਤੇ ਫਿਰ ਫੈਸਲਾ ਪੰਜਾਬ ਦੇ ਖਿਲਾਫ ਆ ਗਿਆ ਹੈ। ਚੰਡੀਗੜ੍ਹ ਤੋਂ ਦਿੱਲੀ ਤੱਕ ਚਰਚਾ ਹੈ ਕਿ ਸਰਕਾਰ ਦੇ ਅੰਦਰੋਂ ਸਾਬੋਤਾਜ ਕੀਤਾ ਗਿਆ ਹੈ। ਕੇਸ ਪੂਰੀ ਤਿਆਰੀ ਨਾਲ ਲੜਿਆ ਨਹੀਂ ਗਿਆ ਤੇ ਜਿਹੜਾ ਨਵਾਂ ਪੱਖ ਹਰਿਆਣੇ ਦੇ ਮੁੱਖ ਮੰਤਰੀ ਨਾਲ ਹੋਈ ਬੈਠਕ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਰੱਖਿਆ ਸੀ ਕਿ ਯਮਨਾ ਤੇ ਘੱਗਰ ਦਰਿਆਵਾਂ ਦਾ ਪਾਣੀ ਵੀ ਨਾਲ ਜੋੜ ਕੇ ਮੁੱਢ ਤੋਂ ਵਿਚਾਰਿਆ ਜਾਵੇ, ਉਸ ਉੱਤੇ ਜਿੰਨਾ ਜ਼ੋਰ ਦੇਣਾ ਚਾਹੀਦਾ ਸੀ, ਓਨਾ ਜ਼ੋਰ ਨਹੀਂ ਦਿੱਤਾ ਜਾਪਦਾ ਤੇ ਚਰਚਾ ਹੈ ਕਿ ਇਹ ਸਭ ਕੁਝ ਇਸ ਕੇਸ ਨੂੰ ਕਾਨੂੰਨੀ ਪੱਖੋਂ ਕਮਾਂਡ ਕਰਦੀ ਟੀਮ ਵਿਚਲੇ ਕਿਸੇ ਨੇ ਕੀਤਾ ਹੈ। ਅਸੀਂ ਇਹ ਗੱਲ ਨਹੀਂ ਜਾਣਦੇ ਕਿ ਪੰਜਾਬ ਦੇ ਕੇਸ ਨੂੰ ਇਸ ਵਾਰੀ ਢਾਹ ਕਿਸ ਨੇ ਲਾਈ ਹੈ, ਪਰ ਇਹ ਕਹੇ ਬਿਨਾਂ ਨਹੀਂ ਰਹਿ ਸਕਦੇ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਅਕਸ ਵੀ ਇਸ ਨਾਲ ਸਵਾਲਾਂ ਦੇ ਘੇਰੇ ਹੇਠ ਆ ਗਿਆ ਹੈ। ਪਹਿਲੀਆਂ ਦੋਵਾਂ ਪਾਰਟੀਆਂ ਦੀ ਲੀਡਰਸ਼ਿਪ ਉੱਤੇ ਦੋਗਲੀ ਖੇਡ ਖੇਡਣ ਦੇ ਦੋਸ਼ ਲੱਗਦੇ ਸਨ ਤਾਂ ਇਸ ਪਾਰਟੀ ਦੇ ਬਾਰੇ ਵੀ ਲੋਕਾਂ ਨੂੰ ਇਹੋ ਗੱਲ ਕਹਿਣ ਤੋਂ ਰੋਕਿਆ ਨਹੀਂ ਜਾ ਸਕਦਾ। ਇਹ ਪਾਰਟੀ ਪਹਿਲਾਂ ਹੀ ਦਿੱਲੀ ਦੀ ਐਕਸਾਈਜ਼ ਪਾਲਸੀ ਦੇ ਮੁੱਦੇ ਵਾਸਤੇ ਕੇਂਦਰ ਸਰਕਾਰ ਦੇ ਨਿਸ਼ਾਨੇ ਉੱਤੇ ਰੱਖੀ ਹੋਣ ਕਾਰਨ ਕਸੂਤੀ ਫਸੀ ਪਈ ਹੈ, ਅੱਗੋਂ ਪਾਣੀਆਂ ਦੇ ਕੇਸ ਦੀ ਕਸੂਤੀ ਸੱਟ ਵੀ ਆਣ ਪਈ ਹੈ। ਕਿਸੇ ਨੇ ਉਸ ਦੀਆਂ ਮਜਬੂਰੀਆਂ ਨਹੀਂ ਵੇਖਣੀਆਂ, ਉਸ ਨੂੰ ਆਪਣੀ ਪਾਕ-ਦਾਮਨੀ ਦਾ ਪ੍ਰਭਾਵ ਕਾਇਮ ਰੱਖਣ ਵਾਸਤੇ ਲੋਕਾਂ ਅੱਗੇ ਮੈਦਾਨ ਵਿੱਚ ਆਉਣਾ ਪਵੇਗਾ। ਕੁਝ ਵੀ ਲੁਕਾਉਣ ਦਾ ਯਤਨ ਉਸ ਦੀ ਸਾਖ ਨੂੰ ਹੋਰ ਪ੍ਰਭਾਵਤ ਕਰੇਗਾ ਅਤੇ ਅਗਲੇ ਸਾਲ ਹੋਣ ਵਾਲੀ ਲੋਕ ਸਭਾ ਚੋਣ ਸਿਰ ਉੱਤੇ ਆਈ ਹੋਣ ਕਰ ਕੇ ਪੰਜਾਬ ਦੀ ਸਰਕਾਰ ਚਲਾ ਰਹੀ ਪਾਰਟੀ ਨੂੰ ਇਸ ਬਾਰੇ ਕਈ ਕੁਝ ਛੇਤੀ ਕਰ ਕੇ ਵਿਖਾਉਣ ਦੀ ਮਜਬੂਰੀ ਵੀ ਸਾਹਮਣੇ ਰਹੇਗੀ।

ਪੰਜਾਬ ਦੀ ਸਿਆਸਤ ਵਿੱਚ ਹਰ ਚੋਣ ਨੇੜੇ ਕੁਝ ਨਾ ਕੁਝ ਇਹੋ ਜਿਹਾ ਹੁੰਦਾ ਰਿਹਾ ਹੈ, ਜਿਸ ਨਾਲ ਸਾਰੇ ਹਾਲਾਤ ਉੱਤੇ ਕਈ ਵਾਰੀ ਕੋਈ ਇੱਕੋ ਮੁੱਦਾ ਭਾਰੂ ਹੋ ਜਾਂਦਾ ਹੈ। ਓਸੇ ਤਰ੍ਹਾਂ ਪੁਰਾਣੇ ਬੇਅਸੂਲੇ ਸਮਝੌਤਿਆਂ ਤੇ ਪੈਂਤੜਿਆਂ ਦੇ ਨਾਲ ਅਜੋਕੇ ਹਾਲਾਤ ਨੂੰ ਨਾਲ ਜੋੜੀਏ ਤਾਂ ਦਰਿਆਈ ਪਾਣੀਆਂ ਵਿੱਚ ਮਧਾਣੀ ਘੁੰਮਾਉਣ ਦੇ ਉਹ ਹਾਲਤ ਇੱਕ ਵਾਰ ਫਿਰ ਬਣ ਰਹੇ ਜਾਪਦੇ ਹਨ, ਜਿਹੜੇ ਅਗਲੇ ਦਿਨਾਂ ਵਿੱਚ ਕਿਸ ਪਾਸੇ ਜਾਣਗੇ, ਅੱਜ ਦੀ ਘੜੀ ਕਹਿ ਸਕਣਾ ਔਖਾ ਹੈ।

# ਮੇਕਅੱਪ ਲੱਥਾ, ਭਾਜਪਾ ਬੇਨਕਾਬ

ਸੁਲਘਦੇ ਸਵਾਲ

**ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ**

ਪਿੱਛੇ ਜਿਹੇ ਬਿਹਾਰ ਸੂਬੇ ਵਿੱਚ ਜੋ ਜਾਤੀ ਗਣਨਾ ਕਰਾਈ ਗਈ, ਜਿਸ ਦੀ ਸਮੁੱਚੀ ਰਿਪੋਰਟ ਨੂੰ ਨਿਤੀਸ਼ ਬਾਬੂ ਮੁੱਖ ਮੰਤਰੀ ਨੇ ਦੋ ਅਕਤੂਬਰ, ਯਾਨੀ ਮਹਾਤਮਾ ਗਾਂਧੀ ਦੇ ਜਨਮ ਦਿਨ 'ਤੇ ਉਸ ਮੰਤਰੀ ਪ੍ਰੀਸ਼ਦ ਦੀ ਮੀਟਿੰਗ ਵਿੱਚ ਸਮੁੱਚੀ ਜਾਣਕਾਰੀ ਦਿੱਤੀ ਗਈ। ਜਿਸ ਜਾਤੀ ਗਣਨਾ ਦੀ ਆਗਿਆ ਦੋ ਜੂਨ 2022 ਨੂੰ ਬਿਹਾਰ ਮੰਤਰੀ ਪ੍ਰੀਸ਼ਦ ਨੇ ਸਰਬ-ਸੰਮਤੀ ਨਾਲ ਦਿੱਤੀ ਸੀ। ਜਿਸ ਦੀ ਡੀਟੇਲ ਮਿਲਣ 'ਤੇ ਪਤਾ ਲੱਗਿਆ ਕਿ ਇਸ ਜਾਤੀ ਗਣਨਾ ਸਮੇਂ ਸਿਰਫ਼ ਜਾਤੀਆਂ ਬਾਰੇ ਹੀ ਨਹੀਂ ਪਤਾ ਲੱਗਾ, ਬਲਕਿ ਸਾਰੀਆਂ ਜਾਤੀਆਂ ਦੀ ਆਰਥਿਕ ਹਾਲਤ ਬਾਰੇ ਵੀ ਪਤਾ ਲੱਗਾ ਕਿ ਕਿਹੜੀ ਜਾਤੀ ਕਿੰਨੀ ਪੱਛੜੀ ਹੋਈ ਹੈ। ਇਸ ਵਕਤ ਉਸ ਦੀ ਆਰਥਿਕ ਹਾਲਤ ਕੀ ਹੈ? ਕਿਹੜੀ ਜਾਤੀ ਕਿੰਨੀ ਗਿਣਤੀ ਵਿੱਚ ਹੈ? ਧਰਮ ਅਧਾਰਤ ਵੀ ਜਾਣਕਾਰੀ ਮਿਲੀ ਹੈ। ਕਿਹੜਾ ਧਰਮ ਕਿੰਨੀ ਗਿਣਤੀ ਵਿੱਚ ਹੈ? ਧਰਮ ਅਧਾਰਤ ਵੀ ਉਸ ਦੀ ਕੀ ਹਾਲਤ ਹੈ? ਇਸ ਨਾਲ ਜਦ ਵੀ ਕੋਈ ਸਰਕਾਰ ਚਾਹੇਗੀ, ਉਨ੍ਹਾਂ ਲਈ ਨਵੀਂਆਂ ਸਕੀਮਾਂ ਲਿਆ ਕੇ ਉਨ੍ਹਾਂ ਦੀ ਮਦਦ ਕਰ ਸਕਦੀ ਹੈ। ਕੌਣ ਕਿੰਨਾ ਹੈ? ਉਨ੍ਹਾਂ ਨੂੰ ਕਿੰਨਾ ਮਿਲਣਾ ਚਾਹੀਦਾ ਹੈ? ਇਹ ਅੰਕੜੇ ਮੌਕੇ ਦੀ ਸਰਕਾਰ ਦੀ ਮਦਦ ਕਰਦੇ ਰਹਿਣਗੇ। ਹੁਣ ਸਰਕਾਰਾਂ ਅੰਧੇਰੇ ਵਿੱਚ ਰਹਿ ਕੇ ਕੰਮ ਕਰ ਰਹੀਆਂ ਹਨ। ਬੀ ਜੇ ਪੀ ਦਾ ਪ੍ਰਧਾਨ ਮੰਤਰੀ ਜੋ ਸਮੁੱਚੇ ਦੇਸ਼ ਦਾ ਆਗੂ ਹੈ, ਉਹ ਇਹ ਕਹਿ ਕੇ ਆਪਣੀ ਮਨ-ਮਰਜ਼ੀ ਕਰ ਰਿਹਾ ਹੈ, ਜਦ ਉਹ ਆਖ ਰਿਹਾ ਹੁੰਦਾ ਹੈ ਕਿ "ਸਭ ਕਾ ਸਾਥ, ਸਭ ਕਾ ਵਿਕਾਸ, ਸਭ ਦਾ ਵਿਸ਼ਵਾਸ" ਪਰ ਕਰ ਉਹ ਆਪਣੀ ਮਰਜ਼ੀ ਰਿਹਾ ਹੁੰਦਾ ਹੈ। ਬਿਹਾਰ ਦੀ ਇਸ ਜਾਤੀ ਜਨ-ਗਣਨਾ ਨੇ ਸਮੁੱਚੇ ਦੇਸ਼ ਵਿੱਚ ਇਸ ਦੀ ਚਰਚਾ ਛੇੜ ਦਿੱਤੀ ਹੈ। ਇਹ ਚਰਚਾ ਦਿਨੋ-ਦਿਨ ਸਮੁੱਚੇ ਸੂਬਿਆਂ ਨੂੰ ਆਪਣੀ ਲਪੇਟ ਵਿੱਚ ਲੈ ਰਹੀ ਹੈ। ਜਿਸ ਜਨ-ਗਣਨਾ ਨੂੰ ਭਾਜਪਾ ਵਾਲੇ ਸਭ ਆਗੂਆਂ ਸਮੇਤ ਪ੍ਰਧਾਨ ਮੰਤਰੀ ਤਕ ਇਸ ਨੂੰ ਫਿਰਕੂ ਜਨ-ਗਣਨਾ ਆਖ ਕੇ ਇਸ ਦੇ ਵਿਰੋਧ ਵਿੱਚ ਖੜੇ ਹੋ ਰਹੇ ਹਨ। ਭਾਜਪਾ ਵਾਲਿਆਂ ਦਾ ਸਿੱਧਾ ਫਾਰਮੂਲਾ ਹੈ ਕਿ ਸਭ ਨੂੰ ਹਿੰਦੂਆਂ ਵਿੱਚ ਗਿਣ ਕੇ ਹਿੰਦੂ-ਹਿੰਦੀ-ਹਿੰਦੋਸਤਾਨ ਵਿੱਚ ਤਬਦੀਲ ਕਰੋ। ਭਾਜਪਾ ਆਪਣੇ ਹਿੱਤ ਦੀ ਖਾਤਰ ਸਭ ਨੂੰ ਹਿੰਦੂ ਆਖ ਕੇ ਉਨ੍ਹਾਂ ਦੀ ਵੋਟ ਬੈਂਕ ਵਿੱਚ ਸੇਧ ਲਾ ਰਹੀ ਹੈ, ਜਿਸ ਤੋਂ ਸਾਨੂੰ ਸਭ ਨੂੰ ਬਚਣ ਦੀ ਲੋੜ ਹੈ, ਲੜਨ ਦੀ ਲੋੜ ਹੈ। ਰੋਜ਼-ਮਰ੍ਹਾ ਦੀਆਂ ਖ਼ਬਰਾਂ ਸੁਣ ਕੇ ਕਈ ਵਾਰ ਤਾਂ ਅਜਿਹਾ ਲਗਦਾ ਹੈ ਕਿ ਜਿਵੇਂ ਬਿਹਾਰ ਦੀ ਜਾਤੀ ਗਣਨਾ ਨੇ ਬਾਕੀ ਸੂਬਿਆਂ ਵਿੱਚ ਡੂੰਮਣਾ ਛੇੜ ਦਿੱਤਾ ਹੋਵੇ। ਆਉਣ ਵਾਲੇ ਸਮੇਂ ਵਿੱਚ ਤੁਸੀਂ ਇਸ ਛਿੜੇ ਡੂੰਮਣੇ ਦੀ ਕਰਾਮਾਤ ਦੇਖੋਗੇ। ਰਾਜ ਕਰਦੀ ਪਾਰਟੀ ਇਸ ਬਿਹਾਰ ਦੀ ਜਾਤੀ ਜਨ-ਗਣਨਾ ਨੂੰ ਇੰਡੀਆ ਗਠਜੋੜ ਦੀ ਸ਼ਰਾਰਤ ਦੱਸ ਕੇ ਭੰਡ ਰਹੀ ਹੈ। ਪਰ ਉਹ ਇਸ ਦਾ ਜਦ ਵਿਰੋਧ ਕਰ ਰਹੀ ਹੁੰਦੀ ਹੈ ਤਾਂ ਉਹ ਇਹ ਭੁੱਲ ਜਾਂਦੀ ਹੈ ਕਿ ਇਹ ਹੁਣ ਅਵਾਮ ਦੀ ਅਵਾਜ਼ ਬਣ ਚੁੱਕੀ ਹੈ। ਉਹ ਗੱਲ ਕਰਦਿਆਂ ਆਪ ਭੁੱਲ ਜਾਂਦੀ ਹੈ ਕਿ ਊਚ-ਨੀਚ, ਧਰਮੀ ਅਤੇ ਅਧਰਮੀਆਂ 'ਚ, ਜਾਤ-ਪਾਤ ਦੀ ਨਫ਼ਰਤ ਦੀ ਖੇਤੀ ਪਿਛਲੇ ਕਾਫ਼ੀ ਸਮੇਂ ਤੋਂ ਸਰਗਰਮ ਰਹੀ ਹੈ। ਉਸ ਦੇ ਮੁੱਦੇ ਹਮੇਸ਼ਾ ਹੀ ਧਾਰਮਿਕ ਭਾਵਨਾ ਵਾਲੇ ਹੁੰਦੇ ਹਨ। ਉਹ ਭਾਵੇਂ ਬਾਬਰੀ ਮਸਜਿਦ ਦੇ ਹੋਣ, ਭਾਵੇਂ ਰਾਮ ਮੰਦਰ ਨਾਲ ਸੰਬੰਧਤ ਹੋਣ, ਸੂਬਿਆਂ, ਖਾਸ ਜਗ੍ਹਾ ਦੇ ਨਾਂਅ ਬਦਲਣ ਦੇ ਹੋਣ। ਜਿਨ੍ਹਾਂ ਦਾ ਜਨਤਾ ਦੀ ਦਾਲ-ਰੋਟੀ ਨਾਲ ਕੋਈ ਸੰਬੰਧ ਨਹੀਂ ਹੁੰਦਾ। ਪਰ ਅੰਧ-ਭਗਤ ਬਿਨਾਂ ਸੋਚੇ ਅਜਿਹੇ ਮੁੱਦਿਆਂ ਨੂੰ ਉਛਾਲਣ ਵਿੱਚ ਦਿਨ-ਰਾਤ ਇੱਕ ਕਰਕੇ ਆਮ ਭੋਲੇ-ਭਾਲੇ ਲੋਕਾਂ ਦੀਆਂ ਭਾਵਨਾਵਾਂ ਦਾ ਨਜਾਇਜ਼ ਫਾਇਦਾ ਉਠਾਉਂਦੇ ਰਹਿੰਦੇ ਹਨ।

ਪਾਠਕੋ, ਜੇ ਧਿਆਨ ਨਾਲ ਦੇਖਿਆ ਅਤੇ ਸੋਚਿਆ ਜਾਵੇ ਤਾਂ ਉਹ ਲੋੜ ਪੈਣ 'ਤੇ, ਸਮੇਂ-ਸਮੇਂ ਨਫ਼ਰਤ ਦੇ ਵਣਜਾਰੇ ਵੀ ਬਣ ਜਾਂਦੇ ਹਨ। ਨਫ਼ਰਤ ਕਰਾ ਕੇ ਫਸਾਦ ਕਰਾਉਂਦੇ ਹਨ। ਅਜਿਹੇ ਨਫ਼ਰਤੀ ਹੀਰੋ ਜਦ ਫੜ ਹੋਣ 'ਤੇ ਜ਼ਮਾਨਤ ਜਾਂ ਕੈਦ ਕੱਟ ਕੇ ਬਾਹਰ ਆਉਂਦੇ ਹਨ ਤਾਂ ਉਨ੍ਹਾਂ ਦਾ ਹੀਰੋਆਂ ਵਾਂਗ, ਜੇਤੂਆਂ ਵਾਂਗ, ਫੁੱਲਾਂ ਦੀ ਵਰਖਾ ਨਾਲ ਸਵਾਗਤ ਕੀਤਾ ਜਾਂਦਾ ਹੈ। ਸਵਾਗਤ ਕਰਨ ਵਾਲਿਆਂ ਵਿੱਚ ਬਹੁਤੇ ਲੋਕ ਲੀਡਰ ਹੁੰਦੇ ਹਨ। ਉਂਜ ਹਾਲ 'ਚ ਹੀ ਹੇਟ ਸਪੀਚ (ਨਫ਼ਰਤੀ-ਭਾਸ਼ਣਾਂ) ਦੇ ਅੰਕੜੇ ਪ੍ਰਕਾਸ਼ਤ ਹੋਏ ਹਨ। ਇਸ ਵਕਤ ਤੇਤੀ (33) ਮੈਂਬਰ ਪਾਰਲੀਮੈਂਟ ਵਿੱਚੋਂ, ਜਿਨ੍ਹਾਂ 'ਤੇ ਨਫ਼ਰਤ ਦੇ ਕੇਸ ਚੱਲ ਰਹੇ ਹਨ, ਉਨ੍ਹਾਂ ਵਿੱਚੋਂ ਬਾਈ (22) ਸਿਰਫ਼ ਭਾਜਪਾ ਰਾਜ ਕਰਦੀ ਪਾਰਟੀ ਨਾਲ ਸੰਬੰਧਤ ਹਨ। ਉਹ ਨਫ਼ਰਤ ਸਪੀਚਾਂ ਨਾਲ ਆਪਣਾ ਕੰਮ ਸਾਰ ਲੈਂਦੇ ਹਨ। ਬਾਅਦ ਵਿੱਚ ਸਭ ਨੂੰ ਬਰੀ ਕਰਾ ਲਿਆ ਜਾਂਦਾ ਹੈ। ਇਸ ਕੰਮ ਬਦਲੇ ਜੱਜਾਂ ਨੂੰ ਤਰੱਕੀ, ਕਮਿਸ਼ਨ ਤੋਂ ਇਲਾਵਾ ਰਾਜ ਸਭਾ ਦੀ ਕੁਰਸੀ ਤੱਕ ਦਿੱਤੀ ਜਾਂਦੀ ਹੈ। ਇਸ ਸਭ ਕਾਸੇ ਦੇ ਬਾਵਜੂਦ ਸਰਕਾਰ ਇਮਾਨਦਾਰ ਦੀ ਇਮਾਨਦਾਰ ਰਹਿੰਦੀ ਹੈ ਅਤੇ ਈਮਾਨਦਾਰੀ ਦਾ ਢੰਡੋਰਾ ਲਗਾਤਾਰ ਪਿੱਟਦੀ ਰਹਿੰਦੀ ਹੈ। ਇਹ ਸਭ ਉਦੋਂ ਤਕ ਚਲਦਾ ਅਤੇ ਹੁੰਦਾ ਰਹੇਗਾ, ਜਦ ਤੱਕ ਅਜਿਹੇ ਫੋਕੇ ਨਾਅਰਿਆਂ ਤੋਂ ਦੁਖੀ ਲੋਕ ਰਲ ਕੇ ਲੜਨ ਲਈ ਇੱਕ ਪਰਵਾਰ ਦੀ ਸ਼ਕਲ ਅਖਤਿਆਰ ਨਹੀਂ ਕਰਨਗੇ, ਜਿਉਂ-ਜਿਉਂ ਵੀਹ ਸੌ ਚੌਵੀ ਨੇੜੇ ਅਤੇ ਹੋਰ ਨੇੜੇ ਆ ਰਿਹਾ ਹੈ। ਮੌਜੂਦਾ ਸਰਕਾਰ ਨੇ ਆਪਣੀਆਂ ਸਾਰੀਆਂ ਸਰਕਾਰੀ ਅਤੇ ਗੈਰ ਸਰਕਾਰੀ ਏਜੰਸੀਆਂ ਦਾ ਸਹਾਰਾ ਲੈ ਕੇ ਵਿਰੋਧੀਆਂ 'ਤੇ ਵਾਰ ਕਰਨੇ ਸ਼ੁਰੂ ਕਰ ਦਿੱਤੇ ਹਨ। ਨਮੂਨੇ ਲਈ ਆਪ ਆਦਮੀ ਪਾਰਟੀ, ਜੋ ਕਦੇ ਮੈਂ ਨਾ ਮਾਨੂੰ ਰੱਟ ਲਾ ਰਹੀ ਸੀ, ਦੇ ਇੱਕ ਹੋਰ ਵੱਡੇ ਨੇਤਾ ਜੋ ਰਾਜ ਸਭਾ ਵਿੱਚ ਇਸ ਵਕਤ ਆਪਣੀ ਪਾਰਟੀ ਦੇ ਨੇਤਾ ਹਨ, ਈ ਡੀ ਰਾਹੀਂ ਗ੍ਰਿਫ਼ਤਾਰ ਕਰਾ ਕੇ ਉਸ ਦਾ ਪੰਜ ਦਿਨ ਦਾ ਰਿਮਾਂਡ ਹਾਸਲ ਕਰ ਲਿਆ। ਵੀਹ ਸੌ ਚੌਵੀ ਚੋਣਾਂ 'ਚ ਮੌਜੂਦਾ ਸਰਕਾਰ ਨੂੰ ਭਜਾਉਣ ਲਈ ਇੰਡੀਆ ਨਾਂਅ ਦਾ ਇੱਕ ਵੱਡਾ ਗੱਠਜੋੜ ਬਣ ਚੁੱਕਾ ਹੈ। ਸਾਨੂੰ ਸਭ ਨੂੰ ਆਪਸੀ ਮੱਤ ਭੇਦ-ਭੁਲਾ ਕੇ ਉਸ ਗੱਠਜੋੜ ਦੀ ਮਦਦ ਕਰਨੀ ਚਾਹੀਦੀ ਹੈ। ਜੋ ਪੰਜਾਬ 'ਚ ਇਸ ਵਕਤ ਦੋ ਪਾਰਟੀਆਂ ਵਿੱਚ ਚੱਲ ਰਿਹਾ ਹੈ, ਇਹ ਸਭ ਵੀ ਵੀਹ ਸੌ ਚੌਵੀ ਦੀਆਂ ਚੋਣਾਂ ਆਉਣ ਤੱਕ ਖ਼ਤਮ ਹੋ ਜਾਵੇਗਾ ਜਾਂ ਉਹ ਪਾਰਟੀ ਖ਼ਤਮ ਹੋ ਜਾਵੇਗੀ, ਜੋ ਇੰਡੀਆ ਗਠਜੋੜ ਦੀ ਭਾਵਨਾ ਦਾ ਸਤਿਕਾਰ ਨਹੀਂ ਕਰੇਗੀ।

**# ਸੰਪਰਕ : 98721-65741**

# ਸ਼ਬਦਾਂ ਦੀ ਸਦੀਵਤਾ-3

ਲੋਕਾਂ ਦੀ ਗੱਲ

**ਹਰਜਿੰਦਰ ਸਿੰਘ ਅਟਵਾਲ (ਡਾ.)**

ਮੱਧਕਾਲ ਦੀ ਭਗਤੀ ਲਹਿਰ ਦੇ ਸੰਤ ਕਬੀਰ ਤੋਂ ਬਾਅਦ ਗੁਰੂ ਰਵਿਦਾਸ ਵੱਡੇ ਸੰਤ ਅਤੇ ਕਵੀ ਇਸ ਲਹਿਰ ਨੂੰ ਅੱਗੇ ਤੋਰਦੇ ਹਨ। ਸੰਤ ਕਬੀਰ ਜਿਸ ਸਮਾਜਿਕ ਬਰਾਬਰੀ ਵਾਲੀ ਰਹਿਤਲ ਦੀ ਗੱਲ ਕਰਦੇ ਹਨ- ਹਰ ਪੱਧਰ 'ਤੇ ਸਮਾਜਿਕ ਬਰਾਬਰੀ ਵਾਲਾ ਇੱਕ ਮੁਆਸਿਰਾ ਉਸਾਰਨ ਦੀ ਵਿਉਂਤ ਬਣਾਉਂਦੇ ਹਨ, ਉਸ ਦਾ ਸੰਕਲਪ ਗੁਰੂ ਰਵਿਦਾਸ ਦੇ ਇਹਨਾਂ ਬੋਲਾਂ (ਸ਼ਬਦਾਂ) ਰਾਹੀਂ ਉਜਾਗਰ ਹੁੰਦਾ ਹੈ :

ਬੇਗਮਪੁਰਾ ਸਹਰ ਕੋ ਨਾਉ।
ਦੂਖੁ ਅੰਦੋਹੁ ਨਹੀ ਤਿਹਿ ਠਾਉ।

ਗੁਰੂ ਰਵਿਦਾਸ ਦੇ 'ਬੇਗਮਪੁਰਾ' ਵਾਲੇ ਸੰਕਲਪ ਦੀ ਪੂਰਤੀ ਜੇ ਅੱਜ ਤੱਕ ਵੀ ਨਹੀਂ ਹੋ ਸਕੀ ਤਾਂ ਇਸ ਸਾਰੇ ਬਾਰੇ ਗੰਭੀਰ ਵਿਚਾਰ-ਚਰਚਾ ਕਰਨ ਦੀ ਜ਼ਿੰਮੇਵਾਰੀ ਸਾਡੇ ਚਿੰਤਕਾਂ ਦੀ ਬਣਦੀ ਹੈ, ਜੋ ਭਗਤੀ ਲਹਿਰ ਦੇ ਸਮਾਜਿਕ ਪ੍ਰਸੰਗਾਂ ਦਾ ਲੇਖਾ-ਜੋਖਾ ਕਰਦਿਆਂ ਇਹ ਜ਼ਿੰਮੇਵਾਰੀ ਨਿਭਾਅ ਸਕਦੇ ਸਨ/ਹਨ।

ਭਗਤੀ ਲਹਿਰ ਮੁੱਖ ਤੌਰ 'ਤੇ ਹਿੰਦੋਸਤਾਨ ਦੇ ਉੱਤਰੀ ਖਿੱਤੇ ਨੂੰ ਆਪਣੀਆਂ ਸਰਗਰਮੀਆਂ ਦਾ ਕੇਂਦਰ ਬਣਾਉਂਦੀ ਹੈ। ਪੰਦਰਵੀਂ ਸਦੀ ਦੇ ਸੱਤਵੇਂ-ਅੱਠਵੇਂ ਦਹਾਕੇ ਵਿੱਚ ਪੰਜਾਬ ਵਿੱਚ ਪ੍ਰਚੱਲਤ ਸਮਾਜਿਕ/ ਰਾਜਨੀਤਕ/ ਸੱਭਿਆਚਾਰਕ ਵਰਤਾਰੇ ਨੂੰ ਸੁਆਲਾਂ ਦੇ ਘੇਰੇ ਵਿੱਚ ਲਿਆ ਜਾਂਦਾ ਹੈ। ਇਸ ਸਾਰੇ ਵਰਤਾਰੇ ਉੱਪਰ ਮੁੱਖ ਤੌਰ 'ਤੇ ਬ੍ਰਾਹਮਣੀ ਸੱਭਿਆਚਾਰ ਹੀ ਭਾਰੂ ਹੁੰਦਾ ਹੈ, ਜੋ ਮਨੂੰ ਸਮਰਿਤੀ ਦੇ ਘੜੇ ਕਾਨੂੰਨਾਂ ਅਨੁਸਾਰ ਸਦੀਆਂ ਤੋਂ ਪ੍ਰਚੱਲਤ ਰਵਾਇਤਾਂ ਨੂੰ ਇੰਨ-ਬਿੰਨ ਜਾਰੀ ਰੱਖ ਕੇ ਵਰਣ-ਆਸ਼ਰਮ ਵਾਲੀ ਸਮਾਜਿਕ ਵੰਡ (ਗੈਰ-ਕੁਦਰਤੀ) ਨੂੰ ਜਾਰੀ ਰੱਖਣ ਅਤੇ ਉਸ ਵੰਡ ਵਿਚਲੇ ਇੱਕ ਵਰਗ (ਬ੍ਰਾਹਮਣ) ਦੀ ਸਰਬਉੱਚਤਾ ਨੂੰ ਕਾਇਮ ਰੱਖਣ ਲਈ ਹਰ ਹਰਬਾ ਵਰਤ ਰਿਹਾ ਹੁੰਦਾ ਹੈ ਪਰ ਗੁਰੂ ਨਾਨਕ ਦੀ ਆਮਦ ਨਾਲ ਉਸ ਵਿਵਸਥਾ ਦੇ ਵਰਤਾਰੇ ਨੂੰ ਭਗਤੀ ਲਹਿਰ ਵਾਲੇ ਆਗੂਆਂ/ਕਵੀਆਂ ਵਾਂਗ ਇੱਕ ਵਾਰ ਫਿਰ ਸੁਆਲਾਂ ਦੇ ਘੇਰੇ ਵਿੱਚ ਲਿਆਂਦਾ ਜਾਂਦਾ ਹੈ, ਜੋ ਇਸ ਵਿਵਸਥਾ ਵਿੱਚ ਸਦੀਆਂ ਤੋਂ ਚਲੀਆਂ ਆ ਰਹੀਆਂ ਰਵਾਇਤਾਂ ਨੂੰ ਤਰਕਮਈ ਢੰਗ ਨਾਲ ਸੁਆਲਾਂ ਦੇ ਘੇਰੇ ਵਿੱਚ ਤਾਂ ਲਿਆਉਂਦੀ ਹੀ ਹੈ, ਨਾਲ ਹੀ ਆਪਣੇ ਤਰਕ ਦੇ ਆਧਾਰ 'ਤੇ ਇੱਕ ਬਦਲਵਾਂ ਬਿਰਤਾਂਤ ਵੀ ਸਿਰਜਣ ਦਾ ਯਤਨ ਕਰਦੀ ਹੈ। ਧਰਤੀ, ਪਾਣੀ, ਆਕਾਸ਼, ਪਾਤਾਲ, ਹਵਾ ਆਦਿ ਬਾਰੇ ਪਹਿਲੇ ਸਾਰੇ ਬਿਰਤਾਂਤਾਂ ਨੂੰ ਗੁਰੂ ਨਾਨਕ ਵੱਲੋਂ ਤਿੱਖੇ ਸੁਆਲ ਖੜੇ ਕੀਤੇ ਜਾਂਦੇ ਹਨ ਜਿਸ ਨਾਲ ਸਦੀਆਂ ਤੋਂ ਚਲੀਆਂ ਆ ਰਹੀਆਂ ਜਾਂ ਇੱਕ ਵਰਗ ਵੱਲੋਂ ਚਲਾਈਆਂ ਜਾ ਰਹੀਆਂ ਮਾਨਤਾਵਾਂ ਨੂੰ ਗੁਰੂ ਨਾਨਕ ਤਰਕ ਦੇ ਹਥਿਆਰ ਨਾਲ ਇਸ ਢੰਗ ਨਾਲ ਵੰਗਾਰਦੇ ਹਨ ਕਿ ਆਮ ਬੰਦਾ ਵੀ ਇਸ ਤਰਕ ਨਾਲ ਸੋਚਣ ਲਈ ਮਜਬੂਰ ਹੁੰਦਾ ਹੈ। ਧਰਤੀ ਦਾ ਭਾਰ ਕਿਸੇ ਧੌਲ (ਬਲਦ) ਦੇ ਸਿੰਗਾਂ ਉੱਪਰ ਟਿਕੇ ਹੋਣ, ਸੂਰਜ, ਚੰਦਰ ਗ੍ਰਹਿਣ, ਪਾਤਾਲ-ਧਰਤੀ-ਆਕਾਸ਼ ਬਾਰੇ ਵੱਖ-ਵੱਖ ਤਰ੍ਹਾਂ ਦੇ ਵਹਿਮ-ਭਰਮ ਉਸਾਰੇ ਜਾ ਚੁੱਕੇ ਸਨ, ਜੋ ਭਾਵੇਂ ਉਸ ਸਮਾਜ ਦੇ ਇੱਕ ਸ਼ਾਤਰ ਵਰਗ ਵੱਲੋਂ ਆਪਣੇ ਵਰਗ ਦੀ ਸਰਬਉੱਚਤਾ ਕਾਇਮ ਕਰਨ ਹਿਤ ਹੀ ਪਰਪੰਚ ਰਚਿਆ ਗਿਆ ਸੀ, ਪਰ ਆਮ ਬੰਦਾ ਆਪਣਾ ਲੋਕ-ਪ੍ਰਲੋਕ ਬਚਾਉਣ ਹਿਤ ਇਸ ਮੱਕੜ ਜਾਲ ਵਿੱਚ ਇਸ ਤਰ੍ਹਾਂ ਫਸਿਆ ਸੀ ਕਿ ਉਸ ਨੂੰ ਆਪਣੀ ਮੁਕਤੀ ਉਸ ਵਹਿਮ-ਭਰਮ ਵਾਲੀ ਵਿਵਸਥਾ ਵਿੱਚ ਰਹਿ ਕੇ ਹੀ ਲੱਭਦੀ ਨਜ਼ਰ ਆਉਂਦੀ ਸੀ। ਉਸ ਵਿਵਸਥਾ ਦੇ ਸ਼ਾਤਰ ਵਰਗ ਵੱਲੋਂ ਇਹ ਮੱਕੜ ਜਾਲ ਇਸ ਤਰ੍ਹਾਂ ਉਸਾਰਿਆ ਗਿਆ ਸੀ ਕਿ ਉਸ ਦਾ ਵਿਰੋਧ ਕਰਨ ਵਾਲੇ ਵਿਅਕਤੀ/ਸੰਸਥਾ ਨੂੰ ਰੱਬੀ (ਦੈਵੀ) ਸ਼ਕਤੀ ਦੇ ਵਿਰੋਧ ਵਜੋਂ ਲਏ ਜਾਣ ਦਾ ਬਿਰਤਾਂਤ ਉਸਾਰ ਲਿਆ ਜਾਂਦਾ ਸੀ। ਇਸ ਸਥਿਤੀ ਨੂੰ ਜੇ ਅਜੋਕੇ ਸੰਦਰਭ ਵਿੱਚ ਸਮਝਣਾ ਹੋਵੇ ਤਾਂ ਜਿਵੇਂ ਅਜੋਕੀ ਹਾਕਮ ਧਿਰ ਆਪਣੀ ਮਰਜ਼ੀ ਹਿੱਤ ਲਿਆਂਦੇ/ਉਸਾਰੇ ਬਿਰਤਾਂਤ ਦਾ ਵਿਰੋਧ ਕਰਨ ਅਤੇ ਉਸ ਬਾਰੇ ਸੁਆਲ ਖੜੇ ਕਰਨ ਵਾਲੇ ਲੋਕਾਂ/ਸੰਸਥਾ ਨੂੰ ਦੇਸ਼ (ਰਾਸ਼ਟਰ) ਵਿਰੋਧ ਗਰਦਾਨਣ ਦਾ ਬਿਰਤਾਂਤ ਸਿਰਜਣ ਲਈ ਉਤਾਵਲੇ ਰਹਿੰਦੇ ਹਨ। ਇਹ ਵਰਤਾਰਾ ਉਸ ਸਮੇਂ ਦੇ ਸ਼ਾਤਰ ਹਾਕਮਾਂ ਸਮੇਂ ਵੀ ਪ੍ਰਚਲਤ ਰਿਹਾ। ਗੁਰੂ ਨਾਨਕ ਅਜਿਹੇ ਵਰਤਾਰੇ ਦੀਆਂ ਕਈ ਮਾਨਤਾਵਾਂ ਨੂੰ ਅਜਿਹੇ ਤਿੱਖੇ ਸੁਆਲ ਕਰਦੇ ਹਨ, ਜਿਸ ਨਾਲ ਹਾਕਮ ਧਿਰ ਅਸਹਿਜ ਹੁੰਦੀ ਹੈ ਅਤੇ ਅਜੋਕੇ ਹਾਕਮਾਂ ਵਾਂਗ ਹੀ ਸੁਆਲ ਖੜੇ ਕਰਨ ਵਾਲਿਆਂ ਨੂੰ ਸਜ਼ਾਵਾਂ ਵੀ ਦਿੰਦੀ ਹੈ। ਗੁਰੂ ਨਾਨਕ ਧਰਤੀ ਦਾ ਭਾਰ ਧੌਲ ਦੇ ਸਿੰਗਾਂ ਵਾਲੀ ਰਵਾਇਤੀ ਮਾਨਤਾ ਦੀ ਕਾਟ ਲਈ ਇੱਕ ਨਵਾਂ ਬਿਰਤਾਂਤ ਸਿਰਜਦੇ ਹਨ :

'ਧੌਲੁ ਧਰਮੁ ਦਇਆ ਕਾ ਪੂਤ'
ਸੰਤੋਖੁ ਥਾਪਿ ਰਖਿਆ ਜਿਨ ਸੂਤਿ॥

-0-

ਧਰਤੀ ਹੋਰ ਪਰੈ ਹੋਰੁ ਹੋਰੁ॥
ਤਿਸ ਤੇ ਭਾਰੁ ਤਲੈ ਕਵਣ ਜੋਰੁ॥

ਧਰਤੀ, ਹਵਾ, ਪਾਣੀ ਬਾਰੇ ਵੀ ਗੁਰੂ ਨਾਨਕ ਆਪਣਾ ਨਿਵੇਕਲਾ ਬਿਰਤਾਂਤ ਉਸਾਰਦੇ ਹਨ, ਜਿਸ ਨਾਲ ਕੁਦਰਤ ਦੇ ਇਹਨਾਂ ਅਮੁਲ ਖਜ਼ਾਨਿਆਂ ਦਾ ਮਹੱਤਵ ਉਜਾਗਰ ਹੁੰਦਾ ਹੀ ਹੈ, ਪਰ ਨਾਲ ਹੀ ਇਹਨਾਂ ਨੇਅਮਤਾਂ ਉੱਪਰ ਕਿਸੇ ਵਿਅਕਤੀ ਵਿਸ਼ੇਸ਼ ਜਾਂ ਸਮੂਹ ਦੇ ਅਧਿਕਾਰ ਦਾ ਦਾਅਵਾ ਵੀ ਖਾਰਜ ਹੁੰਦਾ ਹੈ :

'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ।'

ਰੁੱਤਾਂ, ਥਿਤਾਂ, ਦਿਨਾਂ, ਮਹੀਨਿਆਂ ਬਾਰੇ ਵੀ ਸਮਕਾਲੀ ਕਾਬਜ਼ ਹਾਕਮੀ ਧਿਰ ਵੱਲੋਂ ਆਪਣੇ ਨਿੱਜੀ ਹਿੱਤਾਂ ਦੀ ਪੂਰਤੀ ਅਤੇ ਆਮ ਲੋਕਾਂ ਦੀ ਲੁੱਟ ਲਈ ਕਈ ਅਜਿਹੇ ਬਿਰਤਾਂਤ ਸਿਰਜੇ ਜਾ ਚੁੱਕੇ ਸਨ ਕਿ ਫਲਾਂ ਦਿਨ-ਰੁੱਤ-ਸਮੇਂ ਨੂੰ ਇਹ ਕੰਮ ਕਰਨੇ ਹਨ-ਇਹ ਨਹੀਂ ਕਰਨੇ। ਗੁਰੂ ਨਾਨਕ ਆਪਣੇ ਬਾਰਾਂਮਾਹ (ਤੁਖਾਰੀ ਰਾਗ) ਵਿੱਚ ਰੁੱਤਾਂ-ਥਿੱਤਾਂ-ਮੌਸਮਾਂ ਆਦਿ ਬਾਰੇ ਕੁਦਰਤ ਦੇ ਪ੍ਰਸੰਗ ਵਿੱਚ ਰੱਖ ਕੇ ਅਜਿਹਾ ਨਵਾਂ ਬਿਰਤਾਂਤ ਉਸਾਰਦੇ ਹਨ, ਜੋ ਪਹਿਲਾਂ ਤੋਂ ਪ੍ਰਚੱਲਤ ਰਵਾਇਤਾਂ ਨੂੰ ਸਿਰ ਭਾਰ ਖੜਾ ਕਰਦਾ ਹੈ। ਗੁਰੂ ਨਾਨਕ ਬਾਰਾਂਮਾਹ ਵਿੱਚ ਬਾਰਾਂ ਮਹੀਨਿਆਂ, ਵੱਖ-ਵੱਖ ਰੁੱਤਾਂ ਆਦਿ ਬਾਰੇ ਭਰਪੂਰ ਚਰਚਾ ਕਰਨ ਉਪਰੰਤ ਤੁਖਾਰੀ ਰਾਗ ਦੇ ਅਠਾਰਵੇਂ ਛੰਦ ਵਿੱਚ ਅਜਿਹਾ ਤੋੜਾ ਝਾੜਦੇ ਹਨ ਕਿ ਆਮ ਬੰਦਾ ਹਰ ਦਿਨ ਮੌਸਮ-ਰੁੱਤ ਆਦਿ ਨੂੰ ਕੁਦਰਤ ਦੀ ਨੇਅਮਤ ਵਜੋਂ ਹੀ ਸਵੀਕਾਰ ਕਰਨ ਲਈ ਤਿਆਰ ਹੋ ਜਾਂਦਾ ਹੈ :

"ਬੇ ਦਸ ਮਾਹ ਰੁਤੀ ਥਿਤੀ ਵਾਰ ਭਲੇ"

ਉਸ ਸਮੇਂ ਬ੍ਰਾਹਮਣੀ ਸੋਚ ਨੂੰ ਪ੍ਰਣਾਏ ਹਰ ਆਮ-ਖਾਸ ਲਈ 'ਜਨੇਊ' ਪਾਉਣ ਦੀ ਰਸਮ ਬਹੁਤ ਮਹੱਤਵਪੂਰਨ ਸੀ, ਜਿਸ ਨੂੰ ਧਾਰਨ ਕਰਨ ਨਾਲ ਹੀ ਕੋਈ ਵਿਅਕਤੀ ਸਿੱਕੇਬੰਦ 'ਹਿੰਦੂ' ਪ੍ਰਵਾਨ ਹੋ ਸਕਦਾ ਸੀ। ਗੁਰੂ ਨਾਨਕ ਦਾ ਜਨਮ ਭਾਵੇਂ ਹਿੰਦੂ ਪਰਵਾਰ (ਖੱਤਰੀ) ਵਿੱਚ ਹੋਇਆ ਸੀ, ਪਰ ਉਹ ਬ੍ਰਾਹਮਣ ਵੱਲੋਂ ਤਿਆਰ ਕੀਤੇ ਸੂਤੀ ਧਾਗੇ ਦੇ ਜਨੇਊ ਦੀ ਥਾਂ ਜਨੇਊ ਦਾ ਇੱਕ ਵਿਹਾਰਕ ਅਤੇ ਤਰਕਮਈ ਬਿਰਤਾਂਤ ਉਸਾਰਦੇ ਹਨ :

'ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥'

ਇਸੇ ਤਰ੍ਹਾਂ ਹੋਰ ਅਨੇਕ ਵਹਿਮਾਂ-ਭਰਮਾਂ ਬਾਰੇ ਰਵਾਇਤੀ ਬਿਰਤਾਂਤਾਂ ਨੂੰ ਰੱਦ ਕਰਕੇ ਆਪਣਾ ਤਰਕਮਈ ਅਤੇ ਵਿਹਾਰਕ ਬਿਰਤਾਂਤ ਉਸਾਰਨ ਲਈ ਅਜਿਹਾ ਸ਼ਬਦ ਸੰਸਾਰ ਉਸਾਰਦੇ ਹਨ, ਜੋ ਅੱਜ ਪੰਜ ਸਦੀਆਂ ਬੀਤ ਜਾਣ ਤੋਂ ਬਾਅਦ ਵੀ ਪ੍ਰਸੰਗਿਕ ਲੱਗਦਾ ਹੈ। ਹਿੰਦੁਸਤਾਨ ਉੱਪਰ ਬਾਬਰ ਦੀ 'ਪਾਪ ਕੀ ਜੰਞ' ਵਾਲੇ ਹਮਲੇ ਬਾਰੇ ਵੀ ਗੁਰੂ ਨਾਨਕ ਜਿਸ ਦਲੇਰੀ ਅਤੇ ਹਿੰਮਤ ਨਾਲ ਇੱਕ ਨਰੋਆ ਬਿਰਤਾਂਤ ਸਿਰਜਦੇ ਹਨ, ਉਸ ਦੇ ਸ਼ਬਦ/ਬੋਲ ਅੱਜ ਵੀ ਉਹੋ ਜਿਹੇ ਸੰਕਟਮਈ ਸਮਿਆਂ ਵਿੱਚ ਹਰ ਹਸਾਸ ਮਨੁੱਖ ਨੂੰ ਪ੍ਰੇਰਦੇ ਵੀ ਹਨ, ਉਸ ਦਾ ਅਜਿਹੇ ਸੰਕਟਾਂ ਦੇ ਦੌਰ ਵਿੱਚ ਸਹਾਰਾ ਵੀ ਬਣਦੇ ਹਨ ਅਤੇ ਬਹੁਤੀ ਵਾਰ ਉਸ ਦਾ ਰਾਹ-ਦਸੇਰਾ ਵੀ ਬਣਦੇ ਆ ਰਹੇ ਹਨ।

**ਸੰਪਰਕ : 98721-73475**

# ਜਲਗਾਹਾਂ: ਧਰਤੀ ਦੀਆਂ ਸਾਹ ਰਗਾਂ ਹਨ

*ਵਾਤਾਵਰਣ, ਪਾਣੀ ਦੀ ਗੁਣਤਾ, ਜਲ-ਚੱਕਰ ਪ੍ਰਣਾਲੀ ਅਤੇ ਜੀਵਨ-ਚੱਕਰ ਦੀ ਨਿਰੰਤਰਤਾ ਵਿੱਚ ਜਲਗਾਹਾਂ ਦਾ ਅਹਿਮ ਕਾਰਜ ਹੈ। ਇਹ ਜੀਵ-ਵਿਭਿੰਨਤਾ ਨੂੰ ਬਰਕਰਾਰ ਤੇ ਸਾਵਾਂ ਰੱਖਣ ਅਤੇ ਸੰਭਾਲਣ ਵਿੱਚ ਅਹਿਮ ਰੋਲ ਨਿਭਾਉਂਦੀਆਂ ਹਨ। ਇਹ ਧਰਤੀ ਦੀ ਸਾਹ-ਰਗ ਹਨ। ਕੁਦਰਤੀ ਛੰਭ ਦੀ ਮੌਤ ਇਕ ਖ਼ੌਫ਼ਨਾਕ ਵਰਤਾਰਾ ਹੈ, ਇਹੀ ਉਹ ਗੱਲ ਹੈ, ਜਿਹੜੀ ਸਾਡੇ ਪੱਲੇ ਨਹੀਂ ਪੈਂਦੀ।*

ਪੌਣ-ਪਾਣੀ ਧਰਤੁ

**ਵਿਜੈ ਬੰਬੇਲੀ**

ਅਫਸੋਸ! ਸਾਨੂੰ ਬਹੁਤਿਆਂ ਨੂੰ ਛੰਭਾਂ ਅਰਥਾਤ ਜਲਗਾਹਾਂ ਬਾਰੇ ਨਹੀਂ ਪਤਾ। ਇਸ ਦੀ ਮਹੱਤਤਾ ਅਤੇ ਮਨੁੱਖ ਨੂੰ ਦੇਣ ਬਾਰੇ ਤਾਂ ਬਿਲਕੁਲ ਹੀ ਨਹੀਂ। ਇਸੇ ਕਰਕੇ ਛੰਭਾਂ, ਜਿਹੜੀਆਂ, ਇਸ ਧਰਤੀ 'ਤੇ ਮਨੁੱਖ ਅਤੇ ਕੁਦਰਤ ਦੋਵਾਂ ਲਈ ਬਰਸਾਤੀ ਜੰਗਲਾਂ ਤੋਂ ਬਾਅਦ ਦੂਸਰਾ ਸਭ ਤੋਂ ਉਪਜਾਊ ਵਾਤਾਵਰਣ ਪ੍ਰਬੰਧ ਹਨ, ਜੰਗਲਾਂ ਵਾਂਗ ਹੀ ਬੜੀ ਤੇਜ਼ੀ ਨਾਲ ਅਲੋਪ ਹੋ ਰਹੀਆਂ ਹਨ, ਉਹ ਵੀ ਬਿਨਾਂ ਕਿਸੇ ਰੌਲੇ-ਰੱਪੇ ਜਾਂ ਵਿਰੋਧ ਦੇ। ਮੈਂ ਚਾਹੁੰਦਾ ਹਾਂ, ਇਹਨਾਂ ਬਾਰੇ ਕਿਸੇ ਸਕੂਲ ਮਾਸਟਰ ਵਾਂਗ ਤੁਹਾਡੇ ਨਾਲ ਗੱਲਾਂ ਕਰਾਂ।

ਸੰਖੇਪ ਵਿਆਖਿਆ : ਝੀਲਾਂ, ਨਦੀਆਂ, ਦਰਿਆ, ਸਾਗਰ ਤੇ ਸਮੁੰਦਰ, ਬਰਫ ਅਤੇ ਗਲੇਸ਼ੀਅਰ ਆਦਿ ਪਾਣੀ ਦੇ ਭਿੰਨ-ਭਿੰਨ ਸੋਮੇ ਹਨ। ਜ਼ਮੀਨਦੋਜ਼ ਪਾਣੀ ਨੂੰ ਵੀ ਸ਼ੁਧ ਜਲ ਸੋਮਾ, ਜਿਹੜਾ ਹੁਣ ਰਿਹਾ ਨਹੀਂ, ਮੰਨਿਆ ਜਾਂਦਾ ਹੈ। ਇਹਨਾਂ ਸਾਰਿਆ ਦਾ ਮੂਲ ਸਰੋਤ ਵਰਖਾ ਹੈ। ਇਸ ਵਿੱਚ ਟੋਬਿਆਂ, ਤਲਾਬਾਂ, ਜਲ-ਕੁੰਡਾਂ ਅਤੇ ਦਲਦਲਾਂ-ਛੰਭਾਂ, ਜਿਹਨਾਂ ਨੂੰ ਅਕਸਰ ਜਲਗਾਹ ਆਖਿਆ ਜਾਂਦਾ ਹੈ, ਨੂੰ ਵੀ ਸ਼ੁਮਾਰ ਕੀਤਾ ਜਾ ਸਕਦਾ ਹੈ।

ਮਿੱਟੀ ਤੇ ਪਾਣੀ ਦੇ ਜਮ੍ਹਾਂ-ਜੋੜ ਜਾਂ ਸੰਜੋਗ ਨਾਲ ਬਣੀ ਇਸ ਵਿਸ਼ੇਸ ਵਾਤਾਵਰਣੀ ਪ੍ਰਣਾਲੀ ਨੂੰ 'ਸਿੱਲ੍ਹੀ ਮਿੱਟੀ' ਜਾਂ 'ਵੈੱਟ ਲੈਂਡ' ਵੀ ਕਿਹਾ ਜਾਂਦਾ ਹੈ। ਪੰਜਾਬ ਵਿੱਚ ਵੱਖ-ਵੱਖ ਥਾਵੀਂ ਇਸ ਨੂੰ 'ਦਲਦਲ', 'ਸਲ੍ਹਾਬੀ ਧਰਤੀ', 'ਜਿਲ੍ਹਣ', 'ਝੰਬ', 'ਨਮ ਧਰਤੀ' ਤੇ 'ਛੰਭ' ਦੇ ਨਾਂਅ ਨਾਲ ਜਾਣਿਆਂ ਜਾਂਦਾ ਹੈ, ਪਰ ਵਗਦੇ ਪਾਣੀ ਤਹਿਤ ਬਣੀ ਵੱਡੀ ਦਲਦਲ ਦਾ ਪ੍ਰਵਾਨਤ ਨਾਂਅ 'ਜਲਗਾਹ' ਹੈ, ਜਿਸ ਦੀ ਜੀਵੰਤ ਸੰਸਾਰ ਵਿੱਚ ਬੜੀ ਅਹਿਮੀਅਤ ਹੈ।

ਜਲ ਵਿਗਿਆਨ ਅਨੁਸਾਰ 'ਜਲਗਾਹ ਜਾਂ ਨਮ ਸਥਲ ਉਹ ਨੀਵਾਂ ਸਥਾਨ ਹੈ, ਜਿਥੇ ਪਾਣੀ ਦਾ ਸਤਰ ਉੱਚਾ ਹੋਣ ਕਰਕੇ ਜਾਂ ਜਮ੍ਹਾਂ ਹੋਣ ਕਰਕੇ ਖਾਸ ਸਮੇਂ ਤੱਕ ਜਾਂ ਸਾਰਾ ਸਾਲ ਖੜ੍ਹਾ ਰਹਿੰਦਾ ਹੈ ਜਾਂ ਉਥੇ ਦੀ ਜ਼ਮੀਨ ਸਦਾ ਤਰ ਰਹਿੰਦੀ ਹੈ। ਪ੍ਰਭਾਵਸ਼ਾਲੀ ਦਲਦਲ ਉਹ ਹੈ, ਜਿਥੋਂ ਦੀ ਚਿੱਕੜ ਵਾਲੀ ਸਬਜ਼ ਦਲਦਲੀ ਭੂਮੀ 'ਤੇ 20 ਫੁੱਟ ਤੋਂ ਘੱਟ ਡੂੰਘਾਈ ਤੱਕ ਪਾਣੀ ਖੜ੍ਹਾ ਰਹੇ, ਅਜਿਹਾ ਭਾਵੇਂ ਕੁਦਰਤੀ ਹੋ ਰਿਹਾ ਹੋਵੇ ਜਾਂ ਮਸਨੂਈ ਟੋਇਆਂ-ਬੰਨ੍ਹਾਂ ਕਰਕੇ।'

ਸੰਸਾਰ ਪੱਧਰ 'ਤੇ ਵੀ ਕੁਦਰਤੀ ਤੌਰ 'ਤੇ ਸਥਾਈ ਦਲਦਲ ਜਾਂ ਹੁਣ ਬਣਾਉਟੀ ਤੌਰ 'ਤੇ ਆਰਜ਼ੀ ਜਲ ਭਰਪੂਰ ਖੇਤਰ ਨੂੰ ਜਲਗਾਹ (ਨੈਚੂਰਲ ਔਰ ਆਰਟੀਫੀਸ਼ੀਅਲ ਵੈੱਟ ਲੈਂਡ) ਕਿਹਾ ਜਾਂਦਾ ਹੈ। ਪਿੰਡਾਂ ਵਿੱਚ ਲਬਾਲਬ ਤੇ ਸਬਜ਼ ਛੱਪੜ ਵੀ ਇਸ ਦੀ ਇੱਕ ਸੀਮਤ ਵੰਨਗੀ ਹੈ। ਅਜਿਹੇ ਖਿੱਤੇ ਵਿੱਚ ਜਲ ਖੜੋਤਾ ਵੀ ਹੋ ਸਕਦਾ ਹੈ ਅਤੇ ਵਗਦਾ ਵੀ, ਜਲਗਾਹ ਦਾ ਪਾਣੀ ਖਾਰਾ ਵੀ ਹੋ ਸਕਦਾ ਹੈ ਜਾਂ ਤਾਜ਼ਾ ਵੀ। ਇਸ ਦਾ ਸਰੋਤ ਵਰਖਾ ਵੀ ਹੋ ਸਕਦੀ ਹੈ ਅਤੇ ਜਲ-ਵਹਿਣ ਤੇ ਦਰਿਆ ਵੀ।

ਧਰਤੀ ਦੇ ਸਤਹੀ ਖੇਤਰ ਦਾ ਕਰੀਬ 6 ਫੀਸਦੀ ਹਿੱਸਾ ਜਲਗਾਹਾਂ ਹੇਠ ਹੈ। ਭਾਰਤ ਦਾ ਕਰੀਬ 41 ਲੱਖ ਹੈਕਟੇਅਰ ਖੇਤਰ ਦਲਦਲ ਜਾਂ ਜਲਗਾਹ ਥੱਲੇ ਹੈ। ਸਾਡੇ ਪੰਜਾਬ ਰਾਜ, ਜਿਸ ਦੇ ਹਿੱਸੇ ਹੁਣ ਸਿਰਫ ਦੋ-ਢਾਈ ਦਰਿਆ ਹਨ, ਦਾ ਤਕਰੀਬਨ 23 ਹਜ਼ਾਰ ਹੈਕਟੇਅਰ ਰਕਬਾ ਜਲਗਾਹਾਂ ਹੇਠ ਸੀ/ ਹੈ। ਮੁੱਖ ਦਰਿਆਵਾਂ ਸਤਲੁਜ ਅਤੇ ਬਿਆਸ ਦੀ ਪੰਜਾਬ ਵਿੱਚਲੀ ਲੰਬਾਈ ਮਹਿਜ਼ ਡੇਢ ਕੁ ਹਜ਼ਾਰ ਕਿਲੋਮੀਟਰ ਹੈ ਅਤੇ ਇਸ ਵਿੱਚ ਵਗਦੀਆਂ ਤਾਅ-ਨਹਿਰਾਂ, ਕੱਚੀਆਂ-ਪੱਕੀਆਂ ਦੀ ਕੁੱਲ ਲੰਬਾਈ ਤਕਰੀਬਨ ਦਸ ਹਜ਼ਾਰ ਕਿਲੋਮੀਟਰ। ਪੰਜਾਬ ਦੇ ਛੋਟੇ-ਵੱਡੇ ਕੁਦਰਤੀ ਜਲ ਵਹਿਣ, ਜਿਹੜੇ ਹੁਣ ਮਰ-ਮੁੱਕ ਰਹੇ ਹਨ ਅਤੇ ਕੱਚੇ ਤਲ ਵਾਲੀਆਂ ਕੱਸੀਆਂ-ਨਹਿਰਾਂ ਹੀ ਸਾਡੀਆ ਦਲਦਲਾਂ ਅਤੇ ਜਲਗਾਹਾਂ ਦਾ ਸਰੋਤ ਹਨ।

ਪੰਜਾਬ ਰਾਜ ਦੇ ਜੰਗਲ-ਬੇਲੇ, ਜਲ ਸੋਮੇ ਅਤੇ ਜਲਗਾਹਾਂ, ਇਸ ਸੂਬੇ ਦੀ ਵਾਤਾਵਰਣੀ ਪ੍ਰਣਾਲੀ ਦਾ ਬੇਹੱਦ ਸਿਫਤੀ ਅੰਗ ਹਨ। ਸਾਡੀ ਜੀਵ-ਵਿਭਿੰਨਤਾ ਇਸੇ ਵਾਤਾਵਰਣੀ ਪ੍ਰਣਾਲੀ ਸਦਕਾ ਹੈ। ਪੰਜਾਬ ਵਿੱਚ 1879 ਕਿਸਮਾਂ ਦੇ ਫੁੱਲਾਂ ਵਾਲੇ ਮੂਲ ਪੌਦੇ, 328 ਨਸਲਾਂ ਦੇ ਜੀਵ, 201 ਕਿਸਮ ਦੇ ਵਿਦੇਸ਼ੀ ਪੌਦੇ, 116 ਕਿਸਮ ਦੇ ਜਲਚਰ ਅਤੇ ਰੀਂਘਣ ਵਾਲੇ ਜੀਵ, 38 ਕਿਸਮਾਂ ਦੇ ਦੁਧਾਧਾਰੀ ਜੀਵ, 20 ਤਰ੍ਹਾਂ ਦੇ ਕੋਨੀਫ਼ਰਜ਼, 6 ਟਾਈਪ ਦੇ ਫ਼ਰਨ ਤੇ ਮੌਸਜ਼ ਹਨ। ਘਾਹ ਤੋਂ ਲੈ ਕੇ ਵਿਸ਼ਾਲ ਬੋਹੜ ਵਰਗੇ ਦਰੱਖਤ, ਸੂਖਮ ਜੀਵ ਤੋਂ ਲੈ ਕੇ ਧੜਵੈਲ ਜਾਨਵਰ ਤੱਕ ਅਤੇ ਜਲਗਾਹਾਂ 'ਚ ਪਨਪਦੀ ਬਨਸਪਤੀ ਅਤੇ ਰੈਣ-ਬਸੇਰਾ ਕਰਦੇ ਜਨੌਰ ਤੱਕ ਸਾਡੇ ਵਾਤਾਵਰਣ ਨੂੰ ਸਾਫ਼-ਸਾਵਾਂ ਰੱਖਣ ਲਈ ਬਹੁਤ ਸਿਫ਼ਤੀ ਹਿੱਸਾ ਪਾਉਂਦੇ ਹਨ।

ਇਹ ਪੌਦਿਆਂ ਅਤੇ ਦੇਸੀ ਜੀਵਾਂ ਦੀ ਸਥਾਈ ਅਤੇ ਪ੍ਰਵਾਸੀ ਪੰਛੀਆਂ ਦੀ ਆਰਜ਼ੀ ਜਾਂ ਮੌਸਮੀ ਤੇ ਜਣਨ-ਪ੍ਰਜਣਨ ਹਿੱਤ ਸੁਰੱਖਿਅਤ ਪਨਾਹਗਾਹ ਸਾਬਤ ਹੁੰਦੀਆਂ ਹਨ। ਇਹੀ ਨਹੀਂ, ਪਾਣੀ ਦੀ ਗੁਣਤਾ ਨੂੰ ਸਹੀ ਰੱਖਣ, ਜਲ-ਚੱਕਰ ਪ੍ਰਣਾਲੀ ਅਤੇ ਜੀਵਨ-ਚੱਕਰ ਦੀ ਨਿਰੰਤਰਤਾ ਵਿੱਚ ਵੀ ਜਲਗਾਹਾਂ ਦਾ ਅਹਿਮ ਕਾਰਜ ਹੈ, ਜਿਹੜੀਆਂ ਜੀਵ-ਵਿਭਿੰਨਤਾ ਨੂੰ ਬਰਕਰਾਰ ਤੇ ਸਾਵਾਂ ਰੱਖਣ ਅਤੇ ਸੰਭਾਲਣ ਵਿੱਚ ਅਹਿਮ ਰੋਲ ਨਿਭਾਉਂਦੀਆਂ ਹਨ।

ਵਿਸ਼ਵ ਪੱਧਰ ਉੱਤੇ ਜਲਗਾਹਾਂ ਦੀ ਮਹੱਤਤਾ ਨੂੰ ਪਹਿਲੀ ਵਾਰ ਸੰਨ 1971 'ਚ ਈਰਾਨ ਦੇ ਪਿੰਡ ਰਾਮਸਰ ਵਿੱਚ ਹੋਈ ਵਿਸ਼ਵ ਪੱਧਰੀ ਕਨਵੈਨਸ਼ਨ ਵਿੱਚ ਸਵੀਕਾਰ ਕੀਤਾ ਗਿਆ। ਉਥੇ ਕਿਸੇ ਵੀ ਜਲਗਾਹ ਨੂੰ ਅੰਤਰਰਾਸ਼ਟਰੀ ਮਾਨਤਾ ਦੇਣ ਲਈ ਕੁਝ ਮਾਪਦੰਢ ਤੈਅ ਕੀਤੇ ਗਏ ਸਨ।

ਤੈਅ-ਸ਼ੁਦਾ ਨਿਯਮਾਂ ਅਨੁਸਾਰ ਸੰਨ 2001 ਤੱਕ ਸੰਸਾਰ ਪੱਧਰ 'ਤੇ 1072 ਜਲਗਾਹਾਂ, ਜਿਹਨਾਂ ਥੱਲੇ ਕਰੀਬ 8 ਕਰੋੜ ਹੈਕਟੇਅਰ ਤੋਂ ਕੁਝ ਵੱਧ ਰਕਬਾ ਸੀ, ਨੂੰ ਸੂਚੀਬੱਧ ਕੀਤਾ ਗਿਆ। ਆਸ ਰੱਖੀ ਗਈ ਸੀ ਕਿ ਸੰਨ 2005 ਤੱਕ ਇਹਨਾਂ ਦੀ ਸੰਖਿਆ 2000 ਤੋਂ ਟੱਪ ਜਾਵੇਗੀ, ਪਰ ਜਿਵੇ ਧੜਵੈਲ ਧਨ-ਕੁਬੇਰਾਂ ਵੱਲੋਂ ਕੁਦਰਤੀ ਸੋਮੇ ਨੱਪੇ ਜਾ ਰਹੇ ਹਨ, ਹਾਕਮ-ਜਮਾਤਾਂ ਕੁਦਰਤੀ ਸਾਵੇਂਪਣ ਪ੍ਰਤੀ ਅਚੇਤ-ਸੁਚੇਤ ਉਦਾਸੀਨ ਹਨ ਤੇ ਬੰਦੇ ਨੇ ਜਲ-ਵਹਿਣਾਂ ਨੂੰ ਜ਼ਹਿਰੀਲੇ ਸੀਵਰੇਜ ਬਣਾ ਦਿੱਤਾ ਗਿਆ ਹੈ। ਸੋ ਲੱਗਦਾ ਨਹੀਂ ਕਿ ਪਹਿਲੀ ਸੂਚੀ ਵੀ ਬਰਕਰਾਰ ਰਹੇਗੀ। ਇਹ ਹਾਲਤ ਵਿਕਸਤ ਜਾਂ ਪੱਛਮੀ ਦੇਸ਼ਾਂ ਦੀ ਬਜਾਏ ਸਾਮਰਾਜੀ ਨੀਤੀਆਂ ਕਾਰਨ ਥਰਡ ਵਰਲਡ ਕੰਟਰੀਜ਼ 'ਚ ਡੂੰਘੀ ਫ਼ਿਕਰਮੰਦੀ ਵਾਲੀ ਹੈ

ਸਾਡੀਆਂ ਜਲਗਾਹਾਂ: ਰਾਮਸਰ ਸੂਚੀ ਵਿੱਚ ਭਾਰਤ ਦੀਆਂ 8 ਪ੍ਰਮੁੱਖ ਜਲਗਾਹਾਂ ਨੂੰ ਦਰਜ ਕੀਤਾ ਗਿਆ, ਜਿਸ ਵਿੱਚ ਭਰਤਪੁਰ ਜਲਗਾਹ ਤੇ ਸਾਂਬਰ ਝੀਲ (ਰਾਜਸਥਾਨ), ਚਿਲਕਾ ਜਲਗਾਹ (ਉੜੀਸਾ), ਲੋਕਟੱਕ ਝੀਲ (ਮਨੀਪੁਰ), ਵੂਲਰ ਝੀਲ (ਜੰਮੂ-ਕਸ਼ਮੀਰ) ਅਤੇ ਪੰਜਾਬ ਦੀ ਹਰੀਕੇ ਜਲਗਾਹ, ਕਾਂਜਲੀ ਝੀਲ ਤੇ ਰੋਪੜ ਜਲਗਾਹ ਸ਼ੁਮਾਰ ਸਨ।

ਹੋਰ ਸਿੱਲ੍ਹੇ ਟੁਕੜੇ: ਪੰਜਾਬ ਨੇ ਕਰੀਬ 31 ਵਰਗ ਕਿਲੋਮੀਟਰ ਵਿੱਚ ਫੈਲੇ-ਪਸਰੇ 8 ਹੋਰ ਸਿੱਲ੍ਹੇ ਟੁਕੜਿਆ ਦੀ ਵੀ ਨਿਸ਼ਾਨਦੇਹੀ ਕੀਤੀ ਹੋਈ ਹੈ, ਜਿੱਥੇ ਬਹੁਵੰਨਗੀ ਬਨਸਪਤੀ ਅਤੇ ਜੈਵ-ਵਿਭਿੰਨਤਾ ਹੈ, ਜਿਹੜੇ ਕਿ ਅੰਮ੍ਰਿਤਸਰ, ਕਪੂਰਥਲਾ, ਹੁਸ਼ਿਆਰਪੁਰ, ਮੁਹਾਲੀ, ਸੰਗਰੂਰ, ਪਟਿਆਲਾ, ਮਾਨਸਾ, ਫਰੀਦਕੋਟ ਅਤੇ ਫਿਰੋਜ਼ਪੁਰ ਜ਼ਿਲ੍ਹਿਆਂ 'ਚ ਸਥਿਤ ਹਨ।

ਦਰਪੇਸ਼ ਖ਼ਤਰੇ: ਪੰਜਾਬ ਦੇ ਨਮ-ਸਥਲ ਅਤੇ ਬਹੁਤੀਆਂ ਜਲਗਾਹਾਂ ਜਲ-ਵਹਿਣਾਂ ਉੱਤੇ ਮੁਨੱਸਰ ਹਨ। ਇਹਨਾਂ ਮੌਸਮੀ ਤੇ ਸਦਾ-ਬਹਾਰ ਜਲ-ਵਹਿਣਾਂ ਅਤੇ ਨਦੀਆਂ ਨੂੰ ਲਾਗਲੇ ਸ਼ਹਿਰਾਂ ਦਾ ਸੀਵਰੇਜ ਅਤੇ ਉਦਯੋਗਾਂ ਦੀ ਜ਼ਹਿਰੀਲੀ ਵੇਸਟੇਜ ਦੇ ਨਿਕਾਸੀ-ਵਹਿਣ ਬਣਾ ਦਿੱਤਾ ਗਿਆ ਹੈ। ਭਿਆਨਕ ਸਿੱਟੇ ਸਭ ਦੇ ਸਾਹਮਣੇ ਹਨ। ਸਿੱਟੇ ਵਜੋਂ ਮਨੁੱਖ ਹੀ ਨਹੀਂ, ਸਮੁੱਚੀ ਕਾਇਨਾਤ ਅਤੇ ਜੈਵ-ਵਿਭਿੰਨਤਾ ਦੀਆਂ ਆਧਾਰਸ਼ਿਲਾ ਜਲਗਾਹਾਂ ਵੀ ਡੂੰਘੇ ਖ਼ਤਰੇ ਹੇਠ ਹਨ।

ਇੱਕ ਹੋਰ ਅਲਾਮਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਲਗਾਹਾਂ ਨੂੰ। ਉਹ ਹਨ, ਇਸ ਦੇ ਜਲ-ਸੰਗ੍ਰਹਿ ਖੇਤਰ ਦਾ ਬਾਹਰੋਂ ਆ ਰਹੇ ਮਾਦੇ ਨਾਲ ਦਿਨ-ਪ੍ਰਤੀ-ਦਿਨ ਭਰਪੂਰ ਹੋਈ ਜਾਣਾ। ਖੇਤੀਬਾੜੀ ਵੇਸਟੇਜ, ਕੂੜਾ-ਕਰਕਟ, ਜ਼ਹਿਰੀਲੇ ਫੋਕਟ ਪਦਾਰਥ, ਜਿਥੇ ਜ਼ਹਿਰੀਲੇ ਕਣ, ਜਿੱਥੇ ਜਲਗਾਹ ਤੇ ਜੈਵ ਵਿਭਿੰਨਤਾ ਦੇ ਖਾਤਮੇ ਦਾ ਕਾਰਨ ਬਣ ਰਹੇ ਹਨ, ਉਥੇ ਪਲਾਸਟਿਕ ਜਲ-ਚਰਾਂ ਦੇ ਢਿੱਡਾਂ ਵਿੱਚ ਜਾ ਰਿਹਾ ਹੈ, ਸਿੱਟਾ ਮੌਤ। ਜਿਹਨਾਂ ਹੋਰ ਕਾਰਨਾਂ ਕਰਕੇ ਜਲਗਾਹਾਂ ਮਰ-ਮੁੱਕ ਰਹੀਆਂ ਹਨ, ਉਹਨਾਂ ਵਿੱਚ ਜਲ-ਕੁੰਭੀ (ਵਾਟਰ ਹਾਇਸਿੰਥ) ਵੀ ਇੱਕ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Fatehpuri
ਸੰਪਾਦਕ : ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

8-Oct-Sunday.qxd 10/7/2023 9:16 PM Page 4



# ਅੱਧੀ ਸਦੀ ਦੇ ਸੂਹੇ-ਕਾਵਿ ਦਾ ਇਤਿਹਾਸਕ-ਸੱਭਿਆਚਾਰਕ ਸੰਦਰਭ

ਕਿਤਾਬ ਦੀ ਪਰਖ ਪੜਚੋਲ

ਡਾ. ਹਰਜਿੰਦਰ ਅਟਵਾਲ

## ਰਾਜਨੀਤਕ ਪੰਜਾਬੀ ਕਵਿਤਾ

**ਡਾ. ਸੁਰਿੰਦਰ ਗਿੱਲ**
**(1900-1950)**
**ਪੰਨੇ : 256, ਮੁੱਲ : 350 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**






ਪੰਜਾਬੀ ਕਵਿਤਾ ਦਾ ਇੱਕ ਵਿਸ਼ੇਸ਼ ਤੇ ਵਿਲੱਖਣ ਸੁਭਾਅ ਇਹ ਰਿਹਾ ਹੈ ਕਿ ਆਪਣੇ ਇਤਿਹਾਸਕ ਕਾਲ-ਕ੍ਰਮ ਦੀਆਂ ਰਾਜਨੀਤਕ/ਸੱਭਿਆਚਾਰਕ ਘਟਨਾਵਾਂ ਦਾ ਬਿਆਨ ਅਤੇ ਉਨ੍ਹਾਂ ਘਟਨਾਵਾਂ ਦੇ ਵਿਰੋਧ ਜਾਂ ਬਹੁਤੀ ਵਾਰੀ ਵਿਦਰੋਹ ਦੀ ਸੁਰ ਪੇਸ਼ ਕਰਦੀਆਂ ਸੁਰਾਂ ਮੁੱਖ ਤੌਰ 'ਤੇ ਪੇਸ਼ ਕਰਦੀ ਆ ਰਹੀ ਹੈ। ਰਾਜਨੀਤੀ ਲੰਮੇ ਸਮੇਂ ਤੋਂ ਲੋਕਾਈ ਨੂੰ ਪ੍ਰਭਾਵਤ ਵੀ ਕਰਦੀ ਆ ਰਹੀ ਹੈ ਅਤੇ ਲੋਕਾਈ ਨੂੰ ਪ੍ਰੇਰਤ ਵੀ ਕਰਦੀ ਰਹੀ ਹੈ। ਸਾਹਿਤ ਅਤੇ ਰਾਜਨੀਤਕ ਦਾ ਸੁਮੇਲ ਪੰਜਾਬੀ ਕਾਵਿ ਦੀ ਮੁੱਖ ਤੌਰ 'ਤੇ ਹਾਵੀ ਸੁਰ ਰਹੀ ਹੈ। ਪੰਜਾਬੀ ਕਾਵਿ ਮੱਧ-ਕਾਲ ਜਾਂ ਉਸ ਤੋਂ ਪਹਿਲਾਂ ਵੀ ਰਾਜਨੀਤਕ ਸੁਰਾਂ ਦੀ ਨਿਸ਼ਾਨਦੇਹੀ ਕਰਦਾ ਰਿਹਾ ਹੈ। ਆਮ ਤੌਰ 'ਤੇ ਇਹ ਸੁਰਾਂ ਵਿਰੋਧ-ਵਿਦਰੋਹ ਦੀਆਂ ਹੀ ਰਹੀਆਂ ਹਨ। ਸਮਕਾਲੀ (ਤੱਤਕਾਲੀ) ਹਾਕਮ ਧਿਰਾਂ ਨੂੰ ਇਹ ਸੁਰਾਂ ਵਿਦਰੋਹ ਦੇ ਰੂਪ ਵਿੱਚ ਲਗਦੀਆਂ ਰਹੀਆਂ ਹਨ, ਪਰ ਆਮ ਲੋਕਾਈ ਨੂੰ ਇਹ ਸੁਰਾਂ ਲੋਕ-ਹਿੱਤ ਵਾਲੀਆਂ ਹੋਣ ਕਰਕੇ ਉਹ ਇਨ੍ਹਾਂ ਸੁਰਾਂ ਨੂੰ ਸਵੀਕਾਰਦੇ ਵੀ ਰਹੇ ਹਨ ਅਤੇ ਇਨ੍ਹਾਂ ਸੁਰਾਂ ਦੀਆਂ ਗੌਰਵਮਈ ਪੈੜਾਂ ਵੀ ਸੰਭਾਲਦੇ ਆ ਰਹੇ ਹਨ। ਇਹ ਸੁਰਾਂ ਪੰਜਾਬੀਆਂ ਦੇ ਸਾਂਝੇ ਕਾਵਿ (ਸ੍ਰੀ ਗੁਰੂ ਗ੍ਰੰਥ ਸਾਹਿਬ) ਵਿੱਚੋਂ ਇਸ ਦੀ ਨਿਸ਼ਾਨਦੇਹੀ ਕਰੀਏ ਤਾਂ ਗੁਰੂ ਨਾਨਕ ਤੋਂ ਵੀ ਪਹਿਲਾਂ ਸਮਕਾਲੀ ਰਾਜਨੀਤੀ ਨੂੰ ਸੰਤ ਕਬੀਰ ਵੰਗਾਰਦੇ ਹਨ, ਇਸੇ ਹੀ ਲੜੀ ਵਿੱਚ ਗੁਰੂ ਰਵੀਦਾਸ ਦੀ ਬਾਣੀ ਦੇਖੀ ਜਾ ਸਕਦੀ ਹੈ। ਗੁਰੂ ਨਾਨਕ ਕਾਵਿ ਵਿੱਚ ਇਹ ਹੋਰ ਵੀ ਉੱਘੜਵੇਂ ਰੂਪ ਵਿੱਚ ਪੇਸ਼ ਹੋਈ ਹੈ, ਜਦੋਂ ਬਾਬਾ ਨਾਨਕ ਆਪਣੇ ਸਮਿਆਂ ਦੇ ਰਾਜਨੀਤਕ/ਧਾਰਮਿਕ ਪ੍ਰਬੰਧ ਨੂੰ ਤਿੱਖੇ ਸੁਆਲ ਕਰਦੇ ਹਨ, ਇਸੇ ਪ੍ਰਸੰਗ ਵਿੱਚ ਹੀ ਪੰਜਾਬੀ ਸੂਫ਼ੀ ਕਾਵਿ (ਖਾਸ ਕਰਕੇ ਸ਼ਾਹ ਹੁਸੈਨ-ਬੁੱਲ੍ਹੇ ਸ਼ਾਹ) ਅਤੇ ਕਿੱਸਾ ਕਾਵਿ (ਖਾਸ ਕਰਕੇ ਵਾਰਿਸ ਦੀ ਹੀਰ) ਦੇਖੇ ਜਾ ਸਕਦੇ ਹਨ। ਸ਼ਾਹ ਮੁਹੰਮਦ ਦਾ ਜੰਗਨਾਮਾ ਇਸੇ ਲੜੀ ਨੂੰ ਹੀ ਅੱਗੇ ਤੋਰਦਾ ਹੈ। ਇਹ ਸੁਰ ਪੰਜਾਬ ਵਿੱਚ ਚੱਲੀਆਂ ਰਾਜਨੀਤਕ/ਸਮਾਜਿਕ/ਸੱਭਿਆਚਾਰਕ ਲਹਿਰਾਂ ਦੇ ਸਮਵਿਥ ਤੁਰਦੀ ਨਜ਼ਰ ਆਉਂਦੀ ਹੈ। ਪੰਜਾਬੀ ਕਵਿਤਾ ਦੀ ਇਹ ਵਿਸ਼ੇਸ਼ ਸੁਰ ਆਪਣੇ ਇਤਿਹਾਸਕ ਪਲਾਂ ਦੀ ਪੇਸ਼ਕਾਰੀ ਤਾਂ ਕਰਦੀ ਹੀ ਹੈ, ਪਰ ਨਾਲ ਹੀ ਪੰਜਾਬੀਆਂ ਦੇ ਵਿਲੱਖਣ ਸੁਭਾਅ ਦੀ ਨਿਸ਼ਾਨਦੇਹੀ ਵੀ ਕਰਦੀ ਹੈ। ਇਹ ਵਿਲੱਖਣ ਸੁਭਾਅ ਹੀ ਹੈ, ਜੋ ਪੂਰੇ ਮੁਲਕ ਦੇ ਹਾਲਾਤ ਇਕੋ ਜਿਹੇ ਹੋਣ ਦੇ ਬਾਵਜੂਦ ਲੰਬੇ ਅਰਸੇ ਤੋਂ ਪੰਜਾਬ ਦਾ ਇਹ ਖਿੱਤਾ ਅਤੇ ਇੱਥੋਂ ਦੀ ਵਸੋਂ ਬਾਕੀ ਮੁਲਕ ਨਾਲੋਂ ਰਾਜਨੀਤਕ ਧੌਂਸ ਦਾ ਵਿਰੋਧ ਸਭ ਤੋਂ ਪਹਿਲਾਂ ਅਤੇ ਮੂਹਰਲੀ ਕਤਾਰ ਵਿੱਚ ਖੜ੍ਹ ਕੇ ਕਰਨ ਲਈ ਤਤਪਰ ਰਹਿੰਦੀ ਹੈ। ਤਾਜ਼ਾ ਮਿਸਾਲ ਇੱਕ ਸਾਲ ਤੋਂ ਵੱਧ ਸਮੇਂ ਤੱਕ ਚੱਲੇ ਕਿਸਾਨ ਅੰਦੋਲਨ ਦੀ ਦੇਖੀ ਜਾ ਸਕਦੀ ਹੈ। ਰਾਜਨੀਤੀ ਨੂੰ ਪ੍ਰਭਾਵਤ ਕਰਦੇ ਅਜਿਹੇ ਅੰਦੋਲਨਾਂ ਸਮੇਂ ਪੰਜਾਬੀਆਂ ਦੀ ਮਰਨ ਮਿੱਟੀ ਵਾਲੇ ਸੁਭਾਅ ਦਾ ਝਲਕਾਰਾ ਦੁਨੀਆ ਲਗਾਤਾਰ ਦੇਖਦੀ ਆ ਰਹੀ ਹੈ। ਇਸ ਅੰਦੋਲਨ ਦਾ ਪਹਿਲਿਆਂ ਨਾਲੋਂ ਵੱਖਰਾ ਦ੍ਰਿਸ਼ ਇਹ ਨਜ਼ਰ ਆਇਆ ਕਿ ਪਹਿਲੀ ਵਾਰ ਪੰਜਾਬ ਦੇ ਪਿੰਡਾਂ ਵਾਲਿਆਂ ਦਾ ਇਹ ਅੰਦੋਲਨ ਜ਼ਮੀਨ ਬਚਾਉਣ ਲਈ ਆਰੰਭ ਹੋਇਆ, ਪਰ ਇਹ ਨਾਲ ਵੱਡੀ ਗਿਣਤੀ ਵਿੱਚ ਬੇਜ਼ਮੀਨੇ ਜੁੜਦੇ ਗਏ ਅਤੇ ਉਹ ਵੀ ਸਮੁੱਚੇ ਭਾਰਤ ਵਿੱਚੋਂ। ਇਹ ਅੰਦੋਲਨ ਸਾਡੇ ਵਿਦਵਾਨਾਂ ਅਤੇ ਖੋਜੀਆਂ ਲਈ ਬਹੁਤ ਕੁਝ ਛੱਡ ਗਿਆ ਹੈ, ਜਿਸ ਨੂੰ ਸਹੀ ਦਿਸ਼ਾ ਅਤੇ ਸੰਦਰਭ ਵਿੱਚ ਘੋਖਣ ਦੀ ਫੌਰੀ ਲੋੜ ਹੈ। ਇਸ ਨਾਲ ਜੁੜਿਆ ਪੰਜਾਬੀ ਕਾਵਿ ਮਿਆਰ ਅਤੇ ਆਕਾਰ ਪੱਖੋਂ ਇਤਿਹਾਸ ਵਿੱਚ ਆਪਣੀ ਗੌਲਣਯੋਗ ਥਾਂ ਬਣਾ ਗਿਆ ਹੈ।

ਸੁਰਿੰਦਰ ਗਿੱਲ ਪੰਜਾਬੀ ਕਾਵਿ-ਸਿਰਜਣਾ ਦਾ ਇੱਕ ਮਹੱਤਵਪੂਰਨ ਹਸਤਾਖ਼ਰ ਹੈ। ਵੀਹਵੀਂ ਸਦੀ ਦੇ ਛੇਵੇਂ-ਸੱਤਵੇਂ ਦਹਾਕੇ ਵਿਚਲੀ ਸਮਾਜਿਕ/ਆਰਥਿਕ ਬਰਾਬਰੀ ਵਾਲੇ ਸਮਾਜ ਉਸਾਰਨ ਲਈ ਚੱਲੀ ਹਥਿਆਰਬੰਦ ਲਹਿਰ ਨਾਲ ਉਹ ਸਿਧਾਂਤਕ ਤੌਰ 'ਤੇ ਹਮਦਰਦੀ ਵਾਲਾ ਵਤੀਰਾ ਰੱਖਦਾ ਹੋਇਆ 'ਚਾਨਣਾਂ ਦਾ ਛੱਟਾ' ਦੇਣ ਦਾ ਹੋਕਾ ਦਿੰਦਾ ਰਿਹਾ ਹੈ ਅਤੇ ਬਾਅਦ ਵਿੱਚ ਵੀ ਲਗਾਤਾਰ ਹਾਕਮਾਂ (ਰਾਜਨੀਤਕ ਲੋਕਾਂ) ਦੇ ਗ਼ੈਰ-ਮਾਨਵੀ ਕਾਰੇ ਦੀ ਤਿੱਖੇ ਸੁਰ 'ਚ ਵਿਰੋਧਤਾ ਕਰਦਾ ਆ ਰਿਹਾ ਹੈ। ਅਜਿਹਾ ਵਿਅਕਤੀ ਜਦੋਂ ਪੰਜਾਬੀ ਰਾਜਨੀਤਕ ਕਵਿਤਾ ਦਾ ਮੁਲੰਕਣ ਕਰਦਾ ਹੈ, ਉਹ ਵੀ ਅਜਿਹੀ ਕਵਿਤਾ ਦਾ, ਜਿਸ ਨਾਲ ਉਸ ਦਾ ਕਰੂਰਾ ਰਲਦਾ ਹੋਵੇ ਤਾਂ ਉਹ ਗੌਲਣਯੋਗ ਹੁੰਦਾ ਹੈ ਅਤੇ ਅਜਿਹਾ ਹੀ ਉਸ ਦੀ ਇਸ ਪੁਸਤਕ (ਖੋਜ-ਪਰਕ) ਵਿੱਚ ਨਜ਼ਰ ਆਉਂਦਾ ਹੈ। ਉਹ ਅਜਿਹੇ ਵਿਸ਼ੇਸ਼ ਕਾਵਿ ਦਾ ਮੁਲੰਕਣ ਕੇਵਲ ਓਪਰੀ ਨਜ਼ਰੇ ਜਾਂ ਸਤਹੀ ਹੀ ਨਹੀਂ ਕਰਦਾ, ਸਗੋਂ ਇਸ ਦੇ ਇਤਿਹਾਸਕ-ਸਮਾਜਿਕ-ਸੱਭਿਆਚਾਰਕ ਪਿਛੋਕੜ ਵਿੱਚ ਰੱਖ ਕੇ ਹੀ ਆਪਣੇ ਖੋਜ ਕਾਰਜ ਨੂੰ ਅੱਗੇ ਤੋਰਦਾ ਹੈ, ਜਿਸ ਨਾਲ ਅਜਿਹੇ ਵਿਲੱਖਣ ਸੁਭਾਅ ਵਾਲੇ ਕਾਵਿ ਦੀ ਵਿਲੱਖਣਤਾ ਨੂੰ ਸਹੀ ਸੰਦਰਭ ਵਿੱਚ ਸਮਝਿਆ ਜਾ ਸਕੇ।

ਉਹ ਸਾਹਿਤ ਅਤੇ ਰਾਜਨੀਤੀ ਦੀ ਗੱਲ ਕਰਦਿਆਂ ਇਸ ਤੱਥ ਨੂੰ ਆਪਣੇ ਜ਼ਿਹਨ ਵਿੱਚ ਰੱਖ ਕੇ ਅੱਗੇ ਤੁਰਦਾ ਹੈ ਕਿ ਕਵਿਤਾ (ਕਲਾ) ਕਿਸੇ ਸਮਾਜਿਕ-ਸੱਭਿਆਚਾਰਕ ਪਰੰਪਰਾ ਉਪਰ ਆਧਾਰਤ ਵੀ ਹੁੰਦੀ ਅਤੇ ਉਸ ਦੇ ਵਿਕਾਸ ਵਿੱਚ ਵੀ ਹਿੱਸਾ ਪਾਉਂਦੀ ਹੈ। ਆਪਣੀ ਇਸ ਗੱਲ ਨੂੰ ਅੱਗੇ ਵਧਾਉਂਦਾ ਹੋਇਆ ਗਿੱਲ ਆਪਣੇ ਤੱਥ ਦੇ ਹੱਕ ਵਿੱਚ ਪੰਜਾਬੀ, ਹਿੰਦੀ, ਅੰਗਰੇਜ਼ੀ ਵਿਦਵਾਨਾਂ ਦੇ ਨਾਲ-ਨਾਲ ਸਾਹਿਤ ਵਿੱਚ ਭਾਰੂ ਰਹੇ ਰੂਸੀ ਚਿੰਤਕਾਂ ਦੀਆਂ ਵੀ ਉਦਾਹਰਣਾਂ ਪੇਸ਼ ਕਰਦਾ ਹੈ। ਜੋ ਇਸ ਤੱਥ ਨੂੰ ਦ੍ਰਿੜ੍ਹ ਕਰਦਾ ਹੈ ਕਿ ਸਾਹਿਤ ਦੀ ਹੋਂਦ ਸਮਾਜ ਤੋਂ ਟੁੱਟ ਕੇ ਸੰਭਵ ਨਹੀਂ। ਕਲਾ ਦਾ ਉਦੇਸ਼ ਸਮਾਜ ਤੋਂ ਟੁੱਟਵਾਂ ਹੋ ਹੀ ਨਹੀਂ ਸਕਦਾ, ਕਲਾ ਤਾਂ ਸਮਾਜ ਨੂੰ ਨਵੇਂ ਸਿਰਿਓਂ ਸਿਰਜਣ-ਤਰਾਸ਼ਣ ਦਾ ਕਾਰਜ ਨਿਭਾਉਂਦੀ ਹੈ ਤਾਂ ਉਹ ਰਾਜਨੀਤੀ ਤੋਂ ਅਭਿੱਜ ਨਹੀਂ ਹੋ ਸਕਦੀ। ਇਸੇ ਲੜੀ ਵਿੱਚ ਹੀ ਉਹ ਮੱਧ ਕਾਲੀਨ ਪੰਜਾਬੀ ਕਵਿਤਾ ਦੀ ਰਾਜਨੀਤਕ ਸੁਰ ਪਛਾਨਣ ਦਾ ਯਤਨ ਕਰਦਾ ਗੁਰੂ ਕਾਵਿ ਦੀ ਰਾਜਨੀਤੀ, ਸੂਫ਼ੀ ਕਾਵਿ ਦੀ ਰਾਜਨੀਤੀ, ਬੀਰ ਕਾਵਿ ਅਤੇ ਕਿੱਸਾ ਦੀ ਰਾਜਨੀਤੀ ਦੀ ਪਛਾਣ ਕਰਦਿਆਂ ਇਸ ਤੱਥ ਨੂੰ ਉਜਾਗਰ ਕਰਦਾ ਹੈ ਕਿ ਇਸ ਸਮੁੱਚੇ ਕਾਵਿ ਦੀ ਰਾਜਨੀਤੀ ਲੋਕ ਹਿੱਤਾਂ ਨਾਲ ਜੁੜੀ ਹੋਈ ਹੈ, ਨਾ ਕਿ ਹਾਕਮ ਹਿੱਤਾਂ ਨਾਲ। ਇਸੇ ਲੜੀ ਨੂੰ ਉਹ ਸ਼ਾਹ ਮੁਹੰਮਦ ਦੇ ਜੰਗਨਾਮੇ ਤੱਕ ਲੈ ਕੇ ਆਉਂਦਾ ਹੈ। ਇਸ ਸਾਰੇ ਬਿਰਤਾਂਤ ਵਿੱਚ ਉਹ ਪੰਜਾਬੀਆਂ ਦੀ 'ਸਾਂਝ' ਦੀ ਵਿਸ਼ੇਸ਼ ਤੌਰ 'ਤੇ ਨਿਸ਼ਾਨਦੇਹੀ ਕਰਦਾ ਹੈ ਕਿ ਪੰਜਾਬੀ (ਆਮ-ਲੋਕ) ਆਪਸ ਵਿੱਚ ਜਿਸ ਸਦਭਾਵਨਾ ਨਾਲ ਰਹਿੰਦੇ ਆ ਰਹੇ ਹਨ, ਹਾਕਮ ਧਿਰਾਂ ਨੂੰ ਉਹ ਮਨਜ਼ੂਰ ਨਹੀਂ, ਹਾਕਮ ਧਿਰਾਂ ਉਨ੍ਹਾਂ ਨੂੰ ਹਿੰਦੂ-ਸਿੱਖ-ਮੁਸਲਮਾਨ ਧੜਿਆਂ ਵਿੱਚ ਵੰਡ ਕੇ ਹੀ ਆਪਣੀ ਸੱਤਾ ਕਾਇਮ ਰੱਖਣ ਦਾ ਯਤਨ ਕਰਦੇ ਆ ਰਹੇ ਹਨ, ਜਿਸ ਨੂੰ ਪੰਜਾਬੀ ਕਾਵਿ ਆਪਣੀ ਸਿਰਜਣਾ ਦਾ ਹਿੱਸਾ ਬਣਾਉਂਦਾ ਰਿਹਾ।

ਵੀਹਵੀਂ ਸਦੀ ਦੇ ਪਹਿਲੇ ਹੀ ਦਹਾਕੇ ਵਿੱਚ ਅੰਗਰੇਜ਼ੀ ਸਰਕਾਰ ਵੱਲੋਂ ਜ਼ਮੀਨੀ ਇੰਤਕਾਲ, ਜਾਇਦਾਦ ਇੰਤਕਾਲ ਅਤੇ ਹੱਕ ਸ਼ੁਫ਼ਾ ਵਰਗੇ ਕਾਨੂੰਨਾਂ ਦਾ ਵਿਰੋਧ ਆਬਾਦਕਾਰਾਂ ਵੱਲੋਂ ਕੀਤਾ ਜਾਂਦਾ ਹੈ ਅਤੇ ਉਸ ਵਿਰੋਧ ਦੀ ਸੁਰ ਅਲਾਪਦੀ ਬਾਂਕੇ ਦਿਆਲ ਦੀ ਕਵਿਤਾ 'ਪਗੜੀ ਸੰਭਾਲ ਜੱਟਾ' ਇਸ ਤਰ੍ਹਾਂ ਲੋਕਾਂ ਨੂੰ ਪਰੇਰਦੀ ਅਤੇ ਪ੍ਰਭਾਵਤ ਕਰਦੀ ਹੈ ਕਿ ਉਸ ਲਹਿਰ ਦਾ ਨਾਮਕਰਨ ਹੀ 'ਪਗੜੀ ਸੰਭਾਲ ਲਹਿਰ' ਹੋ ਜਾਂਦਾ ਹੈ, ਜਦ ਕਿ ਇਹ ਲਹਿਰ ਜ਼ਮੀਨੀ ਸੁਧਾਰਾਂ ਦੇ ਨਾਂਅ 'ਤੇ ਆਏ ਲੋਕ ਮਾਰੂ ਕਾਨੂੰਨਾਂ ਦਾ ਵਿਰੋਧ ਕਰਨ ਹਿੱਤ ਸੀ। ਉਹ ਕਾਨੂੰਨ ਵੀ ਪਿਛਲੇ ਵਰ੍ਹੇ ਦੀ ਤਰ੍ਹਾਂ ਹਾਕਮਾਂ ਨੂੰ ਵਾਪਸ ਲੈਣੇ ਪਏ ਸਨ। ਇਹ ਪਗੜੀ ਸੰਭਾਲ ਲਹਿਰ ਵੀ ਲੋਕ ਲਹਿਰ ਬਣ ਕੇ ਉੱਭਰਦੀ ਹੈ ਅਤੇ ਇਸ ਲਹਿਰ ਦੇ ਨਾਲ ਚੱਲਦੀ ਹੈ ਪੰਜਾਬੀ ਰਾਜਨੀਤਕ ਕਵਿਤਾ ਦੀ ਸ਼ਕਤੀਸ਼ਾਲੀ ਲਹਿਰ। ਬਾਂਕੇ ਦਿਆਲ (ਪ੍ਰਭਦਿਆਲ) ਦੇ ਨਾਲ ਸਰ ਸ਼ਹਾਬੂਦੀਨ ਦਾ ਜ਼ਿਕਰ ਵੀ ਕਰਨਾ ਬਣਦਾ ਹੈ, ਜੋ ਉਨ੍ਹਾਂ ਆਬਾਦਕਾਰਾਂ ਦੇ ਦੁੱਖਾਂ ਦੀ ਗੱਲ ਕਰਦਾ ਹੈ, ਜੋ ਹਾਕਮਾਂ ਵੱਲੋਂ ਪਹਿਲਾਂ ਅਨਾਜ ਦੀ ਪੂਰਤੀ ਹਿੱਤ ਵਸਾਏ ਗਏ (ਬਾਰਾਂ ਵਿੱਚ) ਅਤੇ ਹੁਣ ਮਾਲਕਾਨਾ ਹੱਕ ਨਾ ਦੇ ਕੇ ਉਜਾੜਨ ਦੀ ਵਿਉਂਤ ਬਣਾਈ ਜਾ ਰਹੀ ਹੈ।

ਪੰਜਾਬੀ ਰਾਜਨੀਤਕ ਕਵਿਤਾ ਵਿੱਚ ਸੁਰਿੰਦਰ ਗਿੱਲ ਅੱਗੇ ਇਸ ਕਾਵਿ ਦੇ ਇੱਕ ਮਹੱਤਵਪੂਰਨ ਹਿੱਸੇ ਗ਼ਦਰ ਲਹਿਰ ਦੀ ਕਵਿਤਾ ਦਾ ਜ਼ਿਕਰ ਵਿਸਥਾਰ ਨਾਲ ਕਰਦਾ ਹੈ। ਇਸ ਕਾਵਿ ਵਿੱਚ ਉਸ ਨੂੰ ਭਾਰਤ ਦੀ ਦੁਰਦਸ਼ਾ ਦਾ ਵਰਣਨ, ਗੁਲਾਮੀ ਪ੍ਰਤੀ ਗਿਲਾਨੀ, ਆਰਥਿਕ-ਸਮਾਜਿਕ ਸ਼ੋਸ਼ਣ ਪ੍ਰਤੀ ਨਫ਼ਰਤ, ਸੰਪਰਦਾਇਕਤਾ ਤੇ ਆਗਿਆਨਤਾ ਦਾ ਖੰਡਨ, ਗ਼ਦਰ ਰਾਹੀਂ ਆਜ਼ਾਦੀ ਪ੍ਰਾਪਤੀ ਆਦਿ ਸਰੋਕਾਰ ਨਜ਼ਰ ਆਉਂਦੇ ਹਨ। ਇਸ ਸਾਰੇ ਕੁਝ ਦਾ ਆਧਾਰ ਉਸ ਨੇ ਗ਼ਦਰ ਗੂੰਜਾਂ ਦੇ ਵੱਖ-ਵੱਖ ਅੰਕਾਂ ਨੂੰ ਬਣਾਇਆ ਹੈ। ਇਸ ਨਾਲ ਜੁੜੇ ਇਤਿਹਾਸ ਨੂੰ ਘੋਖਣ-ਪਰਖਣ ਲਈ ਉਹ ਜਲੰਧਰ ਵਾਲੇ ਦੇਸ਼ ਭਗਤ ਯਾਦਗਾਰ ਹਾਲ ਤੋਂ ਲੈ ਕੇ ਇੰਡੀਆ ਆਫ਼ਿਸ ਲਾਇਬਰੇਰੀ ਲੰਡਨ ਤੱਕ ਦਾ ਸਫ਼ਰ ਤਹਿ ਕਰਦਾ ਹੈ। ਉਸ ਅਨੁਸਾਰ ਇਸ ਵੱਡਮੁੱਲੇ ਖ਼ਜ਼ਾਨੇ ਦਾ ਵੱਡਾ ਭਾਗ ਲੰਡਨ ਦੀ ਇਸ ਲਾਇਬਰੇਰੀ ਵਿੱਚ ਸਾਂਭਿਆ ਪਿਆ ਹੈ। ਇਹ ਸਮੁੱਚਾ ਕਾਵਿ ਦੇਸ਼ ਵਾਸੀਆਂ ਨੂੰ ਅੰਗਰੇਜ਼ੀ ਹਾਕਮਾਂ ਦੀਆਂ ਲੋਕ ਮਾਰੂ ਚਾਲਾਂ (ਨੀਤੀਆਂ) ਤੋਂ ਜਾਣੂ ਕਰਵਾ ਕੇ ਇੱਕਜੁੱਟ ਹੋ ਕੇ ਵਿਰੋਧ (ਵਿਦਰੋਹ) ਕਰਨ ਲਈ ਪ੍ਰੇਰਤ ਕਰਦਾ ਹੈ;

"ਸਾਰੀ ਖ਼ਲਕ ਖੁਦਾਇ ਬੇਦਾਰ ਬੈਠੀ
ਸੁੱਤਾ ਜਾਗਦਾ ਤੂੰ ਹਿੰਦੁਸਤਾਨ ਕਿਉਂ ਨੀ।
ਪਾਟੇ ਕੱਪੜੇ ਜਿਸਮ ਕਮਜ਼ੋਰ ਹੋਇਆ,
ਜੁੱਸੇ ਜੋਸ਼ ਤੇ ਜਿਗਰ ਦਾ ਤਾਲ ਕਿਉਂ ਨੀ।"

ਇਹ ਅਤੇ ਅਜਿਹਾ ਹੋਰ ਗ਼ਦਰ ਕਾਵਿ ਲੋਕਾਂ ਦੀ ਇੱਕ ਅਜਿਹੀ ਪ੍ਰੇਰਤ ਸ਼ਕਤੀ ਬਣ ਕੇ ਉੱਭਰਦਾ ਹੈ ਕਿ ਉਹ ਸ਼ਕਤੀ ਹੌਲੀ-ਹੌਲੀ ਇੱਕ ਅਜਿਹੀ ਸ਼ਕਤੀਸ਼ਾਲੀ ਲੋਕ ਲਹਿਰ ਵਿੱਚ ਤਬਦੀਲ ਹੁੰਦੀ ਹੈ ਕਿ ਸਾਰੇ ਹਿੰਦੋਸਤਾਨ ਵਿੱਚ ਫੈਲ ਜਾਂਦੀ ਹੈ, ਇਸ ਨਾਲ ਭਾਵੇਂ ਪਹਿਲਾਂ-ਪਹਿਲ ਮੁੱਖ ਤੌਰ 'ਤੇ ਪੰਜਾਬੀ, ਉਹ ਵੀ ਜੋ ਵਿਦੇਸ਼ਾਂ ਵਿੱਚ ਬੈਠੇ ਆਪਣੀ ਰੰਗੀਂ ਵਸਦੇ ਸਨ, ਪਰ ਦੇਸ਼ ਦੀ ਗੁਲਾਮੀ ਦਾ ਸੱਲ ਨਾ ਸਹਾਰਦੇ ਹੋਏ 'ਦੇਸ਼ ਨੂੰ ਚਲੋ' ਦੇ ਨਾਅਰੇ ਹੇਠ ਇਕੱਠੇ ਹੋ ਕੇ ਦੇਸ਼ ਪਰਤ ਕੇ ਇੱਕ ਵਿਦਰੋਹ ਸਿਰਜਦੇ ਹਨ, ਜਿਸ ਵਿੱਚ ਉਹ ਫਾਂਸੀਆਂ, ਕਾਲੇ ਪਾਣੀ ਦੀਆਂ ਜੇਲ੍ਹਾਂ, ਜਾਇਦਾਦ ਕੁਰਕੀ ਅਤੇ ਹੋਰ ਕਈ ਤਰ੍ਹਾਂ ਦੇ ਤਸੀਹੇ ਵੀ ਖੁਸ਼ੀ-ਖੁਸ਼ੀ ਝੱਲਦੇ ਹਨ, ਇਸ ਸਾਰੇ ਬਿਰਤਾਂਤ ਨੂੰ ਪੰਜਾਬੀ ਗ਼ਦਰ ਕਾਵਿ ਬਹੁਤ ਹੀ ਬੇਬਾਕੀ ਅਤੇ ਸ਼ਿੱਦਤ ਨਾਲ ਅੰਕਿਤ ਕਰਦਾ ਹੈ, ਜਿਸ ਦਾ ਜ਼ਿਕਰ ਸੁਰਿੰਦਰ ਗਿੱਲ ਆਪਣੀ ਇਸ ਪੜਚੋਲ ਵਿੱਚ ਕਰਦਾ ਹੈ।

ਇਸੇ ਗ਼ਦਰ ਲਹਿਰ ਵਿੱਚੋਂ ਹੀ ਕਿਰਤੀ ਕਿਸਾਨ ਲਹਿਰ ਵੀਹਵੀਂ ਸਦੀ ਦੇ ਤੀਜੇ ਅਤੇ ਚੌਥੇ ਦਹਾਕੇ ਵਿੱਚ ਕਿਰਤੀ ਪਾਰਟੀ ਅਤੇ ਕਿਰਤੀ ਲਹਿਰ ਪੰਜਾਬ ਦੇ ਰਾਜਨੀਤਕ ਦ੍ਰਿਸ਼ ਨੂੰ ਪ੍ਰਭਾਵਤ ਕਰਦੀ ਹੈ, ਜਿਸ ਵਿੱਚ ਕਿਰਤੀਆਂ (ਕਿਸਾਨ+ਮਜ਼ਦੂਰ) ਦੇ ਦੁੱਖੜੇ, ਜਥੇਬੰਦਕ ਸੰਘਰਸ਼, ਪੂੰਜੀਵਾਦੀ ਲੁੱਟ ਪ੍ਰਤੀ ਚੇਤਨਾ ਆਦਿ ਨੂੰ ਮੁੱਖ ਤੌਰ 'ਤੇ ਇਸ ਸਮੇਂ ਦਾ ਕਾਵਿ ਆਪਣੀ ਸਿਰਜਣਾ ਦਾ ਆਧਾਰ ਬਣਾਉਂਦਾ ਹੈ।

"ਉਠੋ ਕਿਰਤੀ ਮਾਰੋ ਹੰਭਲਾ, ਪੂੰਜੀ ਫਸਤਾ ਵੱਢ ਦਿਓ
ਇਕ ਮਿਕ ਹੋ ਕੇ ਜਗਤ ਸਾਂਝ ਦਾ 'ਯੂਥਪ ਝੰਡਾ ਗੱਡ ਦਿਓ

ਇਸੇ ਦੀ ਲੜੀ ਵਿੱਚ ਸੁਰਿੰਦਰ ਗਿੱਲ ਅਕਾਲੀ ਲਹਿਰ ਦੀ ਕਵਿਤਾ ਨੂੰ ਵੀ ਵਿਚਾਰਦਾ ਹੈ। ਇਹ ਲਹਿਰ ਭਾਵੇਂ ਨਿਰੋਲ ਧਾਰਮਿਕ ਸੀ, ਪਰ ਇਸ ਦਾ ਆਧਾਰ ਰਾਜਨੀਤਕ ਸੀ। ਹਾਕਮਾਂ ਵੱਲੋਂ ਅਸਿੱਧੇ ਤੌਰ 'ਤੇ ਆਪਣੇ ਝੋਲੀ ਚੁੱਕਾਂ ਰਾਹੀਂ ਗੁਰਦਵਾਰਿਆਂ ਦੇ ਪ੍ਰਬੰਧ ਉਪਰ ਕਬਜ਼ਾ ਕਰਕੇ ਆਰਥਿਕ ਲੁੱਟ ਦਾ ਰਾਹ ਪੱਧਰਾ ਕਰਨ ਹਿਤ ਅਜਿਹਾ ਕੀਤਾ ਜਾ ਰਿਹਾ ਪਰ ਉਸ ਸਮੇਂ 'ਸਰਬਰਾਹਾਂ' (ਜਿਨ੍ਹਾਂ ਨੂੰ ਹਾਕਮ ਨਾਮਜ਼ਦ ਕਰਦਾ ਸੀ) ਵੱਲੋਂ ਗੈਰ ਧਾਰਮਿਕ ਅਤੇ ਵਿਭਚਾਰੀ ਗਤੀਵਿਧੀਆਂ ਨੂੰ ਦੇਖਦੇ ਹੋਏ ਇੱਕ ਲਹਿਰ ਉੱਠਦੀ ਹੈ। ਇਸ ਨੂੰ ਕਾਵਿ-ਬੱਧ ਕਰਨ ਹਿੱਤ ਹੀਰਾ ਸਿੰਘ ਦਰਦ, ਵਿਧਾਤਾ ਸਿੰਘ ਤੀਰ, ਫਿਰੋਜ਼ਦੀਨ ਸ਼ਰਫ, ਅਵਤਾਰ ਸਿੰਘ ਆਜ਼ਾਦ, ਮੋਹਨ ਲਾਲ ਦੀਵਾਨਾ ਆਦਿ ਸ਼ਾਇਰ ਕਲਮ ਚੁੱਕਦੇ ਹਨ। ਇਸ ਲਹਿਰ ਨਾਲ ਜੁੜੇ ਲੋਕਾਂ ਨੇ ਹੁਣ ਆਪਣਾ ਧਰਮ ਆਜ਼ਾਦੀ ਨੂੰ ਹੀ ਬਣਾ ਲਿਆ ਹੈ ਕਿ ਕਿਉਂਕਿ ਜੋ ਗੁਲਾਮੀ ਵਾਲੀ ਜ਼ਿੰਦਗੀ ਤੋਂ ਅੱਕ-ਥੱਕ ਚੁੱਕੇ ਲੋਕ ਇਉਂ ਹੀ ਕਰਦੇ ਹਨ:

ਜਿਸ ਦਾ ਆਜ਼ਾਦੀ ਮਜ਼੍ਹਬ ਹੈ
ਹਿੰਦੀ ਹੈ ਨਾਉਂ ਸਦਾਉਂਦਾ
ਭਾਰਤ ਨੂੰ ਕਹਿੰਦਾ ਮਾਂ ਹੈ
ਵੀਰਾਂ ਨੂੰ ਛਾਤੀ ਲਾਉਂਦਾ

ਇਸੇ ਹੀ ਪ੍ਰਸੰਗ ਵਿੱਚ ਸੁਰਿੰਦਰ ਗਿੱਲ ਨੇ ਨਾਭੇ ਦਾ ਮੋਰਚਾ, ਗੁਰੂ ਕੇ ਬਾਗ਼ ਦਾ ਮੋਰਚਾ, ਬੱਬਰ ਅਕਾਲੀ ਲਹਿਰ (ਜੋ ਸ਼ਾਂਤਮਈ ਲਹਿਰ ਦਾ ਵਿਰੋਧ ਕਰਦਿਆਂ ਹਥਿਆਰਬੰਦ ਇਨਕਲਾਬ ਦੀ ਗੱਲ ਕਰਦੇ ਸਨ) ਦਾ ਜ਼ਿਕਰ ਵਿਸਥਾਰ ਵਿੱਚ ਕੀਤਾ ਹੈ। ਇਸ ਲਹਿਰ ਨਾਲ ਜੁੜੇ ਲੋਕਾਂ ਨੇ ਰਾਜਨੀਤਕ ਸੁਰ ਵਾਲੀ ਕਵਿਤਾ ਰਾਹੀਂ ਲੋਕਾਂ ਨੂੰ ਸੁਚੇਤ ਕਰਨ ਦਾ ਯਤਨ ਕੀਤਾ:

"ਬਬਰ ਕੈਂਹਦੇ ਹਿੰਦ ਵਿੱਚੋਂ ਗੋਰੇ ਕੱਢਣੇ,
ਮਿਤ੍ਰ ਵੀ ਦੁਸ਼ਮਣਾਂ ਦੇ ਨਹੀਂ ਛੱਡਣੇ।
ਕਰਨਾ ਆਜ਼ਾਦ ਅਸੀਂ ਹਿੰਦੁਸਤਾਨ ਨੂੰ,
ਨਹੀਂ ਰੈਹਿਣ ਦੇਣਾ ਕਿਸੇ ਬੇਈਮਾਨ ਨੂੰ।
ਜਾਂ
"ਹਿੰਦੂ ਮੁਸਲਮਾਨ ਸਿੰਘ ਸੂਰਿਓ ਵੇ,
ਵੇਲਾ ਆ ਗਿਆ ਗ਼ਦਰ ਮਚਾਵਣੇ ਦਾ।
ਅੱਖੀਂ ਵੇਖ ਬਿਅਦਬੀਆਂ ਹੁੰਦੀਆਂ ਨੂੰ
ਰਿਹਾ ਵਕਤ ਨਾ ਝੱਟ ਲੰਘਾਵਣੇ ਦਾ।"

ਇਸੇ ਕੜੀ ਨੂੰ ਅੱਗੇ ਤੋਰਦਿਆਂ ਸੁਰਿੰਦਰ ਗਿੱਲ ਪ੍ਰਗਤੀਵਾਦੀ ਪੰਜਾਬੀ ਕਵਿਤਾ ਦਾ ਜ਼ਿਕਰ ਕਰਦਿਆਂ ਅੰਤਰ-ਰਾਸ਼ਟਰੀ ਪੱਧਰ ਤੋਂ ਕੰਮ ਕਰ ਰਹੀ ਪ੍ਰਗਤੀਸ਼ੀਲ ਲਹਿਰ ਅਤੇ ਭਾਰਤ ਵਿਚਲੇ ਪ੍ਰਗਤੀਸ਼ੀਲ ਲੇਖਕ ਸੰਘ ਦੀ ਪ੍ਰੇਰਨਾ ਨੂੰ ਵੀ ਵਿਸਥਾਰ ਨਾਲ ਪੇਸ਼ ਕਰਦਾ ਹੈ। ਸੰਸਾਰ ਵਿੱਚ ਪੈਰ ਪਸਾਰਦਾ ਫਾਸ਼ੀਵਾਦ ਜਦ ਲੋਕਾਂ ਦੇ ਸਾਹ ਘੁੱਟਣ ਦੀ ਹੱਦ ਤੱਕ ਪਹੁੰਚਦਾ ਹੈ ਤਾਂ ਇਸ ਦਾ ਵਿਰੋਧ ਵੀਹਵੀਂ ਸਦੀ ਦੇ ਤੀਜੇ-ਚੌਥੇ ਦਹਾਕੇ ਵਿੱਚ ਸੰਸਥਾਗਤ ਰੂਪ ਵਿੱਚ ਹੋਣਾ ਸ਼ੁਰੂ ਹੁੰਦਾ ਹੈ। ਭਾਰਤ ਅਤੇ ਪੰਜਾਬ ਵਿੱਚ ਵੀ ਇਹ ਵਿਰੋਧ ਹੌਲੀ-ਹੌਲੀ ਰਾਜਨੀਤਕ ਤੌਰ 'ਤੇ ਆਰੰਭ ਹੁੰਦਾ ਹੈ, ਪਰ ਪੰਜਾਬੀ ਕਵਿਤਾ ਇਸ ਵਿਰੋਧ ਨੂੰ ਬਹੁਤ ਹੀ ਛੇਤੀ ਦਰਜ ਕਰਦੀ ਹੈ। ਪੰਜਾਬ ਕਾਵਿ ਦੇ ਪ੍ਰੇਰਕ ਸ਼ਕਤੀ ਆਲਮੀ ਪ੍ਰਗਤੀਸ਼ੀਲ ਲੇਖਕਾਂ ਦੀ ਜਥੇਬੰਦੀ ਵੀ ਹੈ, ਪਰ ਨਾਲ ਹੀ ਲਾਲ ਰੂਸ ਵਿਚਲਾ ਇਨਕਲਾਬ ਵੀ ਇਨ੍ਹਾਂ ਦੀ ਮੁੱਖ ਪ੍ਰੇਰਕ ਸ਼ਕਤੀ ਬਣਦਾ ਹੈ। ਪ੍ਰਗਤੀਸ਼ੀਲ ਕਾਵਿ ਚੇਤਨਾ ਪੰਜਾਬੀ ਕਾਵਿ ਖੇਤਰ ਵਿਚਲੇ ਆਦਰਸ਼ਵਾਦੀ ਝੁਕਾਅ ਦੇ ਖੋਖਲੇਪਨ ਨੂੰ ਵੰਗਾਰਦੀ ਹੈ ਅਤੇ ਉਸ ਦੇ ਮੁਕਾਬਲੇ ਭੌਤਿਕਵਾਦੀ ਵਿਗਿਆਨਕ ਦ੍ਰਿਸ਼ਟੀਕੋਣ ਉਸਾਰਦੀ ਹੈ। ਦੀਵਾਨ ਸਿੰਘ ਕਾਲੇ ਪਾਣੀ, ਪ੍ਰੋ. ਮੋਹਨ ਸਿੰਘ, ਬਾਵਾ ਬਲਵੰਤ, ਅੰਮ੍ਰਿਤਾ ਪ੍ਰੀਤਮ ਅਤੇ ਹੋਰ ਕਵੀਆਂ ਦੇ ਹਵਾਲੇ ਨਾਲ ਇਸ ਤੱਥ ਨੂੰ ਉਭਾਰਨ ਦਾ ਯਤਨ ਕੀਤਾ ਹੈ ਕਿ ਇਸ ਨਵੀਂ ਚੇਤਨਾ ਨਾਲ ਕਵਿਤਾ ਅਤੇ ਸਮਾਜ ਵਿੱਚ ਇੱਕ ਨਵੀਂ ਰੂਹ ਧੜਕਣ ਲਗਦੀ ਹੈ।

"ਦਿਲ 'ਚ ਬਦਲੇ ਦੀ ਅਗਨ
ਬਲ ਰਹੀ ਏ ਰਾਤ ਦਿਨ
ਜਿਸ ਤਰ੍ਹਾਂ ਜਵਾਲਾਮੁਖੀ
ਧਰਤ ਦੇ ਅੰਦਰ, ਬਾਹਰ ਕਦੀ
ਕੌਣ ਕਹਿ ਸਕਦਾ ਹੈ ਕੀ ਕਰਨਾ ਹੈ ਮੈਂ ?

ਇਹ ਕਾਵਿ ਇਸ ਲੜੀ ਨੂੰ ਅੱਗੇ ਤੋਰਦਾ ਹੋਇਆ ਆਜ਼ਾਦੀ ਸਮੇਂ ਦੇਸ਼ ਦੀ ਵੰਡ ਕਾਰਨ ਹੋਏ ਵਸੋਂ ਦੇ ਤਬਾਦਲੇ ਸਮੇਂ ਹੋਈ ਮਾਰਧਾੜ ਨੂੰ ਇਸੇ ਹੀ ਨਜ਼ਰੀਏ ਤੋਂ ਪੇਸ਼ ਕਰਦਾ ਰਿਹਾ ਹੈ, ਜਿਸ ਨਾਲ ਪੰਜਾਬੀਆਂ ਦੀ ਸਾਂਝ ਦੀ ਸੋਚ ਦਾ ਕਿਰਦਾਰ ਜਿਉਂਦਾ ਰਿਹਾ:

"ਅੱਜ ਆਖਾਂ ਵਾਰਿਸ ਸ਼ਾਹ ਨੂੰ
ਕਿਤੋਂ ਕਬਰਾਂ ਵਿੱਚੋਂ ਬੋਲ
ਤੇ ਅੱਜ ਕਿਤਾਬੇ ਇਸ਼ਕ ਦਾ
ਕੋਈ ਅਗਲਾ ਵਰਕਾ ਫੋਲ

ਡਾ. ਸੁਰਿੰਦਰ ਗਿੱਲ ਨੇ ਆਪਣੇ ਇਸ ਖੋਜਮਈ ਅਤੇ ਤੱਥ ਆਧਾਰਿਤ ਵਿਸ਼ਲੇਸ਼ਣ ਵਿੱਚ ਅੱਧੀ ਸਦੀ ਦੀ ਪੰਜਾਬੀ ਕਵਿਤਾ ਦੇ ਇੱਕ ਖਾਸ ਰੰਗ ਵਾਲੇ ਹਿੱਸੇ ਨੂੰ ਬਾਖੂਬੀ ਸਮਝਣ ਤੇ ਪੇਸ਼ ਕਰਨ ਦਾ ਯਤਨ ਕੀਤਾ ਹੈ। ਇਸ ਕਿਤਾਬ ਦੀ ਇਸ ਪਾਸੇ ਇਤਿਹਾਸਕ ਭੂਮਿਕਾ ਰਹੇਗੀ।

**ਸੰਪਰਕ : 98721-73475**

# ਕਿਤਾਬਾਂ

## ਸਾਵਰਕਰ ਝੂਠ ਤੇ ਸੱਚ

**ਸ਼ਮਸੁਲ ਇਸਲਾਮ**
**ਅਨੁਵਾਦ : ਬਲਬੀਰ ਲੌਂਗੋਵਾਲ**
**ਪੰਨੇ : 136, ਮੁੱਲ : 100 ਰੁਪਏ**
**5 ਆਬ ਪ੍ਰਕਾਸ਼ਨ, ਜਲੰਧਰ**




ਅਰਜ਼ੀ ਦੇਣ ਵਾਲੇ ਸਾਵਰਕਰ ਨੇ ਇਸ ਗੱਲ ਦੇ ਸਬੂਤ ਦਿੱਤੇ ਕਿ ਉਸ ਨੇ 1857 ਦੀ ਬਗਾਵਤ 'ਤੇ ਲਿਖੀ ਆਪਣੀ ਕਿਤਾਬ ਵਿੱਚ ਪ੍ਰਗਟਾਏ ਵਿਚਾਰਾਂ ਨਾਲੋਂ ਖੁਦ ਨੂੰ ਵੱਖ ਕਰ ਲਿਆ ਹੈ ਅਤੇ ਹਿੰਦੂ ਸੰਗਠਨ ਦੇ ਸੰਕਲਪ ਨੂੰ ਅਪਣਾ ਲਿਆ ਹੈ। ਉਹਨਾ ਦੀ ਇਹ ਅਵਧਾਰਨਾ, ਜਿਸ ਨੂੰ ਹਿੰਦੂਤਵ ਦਾ ਨਾਂਅ ਦਿੱਤਾ ਗਿਆ, ਇੱਕ ਅਜਿਹੇ ਰਾਸ਼ਟਰਵਾਦ ਦੀ ਵਕਾਲਤ ਕਰਦੀ ਸੀ, ਜੋ ਉਹਨਾ ਸਾਰੇ ਧਰਮਾਂ ਨੂੰ ਛੱਡ ਕੇ ਜੋ ਹਿੰਦੁਸਤਾਨ ਦੀ ਹੱਦ ਤੋਂ ਬਾਹਰ ਉਦੈ ਹੋਏ, ਸਿਰਫ ਹਿੰਦੂ ਧਰਮ ਨਾਲ ਜੁੜਿਆ ਹੋਇਆ ਹੈ। ਇਹ ਅਵਧਾਰਨਾ ਮੁਸਲਿਮ ਉੱਚ ਵਰਗ ਦੇ ਇਸ ਡਰ ਨੂੰ ਹੀ ਪੁਖਤਾ ਕਰ ਸਕਦੀ ਸੀ ਕਿ ਮੁਸਲਮਾਨਾਂ ਦੇ ਹਿੱਤ ਅੰਗਰੇਜ਼ ਸ਼ਾਸਕਾਂ ਦੇ ਹੱਥਾਂ ਵਿੱਚ ਹੀ ਸੁਰੱਖਿਅਤ ਰਹਿਣਗੇ ਅਤੇ ਹਿੰਦੂ ਬਹੁ-ਗਿਣਤੀ ਦੇ ਹੱਥਾਂ ਵਿੱਚ ਖਤਰੇ ਵਿੱਚ ਪੈ ਜਾਣਗੇ। ਇਸ ਲਈ ਸਾਵਰਕਰ ਨੂੰ ਲਿਆ ਕੇ ਰਤਨਾਗਿਰੀ ਜੇਲ੍ਹ ਵਿੱਚ ਰੱਖਿਆ ਗਿਆ. ਪਰ ਆਪਣਾ ਹਿੰਦੂਤਵ ਦਾ ਥੀਸਿਸ ਲਿਖਣ ਅਤੇ ਮੁੰਜੇ ਅਤੇ ਹੈਡਗੇਵਾਰ ਵਰਗੇ ਲੋਕਾਂ ਨੂੰ ਮਿਲਣ ਦੀ ਪੂਰੀ ਸੁਵਿਧਾ ਦਿੱਤੀ ਗਈ, ਜੋ ਗਾਂਧੀ ਦੀ ਚੜ੍ਹਾਈ ਤੋਂ ਪ੍ਰੇਸ਼ਾਨ ਸਨ, ਕਿਉਂਕਿ ਗਾਂਧੀ ਕਾਂਗਰਸ ਦੇ ਅੰਦਰ ਅਖੌਤੀ ਹਿੰਦੂ ਸਮਰਥਕਾਂ ਲਈ ਗੰਭੀਰ ਚੁਣੌਤੀ ਸੀ।

**- ਭੂਮਿਕਾ 'ਚੋਂ**

## ਪਾ ਚਾਨਣ ਦੀ ਬਾਤ

**(ਦੋਹੇ)**
**ਜਗਤਾਰ ਗਿੱਲ**
**ਪੰਨੇ : 112, ਮੁੱਲ : 300 ਰੁਪਏ**
**ਕੈਫੇ ਵਰਲਡ, ਜਲੰਧਰ**




ਇਹਦੇ ਨਾਲ-ਨਾਲ ਮੈਂ ਦੋਹਾ ਲਿਖਣ ਵਾਲੇ ਲੇਖਕਾਂ ਦੇ ਦੋਹੇ ਵੀ ਪੜ੍ਹਦਾ ਤੇ ਉਹਨਾਂ ਦਾ ਅਧਿਐਨ ਕਰਦਾ ਰਿਹਾ। ਮਰਹੂਮ ਡਾ. ਹਰਨੇਕ ਸਿੰਘ ਕੋਮਲ ਦੀਆਂ ਦੋਹਿਆਂ ਦੀਆਂ ਪੁਸਤਕਾਂ ਮੰਗਵਾ ਕੇ ਪੜ੍ਹੀਆਂ ਤੇ ਉਹਨਾ ਨਾਲ ਵਿਚਾਰ-ਵਟਾਂਦਰਾ ਵੀ ਹੁੰਦਾ ਰਿਹਾ। ਮੈਂ ਪੰਜਾਬੀ ਦੇ ਜਿਨ੍ਹਾਂ ਆਧੁਨਿਕ ਦੋਹਾਕਾਰਾਂ ਤੋਂ ਪ੍ਰਭਾਵਤ ਹੋਇਆ ਹਾਂ, ਉਹਨਾ ਵਿੱਚ ਡਾ. ਹਰਨੇਕ ਸਿੰਘ ਕੋਮਲ, ਡਾ. ਸ਼ਹਰਯਾਰ, ਨਿਰਮਲ ਨੱਤ, ਡਾ. ਅਮਰ ਕੋਮਲ, ਹਰਮਿੰਦਰ ਸਿੰਘ ਕੋਹਾਰਵਾਲਾ, ਹਰਭਜਨ ਸਿੰਘ ਵਕਤਾ, ਪ੍ਰੋ. ਦਾਤਾਰ ਸਿੰਘ, ਸੁਰਜੀਤ ਮਰਜਾਰਾ, ਪ੍ਰਿੰ. ਕਰਤਾਰ ਸਿੰਘ ਕਾਲੜਾ ਆਦਿ ਹਨ। ਸਾਡੀ ਸਾਹਿਤ ਸਭਾ 'ਰਾਬਤਾ-ਮੁਕਾਲਮਾ ਕਾਵਿ-ਮੰਚ, ਅੰਮ੍ਰਿਤਸਰ' ਦਾ ਨੌਜਵਾਨ ਤੇ ਉਭਰਦਾ ਸ਼ਾਇਰ ਸਤਿੰਦਰ ਸਿੰਘ ਓਠੀ ਵੀ ਵਧੀਆ ਦੋਹੇ ਲਿਖ ਰਿਹਾ ਹੈ। ਉਹਦਾ ਦੋਹਾ-ਸੰਗ੍ਰਹਿ 'ਦੀਵੇ ਸੁੱਚੀ ਸੋਚ ਦੇ' ਇਸੇ ਸਾਲ ਹੀ ਛਪਿਆ ਹੈ। ਦੋਹੇ ਦਾ ਵਾਹਨ ਵੀ ਅੱਜ ਸੰਸਾਰਕ ਹੋਣ ਲੱਗਾ ਹੈ। ਇਹ ਨਿਰੋਲ ਅਧਿਆਤਮਕਤਾ, ਰਹੱਸਵਾਦ, ਸੂਫੀਵਾਦ 'ਚੋਂ ਨਿਕਲ ਕੇ ਨਵੀਆਂ ਪ੍ਰਸਥਿਤੀਆਂ ਤੇ ਨਵੇਂ ਵਿਚਾਰਾਂ ਦਾ ਸਾਹਮਣਾ ਕਰ ਰਿਹਾ ਹੈ। ਇਹ ਸਮਾਜਕ ਤੇ ਸਿਆਸੀ ਵਿਅੰਗ ਕੱਸਦਿਆਂ ਦੰਭੀ ਤੇ ਜ਼ਾਲਮ ਸੱਤਾ ਦੇ ਕਾਰਨਾਮਿਆਂ ਉੱਤੋਂ ਪਰਦਾ ਉਠਾਉਣ ਲੱਗਾ ਹੈ। ਪੰਜਾਬੀ ਦੋਹੇ ਦਾ ਭਵਿੱਖ ਰੌਸ਼ਨ ਹੈ।

**-ਲੇਖਕ ਵੱਲੋਂ**

## ਮੇਰੀ ਆਸਟਰੇਲੀਆ ਯਾਤਰਾ

**ਇੰਦਰਜੀਤ ਸਿੰਘ ਜੋਧਕਾ**
**ਪੰਨੇ : 208, ਮੁੱਲ : 250 ਰੁਪਏ**
**ਵਿਸ਼ਵ ਸਿੱਖ ਰਾਜਪੂਤ ਭਾਈਚਾਰਾ, ਲੁਧਿਆਣਾ**




ਇਸ ਪੁਸਤਕ ਨੂੰ ਪੜ੍ਹਦਿਆਂ ਹਰ ਪਾਠਕ ਮਹਿਸੂਸ ਕਰੇਗਾ ਜਿਵੇਂ ਉਹ ਖੁਦ ਆਸਟ੍ਰੇਲੀਆ ਦੇ ਪ੍ਰਤੱਖ ਦਰਸ਼ਨ ਕਰ ਰਿਹਾ ਹੈ। ਆਸਟਰੇਲੀਆ ਨੇ ਦੁਨੀਆ ਭਰ ਵਿੱਚ ਥੋੜ੍ਹੇ ਸਮੇਂ ਵਿੱਚ ਵਿਕਾਸਸ਼ੀਲ ਦੇਸ਼ਾਂ ਵਿੱਚ ਆਪਣਾ ਮਹੱਤਵਪੂਰਨ ਸਥਾਨ ਸਥਾਪਤ ਕਰ ਲਿਆ ਹੈ। ਆਸਟਰੇਲੀਆ ਸੁੰਦਰ, ਅਨੁਸ਼ਾਸਤ, ਵਿਕਸਿਤ, ਰਮਣੀਕ, ਹੁਨਰਮੰਦ, ਜਵਾਨ ਅਤੇ ਪੁਰਾਤਨਤਾ ਤੇ ਆਧੁਨਿਕਤਾ ਦਾ ਸੁਮੇਲ ਹੈ। ਇਹ ਬਹੁਭਾਸ਼ਾਈ, ਬਹੁਧਰਮੀ, ਬਹੁਕੌਮੀ ਦੇਸ਼ ਹੈ। ਜਿੱਥੇ 200 ਦੇ ਲੱਗਭੱਗ ਬੋਲੀਆਂ ਬੋਲਣ ਵਾਲੇ ਲੋਕ ਰਹਿੰਦੇ ਹਨ, ਜਿਨ੍ਹਾਂ ਸਭ ਨੂੰ ਅੰਗਰੇਜ਼ੀ ਭਾਸ਼ਾ ਨੇ ਜੋੜ ਕੇ ਰੱਖਿਆ ਹੋਇਆ ਹੈ। ਆਸਟ੍ਰੇਲੀਆ ਰਹਿਣ ਲਈ ਲੋਕ ਪਸੰਦੀਦਾ ਦੇਸ਼ ਹੈ। ਇੱਥੇ ਆਬਾਦ ਲੋਕ ਸ਼ੱਤ ਪ੍ਰਤੀਸ਼ਤ ਪੜ੍ਹੇ-ਲਿਖੇ ਹਨ। ਵਿੱਦਿਆ ਦੇ ਮੌਸਮ ਪੱਖੋਂ ਇਹ ਮੁਲਕ ਸੰਸਾਰ ਦੇ ਬਿਹਤਰੀਨ ਦੇਸ਼ਾਂ ਵਿੱਚੋਂ ਮੁਢਲੀ ਕਤਾਰ ਦਾ ਇੱਕ ਸਰਵੋਤਮ ਦੇਸ਼ ਹੈ, ਜਿਸ ਕਰਕੇ ਲੱਗਭੱਗ 50 ਦੇਸ਼ਾਂ ਨਾਲ ਸੰਬੰਧਤ ਵਿਦਿਆਰਥੀ ਇੱਥੇ ਉੱਚ ਵਿੱਦਿਆ ਗ੍ਰਹਿਣ ਕਰ ਰਹੇ ਹਨ, ਜਿਨ੍ਹਾਂ ਵਿੱਚੋਂ ਪੰਜਾਬੀ ਭਾਈਚਾਰੇ ਨਾਲ ਸੰਬੰਧਤ 40 ਹਜ਼ਾਰ ਵਿਦਿਆਰਥੀ ਦੱਸੇ ਜਾਂਦੇ ਹਨ। ਇੱਥੋਂ ਦੀ ਕੁੱਲ ਆਬਾਦੀ ਕੇਵਲ ਤਿੰਨ ਕਰੋੜ ਦੇ ਲੱਗਭੱਗ ਹੈ, ਪ੍ਰੰਤੂ ਇਸ ਦਾ ਕੁੱਲ ਖੇਤਰਫਲ ਸਾਡੇ ਦੇਸ਼ ਭਾਰਤ ਤੋਂ ਢਾਈ ਗੁਣਾਂ ਵੱਧ ਹੈ।

**-ਮੁੱਖ ਬੰਦ 'ਚੋਂ**

## ਭਜਨ ਸਿੰਘ ਵਿਰਕ ਦਾ ਕਾਵਿ ਸੰਗ੍ਰਹਿ

**(ਲੇਖ ਸੰਗ੍ਰਹਿ)**
**ਸੰਪਾਦਕ : ਜਗਦੀਸ਼ ਰਾਣਾ**
**ਪੰਨੇ : 100 ਮੁੱਲ**
**ਬੁੱਕਬਾਰ ਪਬਲਿਸ਼ਿੰਗ ਹਾਊਸ, ਜਲੰਧਰ**



ਆਪਣੀ ਸਮੁੱਚੀ ਕਵਿਤਾ/ਗਜ਼ਲ ਰਾਹੀਂ ਭਜਨ ਸਿੰਘ ਵਿਰਕ ਪਾਖੰਡਵਾਦ ਦੇ ਖਿਲਾਫ ਹੱਕ-ਸੱਚ ਦੀ ਆਵਾਜ਼ ਉਠਾਉਂਦਾ ਹੈ। ਮਾਨਵੀ ਕਦਰਾਂ-ਕੀਮਤਾਂ ਦੀ ਗੱਲ ਕਰਦਾ ਹੈ। ਧਾਰਮਿਕ ਅਡੰਬਰਾਂ ਵਿਰੁੱਧ ਗੁਰੂਆਂ, ਰਹਿਬਰਾਂ ਦੇ ਮਾਨ ਵਤਾਵਾਦੀ ਉਪਦੇਸ਼ ਨੂੰ ਅਮਲੀ ਰੂਪ ਵਿੱਚ ਅਪਨਾਉਣ ਦਾ ਹੋਕਾ ਦਿੰਦਾ ਹੈ। ਧਾਰਮਿਕ, ਸਮਾਜਿਕ ਤੇ ਧਾਰਮਿਕ ਪਾੜੇ ਨੂੰ ਨਿੰਦਦਾ ਹੈ ਤੇ ਪੀੜਤ ਧਿਰ ਨੂੰ ਏਕੇ ਦਾ ਸੁਨੇਹਾ ਦਿੰਦਾ ਹੈ। ਗੰਧਲੇ ਹੋ ਚੁੱਕੇ ਰਾਜਨੀਤਕ ਖੇਤਰ ਦੀ ਕੌੜੀ ਹਕੀਕਤ ਲੋਕਾਂ ਮੂਹਰੇ ਪੇਸ਼ ਕਰਦਾ ਹੈ। ਜੰਤਰਾਂ, ਮੰਤਰਾਂ ਤੋਂ ਦੂਰ ਰਹਿੰਦਿਆਂ, ਚਮਤਕਾਰਾਂ ਮਗਰ ਭੱਜਣ ਦੀ ਬਜਾਏ ਮਿਹਨਤਾਂ ਨਾਲ ਮੰਜ਼ਲ ਪਾਉਣ ਦੀ ਗੱਲ ਕਰਦਾ ਹੈ। ਦੇਸ਼ ਵਿੱਚ ਘਟ ਰਹੇ ਰੁਜ਼ਗਾਰ ਕਰਕੇ ਵਿਦੇਸ਼ਾਂ ਵੱਲ ਧੜਾਧੜ ਜਾ ਰਹੇ ਨੌਜਵਾਨਾਂ ਦੇ ਭਵਿੱਖ ਦੀ ਚਿੰਤਾ ਕਰਦਿਆਂ ਸਰਕਾਰਾਂ ਨੂੰ ਸਵਾਲ ਕਰਦਾ ਹੈ। ਦੇਸ਼ ਵਿੱਚ ਹੱਦਾਂ ਬੰਨੇ ਟੱਪ ਰਹੀ ਫਿਰਕਾਪ੍ਰਸਤੀ, ਬੇਰੁਜ਼ਗਾਰੀ, ਮਹਿੰਗਾਈ ਪ੍ਰਤੀ ਡਾਹਢਾ ਦੁਖੀ ਹੈ। ਆਮ ਲੋਕਾਂ ਨੂੰ ਦੋਹੀਂ ਹੱਥੀਂ ਲੁੱਟ ਰਹੇ ਹਾਕਮਾਂ ਤੋਂ ਲੋਕਾਂ ਨੂੰ ਸੁਚੇਤ ਕਰਦਾ ਹੈ। ਬਹੁਤ ਹੀ ਸਰਲ ਸ਼ਬਦਾਂ ਵਿੱਚ ਬੜੀ ਹੀ ਸਾਦਗੀ ਨਾਲ ਆਪਣੇ ਸ਼ਿਅਰਾਂ ਰਾਹੀਂ ਆਮ ਲੋਕਾਂ ਦੀ ਪੀੜਾ ਬਿਆਨਦਾ ਹੈ। ਭਜਨ ਸਿੰਘ ਵਿਰਕ ਜਾਣਦਾ ਹੈ ਕਿ ਲੇਖਕ ਨੂੰ ਸਮੇਂ ਦਾ ਸ਼ੀਸ਼ਾ ਕਿਉਂ ਕਿਹਾ ਜਾਂਦਾ ਹੈ। ਏਸੇ ਲਈ ਉਹ ਸਮਾਜ ਦੀ ਸਹੀ ਤਸਵੀਰ ਆਪਣੀਆਂ ਗਜ਼ਲਾਂ ਰਾਹੀਂ ਪੇਸ਼ ਕਰਨ ਤੋਂ ਜ਼ਰਾ ਗੁਰੇਜ਼ ਨਹੀਂ ਕਰਦਾ।

**- ਸੰਪਾਦਕ ਵੱਲੋਂ**

# ਮਿੰਨੀ ਕਹਾਣੀ ਵਿੱਚ ਪ੍ਰਯੋਗ

**ਸੁਰਿੰਦਰ ਕੈਲੇ**

ਸਾਹਿਤ ਦੀ ਅਲੋਚਨਾ ਲਈ ਪੱਛਮ ਦੇ ਵਿਦਵਾਨਾਂ ਨੇ ਸਮੇਂ-ਸਮੇਂ ਸਿਧਾਂਤ ਘੜੇ ਸਨ ਪ੍ਰਗਤੀਵਾਦ, ਪ੍ਰਯੋਗਵਾਦ, ਸੰਰਚਨਾਵਾਦ, ਆਧੁਨਿਕਵਾਦ, ਉੱਤਰਆਧੁਨਿਕਵਾਦ ਦੇ ਪੱਛਮੀ ਸਿਧਾਂਤਾਂ ਨੂੰ ਪੰਜਾਬੀ ਅਲੋਚਕਾਂ ਨੇ ਅਪਣਾ ਕੇ ਸਾਹਿਤ ਦੀ ਪਰਖ-ਪੜਚੋਲ ਕਰਨ ਦਾ ਰਾਹ ਅਪਣਾਇਆ। ਸਮੇਂ-ਸਮੇਂ ਇਹਨਾਂ ਸਿਧਾਂਤਾਂ ਉੱਪਰ ਨਰਮਾਈ ਨਾਲ ਕਿੰਤੂ-ਪ੍ਰੰਤੂ ਵੀ ਹੁੰਦੇ ਰਹੇ, ਜੋ ਠੋਸ ਬਹਿਸ ਦਾ ਰੂਪ ਨਾ ਲੈ ਸਕੇ। ਇੱਕ ਸਮੇਂ ਸੰਤ ਸਿੰਘ ਸੇਖੋਂ ਨੇ ਮਾਰਕਸਵਾਦੀ ਅਲੋਚਨਾ ਦਾ ਸਿਧਾਂਤ ਪੰਜਾਬੀ ਸਾਹਿਤ ਦੀ ਪਰਖ ਲਈ ਦਿੱਤਾ ਤੇ 'ਸਮਾਲੋਚਨਾ' ਦੇ ਨਾਂਅ ਥੱਲੇ ਪ੍ਰਚਲਿਤ ਕੀਤਾ। ਅੱਜ ਵੀ ਕਈ ਵਿਦਵਾਨ ਇਸ ਸਿਧਾਂਤ ਦੇ ਅਧਾਰ 'ਤੇ ਅਲੋਚਨਾ ਕਰਦੇ ਹਨ। ਉਪਰੋਕਤ ਸਾਰੇ ਸਿਧਾਂਤ ਆਲੋਚਨਾ ਨਾਲ ਸੰਬੰਧਤ ਹਨ, ਇਹ ਲਿਖਣ ਸ਼ੈਲੀਆਂ ਨਹੀਂ ਹਨ। ਅਜੋਕੇ ਸਮੇਂ ਮਿੰਨੀ ਕਹਾਣੀ ਵਿੱਚ ਪ੍ਰਯੋਗਵਾਦ ਦੀ ਚਰਚਾ ਜ਼ੋਰ-ਸ਼ੋਰ ਨਾਲ ਹੋ ਰਹੀ ਹੈ। ਇੱਥੇ ਅਸੀਂ ਕੇਵਲ ਮਿੰਨੀ ਕਹਾਣੀ ਵਿੱਚ ਪ੍ਰਯੋਗ ਦੀ ਚਰਚਾ ਹੀ ਕਰਾਂਗੇ।

ਜੇਕਰ ਮਿੰਨੀ ਕਹਾਣੀ ਦੇ ਇਤਿਹਾਸ 'ਤੇ ਨਜ਼ਰ ਮਾਰਦਿਆਂ, ਬੁਨਿਆਦੀ ਮਿੰਨੀ ਕਹਾਣੀਆਂ ਦਾ ਪਾਠ ਕੀਤਾ ਜਾਵੇ ਤਾਂ ਇੱਕ ਗੱਲ ਸਪੱਸ਼ਟ ਸਮਝ ਆਉਂਦੀ ਹੈ ਕਿ ਉਸ ਸਮੇਂ ਦੇ ਚਰਚਿੱਤ ਤੇ ਸਥਾਪਤ ਲੇਖਕਾਂ ਨੇ ਮਿੰਨੀ ਕਹਾਣੀਆਂ ਲਿਖੀਆਂ ਸਨ। ਸਰਦਾਰ ਬਸਰਾ, ਜਗਦੀਸ਼ ਅਰਮਾਨੀ, ਜਸਵੀਰ ਢੰਡ, ਦਰਸ਼ਨ ਮਿਤਵਾ, ਭੁਪਿੰਦਰ ਸਿੰਘ ਪੀ.ਸੀ.ਐੱਸ., ਸ਼ਰਨ ਮੱਕੜ, ਪ੍ਰੋ. ਅਜਮੇਰ ਸਿੰਘ ਔਲਖ, ਰੌਸ਼ਨ ਫੂਲਵੀ, ਚਿਤਰਾ ਮੁਦਗਲ, ਸੁਲੱਖਣ ਮੀਤ, ਸੁਰਿੰਦਰ ਕੈਲੇ ਆਦਿ (1972-1980) ਦੇ ਮੁੱਢਲੇ ਰਚਨਾਕਾਰ ਹਨ, ਜਿਨ੍ਹਾ ਨੇ ਮਿੰਨੀ ਕਹਾਣੀ ਨੂੰ ਮਜ਼ਬੂਤ ਬੁਨਿਆਦ ਦਿੱਤੀ, ਜੋ ਆਪਣੀ ਉੱਚਮਤਾ ਕਰਕੇ ਵਿਦਵਾਨਾਂ/ਅਲੋਚਕਾਂ ਦੇ ਕਿੰਤੂ-ਪਰੰਤੂ ਤੋਂ ਪਰੇ ਰਹੀ। ਬਾਅਦ ਵਿਚ ਸ਼ਾਮਲ ਹੋਏ ਲੇਖਕ ਇਸ ਠੋਸ ਅਧਾਰ ਤੋਂ ਪ੍ਰੇਰਨਾ/ਸੇਧ ਲੈਣ ਦੀ ਥਾਂ ਲੇਖਕ ਬਣਨ ਦੀ ਕਾਹਲ ਵਿੱਚ ਹਲਕੀਆਂ-ਫੁਲਕੀਆਂ ਰਚਨਾਵਾਂ ਲਿਖਣ ਲੱਗੇ, ਜਿਸ ਕਾਰਨ ਮਿੰਨੀ ਕਹਾਣੀ ਦੇ ਵਿਸ਼ਿਆਂ ਅਤੇ ਰੂਪਕ ਪੱਖ ਉਪਰ ਸਵਾਲ ਖੜ੍ਹੇ ਹੋਣੇ ਕੁਦਰਤੀ ਸਨ। ਅਖਬਾਰਾਂ ਵੱਲੋਂ ਖਾਲੀ ਥਾਂ ਭਰਨ ਲਈ ਮਿੰਨੀ ਕਹਾਣੀਆਂ ਦੀ ਵਰਤੋਂ ਨੇ ਇਸ ਨੂੰ ਚੁਟਕਲੇ ਦਾ ਨਾਂਅ ਦੇਣ ਵਿੱਚ ਦੇਰ ਨਹੀਂ ਲਗਾਈ।

ਮਿੰਨੀ ਕਹਾਣੀ ਵਿੱਚ ਸਭ ਤੋਂ ਪਹਿਲਾ ਸਵਾਲ ਅਕਾਰ, ਚਰਚਾ ਦਾ ਵਿਸ਼ਾ ਬਣਿਆ, ਕਿਉਂਕਿ ਉਸ ਸਮੇਂ ਮਿੰਨੀ ਕਹਾਣੀ ਦੀ ਪਰਖ-ਪੜਚੋਲ ਕਰਨ ਲਈ ਵਿਦਵਾਨਾਂ ਦੀ ਦਿਲਚਸਪੀ ਨਹੀਂ ਸੀ, ਇਸ ਲਈ ਲੇਖਕਾਂ ਨੇ ਆਪ ਹੀ ਇਸ ਦਾ ਮੰਥਨ ਕਰਨਾ ਸ਼ੁਰੂ ਕਰ ਦਿੱਤਾ। ਪਹਿਲਾਂ ਅਕਾਰ ਨੂੰ ਸ਼ਬਦਾਂ ਦੀ ਗਿਣਤੀ ਵਿੱਚ ਬੰਨ੍ਹਣ 'ਤੇ ਜ਼ੋਰ ਦਿੱਤਾ ਗਿਆ ਤੇ 200-300 ਸ਼ਬਦਾਂ ਵਾਲੀ ਕਹਾਣੀ ਨੂੰ ਮਿੰਨੀ ਕਹਾਣੀ ਮੰਨਣ ਦਾ ਸੁਝਾਅ ਦਿੱਤਾ ਗਿਆ। ਬਾਅਦ ਵਿੱਚ ਨਿੱਠ ਕੇ ਚਰਚਾ ਕਰਨ ਮਗਰੋਂ ਇਹ ਸਰਵ ਪ੍ਰਵਾਨਤ ਹੋ ਗਿਆ ਕਿ ਮਿੰਨੀ ਕਹਾਣੀ ਨੂੰ ਸ਼ਬਦਾਂ ਦੀ ਗਿਣਤੀ ਵਿੱਚ ਬੰਨ੍ਹਿਆਂ ਨਹੀਂ ਜਾ ਸਕਦਾ। ਸ਼ਬਦਾਂ ਦੇ ਬੰਧਨ ਨਾਲ ਲੇਖਕ ਆਪਣੀ ਗੱਲ ਕਹਿਣ ਵਿੱਚ ਕਾਮਯਾਬ ਨਹੀਂ ਹੋ ਸਕਦਾ। ਇਹ ਮੰਨ ਲਿਆ ਗਿਆ ਕਿ ਇਹ ਰਚਨਾਕਾਰ ਉੱਪਰ ਨਿਰਭਰ ਕਰਦਾ ਹੈ ਕਿ ਉਹ ਕਿੰਨੇ ਸ਼ਬਦਾਂ/ਵਾਕਾਂ ਵਿੱਚ ਕਹਾਣੀ ਬੁਣ ਸਕਦਾ ਹੈ। ਅੱਜਕੱਲ੍ਹ 600 ਸ਼ਬਦ ਤੇ ਵੱਧ ਸ਼ਬਦਾਂ ਵਾਲੀਆਂ ਸਫਲ ਕਹਾਣੀਆਂ ਦੀ ਚਰਚਾ ਵੀ ਹੋ ਰਹੀ ਹੈ।

ਇੱਕ ਸਮਾਂ ਸੀ ਜਦ ਮਿੰਨੀ ਕਹਾਣੀ ਵਿੱਚ 'ਕਾਲ ਦੋਸ਼' ਦੀ ਚਰਚਾ ਜ਼ੋਰਾਂ 'ਤੇ ਸੀ। ਕਿਹਾ ਜਾਂਦਾ ਸੀ ਕਿ ਮਿੰਨੀ ਕਹਾਣੀ ਕੇਵਲ ਛਿਣ-ਪਲ ਦੀ ਗੱਲ ਕਰ ਸਕਦੀ ਹੈ। ਲੰਬੇ ਸਮੇਂ ਦੀ ਰਚਨਾ ਇਸ ਦੇ ਵੱਸ ਦੀ ਗੱਲ ਨਹੀਂ। ਕੁਝ ਲੇਖਕਾਂ ਨੇ ਇਸ ਧਾਰਨਾ ਦਾ ਖੰਡਨ ਕਰਦਿਆਂ ਲੰਮੇ ਕਾਲ ਦੀਆਂ ਸਫਲ ਕਹਾਣੀਆਂ ਲਿਖੀਆਂ, ਜਿਸ ਨਾਲ 'ਕਾਲ ਦੋਸ਼' ਤੋਂ ਮੁਕਤੀ ਪਾਈ। ਦਰਅਸਲ 'ਕਾਲ ਦੋਸ਼' ਵੱਲ ਡਾ. ਕੁਲਦੀਪ ਸਿੰਘ ਦੀਪ ਨੇ ਆਪਣੇ ਪੇਪਰ 'ਮਿੰਨੀ ਕਹਾਣੀ ਦਾ ਕਾਲ ਪਰਿਪੇਖ' ਰਾਹੀਂ ਲੇਖਕਾਂ ਦਾ ਧਿਆਨ ਖਿੱਚਿਆ ਸੀ। ਕਾਲ ਦੋਸ਼ ਨੂੰ ਸਪੱਸ਼ਟ ਕਰਨ ਲਈ ਉਨ੍ਹਾ ਵੱਲੋਂ ਮੇਰੀਆਂ ਦੋ ਕਹਾਣੀਆਂ 'ਮਾਂ' ਤੇ 'ਹੁਣੇ ਹੀ' ਦਾ ਹਵਾਲਾ ਦੇਣਾ ਪ੍ਰਸੰਗਿਕ ਹੋਵੇਗਾ। ਉਹ ਲਿਖਦੇ ਹਨ ਕਿ ਕਾਲ ਦੋਸ਼ ਦੇ ਦ੍ਰਿਸ਼ਟੀਕੋਣ ਤੋਂ ਦੇਖਦਿਆਂ ਇਨ੍ਹਾਂ ਦੋ ਕਹਾਣੀਆਂ ਵਿੱਚ ਵੀ ਕਾਲ ਦੀਆਂ ਅਲੱਗ-ਅਲੱਗ ਪਰਤਾਂ ਹਨ। ਕਹਾਣੀ 'ਮਾਂ' ਦੀ ਤਕਨੀਕ ਇਸ ਪ੍ਰਕਾਰ ਹੈ : ਇਕ ਛਿਣ ਦੀ ਸਮਾਪਤੀ ਦੂਜੇ ਛਿਣ ਦੀ ਸ਼ੁਰੂਆਤ, ਜਦਕਿ ਕਹਾਣੀ 'ਹੁਣੇ ਹੀ' ਦੀ ਤਕਨੀਕ ਇਸ ਪ੍ਰਕਾਰ ਹੈ : ਇੱਕ ਛਿਣ ਦੀ ਸ਼ੁਰੂਆਤ-ਇਸ ਦੇ ਪਿਛੋਕੜ ਦੇ ਰੂਪ ਵਿੱਚ ਦੂਜੇ ਛਿਣ ਦਾ ਪ੍ਰਸੰਗ-ਪਹਿਲੇ ਛਿਣ ਨਾਲ ਜੋੜ ਕੇ ਕਹਾਣੀ ਦੀ ਸਮਾਪਤੀ। ਇਉਂ ਪਹਿਲੀ ਕਹਾਣੀ ਦੀ ਬਣਤਰ ਸੰਯੁਕਤ ਵਾਕ ਵਰਗੀ ਹੈ, ਜੋ ਦੋ ਸਧਾਰਨ ਵਾਕਾਂ ਨੂੰ ਸਿਰਫ ਯੋਜਕ ਰਾਹੀਂ ਜੋੜਦਾ ਹੈ, ਜਦ ਕਿ ਦੂਜੀ ਕਹਾਣੀ ਦਾ ਸੰਗਠਨ ਮਿਸ਼ਰਤ ਵਾਕ ਵਰਗਾ ਹੈ, ਜਿਸ ਵਿੱਚ ਇੱਕ ਸੁਤੰਤਰ ਤੇ ਇੱਕ ਜਾਂ ਇੱਕ ਤੋਂ ਵੱਧ ਅਧੀਨ ਵਾਕ ਹੁੰਦੇ ਹਨ, ਪ੍ਰੰਤੂ ਇਹ ਅਧੀਨ ਵਾਕ ਸੁਤੰਤਰ ਵਾਕ ਦੇ ਪੂਰਕ ਦੇ ਰੂਪ ਵਿੱਚ ਕਾਰਜਸ਼ੀਲ ਹੁੰਦੇ ਹਨ। ਇਉਂ ਪਹਿਲੀ ਕਹਾਣੀ 'ਮਾਂ' ਵਿੱਚ ਕਾਲ ਵਿਖੰਡਣ ਹੁੰਦਾ ਹੈ, ਜਦਕਿ ਦੂਜੀ ਕਹਾਣੀ 'ਹੁਣੇ ਹੀ' ਬੜੇ ਸਸ਼ੱਕਤ ਤਰੀਕੇ ਨਾਲ ਦੁਕਾਲਕੀ ਘਟਨਾ ਨੂੰ ਇਕਾਲਕੀ ਰੂਪ ਵਿੱਚ ਪੇਸ਼ ਕਰਕੇ ਮਿੰਨੀ ਕਹਾਣੀ ਦੀ ਵਿਧਾ ਨੂੰ ਵਿਸਥਾਰਦੀ ਹੈ। ਮੇਰੀ ਜਾਚੇ ਡਾ. ਦੀਪ ਹੋਰਾਂ ਦੇ ਲੇਖ ਨੂੰ ਰਚਨਾਕਾਰ ਸਹੀ ਸੰਦਰਭ ਵਿੱਚ ਸਮਝਣ ਦੀ ਕੁਥਾਹੀ ਕਰ ਗਏ। ਫਿਰ ਵੀ ਕੁਝ ਲੇਖਕਾਂ ਨੇ ਕਾਲ ਦੋਸ਼ ਨੂੰ ਸਮਝਦਿਆਂ ਸਫਲ ਕਹਾਣੀਆਂ ਲਿਖੀਆਂ ਹਨ।

ਇੰਝ ਹੀ ਘਟਨਾ ਨੂੰ ਲੈ ਕੇ ਵਾਦ-ਵਿਵਾਦ ਰਿਹਾ। ਪਹਿਲਾਂ ਮੰਨਿਆ ਜਾਂਦਾ ਸੀ ਕਿ ਮਿੰਨੀ ਕਹਾਣੀ ਵਿੱਚ ਕੇਵਲ ਇੱਕ ਹੀ ਘਟਨਾ ਸਮਾ ਸਕਦੀ ਹੈ। ਜੇ ਇਸ ਦੀ ਪਾਲਣਾ ਨਹੀਂ ਹੁੰਦੀ ਤਾਂ ਕਹਾਣੀ ਵਿਧਾ ਦੇ ਚੌਖੜੇ ਵਿੱਚੋਂ ਬਾਹਰ ਹੋ ਜਾਂਦੀ ਹੈ। ਕਾਫੀ ਸਮੇਂ ਤੱਕ ਇਸ ਧਾਰਨਾ ਅਧੀਨ ਰਚਨਾਵਾਂ ਲਿਖੀਆਂ ਜਾਂਦੀਆਂ ਰਹੀਆਂ ਸਨ। ਇਸ ਦੇ ਨਾਲ ਹੀ ਕਈ ਲੇਖਕ ਇਸ ਦਾ ਖੰਡਨ ਕਰਦੇ ਹੋਏ ਇੱਕ ਤੋਂ ਵੱਧ ਘਟਨਾਵਾਂ ਵਾਲੀਆਂ ਕਹਾਣੀਆਂ ਦਾ ਪ੍ਰਯੋਗ ਕਰ ਰਹੇ ਸਨ। ਮੇਰੀ ਇੱਕ ਕਹਾਣੀ (ਵਾਘੇ ਵਾਲੀ ਵਾੜ) ਵਿੱਚ ਚਾਰ ਘਟਨਾਵਾਂ ਸ਼ਾਮਲ ਹਨ। ਕਹਿਣ ਦਾ ਭਾਵ ਮਿੰਨੀ ਕਹਾਣੀ ਵਿੱਚ ਘਟਨਾਵਾਂ ਦੀ ਕੋਈ ਬੰਦਿਸ਼ ਨਹੀਂ।

ਸਵਾਲ ਇਹ ਹੈ ਕਿ ਲੇਖਕ ਘਟਨਾਵਾਂ ਨੂੰ ਇੱਕ ਲੜੀ ਵਿੱਚ ਪਰੋ ਕੇ (ਟੁਕੜੇ ਜੋੜ ਕੇ ਨਹੀਂ) ਪ੍ਰਭਾਵ ਦੀ ਇਕਾਗਰਤਾ ਕਾਇਮ ਰੱਖਣ ਵਿੱਚ ਕਿੰਨਾ ਕੁ ਸਫਲ ਹੁੰਦਾ ਹੈ।

ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਮਿੰਨੀ ਕਹਾਣੀ ਸੀਮਤ ਵਿਸ਼ਿਆਂ ਉੱਪਰ ਹੀ ਗੱਲ ਕਰ ਸਕਦੀ ਹੈ। ਉਨ੍ਹਾ ਦੀ ਇਹ ਧਾਰਨਾ ਸ਼ਾਇਦ ਇਸ ਕਰਕੇ ਵੀ ਹੋ ਸਕਦੀ ਹੈ ਕਿ ਚੋਣਵੀਂ ਤੇ ਪ੍ਰਤੀਨਿਧ ਮਿੰਨੀ ਕਹਾਣੀ ਉਨ੍ਹਾ ਨੂੰ ਪ੍ਰਾਪਤ ਨਹੀਂ ਹੋ ਸਕੀ ਤੇ ਲੇਖਕ/ਪ੍ਰਕਾਸ਼ਕ ਉਪਲੱਬਧ ਨਹੀਂ ਕਰਵਾ ਸਕੇ।

ਖੈਰ! ਅਜੋਕੀ ਮਿੰਨੀ ਕਹਾਣੀ ਲਈ ਕੋਈ ਵੀ ਵਿਸ਼ਾ ਅਛੋਹ ਨਹੀਂ। ਮਾਨਵ, ਪਰਵਾਰ, ਸਮਾਜ, ਸੰਸਾਰ, ਧਰਮ, ਸੱਤਾ ਤੇ ਸਿਆਸਤ, ਆਰਥਿਕਤਾ, ਗਿਆਨ, ਮਨੋਵਿਗਿਆਨ ਵਗੈਰਾ ਕੋਈ ਵੀ ਅਜਿਹਾ ਵਿਸ਼ਾ ਨਹੀਂ, ਜਿਸ ਉੱਪਰ ਮਿੰਨੀ ਕਹਾਣੀ ਲਿਖੀ ਨਾ ਗਈ ਹੋਵੇ। ਕਈ ਵਾਰੀ ਜਾਪਦਾ ਹੈ ਕਿ ਇਹ ਨਿੱਕੀ ਹੁਨਰੀ ਕਹਾਣੀ ਤੋਂ ਅਗਾਂਹ ਨਿਕਲ ਗਈ ਹੋਵੇ। ਮਿੰਨੀ ਕਹਾਣੀ ਦੀ ਪਰਖ ਇਸ ਗੱਲ ਤੋਂ ਕੀਤੀ ਜਾ ਸਕਦੀ ਹੈ ਕਿ ਇਹ ਜ਼ਿੰਦਗੀ ਦੇ ਵਿਭਿੰਨ ਪਸਾਰਾਂ ਨੂੰ ਉਨ੍ਹਾ ਦੀ ਜਟਿਲਤਾ ਸਹਿਤ, ਕਲਾਤਮਿਕ ਸੰਗਠਨ ਵਿੱਚ ਬੁਣਨ ਦੀ ਸਮਰੱਥਾ ਰੱਖਦੀ ਹੈ।

ਸਾਹਿਤ ਦੀ ਕਿਸੇ ਵੀ ਵਿਧਾ ਵਿੱਚ ਅਗਰ ਖੜੋਤ ਆ ਜਾਵੇ ਤਾਂ ਉਸ ਦੀ ਸਮਰੱਥਾ, ਸੁਧਾਰ ਤੇ ਗੁਣਵੱਤਾ ਉੱਪਰ ਢਾਹੂ ਅਸਰ ਪੈਂਦਾ ਹੈ, ਜੋ ਵਿਧਾ ਦੇ ਭਵਿੱਖ 'ਤੇ ਸਵਾਲ ਖੜ੍ਹੇ ਕਰਦਾ ਹੈ। ਨਾਵਲਿਟ ਤੇ ਲੰਬੀ ਕਹਾਣੀ ਦੀ ਖੜੋਤ ਸਾਡੇ ਸਾਹਮਣੇ ਹੈ। ਇਹ ਤਸੱਲੀ ਵਾਲੀ ਗੱਲ ਹੈ ਕਿ ਮਿੰਨੀ ਕਹਾਣੀ ਦਾ ਸਰੂਪ ਪ੍ਰਤੀਦਿਨ ਵਧੇਰੇ ਸਪੱਸ਼ਟ ਨਜ਼ਰ ਆਉਂਦਾ ਹੈ। ਇਸ ਵਿਧਾ ਵਿੱਚ ਸਮੇਂ-ਸਮੇਂ ਕੀਤੇ ਜਾ ਰਹੇ ਪ੍ਰਯੋਗ ਇਸ ਦੀ ਗੁਣਵੱਤਾ ਵਿੱਚ ਵਾਧਾ ਕਰਦੇ ਹਨ ਅਤੇ ਇਹ ਪ੍ਰਯੋਗ ਜਾਰੀ ਹਨ।

ਕਥਾ ਵਿਧਾ ਵਿੱਚ ਕਲਪਨਾ ਦੀ ਅਹਿਮ ਭੂਮਿਕਾ ਹੁੰਦੀ ਹੈ। ਲੇਖਕ ਘਟਿਤ ਘਟਨਾ ਦੀ ਚੀਰਫਾੜ ਕਰਦਿਆਂ, ਉਸ ਦਾ ਮੰਥਨ ਕਰਦਾ ਹੈ, ਫਿਰ ਆਪਣੀ ਬੁੱਧੀ, ਸੋਚ ਤੇ ਵਿਚਾਰਧਾਰਾ ਦੀ ਸਾਣ 'ਤੇ ਉਸ ਵਿੱਚ ਵਾਧਾ-ਘਾਟਾ ਕਰਦਿਆਂ ਕਲਪਨਾ ਨੂੰ ਸ਼ਾਮਲ ਕਰਦਾ ਹੈ। ਇੰਝ ਇਸ ਦੇ ਮਿਸ਼ਰਨ ਨਾਲ ਕਹਾਣੀ ਦੀ ਬੁਣਤੀ ਕਰਦਾ ਹੈ।

ਅਜੋਕਾ ਮਿੰਨੀ ਕਹਾਣੀਕਾਰ ਘਟਿਤ ਘਟਨਾਵਾਂ ਤੋਂ ਅਗਾਂਹ ਜਾ ਕੇ ਨਿਰੋਲ ਕਲਪਿਤ ਘਟਨਾਵਾਂ ਸਿਰਜ ਕੇ ਵਿਧਾ ਦਾ ਵਿਸਤਾਰ ਕਰਦਾ ਹੈ। ਕੁਝ ਕਲਪਿਤ ਘਟਨਾਵਾਂ ਅਜਿਹੀਆਂ ਹੁੰਦੀਆਂ ਹਨ, ਜਿਨ੍ਹਾ ਦੇ ਘਟਣ ਦੀ ਸੰਭਾਵਨਾ ਇੰਨੀ ਮੱਧਮ ਹੁੰਦੀ ਹੈ ਕਿ ਉਸ ਦੇ ਵਾਪਰਨ ਬਾਰੇ ਸੋਚਿਆ ਨਹੀਂ ਜਾ ਸਕਦਾ, ਪਰ ਜੇ ਲੇਖਕ ਦੀ ਸਿਰਜੀ ਕਲਪਿਤ ਘਟਨਾ ਦੇ ਵਾਪਰਨ ਦੀ ਸੰਭਾਵਨਾ ਦਾ ਸੰਚਾਰ ਹੁੰਦਾ ਹੈ ਤੇ ਸਮਾਜ ਨੂੰ ਭਿਆਨਕ ਦ੍ਰਿਸ਼ ਨਜ਼ਰ ਆਉਂਦਾ ਹੈ ਅਤੇ ਪਾਠਕ ਦੇ ਦਿਮਾਗ ਵਿੱਚ ਇਸ ਮੰਦਭਾਗੀ ਘਟਨਾ ਦੇ ਵਿਰੋਧ ਵਿੱਚ ਚੇਤਨਤਾ ਪੈਦਾ ਹੁੰਦੀ ਹੈ ਤਾਂ ਅਜਿਹੀ ਰਚਨਾ ਦਾ ਸਵਾਗਤ ਕਰਨਾ ਬਣਦਾ ਹੈ।

ਇੰਝ ਹੀ ਜੇ ਕਿਸੇ ਗੰਭੀਰ ਵਿਸ਼ੇ ਜਿਵੇਂ ਪਰਵਾਰਕ ਤੇ ਸਮਾਜਿਕ ਰਿਸ਼ਤਿਆਂ ਦੀ ਜਟਿਲਤਾ ਦੀ ਗੱਲ ਕਰਨੀ ਹੋਵੇ, ਜਿਵੇਂ ਭੈਣ-ਭਰਾ ਦੇ ਸਰੀਰਕ ਸੰਬੰਧ ਤਾਂ ਸੱਪ ਦੀ ਖੁੱਡ ਵਿੱਚ ਹੱਥ ਪਾਉਣਾ ਹੁੰਦਾ ਹੈ। ਪਹਿਲਾਂ ਹੇਠਲੀ ਕਹਾਣੀ ਦਾ ਪਾਠ ਕਰਦੇ ਹਾਂ :

ਕਰੋਪੀ ਕੁਦਰਤ ਦੀ

ਅਜਿਹਾ ਭੂਚਾਲ ਆਇਆ ਕਿ ਹੇਠਲੀ ਉੱਪਰ ਹੋ ਗਈ। ਪਲਾਂ ਵਿੱਚ ਹੀ ਸਭ ਤਹਿਸ-ਨਹਿਸ ਹੋ ਗਿਆ। ਘੁੱਗ ਵਸਦੀ ਦੁਨੀਆ ਕਬਰਾਂ ਵਿੱਚ ਬਦਲ ਗਈ।

ਕਰਿਸ਼ਮਾ ਕੁਦਰਤ ਦਾ

ਮਾਨਵ ਜਾਤੀ ਦੀ ਤਬਾਹੀ ਦੇ ਬਾਵਜੂਦ ਤਿੰਨ ਮਾਨਵ ਬਚ ਗਏ, ਮਾਂ, ਧੀ ਤੇ ਪੁੱਤਰ। ਹੋਰ ਕਿਧਰੇ ਵੀ ਮਨੁੱਖ ਜਾਤੀ ਦੇ ਹੋਣ ਦਾ ਨਿਸ਼ਾਨ ਬਾਕੀ ਨਹੀਂ ਸੀ। ਫੈਲ ਰਹੀ ਮਹਾਂਮਾਰੀ ਤੋਂ ਬਚਣ ਲਈ ਉਹ ਦੂਰ ਜੰਗਲਾਂ ਵਿੱਚ ਨਿਕਲ ਗਏ।

ਵੰਸ਼ ਵਾਧੇ ਦੀ ਚਿੰਤਾ

ਮਾਂ ਵੰਸ਼ ਵਿੱਚ ਵਾਧੇ ਲਈ ਵਿਆਕੁਲ ਸੀ। ਉਹ

ਜਵਾਨ ਪੁੱਤ ਤੇ ਧੀ ਲਈ ਬਹੂ ਤੇ ਵਰ ਦੀ ਭਾਲ ਵਿੱਚ ਭਟਕਦੀ ਫਿਰਦੀ। ਮਨੁੱਖ ਜਾਤੀ ਦਾ ਤਾਂ ਜਿਵੇਂ ਨਾਸ ਹੀ ਹੋ ਗਿਆ ਸੀ।

ਸੰਕਟ ਧਰਮ ਦਾ

ਮਾਂ ਚਾਰੋਂ ਕੂੰਟਾਂ ਭਾਲ ਕੇ ਥੱਕ ਗਈ। ਉਸ ਨੂੰ ਮਾਨਵ ਜਾਤੀ ਦੇ ਬੀਜ-ਨਾਸ ਹੋਣ ਦਾ ਡਰ ਘੇਰ ਕੇ ਖਲੋ ਗਿਆ। ਧਰਮ, ਸਮਾਜ ਤੇ ਪਰੰਪਰਾ, ਭੈਣ ਤੇ ਭਰਾ ਨੂੰ ਵਿਆਹ ਵਿੱਚ ਬੰਧਨ ਦੀ ਇਜਾਜ਼ਤ ਨਹੀਂ ਦਿੰਦੇ। ਸਦੀਆਂ ਪੁਰਾਣੀਆਂ ਪ੍ਰੰਪਰਾਵਾਂ,

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ



ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੇ ਪ੍ਰਧਾਨ ਦਰਸ਼ਨ ਬੁੱਟਰ ਅਤੇ ਕਾਰਜਕਾਰਨੀ ਦੇ ਮੈਂਬਰ ਸੁਰਿੰਦਰਜੀਤ ਚੌਹਾਨ ਪਿਛਲੇ ਦਿਨੀ 'ਨਵਾਂ ਜ਼ਮਾਨਾ' ਵਿਖੇ ਆਏ ਅਤੇ ਐਤਵਾਰਤਾ ਬਾਰੇ ਵਿਚਾਰ ਚਰਚਾ ਕੀਤੀ।

## ਅਨੇਮਨ ਸਿੰਘ ਨੂੰ 'ਰਾਗ ਕਥਾ ਪੁਰਸਕਾਰ'



**ਮਾਨਸਾ**-ਪੰਜਾਬੀ ਸਾਹਿਤ ਦੇ ਪ੍ਰਸਿੱਧ ਮੈਗਜ਼ੀਨ ਦੇ ਸੰਸਥਾਪਕਾਂ ਵੱਲੋਂ ਮਾਨਸਾ ਦੇ ਚਰਚਿਤ ਕਹਾਣੀਕਾਰ ਅਨੇਮਨ ਸਿੰਘ ਨੂੰ 'ਰਾਗ ਕਥਾ ਪੁਰਸਕਾਰ' ਦੇਣ ਦਾ ਫੈਸਲਾ ਕੀਤਾ ਹੈ। ਮੈਗਜ਼ੀਨ ਦੇ ਮੁੱਖ ਸੰਪਾਦਕ ਇੰਦਰਜੀਤ ਸਿੰਘ ਪੁਰੇਵਾਲ (ਯੂਕੇ) ਵੱਲੋਂ ਐਲਾਨੇ ਇਸ ਪੁਰਸਕਾਰ ਦੀ ਅਦਬੀ ਹਲਕਿਆਂ ਚ ਪ੍ਰਸੰਸਾ ਕੀਤੀ ਜਾ ਰਹੀ ਹੈ। ਦੱਸਣਾ ਬਣਦਾ ਹੈ ਕਿ ਇਸ ਪੁਰਸਕਾਰ 'ਚ ਇਕ ਲੱਖ ਰੁਪਏ ਦੀ ਨਕਦ ਰਾਸ਼ੀ ਤੋਂ ਇਲਾਵਾ ਯਾਦਗਾਰੀ ਚਿੰਨ੍ਹ ਤੇ ਫੁਲਕਾਰੀ ਭੇਟ ਕੀਤੀ ਜਾਂਦੀ ਹੈ। ਜ਼ਿਕਰਯੋਗ ਹੈ ਕਿ ਅਨੇਮਨ ਦੇ ਚਾਰ ਮੌਲਿਕ ਕਹਾਣੀ ਸੰਗ੍ਰਹਿ ਅਤੇ ਦੋ ਦਰਜਨ ਪੁਸਤਕਾਂ ਦਾ ਸੰਪਾਦਨ ਤੇ ਅਨੁਵਾਦਿਤ ਕਾਰਜ ਕੀਤਾ ਹੈ। ਕਹਾਣੀਕਾਰ ਜਸਬੀਰ ਢੰਡ, ਦਰਸ਼ਨ ਜੋਗਾ, ਸ਼ਾਇਰ ਅੰਮ੍ਰਿਤ ਸਮਿਤੋਜ, ਅਮਨ ਮਾਨਸਾ ਨੇ ਇਸ ਪੁਰਸਕਾਰ ਦੀ ਸ਼ਲਾਘਾ ਕਰਦਿਆਂ ਸਮੂਹ ਰਾਗ ਪਰਵਾਰ ਦੇ ਨੁਮਾਇੰਦਿਆਂ ਦਾ ਧੰਨਵਾਦ ਕੀਤਾ ਹੈ।

## ਡਾ. ਖੀਵਾ ਨਾਲ ਰੂ-ਬ-ਰੂ



**ਚੰਡੀਗੜ੍ਹ** : ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ ਸੈਕਟਰ 26, ਚੰਡੀਗੜ੍ਹ ਦੇ ਕਾਨਫਰੰਸ ਹਾਲ 'ਚ ਪੋਸਟ ਗਰੈਜੂਏਟ ਪੰਜਾਬੀ ਵਿਭਾਗ ਦੇ ਸਾਬਕਾ ਮੁੱਖੀ ਡਾ. ਲਾਭ ਸਿੰਘ ਖੀਵਾ ਦਾ ਵਿਦਿਆਰਥੀਆਂ ਤੇ ਅਧਿਆਪਕਾਂ ਨਾਲ ਇੱਕ ਰੂਬਰੂ- ਸਮਾਗਮ ਆਯੋਜਿਤ ਕੀਤਾ ਗਿਆ। ਵਿਭਾਗ ਦੇ ਮੌਜੂਦਾ ਮੁੱਖੀ ਪ੍ਰੋ. ਕੁਲਬੀਰ ਸਿੰਘ ਨੇ ਡਾ.ਖੀਵਾ ਦਾ ਖੈਰ- ਮਕਦਮ ਕਰਦਿਆਂ ਉਨ੍ਹਾਂ ਵੱਲੋਂ ਕਾਲਜ ਦੀ ਲਾਇਬ੍ਰੇਰੀ ਲਈ 300 ਪੁਸਤਕਾਂ, ਪੀ.ਐਚ ਡੀ.ਥੀਸਸ ਤੇ ਬੰਦ ਹੋ ਚੁੱਕੇ ਜਿਲਦਬੰਦ-ਪੰਜਾਬੀ ਮੈਗਜੀਨ ਭੇਟ ਕਰਨ ਦੀ ਭਾਵਨਾ ਨੂੰ ਭਾਵਪੂਰਤ ਸ਼ਬਦਾਂ ਵਿੱਚ ਸਲਾਹਿਆ। ਤਾੜੀਆਂ ਦੀ ਗੂੰਜ ਵਿੱਚ ਸਰੋਤਿਆਂ ਦੇ ਰੂਬਰੂ ਹੁੰਦਿਆਂ ਡਾ.ਖੀਵਾ ਨੇ ਕਾਲਜ ਤੇ ਵਿਭਾਗ 'ਚ ਵਿਦਿਆਰਥੀਆਂ ਤੇ ਹਮਕਰਮੀਆਂ ਨਾਲ ਵਿਚਰਦਿਆਂ ਆਪਣਿਆਂ ਯਾਦਾਂ ਸਾਂਝੀਆਂ ਕੀਤੀਆਂ। ਆਪਣੇ ਜੀਵਨ ਵਿੱਚ ਕਿਤਾਬਾਂ ਦੇ ਮਹੱਤਵ ਤੇ ਯੋਗਦਾਨ ਦੀ ਭੂਮਿਕਾ 'ਤੇ ਚਾਣਨਾ ਪਾਇਆ। ਸਾਬਕਾ ਮੁੱਖੀ ਡਾ. ਦੇਵਿੰਦਰ ਸਿੰਘ ਬਾਛਲ ਨੇ ਰੂਬਰੂਕਰਤਾ ਨਾਲ ਪੰਜਾਬ ਯੂਨੀਵਰਸਿਟੀ ਵੇਲੇ ਤੋਂ ਬਣੀ ਨੇੜਤਾ ਦੀ ਲਗਾਤਾਰਤਾ ਦਾ ਮਾਣ ਨਾਲ ਜਿਕਰ ਕੀਤਾ। ਪ੍ਰਿੰਸੀਪਲ ਡਾ. ਨਵਜੋਤ ਕੌਰ ਨੇ ਪ੍ਰਧਾਨਗੀ ਭਾਸ਼ਣ 'ਚ ਡਾ. ਖੀਵਾ ਦੀ ਕਾਲਜ ਪ੍ਰਤੀ ਵਿਖਾਈ ਭਾਵਨਾਤਮਕ ਸਾਂਝ ਨੂੰ ਵਡਿਆਇਆ। ਡਾ. ਸਰਬਜੀਤ ਕੌਰ ਨੇ ਧੰਨਵਾਦੀ ਸ਼ਬਦ ਕਹੇ ਤੇ ਡਾ. ਜਗਦੀਪ ਸਿੰਘ ਨੇ ਬਾਖੂਬੀ ਮੰਚ-ਸੰਚਾਲਨ ਕੀਤਾ। ਇਸ ਸਮੇਂ ਪੰਜਾਬੀ ਵਿਭਾਗ ਸਮੇਤ ਹੋਰਨਾਂ ਵਿਭਾਗਾਂ ਦੇ ਅਧਿਆਪਕ ਵੀ ਹਾਜਰ ਸਨ।

- ਡਾ. ਜਗਦੀਪ ਸਿੰਘ

# ਸਮਕਾਲ

## ਕਾਵਿਲੋਕ : ਅਕਤੂਬਰ-ਦਸੰਬਰ 2023

ਕਾਵਿ ਲੋਕ ਦੇ ਇਸ ਸੱਜਰੇ ਅੰਕ ਦੇ ਮੁੱਖ ਪੰਨੇ 'ਤੇ ਅਮਿਤੋਜ ਦੀ ਭਾਵਪੂਰਤ ਕਵਿਤਾ 'ਇੱਕ ਪਲ ਦੀ ਪਰਿਭਾਸ਼ਾ' ਸਿਰਲੇਖ ਹੇਠ ਛਪੀ ਹੈ।




ਸੰਪਾਦਕੀ ਨਵੇਂ ਕਾਵਿ ਪ੍ਰਯੋਗ ਵਿੱਚ ਸਿਰਜਣਾਤਮਕ ਅਤੇ ਆਲੋਚਨਾਤਮਕ ਕਾਵਿ ਸੰਦਰਭਾਂ ਦੀ ਗੱਲ ਕੀਤੀ ਗਈ ਹੈ। ਰੂਪ ਅਤੇ ਵਸਤੂ ਦੀ ਚੱਲਦੀ ਆ ਰਹੀ ਜ_ਗ ਲ ਬ ੰ ਦੀ, ਮਾਰਕਸਵਾਦੀਆਂ, ਰੂਪਵਾਦੀਆਂ ਵੱਲੋਂ ਕਵਿਤਾ ਲਈ ਸਮੇਂ-ਸਮੇਂ ਤੈਅ ਕੀਤੀਆਂ ਜਾਂਦੀਆਂ ਹੱਦਬੰਦੀਆਂ ਦੀ ਵੀ ਗੱਲ ਹੈ। ਜਾਰਜ ਲੂਕਾਚ ਦਾ ਕਥਨ ਕਿ 'ਸਾਹਿਤ ਵਿੱਚ ਵਿਦਮਾਨ ਸਮਾਜਕ ਤੱਤ ਹੀ ਸਾਹਿਤ ਦਾ ਰੂਪ ਹੁੰਦੇ ਹਨ' ਬਾਰੇ ਮਾਰਕਸਵਾਦੀਆਂ ਦੇ ਪ੍ਰਤੀਕਰਮ ਬਾਰੇ ਵੀ ਟਿੱਪਣੀ ਹੈ। ਆਧੁਨਿਕ ਕਾਵਿ ਸੰਦਰਭਾਂ ਨੂੰ ਸਮਝਣ ਲਈ ਇਹ ਸੰਪਾਦਕੀ ਬਹੁਤ ਕੁਝ ਕਹਿੰਦੀ ਜਾਪਦੀ ਹੈ। ਇਸ ਅੰਕ ਦੇ ਕਵੀ ਗੁਰਪ੍ਰੀਤ ਦੀ ਕਵਿਤਾ ਦੀ ਇੱਕ ਪੜ੍ਹਤ ਡਾ. ਯੋਗਰਾਜ ਵੱਲੋਂ ਪੇਸ਼ ਹੈ, ਜਿਸ ਵਿੱਚ ਉਹ ਗੁਰਪ੍ਰੀਤ ਦੀ ਕਵਿਤਾ ਵਿਚਲੇ ਵਿਭਿੰਨ ਪੱਖਾਂ ਬਾਰੇ ਵਿਚਾਰ ਪ੍ਰਗਟ ਕਰਦਾ ਹੈ। ਮੋਹਨਜੀਤ ਦੀ ਕਾਵਿ ਕਿਤਾਬ 'ਕੀ ਨਾਰੀ ਕੀ ਨਦੀ' ਬਾਰੇ ਮਨਮੋਹਨ ਨੇ ਵਿਸਥਾਰ ਵਿੱਚ ਲਿਖਿਆ ਹੈ। ਤ੍ਰੈਲੋਚਨ ਦੀ ਪਹਿਲੀ ਕਿਤਾਬ 'ਦਿਲ ਦਰਵਾਜ਼ੇ' ਬਾਰੇ ਸ਼ਾਇਰ ਰਵਿੰਦਰ ਭੱਠਲ ਨੇ ਕਾਵਿਕ ਅੰਦਾਜ਼ ਵਿੱਚ ਲਿਖਿਆ ਹੈ। ਡਾ. ਮੇਘਾ ਸਲਵਾਨ ਨੇ ਸੁਰਜੀਤ ਪਾਤਰ ਦੇ ਕਾਵਿ ਸੰਦਰਭਾਂ ਵਿਚਲੇ ਵਿਭਿੰਨ ਪੱਖਾਂ ਬਾਰੇ ਚਰਚਾ ਕੀਤੀ ਹੈ। ਗੁਰਭਜਨ ਗਿੱਲ ਦੀ ਪੁਸਤਕ 'ਸੁਰਤਾਲ' ਬਾਰੇ ਸ਼ਾਇਰ ਵਿਦਵਾਨ ਡਾ. ਗੁਰਇਕਬਾਲ ਸਿੰਘ ਨੇ ਵਿਭਿੰਨ ਪਾਸਾਰ ਉਜਾਗਰ ਕੀਤੇ ਹਨ। ਮਿੰਦਰ ਦੀ ਪੁਸਤਕ 'ਸ਼ਾਇਦ ਮੈਂ ਹਰ ਥਾਂ ਹਾਜ਼ਰ ਨਾ ਹੋ ਸਕਾਂ' ਬਾਰੇ ਡਾ. ਲਖਵਿੰਦਰ ਸਿੰਘ ਜੌਹਲ ਅਤੇ ਜਸਲੀਨ ਕੌਰ ਦੀ ਸੱਜਰੀ ਕਾਵਿ ਕਿਤਾਬ 'ਮੱਧਮ-ਮੱਧਮ' ਬਾਰੇ ਡਾ. ਹਰਜਿੰਦਰ ਸਿੰਘ ਅਟਵਾਲ ਦੀ 'ਸਮੀਖਿਆ' ਵੀ ਇਸ ਅੰਕ ਦਾ ਹਿੱਸਾ ਬਣੀ ਹੈ। ਡਾ. ਗੁਰਜੀਤ ਕੌਰ ਨੇ ਸੁਰਿੰਦਰ ਗੀਤ ਦੀ 'ਗੁਸਤਾਖ ਹਵਾ' ਦੀ ਵੀ ਗੱਲ ਕੀਤੀ ਹੈ। ਸੁਖਵਿੰਦਰ ਅੰਮ੍ਰਿਤ ਦੀਆਂ 'ਚਾਰ ਸਤਰਾਂ' ਵੀ ਇਸ ਅੰਕ ਦੀ ਸ਼ੋਭਾ ਬਣੀਆਂ ਹਨ।

ਪੰਨੇ : 52, ਮੁੱਲ : 50 ਰੁਪਏ, ਸੰਪਾਦਕ : ਡਾ. ਲਖਵਿੰਦਰ ਸਿੰਘ ਜੌਹਲ, ਸੰਪਰਕ : 20 ਪ੍ਰੋਫੈਸਰ ਕਾਲੋਨੀ, ਵਡਾਲਾ ਚੌਕ, ਜਲੰਧਰ-144001 (ਮੋ:) 94171-94812

## ਸ਼ਬਦ ਤ੍ਰਿੰਝਣ : ਜੁਲਾਈ-ਸਤੰਬਰ 2023

ਹਾਸ ਵਿਅੰਗ ਦੇ ਇਸ ਤ੍ਰੈਮਾਸਿਕ ਦੇ ਮੁੱਖ ਪੰਨੇ 'ਤੇ ਅਮਰਜੀਤ ਪੇਂਟਰ ਦਾ ਇੱਕ ਚਿੱਤਰ ਹੈ, ਜਿਸ ਵਿੱਚ ਗਿਆਨ ਪ੍ਰਾਪਤੀ ਨਾਲੋਂ ਭਵਿੱਖ ਜਾਣਨ ਵਾਲਿਆਂ ਦੀ ਭੀੜ ਵਧੇਰੇ ਨਜ਼ਰ ਆਉਂਦੀ ਹੈ। ਇਹ ਸਾਡੇ ਸਮਿਆਂ ਦਾ ਸੱਚ ਹੈ। ਸੰਪਾਦਕੀ 'ਇਸਰੋ' ਦੇ ਮਿਸ਼ਨ ਚੰਦਰਯਾਨ ਦੀ ਸਫਲਤਾ ਦੀ ਗੱਲ ਕਰਦੀ ਹੈ। ਕਾਵਿ-ਵਿਅੰਗ, ਗੀਤ, ਵਿਅੰਗ, ਲੇਖ, ਹਾਸ ਵਿਅੰਗ, ਮਿੰਨੀ ਵਿਅੰਗ, ਗ਼ਜ਼ਲ, ਹਾਸਰਸ ਕਵਿਤਾ, ਪਿਆਰਾ ਸਿੰਘ ਦਾਤਾ ਦਾ ਸ਼ਬਦ ਚਿੱਤਰ, ਸਮੀਖਿਆ, ਰੁਬਾਈਆਂ, ਮੁਲਾਕਾਤ ਆਦਿ ਵੱਖ-ਵੱਖ ਕਾਲਮਾਂ ਨਾਲ ਸਜਾਇਆ ਗਿਆ ਹੈ ਇਹ ਅੰਕ।




ਪੰਨੇ : 50, ਮੁੱਲ : 30 ਰੁਪਏ, ਸੰਪਾਦਕ : ਮੰਗਤ ਰਾਏ ਮਿੱਤਲ, ਸੰਪਰਕ : 94177-53892

## ਵਰਿਆਮ : ਅਕਤੂਬਰ 2023

ਵਰਿਆਮ ਦੇ ਇਸ ਸੱਜਰੇ ਅੰਕ ਦੀ ਸੰਪਾਦਕੀ ਚੰਦਰਯਾਨ-3 ਦੀ ਸਫਲਤਾ ਬਾਰੇ ਹੈ। ਬਾਨੀ ਸੰਪਾਦਕ ਜਗਦੀਸ਼ ਸਿੰਘ ਵਰਿਆਮ ਦੀ 'ਪੂਰਬੀ ਅਫਰੀਕਾ ਦੀ ਯਾਤਰਾ' ਦਾ ਛੇਵਾਂ ਭਾਗ ਪੇਸ਼ ਹੋਇਆ ਹੈ। ਸੁਵਰਨ ਸਿੰਘ ਵਿਰਕ ਆਪਣੇ ਕਾਲਮ ਕੂਕਾ ਲਹਿਰ ਦੇ ਅਮਰ ਨਾਇਕ ਵਿੱਚ ਇਸ ਵਾਰ ਮਸਤ ਸ਼ੇਰ ਸਿੰਘ ਡੱਫਰਕਿਆਂ ਵਾਲੇ ਦੀ ਜੀਵਨੀ ਅਤੇ ਲਹਿਰਾਂ ਵਿੱਚ ਉਸ ਦੇ ਯੋਗਦਾਨ ਬਾਰੇ ਵਿਸਥਾਰ ਸਹਿਤ ਪੇਸ਼ਕਾਰੀ ਹੈ। ਤਾਰਾ ਸਿੰਘ ਅਨਜਾਣ ਦੀ ਸਵੈ-ਜੀਵਨ' 'ਵੇਦਨ ਕਹੀਐ ਕਿਸੁ' ਦੀ ਨੌਵੀਂ ਕੜੀ ਵੀ ਹੈ। ਨਰੈਣ ਸਿੰਘ ਦਾ ਲੇਖ 'ਬਾਬਾ ਬੋਲੀਐ ਪਤਿ ਹੋਇ' ਇੱਕ ਚੰਗੀ ਜੀਵਨ-ਜਾਚ ਦਾ ਲਖਾਇਕ ਬਣਦਾ ਹੈ। ਕਹਾਣੀਆਂ ਤੇ ਮਿੰਨੀ ਕਹਾਣੀਆਂ ਵੀ ਹਨ। ਕਵਿਤਾ ਦੀਆਂ ਵਿਭਿੰਨ ਕਾਵਿ ਵੰਨਗੀਆਂ ਵੀ ਹਾਜ਼ਰ ਹਨ।




ਪੰਨੇ : 52, ਮੁੱਲ : 40 ਰੁਪਏ, ਸੰਪਾਦਕ : ਡਾ. ਰਜਵੰਤ ਕੌਰ, ਸੰਪਰਕ : ਮਾਸਿਕ ਵਰਿਆਮ, ਲਾਡੋਵਾਲੀ ਰੋਡ, ਜਲੰਧਰ (ਮੋ:) 98786-16996

- ਹਰਜਿੰਦਰ ਅਟਵਾਲ (ਡਾ.)

## ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਜਨਮ ਦਿਹਾੜਾ ਮਨਾਇਆ



**ਬਠਿੰਡਾ**-ਟੀਚਰਜ਼ ਹੋਮ ਟਰੱਸਟ (ਰਜਿ.) ਬਠਿੰਡਾ ਵੱਲੋਂ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਜਨਮ ਦਿਹਾੜਾ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਭਗਤ ਸਿੰਘ ਤੇ ਸਾਥੀਆਂ ਦੀਆਂ ਵੱਡੀਆਂ ਕੁਰਬਾਨੀਆਂ ਨੂੰ ਯਾਦ ਕਰਦਿਆਂ ਫਖਰ ਮਹਿਸੂਸ ਕੀਤਾ ਗਿਆ। ਟੀਚਰਜ਼ ਹੋਮ ਦੇ ਸਕੱਤਰ ਲਛਮਣ ਮਲੂਕਾ ਨੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਜੀਵਨ ਬਾਰੇ ਬੋਲਦਿਆਂ ਦੱਸਿਆ ਕਿ ਭਗਤ ਸਿੰਘ ਨੇ ਬਹੁਤ ਛੋਟੀ ਉਮਰ ਵਿੱਚ ਵੱਡੇ ਕੰਮ ਕੀਤੇ ਹਨ। ਉਸ ਦੇ ਜੀਵਨ ਵਿੱਚ ਸੰਘਰਸ਼ ਹੀ ਸੰਘਰਸ਼ ਸੀ। ਬੜੀਆਂ ਘਟਨਾਵਾਂ ਉਸ ਦੀ ਜ਼ਿੰਦਗੀ ਵਿੱਚ ਵਾਪਰੀਆਂ। ਉਸ ਨੇ ਬਹੁਤ ਸਾਰੀਆਂ ਕਿਤਾਬਾਂ ਦਾ ਅਧਿਐਨ ਕੀਤਾ। ਨੌਜਵਾਨਾਂ ਤੇ ਵਿਦਿਆਰਥੀਆਂ ਲਈ ਬਹੁਤ ਸਾਰੇ ਕਰਨ ਵਾਲੇ ਕੰਮ ਹਨ, ਜਿਹੜੇ ਭਗਤ ਸਿੰਘ ਨੇ 1925 ਵਿੱਚ ਨੌਜਵਾਨ ਭਾਰਤ ਸਭਾ ਦੇ ਮੈਨੀਫੈਸਟੋ ਵਿੱਚ ਦਰਜ ਹਨ। ਭਗਤ ਸਿੰਘ ਦੱਸਦੇ ਸਨ ਕਿ ਨੌਜਵਾਨ ਤੇ ਵਿਦਿਆਰਥੀਆਂ ਨੂੰ ਦੱਬੇ, ਲਿਤਾੜੇ ਤੇ ਗਰੀਬ ਲੋਕਾਂ ਕੋਲ ਜਾਣਾ ਚਾਹੀਦਾ ਹੈ। ਕਿਸਾਨਾਂ-ਮਜ਼ਦੂਰਾਂ ਦੀ ਮੁਕਤੀ ਲਈ ਕੰਮ ਕਰਨਾ ਚਾਹੀਦਾ ਹੈ। ਬੇਘਰੇ ਲੋਕਾਂ ਲਈ ਲੜਨਾ ਚਾਹੀਦਾ ਹੈ। ਇਉਂ ਭਗਤ ਸਿੰਘ ਬਰਾਬਰੀ ਵਾਲਾ ਸਮਾਜ ਸਿਰਜਣਾ ਚਾਹੁੰਦੇ ਸਨ। ਮਲੂਕਾ ਜੀ ਨੇ ਬੋਲਦਿਆਂ ਦੱਸਿਆ ਕਿ ਕਿ ਸਾਡੇ ਦੇਸ਼ ਦੀ ਮੌਜੂਦਾ ਸਥਿਤੀ ਚੰਗੀ ਨਹੀਂ ਹੈ। ਦੇਸ਼ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕੀਤਾ ਹੋਇਆ ਹੈ। ਅਜਿਹੇ ਹਾਲਾਤ ਵਿੱਚ ਭਗਤ ਸਿੰਘ ਦੀ ਵਿਚਾਰਧਾਰਾ ਹੀ ਸੁਧਾਰ ਲਿਆ ਸਕਦੀ ਹੈ। ਇਨਕਲਾਬੀ ਨਾਹਰੇ ਲਾ ਕੇ ਭਗਤ ਸਿੰਘ ਨੂੰ ਜਨਮ ਦਿਨ ਮੁਬਾਰਕ ਕਿਹਾ ਗਿਆ, ਮੋਮਬੱਤੀਆਂ ਜਗਾਈਆਂ ਗਈਆਂ। ਇਸ ਸਮੇਂ ਟੀਚਰਜ਼ ਹੋਮ ਦੇ ਚੇਅਰਮੈਨ ਸ੍ਰੀ ਬੀਰਬਲ ਦਾਸ, ਆਡੀਟਰ ਸ੍ਰੀ ਖੁਰਸਚੇਵ, ਸ੍ਰੀਮਤੀ ਜਰਨੈਲ ਕੌਰ, ਬਿੱਕਰ ਸਿੰਘ, ਮਨਜਿੰਦਰ ਸਿੰਘ, ਸੁਰੇਸ਼ ਕੁਮਾਰ, ਦਿਲਬਾਗ ਸਿੰਘ ਤੇ ਕੰਪਿਊਟਰ ਸੈਂਟਰ ਦੇ ਸਾਰੇ ਵਿਦਿਆਰਥੀ ਤੇ ਅਧਿਆਪਕ ਹਾਜ਼ਰ ਸਨ।

—ਲਛਮਣ ਮਲੂਕਾ

## 'ਧਰਤੀ ਤੇ ਅਸਮਾਨ ਵਿਚਾਲੇ' ਲੋਕ ਅਰਪਨ



**ਲੁਧਿਆਣਾ** : ਪੰਜਾਬ ਐਗਰੀਕਲਚਰ ਯੂਨੀਵਰਸਿਟੀ ਵਿਖੇ ਯੰਗ ਰਾਈਟਰਜ਼ ਐਸੋਸੀਏਸ਼ਨ ਵੱਲੋਂ ਨਵੇਂ ਸ਼ਾਇਰ ਗਗਨਮੀਤ ਦਾ ਪਲੇਠਾ ਗਜ਼ਲ ਸੰਗ੍ਰਹਿ 'ਧਰਤੀ ਤੇ ਅਸਮਾਨ ਵਿਚਾਲੇ' ਯੂਨੀਵਰਸਿਟੀ ਦੇ ਸਟੂਡੈਂਟ ਹੋਮ ਵਿੱਚ ਰਿਲੀਜ਼ ਕੀਤਾ ਗਿਆ! ਡਾ. ਦਵਿੰਦਰ ਦਿਲਰੂਪ ਹੁਰਾਂ ਨੇ ਦੱਸਿਆ ਕਿ ਗਗਨਮੀਤ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਦਾ ਹੀ ਵਿਦਿਆਰਥੀ ਰਿਹਾ ਹੈ। ਪੜ੍ਹਾਈ ਦੌਰਾਨ ਵੀ ਉਹ ਕਵਿਤਾ ਤੇ ਗਜ਼ਲ ਨਾਲ ਗਹਿਰਾ ਜੁੜਿਆ ਹੋਇਆ ਸੀ ਤੇ ਇੱਥੋਂ ਹੀ ਐੱਮ.ਐੱਸ.ਸੀ ਕਰਕੇ ਅੱਜ-ਕੱਲ੍ਹ ਉਹ ਸਰਕਾਰੀ ਸੇਵਾਵਾਂ ਨਿਭਾਅ ਰਿਹਾ ਹੈ। ਇਸ ਮੌਕੇ ਗਗਨਮੀਤ ਨੇ ਆਪਣੀਆਂ ਕੁਝ ਗਜ਼ਲਾਂ ਬਹੁਤ ਹੀ ਖੂਬਸੂਰਤ ਅੰਦਾਜ਼ ਵਿੱਚ ਪੇਸ਼ ਕੀਤੀਆਂ ਤੇ ਸਭ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਉਤਸ਼ਾਹ ਨਾਲ ਉਸ ਦੀ ਕਲਮ ਨੂੰ ਹੋਰ ਵੀ ਬਲ ਮਿਲੇਗਾ।

ਇਸ ਕਿਤਾਬ ਨੂੰ ਰਿਲੀਜ਼ ਕਰਨ ਦੀ ਰਸਮ ਵਿੱਚ ਨਿਰਮਲ ਜੌੜਾ, ਗੁਰਚਰਨ ਕੌਰ ਕੋਚਰ, ਤ੍ਰੈਲੋਚਨ ਲੋਚੀ, ਦਵਿੰਦਰ ਦਿਲਰੂਪ, ਜਸਵਿੰਦਰ ਕੌਰ ਬਰਾੜ, ਜਸਪ੍ਰੀਤ ਅਮਲਤਾਸ ਤੇ ਸ਼ਾਇਰ ਗਗਨਜੀਤ ਹਾਜ਼ਰ ਸਨ।

## ਤੇਜਾ ਸਿੰਘ ਤਿਲਕ ਸਲਾਹਕਾਰ ਬੋਰਡ ਦੇ ਮੈਂਬਰ ਬਣੇ



**ਬਰਨਾਲਾ**-ਪ੍ਰਸਿੱਧ ਆਲੋਚਕ ਤੇਜਾ ਸਿੰਘ ਤਿਲਕ ਨੂੰ ਸੰਤ ਅੱਤਰ ਸਿੰਘ ਘੁੰਨਸ ਯਾਦਗਾਰੀ ਸਾਹਿਤਕ ਟਰੱਸਟ ਦੇ ਸਲਾਹਕਾਰ ਬੋਰਡ ਦਾ ਮੈਂਬਰ ਬਣਾਇਆ ਗਿਆ ਹੈ। ਇਸ ਸੰਬੰਧੀ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਟਰੱਸਟ ਦੇ ਜਨਰਲ ਸਕੱਤਰ ਬੂਟਾ ਸਿੰਘ ਚੌਹਾਨ ਨੇ ਦੱਸਿਆ ਕਿ ਬਰਨਾਲਾ ਦੇ ਤੇਜਾ ਸਿੰਘ ਤਿਲਕ ਨੂੰ ਸੰਤ ਅਤਰ ਸਿੰਘ ਘੁੰਨਸ ਯਾਦਗਾਰੀ ਸਾਹਿਤਕ ਟਰੱਸਟ ਦੇ ਸਲਾਹਕਾਰ ਬੋਰਡ ਦਾ ਮੈਂਬਰ ਬਣਾਇਆ ਗਿਆ ਹੈ।

ਇੱਥੇ ਇਹ ਵੀ ਦੱਸਣਾ ਉਚਿੱਤ ਹੈ ਕਿ ਤੇਜਾ ਸਿੰਘ ਤਿਲਕ ਸਾਹਿਤਕ ਖੇਤਰ ਵਿੱਚ ਸਰਗਰਮ ਵਿਦਵਾਨ, ਸਿਰਜਣ ਕਰਤਾ, ਆਲੋਚਕ, ਸੰਪਾਦਕ ਅਤੇ ਅਨੁਵਾਦਕ ਹਨ, ਜਿਨ੍ਹਾਂ ਨੇ ਅਨੇਕਾਂ ਪੁਸਤਕਾਂ ਪੰਜਾਬੀ ਸਾਹਿਤ ਨੂੰ ਦਿੱਤੀਆਂ ਹਨ। ਹਾਲ ਹੀ ਵਿੱਚ ਉਹਨਾਂ ਦੀ ਅਨੁਵਾਦਕ ਪੁਸਤਕ 'ਪੰਜਾਬ 'ਤੇ ਕਬਜ਼ਾ ਅਤੇ ਮਹਾਰਾਜਾ ਦਲੀਪ ਸਿੰਘ' ਸਾਹਿਤਕ ਸੱਥ ਵਿੱਚ ਆਈ ਹੈ। ਉਹ ਪੰਜਾਬੀ ਸਾਹਿਤ ਸਭਾ ਰਜਿ. ਬਰਨਾਲਾ ਦੇ ਪ੍ਰਧਾਨ, ਲੇਖਕ ਪਾਠਕ ਸਾਹਿਤ ਸਭਾ ਰਜਿ. ਅਤੇ ਮਾਲਵਾ ਸਾਹਿਤ ਸਭਾ ਰਜਿ. ਦੇ ਮੀਤ ਪ੍ਰਧਾਨ ਵੀ ਹਨ। ਉਹਨਾਂ ਦੀ ਇਸ ਚੋਣ 'ਤੇ ਪੰਜਾਬੀ ਸਾਹਿਤ ਸਭਾ, ਲੇਖਕ ਪਾਠਕ ਸਾਹਿਤ ਸਭਾ, ਕਲਾਕਾਰ ਸੰਗਮ, ਮਾਲਵਾ ਸਾਹਿਤ ਸਭਾ, ਸਿਰਜਣਾ ਤੇ ਸੰਵਾਦ ਸਾਹਿਤ ਸਭਾ, ਗ਼ਜ਼ਲ ਮੰਚ ਬਰਨਾਲਾ ਅਤੇ ਹੋਰ ਸਾਹਿਤਕ ਅਦਾਰਿਆਂ ਦੇ ਸਮੂਹ ਮੈਂਬਰਾਂ ਨੇ ਖੁਸ਼ੀ ਪ੍ਰਗਟ ਕਰਦਿਆਂ ਉਹਨਾਂ ਨੂੰ ਵਧਾਈ ਦਿੱਤੀ।

—ਤੇਜਿੰਦਰ ਚੰਡਿਹੋਕ

## ਸਭ ਰੰਗ ਸਾਹਿਤ ਸਭਾ ਵੱਲੋਂ ਕਵੀ ਦਰਬਾਰ ਦਾ ਆਯੋਜਨ



**ਗੁਰਦਾਸਪੁਰ**-ਸਭ ਰੰਗ ਸਾਹਿਤ ਸਭਾ ਗੁਰਦਾਸਪੁਰ ਵੱਲੋਂ ਪਿੰਡ ਅਲੂਣੇ ਵਿਖੇ ਮਹਾਨ ਦੇਸ਼ ਭਗਤ ਅਤੇ ਕ੍ਰਾਂਤੀਕਾਰੀ ਯੋਧੇ ਤੇਜਾ ਸਿੰਘ ਸੁਤੰਤਰ ਅਤੇ ਮੇਦਨ ਸਿੰਘ ਮੇਦਨ ਦੀ ਯਾਦ ਨੂੰ ਸਮਰਪਿਤ ਇਕ ਕਵੀ ਦਰਬਾਰ ਦਾ ਆਯੋਜਨ ਕੀਤਾ ਗਿਆ। ਇਸ ਦੀ ਪ੍ਰਧਾਨਗੀ ਸਹਿਦੇਵ ਕਲੇਰ, ਸਲਵਿੰਦਰ ਸਿੰਘ ਕਾਹਲੋਂ, ਨਿਹੰਗ ਸਿੰਘ, ਲਖਵੀਰ ਸਿੰਘ, ਪਰਮਜੀਤ ਜ਼ਿਮੀਦਾਰ ਅਤੇ ਜਗਜੀਤ ਸਿੰਘ ਕਾਹਲੋਂ ਨੇ ਕੀਤੀ, ਜਦ ਕਿ ਮੁੱਖ ਮਹਿਮਾਨ ਵਜੋਂ ਬਲਵਿੰਦਰ ਬਾਲਮ, ਬਿਸ਼ਨਦਾਸ ਅਤੇ ਮੰਗਲਦੀਪ ਨੇ ਸ਼ਿਰਕਤ ਕੀਤੀ। ਮੁੱਖ ਬੁਲਾਰਿਆਂ ਨੇ ਮਹਾਨ ਦੇਸ਼ ਭਗਤ ਅਤੇ ਕ੍ਰਾਂਤੀਕਾਰੀ ਯੋਧੇ ਤੇਜਾ ਸਿੰਘ ਸੁਤੰਤਰ ਅਤੇ ਮੇਦਨ ਸਿੰਘ ਮੇਦਨ ਦੀ ਜੀਵਨ ਸ਼ੈਲੀ ਅਤੇ ਕ੍ਰਿਤੀਤਵ ਸ਼ੈਲੀ ਉਪਰ ਵਿਚਾਰ ਰੱਖੇ ਅਤੇ ਉਨ੍ਹਾਂ ਦੀਆਂ ਲਿਖਤਾਂ ਰਚਨਾਵਾਂ ਸਾਂਝੀਆਂ ਕੀਤੀਆਂ। ਕਵੀ ਦਰਬਾਰ ਵਿਚ ਬਲਵਿੰਦਰ ਬਾਲਮ, ਬਿਸ਼ਨ ਦਾਸ, ਮੰਗਲਦੀਪ, ਸਹਿਦੇਵ ਕਾਲੇਰ, ਰਾਜ ਸਿੰਘ, ਜਗਜੀਤ ਸਿੰਘ ਕਾਹਲੋਂ ਅਤੇ ਬੁਲਾਰਿਆਂ ਵਿਚ ਜਗੀਰ ਸਿੰਘ, ਸਲਵਿੰਦਰ ਸਿੰਘ, ਨਿਰੰਜਨ ਸਿੰਘ, ਜਗਤਾਰ ਸਿੰਘ, ਨਿਹੰਗ ਸਿੰਘ, ਗੁਰਮੀਤ ਸਿਘ, ਪਰਮਜੀਤ ਸਿੰਘ, ਲਖਵੀਰ ਸਿੰਘ, ਤਰਸੇਮ ਕਾਹਲੋਂ ਆਦਿ ਨੇ ਭਾਗ ਲਿਆ। ਇਸ ਸਮਾਗਮ ਦੇ ਸੰਯੋਗਕ ਜਗਜੀਤ ਸਿੰਘ ਕਾਹਲੋਂ ਸਨ।

—ਬਲਵਿੰਦਰ ਬਾਲਮ ਗੁਰਦਾਸਪੁਰ

## ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਪੱਤਰਕਾਰਾਂ ਦੀ ਆਵਾਜ਼ ਦਬਾਉਣ ਦੀ ਨਿਖੇਧੀ

**ਜਲੰਧਰ** : ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਨੇ ਵੈੱਬ ਨਿਊਜ਼ ਪੋਰਟਲ ਨਿਊਜ਼ਕਲਿੱਕ ਦੇ ਸੰਪਾਦਕ ਪ੍ਰਬੀਰ ਪੁਰਕਯਸਥਾ ਤੇ ਪ੍ਰਬੰਧਕ ਅਮਿਤ ਚੱਕਰਵਰਤੀ ਨੂੰ ਗ੍ਰਿਫ਼ਤਾਰ ਕਰਨ ਤੇ ਕਰੀਬ 50 ਪੱਤਰਕਾਰਾਂ ਤੇ ਸਮਾਜਿਕ ਕਾਰਕੁੰਨਾਂ 'ਤੇ ਛਾਪੇਮਾਰੀ ਕਰਨ ਦੀ ਸਖ਼ਤ ਨਿਖੇਧੀ ਕੀਤੀ ਹੈ। ਇੱਥੋਂ ਜਾਰੀ ਇੱਕ ਸਾਂਝੇ ਬਿਆਨ 'ਚ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ, ਜਨਰਲ ਸਕੱਤਰ ਸੁਸ਼ੀਲ ਦੁਸਾਂਝ ਅਤੇ ਸੀਨੀਅਰ ਮੀਤ ਪ੍ਰਧਾਨ ਹਰਜਿੰਦਰ ਸਿੰਘ ਅਟਵਾਲ ਨੇ ਕਿਹਾ ਕਿ ਨਿਊਜ਼ਕਲਿੱਕ ਨੂੰ ਮਿਲੀ ਫੰਡਿੰਗ ਨੂੰ ਚੀਨ ਨਾਲ ਜੋੜ ਕੇ ਮੋਦੀ ਸਰਕਾਰ ਨੇ ਅਗਸਤ ਮਹੀਨੇ 'ਚ ਜਾਬਰ ਕਾਨੂੰਨ ਯੂ ਏ ਪੀ ਏ ਤਹਿਤ ਜੋ ਕੇਸ ਦਰਜ ਕੀਤਾ ਹੈ ਇਹ ਮੀਡੀਆ ਦਾ ਗਲਾ ਘੁੱਟਣ ਦੀ ਇੱਕ ਫਾਸੀਵਾਦੀ ਕਾਰਵਾਈ ਹੈ। ਦਰਸ਼ਨ ਬੁੱਟਰ ਨੇ ਕਿਹਾ ਕਿ ਇਸ ਫੰਡਿੰਗ ਨੂੰ ਚੀਨ ਨਾਲ ਜੋੜ ਕੇ ਭਾਰਤ ਸਰਕਾਰ ਅਮਰੀਕਾ ਦੇ ਚੀਨ ਵਿਰੋਧੀ ਸੰਸਾਰ ਪ੍ਰਾਪੇਗੰਡੇ ਦਾ ਸਮਰਥਨ ਕਰ ਰਹੀ ਹੈ ਤੇ ਇਸ ਪ੍ਰਾਪੇਗੰਡੇ ਨੂੰ ਪ੍ਰੈਸ ਦੀ ਆਜ਼ਾਦੀ ਨੂੰ ਦਬਾਉਣ ਵਾਸਤੇ ਵਰਤ ਰਹੀ ਹੈ। ਸਭਾ ਦੇ ਜਰਨਲ ਸਕੱਤਰ ਸੁਸ਼ੀਲ ਦੁਸਾਂਝ ਨੇ ਕਿਹਾ ਕਿ ਨਿਊਜ਼ਕਲਿੱਕ ਵਾਲੇ ਡੱਟ ਕੇ ਭਾਜਪਾ ਦੇ ਫਿਰਕੂ- ਫਾਸੀ ਹੱਲੇ ਦਾ ਪਰਦਾਚਾਕ ਕਰ ਰਹੇ ਹਨ। ਇਸ ਹੱਲੇ ਖਿਲਾਫ਼ ਡਟ ਰਹੇ ਲੋਕਾਂ ਦੀਆਂ ਸੰਘਰਸ਼ ਸਰਗਰਮੀਆਂ ਨੂੰ ਪ੍ਰਮੁੱਖਤਾ ਨਾਲ ਕਵਰ ਕਰ ਰਹੇ ਹਨ। ਪੱਤਰਕਾਰਾਂ ਨੂੰ ਪੁੱਛ ਗਿੱਛ ਦੌਰਾਨ ਕੀਤੇ ਗਏ ਸਵਾਲਾਂ 'ਚ ਇਤਿਹਾਸਕ ਕਿਸਾਨ ਸੰਘਰਸ਼ ਦੀਆਂ ਖਬਰਾਂ ਦੇਣ ਦਾ ਵਿਸ਼ੇਸ਼ ਜਿਕਰ ਆ ਰਿਹਾ ਹੈ। ਸਭਾ ਦੇ ਸੀਨੀਅਰ ਮੀਤ ਪ੍ਰਧਾਨ ਹਰਜਿੰਦਰ ਸਿੰਘ ਅਟਵਾਲ ਨੇ ਕਿਹਾ ਕਿ ਪੰਜਾਬ ਦੀਆਂ ਸਮੂਹ ਜਮਹੂਰੀ ਤੇ ਅਗਾਂਹਵਧੂ ਸਾਹਿਤਕ ਜਥੇਬੰਦੀਆਂ ਤੇ ਕਲਮਾਂ ਨੂੰ ਇਸ ਤਾਨਾਸ਼ਾਹੀ ਕਾਰਵਾਈ ਦਾ ਜ਼ੋਰਦਾਰ ਵਿਰੋਧ ਕਰਨਾ ਚਾਹੀਦਾ ਹੈ। ਇਹ ਮੌਕਾ ਹੈ ਜਦੋਂ ਦੇਸ਼ ਭਰ ਦੀਆਂ ਕਲਮਾਂ ਬੋਲਣ ਦੀ ਆਜ਼ਾਦੀ ਦੇ ਹੱਕ 'ਚ ਆਪਣੀ ਆਵਾਜ਼ ਬੁਲੰਦ ਕਰਨ ਤੇ ਹਿੰਦੂਤਵੀ ਸਰਕਾਰ ਦੇ ਮੀਡੀਆ ਵਿਰੋਧੀ ਏਜੰਡੇ ਦਾ ਡੱਟ ਕੇ ਵਿਰੋਧ ਕਰਨ।

## 'ਦਰਦ ਏ ਬਲਜੀਤ' ਰਿਲੀਜ਼

**ਬਠਿੰਡਾ**-ਪੰਜਾਬੀ ਸਾਹਿਤ ਸਭਾ (ਰਜਿ.) ਬਠਿੰਡਾ ਵੱਲੋਂ ਜਸਬੀਰ ਸਿੰਘ ਢਿੱਲੋਂ ਦਾ ਕਾਵਿ ਸੰਗ੍ਰਹਿ ਸਥਾਨਕ ਟੀਚਰਜ਼ ਹੋਮ ਵਿਖੇ ਭਰਵਾਂ ਸਮਾਗਮ ਕਰਕੇ ਲੋਕ ਅਰਪਣ ਕੀਤਾ ਗਿਆ। ਸਮਾਗਮ ਦੀ ਪ੍ਰਧਾਨਗੀ ਉੱਘੇ ਨਾਟਕਕਾਰ ਅਤੇ ਆਲੋਚਕ ਡਾ. ਕੁਲਦੀਪ ਸਿੰਘ ਦੀਪ ਨੇ ਕੀਤੀ। ਐਡਵੋਕੇਟ ਨਵਦੀਪ ਸਿੰਘ ਜੀਦਾ ਚੇਅਰਮੈਨ ਸ਼ੂਗਰਫੈੱਡ ਪੰਜਾਬ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਅਤੇ ਸਿੱਧੂ ਦਮਦਮੀ ਨੇ ਵਿਸ਼ੇਸ਼ ਮਹਿਮਾਨ ਵਜੋਂ ਸਮਾਗਮ ਵਿੱਚ ਸ਼ਿਰਕਤ ਕੀਤੀ। ਪ੍ਰਧਾਨਗੀ ਮੰਡਲ ਵਿੱਚ ਜਸਪਾਲ ਮਾਨਖੇੜਾ, ਗੁਰਦੇਵ ਖੋਖਰ ਅਤੇ ਜਸਬੀਰ ਸਿੰਘ ਢਿੱਲੋਂ ਹਾਜ਼ਰ ਸਨ। ਪ੍ਰਧਾਨਗੀ ਮੰਡਲ ਵਿੱਚ ਮੌਜੂਦ ਸ਼ਖਸੀਅਤਾਂ ਨੇ ਕਾਵਿ ਸੰਗ੍ਰਹਿ 'ਦਰਦ ਏ ਬਲਜੀਤ' ਨੂੰ ਲੋਕ ਅਰਪਣ ਕੀਤਾ। ਇਸ ਉਪਰੰਤ ਪਿਛਲੇ ਦਿਨੀਂ ਵਿੱਛੜ ਗਏ ਸਾਹਿਤਕਾਰਾਂ ਦੇ ਸੋਗ ਵਜੋਂ ਦੋ ਮਿੰਟ ਦਾ ਮੋਨ ਧਾਰ ਕੇ ਸ਼ਰਧਾਂਜਲੀ ਦਿੱਤੀ ਗਈ। ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਪ੍ਰੈੱਸ ਸਕੱਤਰ ਅਮਨ ਦਾਤੇਵਾਸੀਆ ਨੇ ਦੱਸਿਆ ਕਿ ਪ੍ਰੋਗਰਾਮ ਦੀ ਰਸਮੀ ਸ਼ੁਰੂਆਤ ਕਰਦੇ ਹੋਏ ਸਭਾ ਦੇ ਪ੍ਰਧਾਨ ਜਸਪਾਲ ਮਾਨਖੇੜਾ ਨੇ ਸਮੂਹ ਹਾਜ਼ਰੀਨ ਨੂੰ ਨਿੱਘਾ ਜੀ ਆਇਆਂ ਨੂੰ ਕਿਹਾ। ਉਹਨਾਂ ਕਿਹਾ ਕਿ ਸਾਹਿਤ ਸੰਜੀਵਨੀ ਹੈ, ਜੋ ਮਨੁੱਖ ਨੂੰ ਨਿੱਜੀ ਦੁੱਖਾਂ ਤੋਂ ਪਾਰ ਲਿਜਾ ਕੇ ਅਡੋਲ ਜ਼ਿੰਦਗੀ ਜਿਉਣ ਲਈ ਪ੍ਰੇਰਿਤ ਕਰਦੀ ਹੈ। ਲੇਖਕ ਨੇ ਵੀ ਆਪਣੇ ਵਡੇਰੇ ਦੁੱਖ ਨੂੰ ਸਾਹਿਤ ਦਾ ਸਹਾਰਾ ਲੈ ਕੇ ਸਮੂਹ ਦਾ ਦਰਦ ਬਣਾ ਕੇ ਕਿਤਾਬ ਵਿੱਚ ਪੇਸ਼ ਕੀਤਾ ਹੈ। ਲੇਖਕ ਬਾਰੇ ਬੋਲਦਿਆਂ ਸਿੱਧੂ ਦਮਦਮੀ ਨੇ ਕਿਹਾ ਕਿ ਅਕਸਰ ਲੋਕ ਵੱਡੇ ਹਾਦਸੇ ਨੂੰ ਭੁੱਲ ਜਾਂਦੇ ਨੇ ਪ੍ਰੰਤੂ ਢਿੱਲੋਂ ਨੇ ਆਪਣੀ ਪਤਨੀ ਦੀ ਨਾਮੁਰਾਦ ਬਿਮਾਰੀ ਨਾਲ ਹੋਈ ਮੌਤ ਵਾਲੇ ਅਸਹਿ ਹਾਦਸੇ ਨੂੰ ਸਾਹਿਤ ਦੇ ਸਾਂਚੇ ਵਿੱਚ ਪੇਸ਼ ਕਰਕੇ ਵਿਲੱਖਣ ਕਾਰਜ ਕੀਤਾ ਹੈ। ਡਾ. ਗੁਰਪ੍ਰੀਤ ਸਿੰਘ ਨੇ ਕਿਹਾ ਕਿ ਸਿਗਮੰਡ ਫਰਾਇਡ ਦੇ ਸਿਧਾਂਤ ਅਨੁਸਾਰ ਮਨੁੱਖ ਜਿਵੇਂ ਆਪਣੀ ਨਾਕਾਰਾਤਮਕ ਊਰਜਾ ਨੂੰ ਧਨਾਤਮਕ ਊਰਜਾ ਵਿੱਚ ਬਦਲ ਦਿੰਦਾ ਹੈ, ਠੀਕ ਉਸ ਤਰ੍ਹਾਂ ਲੇਖਕ ਨੇ ਆਪਣੇ ਦਿਲ ਦਾ ਖ਼ੂਨ ਕੱਢ ਕੇ ਪੰਨਿਆਂ ਉੱਤੇ ਲਿਖਿਆ ਹੈ। ਗੁਰਦੇਵ ਖੋਖਰ ਨੇ ਕਿਹਾ ਕਿ ਕਵਿਤਾ ਸੂਖਮ ਭਾਵਾਂ ਦਾ ਪ੍ਰਗਟਾਵਾ ਹੈ, ਪ੍ਰੰਤੂ ਇਹ ਕਲਪਨਾ ਦੀ ਉਡਾਰੀ ਤੋਂ ਬਿਨਾਂ ਸੰਪੂਰਨ ਨਹੀਂ ਹੁੰਦੀ। ਅਤਰਜੀਤ ਨੇ ਕਿਹਾ ਕਿ ਲੇਖਕ ਯੋਧਾ ਹੋ ਨਿਕਲਿਆ, ਜਿਸ ਨੇ ਆਪਣੇ ਦਰਦ ਨੂੰ ਉਲਾਰ ਨਹੀਂ ਹੋਣ ਦਿੱਤਾ। ਡਾ. ਗੁਰਸੇਵਕ ਲੰਬੀ ਨੇ ਕਿਹਾ ਕਿ ਕਵਿਤਾ ਟੁੱਟ ਚੁੱਕੇ ਬੰਦਿਆਂ ਨੂੰ ਠਾਹਰ ਦਿੰਦੀ ਹੈ।

ਪ੍ਰਧਾਨਗੀ ਭਾਸ਼ਣ ਦਿੰਦੇ ਹੋਏ ਡਾ. ਕੁਲਦੀਪ ਸਿੰਘ ਦੀਪ ਨੇ ਕਿਹਾ ਕਿ ਸੰਯੋਗ ਤੇ ਵਿਯੋਗ ਸਾਹਿਤ ਦੇ ਦੋ ਰੰਗ ਹੁੰਦੇ ਹਨ। ਇਹ ਸਰਵਕਾਲੀ ਰੰਗ ਹੀ ਮਨੁੱਖ ਨੂੰ ਮਸ਼ੀਨ ਬਣਨ ਤੋਂ ਰੋਕਦੇ ਹਨ। ਲੋਕਧਾਰਾ ਵਿੱਚ ਵਿਛੋੜੇ ਦਾ ਪ੍ਰਗਟਾਵਾ ਵੈਣ, ਅਲਾਹੁਣੀਆਂ ਅਤੇ ਮਰਸੀਆ ਵਿਧਾਵਾਂ ਵਿੱਚ ਮਿਲਦਾ ਹੈ। ਸੂਖਮ ਵਰਤਾਰੇ ਹੀ ਬੰਦੇ ਨੂੰ ਬੰਦਾ ਬਣਾਉਂਦੇ ਨੇ। ਬਾਰਾਮਾਹ ਦੇ ਹਵਾਲੇ ਨਾਲ ਉਹਨਾਂ ਕਿਹਾ ਕਿ ਪ੍ਰਕਿਰਤੀ ਸਾਨੂੰ ਸੁੱਖ ਵੇਲੇ ਸੁੱਖ ਅਤੇ ਦੁੱਖ ਵੇਲੇ ਦੁੱਖ ਦਿੰਦੀ ਹੈ। ਕਿਤਾਬ ਵਿਚਲੀ ਕਵਿਤਾ ਨੂੰ ਉਹਨਾਂ ਔਰਤ ਦੇ ਅਹਿਸਾਸ, ਸਨਮਾਨ ਅਤੇ ਮੁਕਾਮ ਦੀ ਕਵਿਤਾ ਆਖ ਕੇ ਵਡਿਆਇਆ। ਲੇਖਕ ਨੇ ਸੰਬੋਧਨ ਕਰਦਿਆਂ ਕਿਹਾ ਕਿ ਪਤਨੀ ਦੇ ਵਿਛੋੜੇ ਦੇ ਦਰਦ ਨੇ ਹੀ ਇਸ ਕਿਤਾਬ ਦਾ ਮੁੱਢ ਬੰਨ੍ਹਿਆ ਹੈ।

-ਅਮਨ ਦਾਤੇਵਾਸੀਆ

## 'ਚਿਕਨ ਸ਼ਾਪ' ਲੋਕ ਅਰਪਣ



**ਭੀਖੀ**-ਸਥਾਨਕ ਸ਼ਹੀਦ ਭਗਤ ਸਿੰਘ ਯਾਦਗਾਰੀ ਲਾਇਬਰੇਰੀ ਵਿਖੇ ਨਵਯੁਗ ਸਾਹਿਤ ਕਲਾ ਮੰਚ ਵੱਲੋਂ ਮਾਲਵੇ ਚਰਚਿਤ ਕਹਾਣੀਕਾਰ ਅਨੇਮਨ ਸਿੰਘ ਦਾ ਕਹਾਣੀ ਸੰਗ੍ਰਹਿ 'ਚਿਕਨ ਸ਼ਾਪ' ਚੌਥੀ ਪੁਸਤਕ ਲੋਕ ਅਰਪਣ ਕੀਤੀ ਗਈ। ਇਸ ਪੁਸਤਕ ਨੂੰ ਸਾਹਿਬਦੀਪ ਪਬਲੀਕੇਸ਼ਨ ਵੱਲੋਂ ਪ੍ਰਕਾਸ਼ਿਤ ਕੀਤਾ ਗਿਆ ਹੈ। ਲੋਕ ਅਰਪਣ ਮੌਕੇ ਕਹਾਣੀਕਾਰ ਭੁਪਿੰਦਰ ਫੌਜੀ ਨੇ ਕਿਹਾ ਕਿ ਅਨੇਮਨ ਸਿੰਘ ਵੱਖਰੀ ਸ਼ੈਲੀ ਦਾ ਕਹਾਣੀਕਾਰ ਹੈ, ਜੋ ਸਮਾਜ ਦੀਆਂ ਬਾਰੀਕੀਆਂ ਆਪਣੀ ਕਹਾਣੀ ਉਭਾਰਦਾ ਹੈ। ਉਹਨਾਂ ਕਿਹਾ ਕਿ ਅਨੇਮਨ ਦੀ ਕਹਾਣੀ ਪੰਜਾਬੀ ਰਵਾਇਤੀ ਕਹਾਣੀ ਤੋਂ ਹਟ ਕੇ ਅਤੇ ਇਕ ਨਵੀਂ ਲੀਹ ਬਣਾਉਂਦੀ ਹੈ, ਜਿੱਥੇ ਅਨੇਮਨ ਖੂਬਸੂਰਤ ਕਹਾਣੀਕਾਰ ਹੈ, ਉੱਥੇ ਹੀ ਬਹੁਤ ਵਧੀਆ ਇਨਸਾਨ ਹੈ, ਜ਼ਿੰਦਗੀ ਦੇ ਕਰੂਰ ਯਥਾਰਥ ਨੂੰ ਆਪਣੀਆਂ ਕਹਾਣੀਆਂ ਰਾਹੀਂ ਬੁਣ ਕੇ ਅਜਿਹੇ ਪਾਤਰਾਂ ਨੂੰ ਪਾਠਕਾਂ ਦੇ ਸਾਹਮਣੇ ਰੱਖਦਾ ਹੈ। ਮੰਚ ਸਰਪ੍ਰਸਤ ਲੱਖਾ ਸਿੰਘ ਜੇਈ ਨੇ ਕਿਹਾ ਕਿ ਅਨੇਮਨ ਦੀ ਇਹ ਵਿਸ਼ੇਸ਼ਤਾ ਹੈ ਕਿ ਪਾਠਕ ਇੱਕ ਵਾਰ ਕਹਾਣੀ ਪੜ੍ਹਨਾ ਸ਼ੁਰੂ ਕਰਕੇ ਇਸ ਨੂੰ ਵਿਚਾਲੇ ਨਹੀਂ ਛੱਡ ਸਕਦਾ, ਮੰਚ ਸਕੱਤਰ ਅਮਰੀਕ ਭੀਖੀ ਨੇ ਸਭਨਾਂ ਦਾ ਧੰਨਵਾਦ ਕਰਦਿਆਂ, ਅਨੇਮਨ ਸਿੰਘ ਨੂੰ ਪੁਸਤਕ ਲੋਕ ਅਰਪਣ ਲਈ ਵਧਾਈ ਦਿੱਤੀ। ਅੰਤ ਵਿੱਚ ਅਨੇਮਨ ਸਿੰਘ ਨੇ ਕਿਹਾ ਕਿ ਉਹ ਇਸ ਤਰ੍ਹਾਂ ਹੀ ਪੰਜਾਬੀ ਸਾਹਿਤ ਲਈ ਸੁਚੱਜੀਆਂ ਤੇ ਨਵੀਂ ਬਣਤਰ ਵਾਲੀਆਂ ਕਹਾਣੀਆਂ ਦੀ ਸਿਰਜਣਾ ਕਰਦਾ ਰਹੇਗਾ।

## ਕਰਮਜੀਤ ਨਡਾਲਾ ਦਾ ਸਨਮਾਨ

**ਕਪੂਰਥਲਾ** : ਬੀਤੇ ਦਿਨੀਂ 'ਅੱਖਰ ਮੰਚ' ਕਪੂਰਥਲਾ ਵੱਲੋਂ ਰੈਜੀਡੈਂਸੀ ਹੋਟਲ 'ਚ ਇੱਕ ਸਮਾਗਮ ਰਚਾਇਆ ਗਿਆ, ਜਿਸ 'ਚ ਪੰਜਾਬੀ ਦੇ ਉੱਘੇ ਕਹਾਣੀਕਾਰ ਡਾ. ਕਰਮਜੀਤ ਸਿੰਘ ਨਡਾਲਾ ਨੂੰ ਕਹਾਣੀ ਦੇ ਖੇਤਰ 'ਚ ਪਾਏ ਜਾ ਰਹੇ ਯੋਗਦਾਨ ਲਈ ਸਨਮਾਨ ਦਿੱਤਾ ਗਿਆ। ਵੱਖ-ਵੱਖ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਉਨ੍ਹਾ ਦੀ ਕਹਾਣੀ, ਕਲਾ, ਸ਼ੈਲੀ ਤੇ ਕਹਾਣੀ ਦੇ ਵਿਕਾਸ ਬਾਰੇ ਭਰਪੂਰ ਵਿਚਾਰ ਰੱਖੇ। ਉਹਨਾ ਦੀ ਕਹਾਣੀ ਸੰਗ੍ਰਹਿ 'ਮੈਂ ਕਿਉਂ ਜੀ ਰਿਹਾਂ' 'ਤੇ ਚਰਚਾ ਕੀਤੀ ਤੇ ਨਾਲੋ-ਨਾਲ ਨਵੇਂ ਆ ਰਹੇ ਕਹਾਣੀ ਸੰਗ੍ਰਹਿ 'ਗਲੇਸ਼ੀਅਰ ਪਿਘਲ ਗਿਆ' 'ਤੇ ਚਾਨਣਾ ਪਾਇਆ ਗਿਆ। ਇਸ ਮੌਕੇ ਹਾਜ਼ਰ ਪ੍ਰੋ. ਕੁਲਵੰਤ ਸਿੰਘ ਔਜਲਾ, ਡੀ ਓ ਗੁਰਭਜਨ ਸਿੰਘ ਲਾਸਾਨੀ, ਡਾ. ਸਰਦੂਲ ਸਿੰਘ ਔਜਲਾ, ਡਾ. ਆਸਾ ਸਿੰਘ ਘੁੰਮਣ, ਸਰਵਨ ਸਿੰਘ ਔਜਲਾ (ਪ੍ਰਧਾਨ), ਮਾ. ਜਸਬੀਰ ਸਿੰਘ ਸੰਧੂ (ਆਰਟਿਸਟ), ਹਰਪਿੰਦਰ ਸਿੰਘ ਬਾਜਵਾ, ਇੰਸ: ਹਰਜੀਤ ਸਿੰਘ ਬਾਜਵਾ, ਸੁਕੇਸ਼ ਜੋਸ਼ੀ ਤੇ ਸ: ਰਤਨ ਸਿੰਘ ਸੰਧੂ ਨੇ ਡਾ. ਕਰਮਜੀਤ ਸਿੰਘ ਨਡਾਲਾ ਨੂੰ ਉਹਨਾਂ ਦੀਆਂ ਪ੍ਰਾਪਤੀਆਂ 'ਤੇ ਵਧਾਈ ਦਿੱਤੀ।

—ਡਾ. ਸਰਦੂਲ ਸਿੰਘ ਔਜਲਾ

## ਸਾਹਿਤ ਚਿੰਤਨ ਦੀ ਮਾਸਿਕ ਬੈਠਕ

**ਚੰਡੀਗੜ੍ਹ** : ਸਾਹਿਤ ਚਿੰਤਨ ਦੀ ਮਾਸਿਕ ਇਕੱਤਰਤਾ ਚੰਡੀਗੜ੍ਹ ਵਿਖੇ ਡਾ. ਅਰੀਤ ਕੌਰ ਦੀ ਪ੍ਰਧਾਨਗੀ ਹੇਠ ਹੋਈ। ਸਭ ਤੋਂ ਪਹਿਲਾਂ ਪਿਛਲੇ ਦਿਨੀਂ ਵਿੱਛੜੇ ਸਾਥੀਆਂ ਨੂੰ ਦੋ ਮਿੰਟ ਮੌਨ ਖੜ੍ਹੇ ਹੋ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਫਿਰ ਪਿਛਲੇ ਮਹੀਨੇ ਦੀ ਕਾਰਵਾਈ ਪੜ੍ਹੀ ਤੇ ਪ੍ਰਵਾਨ ਕੀਤੀ ਗਈ।

'ਇੱਕ ਹੋਰ ਮਤੇ ਰਾਹੀਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਸੁਰਜੀਤ ਉਪਰ ਗੁੰਡਾ ਅਨਸਰਾਂ ਵੱਲੋਂ ਕੀਤੇ ਗਏ ਜਾਨਲੇਵਾ ਹਮਲੇ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ। "ਭੁੱਖ ਇਉਂ ਸਾਹ ਲੈਂਦੀ ਹੈ" ਨੂੰ ਢਾਹਾਂ ਪੁਰਸਕਾਰ ਮਿਲਣ ਉਪਰ ਵਧਾਈ ਦਿੱਤੀ ਗਈ। ਗੀਤਾ ਰਾਮਸੁਵਾਮੀ ਦੀ ਕਿਤਾਬ "ਜ਼ਮੀਨ ਜਾਤ ਬੰਦੂਕਾਂ ਔਰਤ" ਜਿਸ ਦਾ ਪੰਜਾਬੀ ਅਨੁਵਾਦ ਰਾਜਪਾਲ ਸਿੰਘ ਤੇ ਅਵਤਾਰ ਗੋਂਦਾਰਾ ਨੇ ਕੀਤਾ ਹੈ, ਬਾਰੇ ਸੰਖੇਪ ਚਰਚਾ ਕਰਦਿਆਂ ਡਾ. ਸੁਮਨਦੀਪ ਕੌਰ ਨੇ ਕਿਹਾ ਕਿ ਪੁਸਤਕ ਵਿੱਚ ਪਿੱਤਰ ਸੱਤਾ, ਜਗੀਰੂ ਜਕੜ ਤੇ ਨਾਰੀਵਾਦੀ ਅੰਦੋਲਨ ਬਾਰੇ ਗੰਭੀਰ ਸਵਾਲ ਖੜ੍ਹੇ ਕੀਤੇ ਗਏ ਹਨ। ਅੱਜ ਅੰਬੇਦਕਰ ਤੇ ਮਾਰਕਸ ਦੀ ਸਾਰਥਿਕਤਾ ਹੋਰ ਵੀ ਵਧ ਗਈ ਹੈ। ਲੇਖਿਕਾ ਬ੍ਰਾਹਮਣ ਪਰਵਾਰ ਵਿੱਚ ਜਨਮ ਲੈ ਕੇ ਨਕਸਲੀ ਅੰਦੋਲਨ ਨਾਲ ਜੁੜਦੀ ਹੈ। ਉਨ੍ਹਾਂ ਤਿਲੰਗਾਨਾ ਵਿੱਚ ਹਜ਼ਾਰਾਂ ਏਕੜ ਜ਼ਮੀਨ ਤੋਂ ਜਗੀਰਦਾਰਾਂ ਦੇ ਕਬਜ਼ੇ ਛੁਡਵਾ ਕੇ ਹਲਵਾਹਕਾਂ ਨੂੰ ਅਲਾਟ ਕਰਵਾਏ। ਸੈਂਕੜੇ ਬੰਧੂਆ ਮਜ਼ਦੂਰਾਂ ਨੂੰ ਛੁਡਵਾ ਕੇ ਯੋਗ ਉਜਰਤ ਤੇ ਮੁਆਵਜ਼ੇ ਦਿਵਾਏ। ਬਾਲਮੀਕ ਬਸਤੀਆਂ ਵਿੱਚ ਕੰਮ ਕੀਤਾ। ਹੈਦਰਾਬਾਦ ਬੁੱਕ ਟਰੱਸਟ ਬਣਾ ਕੇ 400 ਤੋਂ ਉਪਰ ਕਿਤਾਬਾਂ ਛਾਪੀਆਂ। ਡਾ. ਸਤਪਾਲ ਸਹਿਗਲ ਦੇ ਸੁਆਲ ਦਾ ਉੱਤਰ ਦਿੰਦਿਆਂ ਲੇਖਿਕਾ ਨੇ ਕਿਹਾ ਕਿ ਅਸੀਂ ਔਰਤਾਂ ਤੇ ਦਲਿਤਾਂ ਦੇ ਮਸਲੇ ਉਠਾਉਣ ਨਾਲ ਛੋਟੇ ਨਹੀਂ ਹੋਣ ਲੱਗੇ। ਵਰਵਰਾ ਰਾਉ ਵਰਗੇ ਬਜ਼ੁਰਗ ਲੇਖਕਾਂ ਨੂੰ ਬੇਵਜਾਹ ਜੇਲ੍ਹ ਡੱਕਿਆ ਗਿਆ ਹੈ। ਉਹ ਹੁਣ ਪਿਤਰਕੀ ਤੇ ਜਗੀਰੂ ਦਾਬੇ ਤੋਂ ਮੁਕਤ ਹੋ ਕੇ ਕੰਮ ਕਰਦੀ ਹੈ। ਡਾ. ਚਰਨਜੀਤ ਕੌਰ ਦੇ ਸੁਆਲ ਦੇ ਜਵਾਬ ਵਿੱਚ ਕਿਹਾ ਕਿ ਕਮਿਊਨਿਸਟ ਪਾਰਟੀਆਂ ਵਿੱਚ ਮੀਟਿੰਗ ਤੋਂ ਪਹਿਲਾਂ ਜਾਂ ਪਿੱਛੋਂ ਬਾਹਰ ਜਾ ਕੇ ਕੋਈ ਫੈਸਲੇ ਨਹੀਂ ਲੈਣੇ ਚਾਹੀਦੇ। ਇਸ ਤਰ੍ਹਾਂ ਧੜੇਬੰਦੀ ਉੱਭਰਦੀ ਹੈ ਅਤੇ ਪਾਰਦਰਸ਼ਤਾ ਨਹੀਂ ਰਹਿੰਦੀ। ਸੱਜਨ ਸਿੰਘ ਦੇ ਸੁਆਲ ਦੇ ਜਵਾਬ ਵਿੱਚ ਕਿਹਾ ਕਿ ਸਭ ਲਈ ਇੱਕ ਸਾਰ ਵਿੱਦਿਆ ਪ੍ਰਣਾਲੀ ਹੋਵੇ। ਆਪਣੇ ਅਕੀਦੇ ਤੇ ਧਰਮ ਦੀ ਪਾਲਣਾ ਸ਼ਾਂਤ ਰਹਿ ਕੇ ਹੋਵੇ। ਵਸਤਾਂ ਦੇ ਤਬਾਦਲੇ ਵਾਂਗ ਮਨੁੱਖਾਂ ਲਈ ਪਾਸਪੋਰਟ ਵੀ ਨਾ ਹੋਵੇ। ਵਿਕਾਸ ਦਾ ਮਾਡਲ ਮਾਨਵ ਕੇਂਦਰਤ ਹੋਵੇ। ਵਾਤਾਵਰਨ ਵਰਗੇ ਮੁੱਦੇ ਸੰਸਾਰ ਪੱਧਰ ਉੱਤੇ ਹੀ ਹੱਲ ਹੋਣੇ ਹਨ। ਇਸ ਲਈ ਉਹ ਗਲੋਬਲ ਇਨਕਲਾਬ ਦੀ ਗੱਲ ਕਰਦੀ ਹੈ। ਡਾ. ਚਮਨ ਲਾਲ ਨੇ ਕਿਹਾ ਕਿ ਮਹਾਤਮਾ ਗਾਂਧੀ ਤੇ ਡਾ. ਅੰਬੇਦਕਰ ਸਨਮਾਨਯੋਗ ਸ਼ਖਸੀਅਤਾਂ ਹਨ। ਸ਼ਹੀਦ ਭਗਤ ਸਿੰਘ ਸਮਾਜਵਾਦੀ ਇਨਕਲਾਬ ਦਾ ਹਾਮੀ ਸੀ। ਅਨੁਵਾਦਕ ਸ੍ਰੀ ਰਾਜਪਾਲ ਸਿੰਘ ਨੇ ਕਿਹਾ ਕਿ ਤਿਲੰਗਾਨਾ ਲਹਿਰ ਵਾਂਗ ਪੈਪਸੂ ਦੀ ਮੁਜ਼ਾਹਰਾ ਲਹਿਰ ਨੇ ਲੋਕਾਂ ਦੀਆਂ ਜ਼ਿੰਦਗੀਆਂ ਬਦਲ ਕੇ ਰੱਖ ਦਿੱਤੀਆਂ। ਕਮਿਊਨਿਸਟ ਪਾਰਟੀਆਂ ਨੂੰ ਖੁੱਲ੍ਹੀ ਬਹਿਸ ਦਾ ਦਮ ਨਹੀਂ ਘੁੱਟਣਾ ਚਾਹੀਦਾ। ਆਤਮ ਮੰਥਨ ਬਹੁਤ ਜ਼ਰੂਰੀ ਹੈ। ਡਾ. ਅਰੀਤ ਕੌਰ ਨੇ ਪ੍ਰਧਾਨਗੀ ਸਮੇਂ ਬੋਲਦਿਆਂ ਕਿਹਾ ਕਿ ਤਿਲੰਗਾਨਾ ਵਿੱਚ ਰੈਡੀਵਾਦ ਵਾਂਗ ਪੰਜਾਬ ਵਿੱਚ ਜੱਟਵਾਦ ਭਾਰੂ ਹੈ। ਜਾਤ ਦੇ ਮਸਲੇ ਤੋਂ ਇਲਾਵਾ ਭਾਸ਼ਾ ਤੇ ਅਨੁਵਾਦ ਦੇ ਮਸਲੇ ਵੀ ਹਨ। ਅਸੀਂ ਇੱਕ-ਦੂਜੇ ਦੀਆਂ ਜਿੱਤਾਂ-ਹਾਰਾਂ ਤੋਂ ਸਬਕ ਨਹੀਂ ਲੈ ਸਕੇ। ਮੀਟਿੰਗ ਦੀ ਕਾਰਵਾਈ ਸਰਦਾਰਾ ਸਿੰਘ ਚੀਮਾ ਨੇ ਚਲਾਈ।




—ਸਰਦਾਰਾ ਸਿੰਘ ਚੀਮਾ

# ਪਾਠਕਾਂ ਦੇ ਝਰੋਖੇ 'ਚੋਂ

### ਵਿਚਾਰਾਂ ਦਾ ਕੀ ਲੈਣਾ, ਉਮਰਾਂ ਦੇ ਨਾਲ

24 ਸਤੰਬਰ 2023 ਦੀ ਐਤਵਾਰਤਾ ਵਿੱਚ ਡਾ. ਸਿਆਮ ਸੁੰਦਰ ਦੀਪਤੀ ਦਾ ਲਿਖਿਆ ਹੋਇਆ ਉਪਰੋਕਤ ਆਰਟੀਕਲ ਪੜ੍ਹਿਆ। ਲੇਖਕ ਨੇ ਇਸ ਆਰਟੀਕਲ ਵਿੱਚ ਭਗਤ ਸਿੰਘ ਦੀ ਸ਼ਖ਼ਸੀਅਤ, ਉਸ ਦੇ ਵਿਚਾਰਾਂ ਅਤੇ ਉਸਦੇ 23 ਸਾਲ ਦੀ ਉਮਰ ਵਿੱਚ ਫਾਂਸੀ ਦਾ ਰੱਸਾ ਚੁੰਮ ਲੈਣ ਦਾ ਵਿਸਥਾਰ ਨਾਲ ਜ਼ਿਕਰ ਕੀਤਾ ਹੈ। ਭਗਤ ਸਿੰਘ ਦੀ ਸਖਸ਼ੀਅਤ ਇੰਨੀ ਉੱਚੀ ਸੀ ਕਿ ਹਰ ਸੰਸਥਾ ਅਤੇ ਸਿਆਸੀ ਪਾਰਟੀ ਇਹ ਦੱਸਣ ਦੀ ਕੋਸ਼ਿਸ਼ ਕਰਦੀ ਹੈ ਕਿ ਭਗਤ ਸਿੰਘ ਉਨ੍ਹਾਂ ਦੇ ਨੇੜੇ ਸੀ। ਖੱਬੀਆਂ ਪਾਰਟੀਆਂ ਤਾਂ ਉਸ ਨੂੰ ਆਪਣਾ ਨਾਇਕ ਮੰਨਦੀਆਂ ਹਨ। ਇਸ ਵਿੱਚ ਕਾਫ਼ੀ ਸੱਚਾਈ ਵੀ ਹੈ ਕਿਉਂਕਿ ਭਗਤ ਸਿੰਘ ਬਰਾਬਰ ਦੇ ਸਮਾਜ ਦੀ ਗਲ ਕਰਦਾ ਸੀ, ਜੋ ਖੱਬੀਆਂ ਪਾਰਟੀਆਂ ਆਪਣਾ ਏਜੰਡਾ ਮੰਨਦੀਆਂ ਹਨ। ਲੇਖਕ ਦੇ ਅਨੁਸਾਰ, 'ਖੱਬੇ ਪੱਖੀ ਪਾਰਟੀਆਂ ਅਤੇ ਵਿਸ਼ੇਸ਼ ਕਰ ਤਰਕਸ਼ੀਲਾ ਨੇ ਬਹੁਤ ਵੱਧ ਚੜ੍ਹਕੇ ਉਸ ਦੀ ਲਿਖਤ ਮੈਂ ਨਾਸਤਿਕ ਕਿਉਂ ਹਾਂ ਵਾਰ-ਵਾਰ ਛਾਪੀ ਅਤੇ ਵੰਡੀ ਵੀ। ਇਸ ਲਿਖਤ ਰਾਹੀਂ ਉਨ੍ਹਾਂ ਨੂੰ ਆਪਣਾ ਲਗਦਾ ਹੈ, ਵੈਸੇ ਭਗਤ ਸਿੰਘ ਦੇ ਵਿਰੋਧ ਵਿੱਚ ਕੋਈ ਵੱਡਾ ਵਿਚਾਰ ਹੈ ਵੀ ਨਹੀਂ। ਮਾਰਕਸਵਾਦ ਸਦਾ ਰਾਹ-ਦਸੇਰਾ ਜੋ ਕਿ ਲਗਾਤਾਰ ਨਵਾਂ ਜ਼ਮਾਨਾ ਵਿੱਚ ਕਿਸ਼ਤਬਾਰ ਛਪ ਰਿਹਾ ਹੈ, ਪੜਕੇ ਪਤਾ ਲਗਦਾ ਹੈ ਕਿ ਲੇਖਕ ਦੀ ਮਾਰਕਸਵਾਦ ਦੇ ਫਲਸਫੇ ਉਪਰ ਡੂੰਘੀ ਪੱਕੜ ਹੈ। ਮਾਰਕਸ ਦਾ ਫਲਸਫ਼ਾ ਜੋ ਮਨੁੱਖ ਦੀ ਮਨੁੱਖ ਹੱਥੋ ਹੋ ਰਹੀ ਆਰਥਿਕ ਲੁੱਟ ਦੇ ਖ਼ਿਲਾਫ਼ ਹੈ ਅਤੇ ਬਰਾਬਰਤਾ ਦੇ ਸਮਾਜ ਦੀ ਹਾਮੀ ਭਰਦਾ ਹੈ ਤੇ ਮਜ਼ਦੂਰ ਜਮਾਤ ਦੇ ਲਈ ਸੰਘਰਸ਼ਾ ਦੇ ਰਾਹ ਦੀ ਪ੍ਰੇਰਨਾ ਦਿੰਦਾ ਹੋਇਆ ਬੰਦਖਲਾਸੀ ਦੀ ਗਲ ਕਰਦਾ ਹੈ। ਲੇਖਕ ਨੇ ਇਸ ਆਰਟੀਕਲ ਨੂੰ ਲਿਖਣ ਲਈ ਬਹੁਤ ਮਿਹਨਤ ਨਾਲ ਅਧਿਐਨ ਕੀਤਾ ਹੈ।

ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ ਜੀ ਨੇ ਸੁਲਗਦੇ ਸਵਾਲ ਵਿੱਚ ਪਾਰਲੀਮੈਂਟ ਵਿੱਚ ਔਰਤਾਂ ਦੇ 33 ਪ੍ਰਤੀਸ਼ਤ ਰੀਜਰਵੇਸ਼ਨ ਉਪਰ ਵਿਚਾਰ ਪ੍ਰਗਟ ਕਰਦਿਆ ਕਿਹਾ ਹੈਕਿ ਇਹ ਬਿਲ ਪਹਿਲਾ ਹੀ ਪਾਸ ਹੋ ਜਾਣਾ ਚਾਹੀਦਾ ਸੀ। ਚਲੋ ਦੇਰ ਆਏ ਦਰੁਸਤ ਆਏ। ਭਾਵੇਂ ਭਾਜਪਾ ਇਸ ਬਿਲ ਨੂੰ 2.24 ਦੀਆਂ ਚੋਣਾਂ ਵਿੱਚ ਵਰਤਣ ਦਾ ਯਤਨ ਕਰੇਗੀ। ਮੇਰੇ ਖਿਆਲ ਅਨੁਸਾਰ ਇਸ ਬਿਲ ਨਾਲ ਭਾਰਤ ਦੀਆਂ ਗਰੀਬ ਔਰਤਾਂ ਨੂੰ ਕੋਈ ਬਹੁਤਾ ਫ਼ਰਕ ਪੈਣ ਵਾਲਾ ਨਹੀਂ। ਅਮੀਰ ਪਰਵਾਰਾਂ ਦੀਆਂ ਔਰਤਾਂ ਨੂੰ ਹੀ ਫ਼ਰਕ ਪੈਣਾ ਹੈ।

ਜਤਿੰਦਰ ਪਨੂੰ ਜੀ ਦਾ 'ਦ੍ਰਿਸ਼ਟੀਕੋਣ' ਅਤੇ ਡਾ. ਹਰਜਿੰਦਰ ਸਿੰਘ ਅਟਵਾਲ ਦਾ 'ਲੋਕਾਂ ਦੀ ਗਲ' ਗਿਆਨ ਭਰਪੂਰ ਆਰਟੀਕਲ ਹੁੰਦੇ ਹਨ।

-ਤਰਲੋਚਨ ਰਾਏਪੁਰੀ

### ਪਰਖ ਪੜਚੋਲ

1 ਅਕਤੂਬਰ ਦੇ ਨਵਾਂ ਜ਼ਮਾਨਾ ਵਿਚ ਪੁਸਤਕ ਪੰਨੇ 'ਤੇ ਜਤਿੰਦਰ ਸਿੰਘ ਹਾਂਸ ਦੀ ਨਵੀਂ ਕਹਾਣੀ ਕਿਤਾਬ 'ਉਹਦੀਆਂ ਅੱਖਾਂ 'ਚ ਸੂਰਜ ਹੈ' ਦੀ ਸਮੀਖਿਆ ਡਾ. (ਸਤਿੰਦਰ ਸਿੰਘ ਰੈਬੀ) ਪੜ੍ਹ ਕੇ ਖੁਸ਼ੀ ਹੋਈ। ਸੁਹਿਰਦ ਤੇ ਸਥਾਪਤ ਕਹਾਣੀਕਾਰ ਨੇ ਕਹਾਣੀਆਂ ਵਿਚ ਸਮਕਾਲੀ ਮਸਲਿਆਂ ਨੂੰ ਬਹੁਤ ਸ਼ਿੱਦਤ ਨਾਲ ਪਾਤਰਾਂ ਰਾਹੀਂ ਸਿਰਜਿਆ ਹੈ। ਹਾਂਸ ਦੇ ਪਾਤਰ ਬਹੁਤ ਐਕਟਿਵ ਹਨ। ਜ਼ਿੰਦਗੀ ਸੰਘਰਸ਼ਾਂ ਨਾਲ ਜਿਉਂਦੇ ਹਨ। ਪੰਜਾਬ ਦਿਨੋ-ਦਿਨ ਮਸਲਿਆਂ ਵਿਚ ਘਿਰਦਾ ਜਾ ਰਿਹਾ ਹੈ। ਕਹਾਣੀਕਾਰ ਵੀ ਉਸੇ ਦਿਸ਼ਾ ਵਿਚ ਸਮੱਸਿਆਵਾਂ ਨੂੰ ਕਹਾਣੀ ਤੇ ਹੋਰ ਸਾਹਿਤ ਵਿਧਾਵਾਂ ਵਿਚ ਸਿਰਜ ਰਹੇ ਹਨ। ਪੰਜਾਬੀ ਸਾਹਿਤਕਾਰ ਬਹੁਤ ਸੁਚੇਤ ਹੈ, ਖਾਸ ਕਰਕੇ ਪੰਜਾਬੀ ਕਹਾਣੀ ਵਿਚ ਬਹੁਤ ਤਜਰਬੇ ਹੋ ਰਹੇ ਹਨ। ਇਹ ਕਿਤਾਬ ਵੀ ਇਸ ਦੀ ਚੰਗੀ ਮਿਸਾਲ ਹੈ। ਕਿਸਾਨੀ ਸੰਘਰਸ਼ ਬਾਰੇ ਹਰਪ੍ਰੀਤ ਕੌਰ ਦੁੱਗਰੀ ਦੀ ਕਿਤਾਬ ਕਿਸਾਨ ਅੰਦੋਲਨ ਕਿਸਾਨਾਂ ਦੇ ਪਿਛਲੇ ਸਾਲਾਂ ਦੇ ਅੰਦੋਲਨ ਦੀ ਸੁਚੱਜੀ ਪੇਸ਼ਕਾਰੀ ਹੈ। ਕਿਤਾਬ ਦੇ ਲੇਖਾਂ ਦੇ ਲੇਖਕ ਆਪਣੇ ਖੇਤਰ ਦੇ ਮਾਹਰ ਵਿਅਕਤੀ ਹਨ। ਮਾਸਟਰ ਗੁਰਮੇਲ ਸਿੰਘ ਦੀ ਕਿਤਾਬ 'ਪਤਝੜ ਦੀ ਛਾਵੇਂ' ਦਾ ਰੀਵਿਊ ਛਾਪਣ ਲਈ ਧੰਨਵਾਦ। ਸਾਹਿਤਕ ਸਰਗਰਮੀਆਂ ਵਿਚ ਕਹਾਣੀਕਾਰ ਲਾਲ ਸਿੰਘ ਦੇ ਸਨਮਾਨ ਕਿਤਾਬ ਮੋਰ ਕਿਉਂ ਪੈਲਾ ਪਾਉਂਦੇ, ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਜਾਗਰੂਕਤਾ ਮਾਰਚ (ਬਠਿੰਡਾ) ਦੀਆਂ ਰਿਪੋਰਟਾਂ ਪੜ੍ਹ ਕੇ ਖੁਸ਼ੀ ਹੋਈ। ਕਹਾਣੀਕਾਰ ਲਾਲ ਸਿੰਘ ਦੀ ਕਹਾਣੀ ਨੂੰ ਬਹੁਤ ਵੱਡੀ ਦੇਣ ਹੈ। ਲਾਲ ਸਿੰਘ ਬਹੁਤ ਲੰਮੇ ਅਰਸੇ ਤੋਂ ਲਿਖ ਰਿਹਾ ਹੈ। ਉਹ ਅਧਿਆਪਕ ਹੋਣ ਕਰਕੇ ਸਮਾਜ ਦੀ ਰਗ-ਰਗ ਤੋਂ ਜਾਣੂ ਹੈ। ਕਿਤਾਬ 'ਯਾਦਾਂ ਦੀ ਪਟਾਰੀ' (ਪ੍ਰੋ. ਸੁਖਵੰਤ ਸਿੰਘ ਗਿੱਲ) ਦੇ ਲੋਕ ਅਰਪਣ ਦੀ ਰਿਪੋਰਟ ਪੜ੍ਹ ਕੇ ਖੁਸ਼ੀ ਹੈ ਕਿ ਪੰਜਾਬੀ ਵਾਰਤਕ ਵਿਚ ਯਾਦਾਂ ਦਾ ਭੰਡਾਰ ਵਧ ਗਿਆ ਹੈ। ਲੇਖਕ ਨੇ ਕਿਤਾਬ ਵਿਚ ਨਿੱਜੀ ਤਜਰਬੇ ਲਿਖ ਕੇ ਆਪਣੀ ਸਾਂਝ ਪਾਠਕਾਂ ਨਾਲ ਪਾਈ ਹੈ। ਗੁਰਪ੍ਰੀਤ ਸਿੰਘ ਨੇ ਰਾਜਨੀਤੀ ਵਿਚ ਗੋਡਸੇ ਦੀ ਸੋਚ ਵਾਲੇ ਸਿਆਸਤਦਾਨਾਂ ਦਾ ਕਬਜ਼ਾ ਹੋਣ ਦੀ ਝਲਕ ਪੇਸ਼ ਕੀਤੀ ਹੈ। ਲੋਕਾਂ ਦੀ ਗੱਲ ਵਿਚ ਕਾਲਮਨਵੀਸ ਡਾ. ਹਰਜਿੰਦਰ ਸਿੰਘ ਅਟਵਾਲ ਨੇ ਭਗਤ ਕਬੀਰ ਜੀ ਦੇ ਸ਼ਬਦਾਂ ਦੀ ਰੌਸ਼ਨੀ ਵਿਚ ਚਰਚਾ ਕੀਤੀ ਹੈ। ਭਗਤ ਕਬੀਰ ਬਾਣੀ ਅੱਜ ਵੀ ਪ੍ਰਸੰਗਿਕ ਹੈ। ਮਨੁੱਖੀ ਕਦਰਾਂ-ਕੀਮਤਾਂ ਦੀ ਤਰਜਮਾਨੀ ਕਰਦੀ ਬਾਣੀ ਸੇਧਮਈ ਹੈ। ਭਗਤ ਬਾਣੀ ਵਿਚ ਕੁਦਰਤ ਦੀ ਵਡਿਆਈ ਹੈ। ਇਹ ਵਡਿਆਈ ਸ਼ਬਦ ਦੀ ਸਦੀਵਤਾ ਹੈ। ਵਿਰਕ ਪੁਸ਼ਪਿੰਦਰ ਨੇ ਉੱਚ ਸਿੱਖਿਆ ਪ੍ਰਾਪਤ ਪਾੜ੍ਹਿਆਂ ਦੀ ਹੋ ਰਹੀ ਦੁਰਗਤ ਦਾ ਚੰਗਾ ਨਜ਼ਾਰਾ ਖਿੱਚਿਆ ਹੈ। ਇਸ ਵੇਲੇ ਬਹੁਤ ਭੈੜੀ ਹਾਲਤ ਹੈ। ਪੀ ਐੱਚ ਡੀ ਤੱਕ ਦੀ ਸਿੱਖਿਆ ਦਾ ਕੋਈ ਮੁੱਲ ਨਹੀਂ ਪੈ ਰਿਹਾ, ਜਿਸ ਕਰਕੇ ਪੰਜਾਬ ਵਿਚ ਉਦਾਸੀਨਤਾ ਵਾਲਾ ਮਾਹੌਲ ਹੈ। ਬੱਚੇ ਇਸੇ ਲਈ ਵਿਦੇਸ਼ਾਂ ਵਿਚ ਪਰਵਾਸ ਕਰ ਰਹੇ ਹਨ। ਹਰ ਕਿਸਮ ਦੇ ਡਿਗਰੀ ਹੋਲਡਰ ਨੂੰ ਬੇਰੁਜ਼ਗਾਰੀ ਭੱਤਾ ਮਿਲਣਾ ਜ਼ਰੂਰੀ ਹੈ। ਮੁਫਤਖੋਰੀ ਦਾ ਚੋਗਾ ਹੁਣ ਬੰਦ ਕਰਕੇ ਵੋਟ ਚਕਰ ਵਿਚ ਪੈਣ ਨਾਲੋਂ ਬੇਰੁਜ਼ਗਾਰਾਂ ਦੀ ਸਾਰ ਲੈਣੀ ਚਾਹੀਦੀ ਹੈ।

- ਪ੍ਰਿੰ. ਗੁਰਮੀਤ ਸਿੰਘ ਫਾਜ਼ਿਲਕਾ

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

ਮਾਰਕਸਵਾਦ ਸਦਾ ਰਾਹ-ਦਸੇਰਾ-9 : ਜਗਰੂਪ

ਘੱਟ ਗਿਣਤੀਆਂ ਦੇ 'ਹੱਕਾਂ' ਦੀ ਜ਼ਮੀਨੀ ਹਕੀਕਤ : ਹਰਤੋਸ਼ ਸਿੰਘ ਬੱਲ

'ਮੂਕ ਸੰਵਾਦ' ਦੀ ਪਰਖ-ਪੜਚੋਲ : ਡਾ. ਅਰਵਿੰਦਰ ਕੌਰ ਕਾਕੜਾ

ਸਤੀਸ਼ ਠੁਕਰਾਲ ਸੋਨੀ ਦੀਆਂ ਨਵੀਂਆਂ ਨਜ਼ਮਾਂ ਤੇ ਹੋਰ ਬਹੁਤ ਕੁਝ



*ਅਮਨਦੀਪ 'ਅਮਨ' ਉਰਫ਼ ਅਮਨ ਦਾਤੇਵਾਸੀਆ ਲੋਕ ਪੱਖੀ ਸ਼ਾਇਰੀ ਦਾ ਸਿਰਜਕ ਹੈ। ਉਸ ਨੂੰ ਲੋਕ ਪੀੜਾਂ ਦੀ ਗੁੜ੍ਹਤੀ ਮਿਲੀ ਹੈ। ਉਹ ਗਜ਼ਲਾਂ ਵਿੱਚ ਇਸ ਪੀੜ ਦੇ ਪੂਰਨੇ ਪਾਉਂਦਾ ਹੈ। ਉਸ ਨੂੰ ਬਚਪਨ ਵਿੱਚ ਗਰੀਬੀ, ਤੰਗੀਆਂ-ਤੁਰਸ਼ੀਆਂ ਅਤੇ ਸਮਾਜਿਕ ਵਿਤਕਰਿਆਂ ਦਾ ਸੇਕ ਸਹਿਣਾ ਪਿਆ ਹੈ। ਉਹ ਅਜਿਹੇ ਮਾਹੌਲ ਵਿੱਚ ਪੱਕ ਕੇ ਵੱਡਾ ਹੋਇਆ ਹੈ। ਫਿਰ ਉਸ ਨੇ ਸਮਾਜਿਕ ਵਿਵਸਥਾ ਦੀਆਂ ਸਭ ਅਲਾਮਤਾਂ ਨੂੰ ਸੋਚਾਂ ਦੀ ਕੁਠਾਲੀ ਵਿੱਚ ਢਾਲ ਕੇ ਆਪਣੀ ਸਿਰਜਣਾ ਦਾ ਹਿੱਸਾ ਬਣਾਇਆ ਹੈ।*

*ਉਹ ਸ਼ੌਕ ਵਜੋਂ ਸ਼ਾਇਰੀ ਨਹੀਂ ਕਰਦਾ। ਉਸ ਦੀ ਸ਼ਾਇਰੀ ਸਮਾਜ ਨੂੰ ਚੇਤੰਨ ਅਤੇ ਜਾਗਰੂਕ ਕਰਦੀ ਹੈ। ਉਸ ਦੇ ਸ਼ਿਅਰ ਪਾਠਕ ਨੂੰ ਝੰਜੋੜਦੇ ਹਨ ਅਤੇ ਸੋਚਣ ਲਈ ਮਜਬੂਰ ਕਰਦੇ ਹਨ। ਉਹ ਮੁਹੱਬਤੀ ਸ਼ਿਅਰਾਂ ਵਿੱਚ ਆਪਣੀ ਗੱਲ ਕਹਿਣ ਲੱਗਿਆਂ ਉਲਾਰ ਨਹੀਂ ਹੁੰਦਾ। ਉਸ ਦਾ ਕੋਈ ਵੀ ਸ਼ਿਅਰ ਅਜਿਹਾ ਨਹੀਂ ਹੈ, ਜੋ ਪੜ੍ਹਨ ਵਾਲੇ ਦੀ ਸੂਝ ਦਾ ਹਿੱਸਾ ਨਾ ਬਣੇ।*

*ਉਹ ਗਜ਼ਲ ਦਾ ਗਿਆਤਾ ਹੈ। ਉਹ ਬਹਿਰ ਵਜ਼ਨ ਦਾ ਪਾਬੰਦ ਹੈ। ਉਸ ਨੇ ਇਨਕਲਾਬੀ ਸ਼ਾਇਰ ਜਨਾਬ ਤੋਤਾ ਰਾਮ ਚੀਮਾ ਤੋਂ ਗਜ਼ਲ ਦੇ ਗੁਰ ਸਿੱਖੇ ਹਨ। ਸਾਹਿਤ ਅਤੇ ਗਜ਼ਲ ਸੰਬੰਧੀ ਗਹਿਰਾ ਗਿਆਨ ਗ੍ਰਹਿਣ ਕੀਤਾ ਹੈ। ਉਸ ਦੀ ਖੂਬਸੂਰਤ ਸ਼ਬਦ ਚੋਣ, ਬੁਲੰਦ ਖਿਆਲ, ਨਿੱਤ ਵਰਤੋਂ ਦੀ ਬੋਲੀ, ਤਸ਼ਬੀਹਾਂ ਅਤੇ ਅਲੰਕਾਰਾਂ ਨਾਲ ਸਿਰਜੀਆਂ ਗਜ਼ਲਾਂ ਪਾਠਕ ਨੂੰ ਸਕੂਨ ਦਿੰਦੀਆਂ ਹਨ।* **-ਰਣਬੀਰ ਰਾਣਾ**

# ਅਮਨ ਦਾਤੇਵਾਸੀਆ ਦੀਆਂ ਨਵੀਆਂ ਗਜ਼ਲਾਂ

(1)

ਅੰਬਰ ਕਾਲਾ ਕਾਲਾ, ਮੌਕੇ ਗੰਭੀਰ ਨੇ।
ਚੁੱਪ ਰਹਾਂ ਤਾਂ ਚੰਗਾ, ਕਹਿੰਦੇ ਸਫੀਰ ਨੇ।
ਟੁੱਟ ਗਿਆ ਤਾਂ ਟੁੱਟੇ, ਤਾਰਾ ਮਰਜੀਵੜਾ,
ਮੈਨੂੰ ਤਾਂ ਬਹਿਲਾਇਆ, ਚਿੱਟੀ ਲਕੀਰ ਨੇ।
ਮੇਰੀ ਕੁੱਲੀ ਨੂੰ ਆ ਕੇ, ਤੁਸੀਂ ਘੇਰਾ ਪਾ ਲਿਆ,
ਮੇਰੇ ਨਾਲੋਂ ਲੱਖਾਂ, ਪਿੰਡ 'ਚ ਅਮੀਰ ਨੇ।
ਸ਼ਹਿਦ ਅੱਖਾਂ 'ਚ ਮੇਰੇ, ਪਾ ਨਾ ਓ ਮਹਿਰਮਾ,
ਅੱਖਾਂ 'ਚ ਮੇਰੇ ਭਾਵੇਂ, ਲੱਖਾਂ ਕਸੀਰ ਨੇ।
ਮੈਂ ਨਹੀਂ ਮੁਤੱਸਰ ਹੋਇਆ, ਤੇਰੇ ਮਿਜ਼ਾਜ ਤੋਂ,
ਆਪਣੇ ਦਿਲ ਦੀ ਕਹਿ ਦੇ, ਝੱਲੇ ਜੋ ਤੀਰ ਨੇ।
ਆਖਾਂ ਕੀ ਨਾ ਆਖਾਂ, ਐ ਅਕਲਾਂ ਵਾਲਿਓ,
ਸ਼ਿਅਰ ਮੇਰੀ ਗਜ਼ਲ ਦੇ, ਮੇਰੀ ਤਕਦੀਰ ਨੇ।

(2)

ਸਮਝ ਐ ਦਿਲ ਰਾਠ ਦੀ ਚਾਲ ਨੂੰ।
ਅਣਕਿਆਸੇ ਵਕਤ ਦੇ ਹਾਲ ਨੂੰ।
ਕਿੰਵ ਕਹਾਂ ਕਿ ਦਿਨ ਨਵੇਂ ਆਉਣਗੇ,
ਕੀ ਦਿਆਂ ਮੈਂ ! ਰੋਂਦੜੇ ਬਾਲ ਨੂੰ।
ਮਨ 'ਚ ਮੇਰੇ ਧੁਖ ਰਹੀ ਹੈ ਦੁਵਿਧਾ,
ਖਾ ਧਿੰਗਾਣੇ ਹਨ ਰਹੇ ਮਾਲ ਨੂੰ।
ਹਾਂ, ਮਿਲੂ ਮੰਜ਼ਲ ਅਵੱਸ਼ ਰਾਹਗਿਰਾ,
ਖਤਮ ਨਾ ਕਰ ਆਪਣੀ ਭਾਲ ਨੂੰ।
ਪਤਝੜਾਂ ਵੀ ਆਉਣ ਜੇ, ਡੋਲ ਨਾ,
ਪੱਤ ਹਰੇ ਹੋ ਜਾਣਗੇ ਸਾਲ ਨੂੰ।
ਵਹਿਮ 'ਚੋਂ ਕੁਝ ਵੀ ਨਹੀਂ ਲੱਭਣਾ,
ਵੱਖ ਨਾ ਕਰ ਖੱਲ ਤੇ ਵਾਲ ਨੂੰ।
ਚੋਗ ਚੁਗਦਾ ਫਸ ਗਿਆ ਜਾਲ ਵਿੱਚ,
'ਅਮਨ' ਉੱਡ ਜਾ ਲੈ ਸਣੇ ਜਾਲ ਨੂੰ।

(3)

ਰੁਦਨ ਪੀੜ ਦੁੱਖੜੇ ਹਉਕੇ ਤੇ ਹਾਵਾਂ।
ਖ਼ੁਦਗਰਜ਼ ਹਰ ਕੋਈ ਮੈਂ ਕਿਸ ਨੂੰ ਸੁਣਾਵਾਂ।
ਤੇਰੇ ਸ਼ਹਿਰ ਚੜ੍ਹਦਾ ਰਾਤੀਂ ਵੀ ਸੂਰਜ,
ਕੁੱਲੀਆਂ 'ਚ ਦੇਖ, ਜਗੇ ਦੀਵਾ ਟਾਂਵਾਂ-ਟਾਂਵਾਂ।
ਜਿਸ ਨੂੰ ਹੈ ਆਉਂਦੀ ਜਿਉਣ ਦੀ ਪਰਿਭਾਸ਼ਾ,
ਦੱਸੇ ਮੈਨੂੰ ਕੋਈ, ਮੈਂ ਸੀਸ ਝੁਕਾਵਾਂ।
ਆਤਮਾ ਤਾਂ ਰੌਸ਼ਨੀ ਹੈ ਆਤਮਾ ਹੈ ਜੀਵਨ,
ਕਿੱਥੇ ਤੁਰ ਜਾਂਦੀਆਂ ਨੇ ਪਰ ਆਤਮਾਵਾਂ।
ਵਿਹੜਾ ਕਹੋ ਜਾਂ ਬੇਲਾ ਆਖਿਰ ਫਰਕ ਕੀ ਹੈ,
ਹਰ ਘਰ ਦੇ ਮੂਹਰੇ ਚਿਣੀਆਂ ਚਿਖਾਵਾਂ।
ਸਾਡੀ ਗਦਾ ਗਰੀਬੀ ਜੀਵੇ 'ਅਮਨ' ਸਦਾ,
ਲੱਗੀਆਂ ਰਹਿਣ ਚਾਹੇ ਕਿੰਨੀਆਂ ਧਾਰਾਵਾਂ।

(4)

ਜਿਸ ਦੇ ਕੰਡਾ ਵੱਜਿਆ ਸੋਈ ਜਾਣੇ ਦੁੱਖ।
ਸਾਰ ਨਾ ਜਾਣੇ ਦੁੱਖ ਦੀ ਜਿਹੜਾ ਮਾਣੇ ਸੁੱਖ।
ਉਹ ਨਾ ਕੁਝ ਵੀ ਸੋਚਦੇ ਜਿਹੜੇ ਰੱਜੇ ਰਹਿਣ,
ਭੁੱਖਿਆਂ ਤਾਂਈਂ ਪੁੱਛ ਲਓ ਕੀ ਹੁੰਦੀ ਏ ਭੁੱਖ।
ਨਾ ਸਰਦੀ ਨਾ ਮੇਘਲਾ ਨਾ ਗਰਮੀ ਕਰਸਾਹ,
ਅੰਬਰ ਹੇਠਾਂ ਵਿਗਸਦੇ ਇੱਕੋ ਲੱਤ ਤੇ ਰੁੱਖ।
ਆਉਂਦੇ ਭੌਰੇ, ਤਿੱਤਲੀਆਂ ਲੈਣ ਵਾਸ਼ਨਾ ਰੰਗ,
ਸੁਬਹ ਸਵੇਰੇ ਫੁੱਲੜਾ ਜਦੋਂ ਨਿਹਾਰੇ ਮੁੱਖ।
ਅਗਨੀ ਆਖੇ ਧੂੰਇਆਂ ਉੱਡ ਜਾ ਵਿੱਚ ਅਕਾਸ਼,
ਧੂੰਆਂ ਆਖੇ ਅਗਨੀਏਂ ਪਹਿਲਾਂ ਤੂੰ ਤਾਂ ਧੁੱਖ।
ਜੋ ਕੁਝ ਹੁੰਦੈ ਹੋਣ ਦੇ ਹੁਣ ਪਛਤਾਵਾ ਕੀ,
ਮੁਹਲਿਆਂ ਤੋਂ ਕੀ ਡਰਪਣਾ ਸਿਰ ਦਿੱਤਾ ਵਿੱਚ ਉੱਖ।
ਉਹ ਜ਼ਿੰਦਗੀ ਵੀ ਕੀ ਹੈ ਰਹੇ ਨਾ ਜੋ ਸਥਿਰ,
ਪੱਤਿਆਂ ਵਾਂਗੂੰ ਡੋਲਦੀ ਬਿੰਦ-ਬਿੰਦ, ਚੁੱਖ-ਚੁੱਖ, ਚੁੱਖ।
ਰੱਬ ਨਾ ਵੈਰੀ ਕਿਸੇ ਦਾ ਵੈਰੀ ਆਦਤ-ਐਬ,
ਕਰਮ ਆਪਣੇ ਭੋਗਦਾ ਆਖੇ 'ਅਮਨ' ਮਨੁੱਖ।

(5)

ਮੈਂ ਚਾਹੁੰਦਾ ਹਾਂ ਸੁਖਨ ਸਵੇਰੇ।
ਦੂਰ ਹੋਣ ਇਹ ਦੁਖਦ ਹਨੇਰੇ।
ਸਾਰੇ ਟਹਿਕਣ ਫੁੱਲਾਂ ਵਾਂਗੂੰ,
ਦੁੱਖ 'ਚ ਨਾ ਕੋਈ ਹੰਝੂ ਕੇਰੇ।
ਸੌਂਏਂ ਨਾ ਕੋਈ ਰਾਤ ਨੂੰ ਭੁੱਖਾ,
ਭੁੱਖੇ ਨੂੰ ਨਾ ਬਿਪਤਾ ਘੇਰੇ।
ਮਿਹਨਤ ਦਾ ਮੁੱਲ ਕਿਰਤੀ ਪਾਵੇ,
ਹੱਕ ਕਿਸੇ ਦਾ ਨਾ ਖਾਣ ਲੁਟੇਰੇ।
ਧੀ-ਭੈਣ ਹੋਏ ਸਭ ਦੀ ਸਾਂਝੀ,
ਵੱਡੇ ਹੋਵਣ ਸਭ ਦੇ ਜੇਰੇ।
ਧਰਮ ਨਾਓਂ ਈਮਾਨ ਦਾ ਦੂਜਾ,
ਮਿਟ ਜਾਵਣ ਸਭ ਤੇਰੇ ਮੇਰੇ।
ਸਭ ਤਾਂਈਂ ਇਨਸਾਫ ਮਿਲੇ ਤਾਂ,
ਰੁੱਸ ਕੇ ਨਾ ਕੋਈ ਬੁੱਲ੍ਹ-ਅਟੇਰੇ।

(6)

ਤੇਰਾ ਦੀਦਾਰ ਹੋਇਆ।
ਵਿਆਕੁਲ ਪਿਆਰ ਹੋਇਆ।
ਜਾਗੀ ਉਮੀਦ ਮਨ ਦੀ,
ਐਸਾ ਖੁਮਾਰ ਹੋਇਆ।
ਤੇਰੀ ਜੁਦਾਈ ਅੰਦਰ,
ਦਿਲ ਤਾਰ ਤਾਰ ਹੋਇਆ।
ਐਸੀ ਪਿਲਾਈ ਸਾਕੀ,
ਗਰਦੋ-ਗੁਬਾਰ ਹੋਇਆ।
ਇਹ ਬੰਦਗੀ ਹੈ ਤੇਰੀ,
ਮੈਂ ਤਲਬਗਾਰ ਹੋਇਆ।
ਨਾਦਾਨ ਦਿਲ ਤੋਂ ਐਪਰ,
ਗਮ ਨਾ ਸਹਾਰ ਹੋਇਆ।
ਤੇਰੇ ਬਗੈਰ 'ਅਮਨ' ਵੀ,
ਹੈ ਸ਼ਰਮਸਾਰ ਹੋਇਆ।

(7)

ਆਕੀ ਰਹਿ ਆਕੀ ਡੋਲੀਂ ਨਾ ਯਾਰਾ।
ਦੁਨੀਆ ਲਈ ਬਣ ਜਾਹ, ਚਾਨਣ-ਮੁਨਾਰਾ।
ਹਿੰਮਤ ਦੇ ਮੂਹਰੇ ਜਿੱਤਾਂ ਹੀ ਜਿੱਤਾਂ,
ਹਿੰਮਤ ਦੇ ਬਾਝੋਂ ਕੋਈ ਨਾ ਚਾਰਾ।
ਸੰਭਲ ਕੇ ਰਹਿ ਤੂੰ, ਮਤਲਬ ਦੀ ਦੁਨੀਆ,
ਤੇਰੇ ਹੀ ਸਿਰ 'ਤੇ ਜ਼ੁੰਮਾਂ ਹੈ ਭਾਰਾ।
ਤੇਰੀ ਖੁਦੀ ਹੈ, ਤੇਰਾ ਹੀ ਗਹਿਣਾ,
ਨਾ-ਖੁਦ ਹੈ ਰਹਿੰਦਾ, ਘਾਟਾਂ ਦਾ ਮਾਰਾ।
ਤੇਰੇ ਹੀ ਐਬਾਂ, ਲੁੱਟਿਆ ਹੈ ਤੈਨੂੰ,
ਸਦ-ਗੁਣ ਨੇ ਤੇਰੇ, ਅੰਮ੍ਰਿਤ ਦੀ ਧਾਰਾ।
ਰਾਤਾਂ ਦੇ ਸੁਪਨੇ, ਸੱਚੇ ਨਹੀਂ ਹੁੰਦੇ,
ਮਹਿਲਾਂ ਦੇ ਤੁੱਲ ਹੈ, ਤੇਰਾ ਇਹ ਢਾਰਾ।
ਦਿਨ ਦੇ ਜੋ ਸੁਪਨੇ, ਅਸਲੀਅਤ ਸੱਜਣਾ,
ਰਾਤਾਂ ਦੇ ਸੁਪਨੇ, ਝੂਠਾ ਹੈ ਲਾਰਾ।
ਜਿਉਣੇ ਤੋਂ ਪਹਿਲਾਂ, ਮਰਨਾ ਹੈ ਪੈਂਦਾ,
ਏਸੇ ਵਿੱਚ 'ਅਮਨ' ਕਿ ਰਾਜ ਹੈ ਸਾਰਾ।

**ਮੋਬਾ. 94636-09540**

# ਚਿੜੀਆਂ ਦੀ ਹੋਂਦ ਉਲੰਘਦੀਆਂ ਪਰਵਾਸੀ ਕੁੜੀਆਂ

**ਕੈਨੇਡਾ ਡਾਇਰੀ-10**

**ਭਗਵੰਤ ਰਸੂਲਪੁਰੀ**

ਇਸ ਵਾਰ ਮੈਂ ਪੰਜਵੀਂ ਵਾਰ ਕੈਨੇਡਾ ਆਇਆ ਹਾਂ। ਹੋਰ ਮਸਲਿਆਂ ਦੇ ਨਾਲ-ਨਾਲ ਮੈਂ ਏਥੇ ਪੰਜਾਬ ਤੋਂ ਪੜ੍ਹਨ ਆਏ ਵਿਦਿਆਰਥੀਆਂ ਖਾਸ ਕਰਕੇ ਲੜਕੀਆਂ ਦੀ ਮਾਨਸਿਕ ਬਣਤਰ ਨੂੰ ਸਮਝਣ ਦਾ ਯਤਨ ਕਰ ਰਿਹਾ ਹਾਂ। ਹਰ ਵਾਰ ਆਪਣੇ 'ਦੇਸੀ' ਬੰਦਿਆਂ ਦੀ ਕੁੰਠਿਤ ਮਾਨਸਿਕਤਾ 'ਚੋਂ ਨਿਕਲੇ 'ਪ੍ਰਵਚਨ' ਮੈਂ ਸੁਣਦਾ ਰਹਿੰਦਾ ਹਾਂ। 'ਸਟੂਡੈਂਟਾਂ ਨੇ ਤਾਂ ਗੰਦ ਪਾ ਦਿੱਤਾ ਏ, ਕੁੜੀਆਂ ਨੂੰ ਤਾਂ ਕੋਈ ਭੁੱਲ ਕੇ ਨਾ ਏਧਰ ਭੇਜੇ, ਕੁੜੀਆਂ ਨੂੰ ਖੰਭ ਲੱਗ ਗਏ, ਕੁੜੀਆਂ ਤਾਂ ਨਸ਼ਾ ਕਰਦੀਆਂ, ਉਹ ਤਾਂ ਧੰਦਾ ਕਰਦਿਆਂ ਡਾਲਰ 'ਕੱਠੇ ਕਰਨ ਦਾ ਸੌਖਾ ਰਾਹ ਲੱਭ ਪਿਆ। ਕੰਧ ਓਹਲੇ ਪਰਦੇਸ 'ਚ ਬੈਠੀ ਕੁੜੀ ਵੱਲ ਕੌਣ ਵੇਖਦਾ? ਉਹ ਕੀ ਕਰਦੀ ਏ ਵਗੈਰਾ..ਵਗੈਰਾ...।' ਪੜ੍ਹਨ ਆਈਆਂ ਕੁੜੀਆਂ ਦੇ ਅਕਸ ਨੂੰ ਢਾਅ ਲਾਉਣ ਵਾਲੀਆਂ ਅਜਿਹੀਆਂ ਗੱਲਾਂ ਅੱਗੇ ਤੋਂ ਅੱਗੇ ਮਸਾਲੇ ਲਾ ਕੇ ਸੁਣਾਉਣ ਦੀ ਪ੍ਰਵਿਰਤੀ ਸਾਡੇ 'ਦੇਸੀ ਲਾਣੇ' 'ਚ ਆਮ ਵੇਖੀ-ਸੁਣੀ ਜਾਂਦੀ ਹੈ। ਅਜਿਹੇ ਸਬਜੈਕਟ ਵਾਲੀਆਂ ਪੰਜਾਬੀ 'ਚ ਕਹਾਣੀਆਂ ਲਿਖਣ ਦਾ ਰੁਝਾਨ ਵੀ ਵੇਖਣ ਨੂੰ ਮਿਲ ਜਾਂਦਾ ਹੈ। ਜਿੰਦਰ ਨੇ ਇਸ ਮਸਲੇ 'ਤੇ ਜਦੋਂ ਕਹਾਣੀ ਲਿਖੀ ਤਾਂ ਮੇਰਾ ਪ੍ਰਤੀਕਰਮ ਤਿੱਖਾ ਸੀ। 'ਬਈ ਤੁਸੀਂ ਕਲਪਨਾ ਨਾਲ ਯਥਾਰਥ ਘੜੀ ਜਾ ਰਹੇ ਹੋ।' ਕਲਪਿਤ ਯਥਾਰਥ 'ਕਿੱਸਾ ਗੋਈ' 'ਚੋਂ ਫੜਨ ਵਾਲਾ ਬੰਦਾ ਸੁਆਦ ਲੈਣ ਲਈ ਅਜਿਹੇ ਕਿੱਸੇ ਘੜਦਾ ਹੈ ਤੇ ਪ੍ਰਚਾਰ ਵੀ ਕਰਦਾ ਹੈ। ਇਹਦੇ 'ਚ ਉਹਦੀ ਕੁੰਠਿਤ ਮਨੋ-ਚੇਤਨਾ 'ਸੁਆਦ' ਲੈਣ ਤੱਕ ਪਹੁੰਚ ਜਾਂਦੀ ਹੈ। ਬਹੁਤੇ ਦੇਸੀ ਬੰਦੇ ਵੇਸ਼ਵਾਗਮਨੀ ਦੇ ਰੁਝਾਨ ਦੀ ਪ੍ਰਤੀਸ਼ਤ 90 ਤੋਂ 95 ਬਣਾ ਕੇ ਪੇਸ਼ ਕਰਦੇ ਹਨ। ਘੱਟ ਗਿਣਤੀ ਦੇ ਰੁਝਾਨ ਨੂੰ ਬਹੁ-ਗਿਣਤੀ ਬਣਾ ਕੇ ਪੇਸ਼ ਕਰਨਾ ਮਨੁੱਖ ਦੀ ਭਾਰੂ ਪ੍ਰਵਿਰਤੀ ਰਹੀ ਹੈ। ਕੈਨੇਡਾ ਬੈਠੇ ਪੰਜਾਬੀਆਂ 'ਚ ਇਹ ਬਿਰਤੀ ਭਾਰੂ ਹੈ।

ਇਹ ਪਰਵਾਸੀ ਚਿੜੀਆਂ ਪੰਜਾਬ 'ਚੋਂ ਲੰਮੀ ਉਡਾਰੀ ਮਾਰ ਕੇ ਕੈਨੇਡਾ ਦੀ ਧਰਤੀ 'ਤੇ ਪਹੁੰਚੀਆਂ ਹਨ। ਇਸ ਉਡਾਰੀ ਪਿੱਛੇ ਉਹਨਾਂ ਦੇ ਅਨੇਕਾਂ ਸੁਪਨੇ ਵੀ ਹਨ ਤੇ ਉਹਨਾਂ ਦੇ ਮਾਪਿਆਂ ਦੇ ਸੁਪਨੇ ਵੀ ਹਨ, ਜੋ ਪੰਜਾਬ 'ਚ ਰਹਿ ਕੇ ਸ਼ਾਇਦ ਕਦੇ ਪੂਰੇ ਨਾ ਹੁੰਦੇ। ਇਹਨਾਂ ਚਿੜੀਆਂ 'ਚ ਮੇਰੀ ਧੀ ਹਰਲੀਨ ਵੀ ਹੈ ਤੇ ਹੋਰ ਬਹੁਤ ਸਾਰੇ ਮੇਰੇ ਹਮਉਮਰ ਦੀਆਂ ਧੀਆਂ ਵੀ ਹੋਣਗੀਆਂ। ਮੈਂ ਇਸ ਮਸਲੇ ਪ੍ਰਤੀ ਭਾਵੁਕ ਨਹੀਂ ਹਾਂ। ਮੈਂ ਇਸ ਮਸਲੇ ਦੀ ਜੜ੍ਹ ਤੱਕ ਵੀ ਗਿਆ। ਹਕੀਕਤ ਇਹ ਨਹੀਂ ਹੈ। ਤੁਸੀਂ ਇਹਨਾਂ ਪੜ੍ਹਨ ਆਈਆਂ ਕੁੜੀਆਂ ਦੇ ਮਨਾਂ ਅੰਦਰ ਝਾਤੀ ਮਾਰ ਕੇ ਵੇਖੋ ਤਾਂ ਤੁਸੀਂ ਜਾਣ ਸਕੋਗੇ ਕਿ ਇਹਨਾਂ ਨੇ ਕਿਵੇਂ ਆਪਣੀ ਸੂਝ ਤੇ ਸਿਆਣਪ ਨਾਲ ਏਥੋਂ ਦੇ ਸਮਾਜ 'ਚ ਸਪੇਸ ਬਣਾਈ ਹੈ। ਮੈਂ ਇਹਨਾਂ ਕੁੜੀਆਂ ਨੂੰ ਵਿਸ਼ਵਾਸ 'ਚ ਲੈ ਕੇ ਇਹਨਾਂ ਮਸਲਿਆਂ ਬਾਰੇ ਅਨੇਕਾਂ ਗੱਲਾਂ ਕੀਤੀਆਂ ਤਾਂ ਮੈਨੂੰ ਸਮਝ ਲੱਗੀ ਕਿ ਇਹ 'ਦੇਸੀ' ਬੰਦੇ ਹੀ ਪਹਿਲਾਂ ਇਹਨਾਂ ਚਿੜੀਆਂ ਨੂੰ ਵਰਤਣ ਲਈ ਲੇਲ੍ਹੜੀਆਂ ਕੱਢਦੇ ਹਨ। ਫਿਰ ਇਹਨਾਂ ਦੇ ਕਰੈਕਟਰ 'ਤੇ ਚਿੱਕੜ ਸੁੱਟਣ ਲੱਗ ਪੈਂਦੇ ਹਨ। ਬੀਜ ਨਾਸ ਕਿਸੇ ਚੀਜ਼ ਦਾ ਨਹੀਂ ਹੁੰਦਾ। ਇਹ ਵੀ ਨਹੀਂ ਹੁੰਦਾ ਕਿ ਤੁਸੀਂ 'ਕਣਕ' ਦਾ ਬੀਜ ਬੀਜੋ ਤੇ ਸਾਰਾ ਨਦੀਨ ਉੱਗ ਪਵੇ। ਹਾਲਾਂਕਿ ਨਦੀਨ ਵੀ ਹੁੰਦਾ। ਨਾਂਅ ਗੁਪਤ ਰੱਖਣ ਦੀ ਸ਼ਰਤ 'ਤੇ ਇੱਕ ਕੁੜੀ ਕਹਿੰਦੀ ਹੈ, 'ਅੰਕਲ! ਮੈਂ ਰਾਤ ਨੂੰ ਜਦੋਂ ਕਦੇ ਕੰਮ ਤੋਂ ਘਰ ਜਾਣ ਲੱਗੀ ਟੈਕਸੀ ਲੈਂਦੀ ਤਾਂ ਗੱਲਾਂ ਦੇ ਬਹਾਨੇ ਨਾਲ ਦੇਸੀ ਡਰਾਈਵਰ ਅਕਸਰ ਹੀ ਮੈਨੂੰ ਵਿਸਕੀ ਦੀ ਆਫਰ ਕਰਦਾ ਤੇ ਕਹਿੰਦਾ 100 ਡਾਲਰ ਲੈਣੇ ਆ ਤੇ ਮੇਰੇ ਨਾਲ ਚੱਲ, ਬੇਸਮੈਂਟ ਮੰਡੀ 'ਚ।' ਇੱਕ ਕਹਿਣ ਲੱਗਾ, 'ਤੇਰਾ ਕਿੰਨਾ ਰੇਟ ਐ, ਖਾਣਾ ਤੇ ਡਰਿੰਕ' ਤੇਰੇ ਵਰਗੀਆਂ ਡਾਊਨ ਟਾਊਨ 'ਚੋਂ ਮੈਂ ਰੋਜ਼ ਚੁੱਕਦਾ।' ਸਾਨੂੰ ਇਹ ਲੋਕ ਕੀ ਸਮਝਦੇ ਨੇ।

ਜਸਪ੍ਰੀਤ ਕੌਰ (ਬਦਲਿਆ ਨਾਂਅ) ਕਹਿਣ ਲੱਗੀ, 'ਵੀਰ ਜੀ! ਕੁੜੀਆਂ ਨੂੰ ਏਧਰ ਆ ਕੇ ਬਹੁਤ ਸਫਰ ਕਰਨਾ ਪੈਂਦਾ। ਅਸੀਂ ਪੜ੍ਹਨਾ ਹੁੰਦਾ, ਫੇਰ ਰਾਤ-ਬਰਾਤੇ ਕੰਮ ਕਰਨਾ ਹੁੰਦਾ, ਬੇਸਮੈਂਟ 'ਚ ਜਾ ਕੇ ਖਾਣਾ ਤਿਆਰ ਕਰਨਾ, ਆਰਾਮ ਕਰਨਾ, ਫਿਰ ਆਪਣੇ ਆਪ ਨੂੰ ਸਾਫ ਤੇ ਕਲੀਨ ਰੱਖਣਾ, ਏਥੋਂ ਦੀਆਂ ਕੁੜੀਆਂ ਵਰਗੀ ਸਾਡੀ ਲਾਈਫ ਨਹੀਂ ਹੁੰਦੀ। ਇਹਨਾਂ ਨੂੰ ਨਾ ਬੇਸਮੈਂਟ ਦੇ ਕਿਰਾਏ ਦਾ ਫਿਕਰ ਐ, ਨਾ ਗਰੋਸਰੀ ਦਾ ਤੇ ਨਾ ਕਾਲਜ ਦੀਆਂ ਫੀਸਾਂ ਦਾ।' 'ਐਸ਼' ਤਾਂ ਇੱਥੋਂ ਦੀ ਜਨਰੇਸ਼ਨ ਕਰਦੀ ਹੈ ਅਤੇ ਅਸੀਂ ਲੋਕ ਤਾਂ 5-6 ਸਾਲ ਫਿਕਰਾਂ 'ਚ ਲੰਘਾ ਲਈਦੇ ਆ। ਜਦੋਂ ਤੱਕ ਪੀ ਆਰ ਨਹੀਂ ਹੋ ਜਾਂਦੀ।

ਪੀ ਆਰ ਦਾ ਪ੍ਰਸੰਗ ਇੱਕ ਹੋਰ ਵਿਦਿਆਰਥਣ ਦੱਸਦੀ ਹੈ, 'ਜਦੋਂ ਮੈਂ ਪੜ੍ਹਾਈ ਤੋਂ ਬਾਅਦ ਵਰਕ ਪਰਮਿਟ 'ਤੇ ਹੋਈ ਤਾਂ ਮੇਰੇ ਸਾਹਮਣੇ ਪੀ ਆਰ ਲਈ ਸਕੋਅਰ ਬਣਾਉਣੇ ਮੁੱਖ ਟੀਚਾ ਸੀ। ਏਥੇ ਸਰੀ 'ਚ ਪੰਜਾਬੀਆਂ ਦੇ ਵੱਡੇ-ਵੱਡੇ ਬਿਜ਼ਨੈੱਸ ਹਨ, ਵੱਡੀ ਪੋਸਟ 'ਤੇ ਵਰਕ ਪਰਮਿਟ ਵਾਲੇ ਵਿਦਿਆਰਥੀ ਨੂੰ ਕੰਮ ਕਰਦਾ ਸ਼ੋਅ ਕਰਨ ਲਈ ਉਹ ਰੱਜ ਕੇ ਸਾਡਾ ਖਾਸ ਕਰਕੇ ਕੁੜੀਆਂ ਦਾ ਸ਼ੋਸ਼ਣ ਕਰਦੇ ਹਨ। ਫਿਰ ਬਾਹਰ ਸ਼ਰਾਬ ਪੀਂਦਿਆਂ, ਏਹੀ ਲੋਕ ਸਾਡੀ ਰੱਜ ਕੇ ਭੰਡੀ ਕਰਦੇ ਹਨ। ਸਾਨੂੰ ਡਾਲਰ-ਡਾਲਰ 'ਤੇ ਕੱਪੜੇ ਲਾਹੁਣ ਵਾਲੀਆਂ ਕਹਿੰਦੇ ਹਨ।' ਪੀ ਆਰ ਤੋਂ ਬਾਅਦ ਵੀ ਇਹਨਾਂ ਪਰਵਾਸੀ ਚਿੜੀਆਂ ਅੱਗੇ ਕੈਨੇਡਾ ਦੇ ਸੰਘਰਸ਼ ਭਰੇ ਹਾਲਾਤ ਮੂੰਹ ਅੱਡੀ ਖੜੇ ਹਨ। ਇਹਨਾਂ ਨੇ ਆਪਣੀ ਵਿੱਦਿਆ, ਲਿਆਕਤ 'ਤੇ ਕੰਮ ਕਰਨ ਦੇ ਜਜ਼ਬੇ ਨਾਲ ਆਪਣੀ ਇਸ ਸਮਾਜ 'ਚ ਸਪੇਸ ਬਣਾਉਣੀ ਹੈ। ਮੈਂ ਤਾਂ ਏਥੋਂ ਤੱਕ ਕਹਿੰਦਾ ਹਾਂ ਕਿ ਏਥੋਂ ਦੀ ਜੰਮਪਲ ਪੀੜ੍ਹੀ ਹੱਥੋਂ ਇਹਨਾਂ ਨੇ ਕੈਨੇਡਾ ਦਾ ਭਵਿੱਖ ਖੋਹ ਲੈਣਾ ਹੈ। ਇਹ ਪਰਵਾਸੀ ਵਿਦਿਆਰਥੀ ਖਾਸ ਕਰਕੇ ਲੜਕੀਆਂ ਆਪਣੀ ਕੰਮ ਕਰਨ ਦੀ ਸਕਿਲ, ਉੱਚ ਵਿੱਦਿਆ ਤੇ ਕੰਮ ਕਰਨ ਦੇ ਜਜ਼ਬੇ ਨਾਲ ਸਥਾਈ ਕੰਮ ਧੰਦਿਆਂ 'ਚ ਆਪਣੀ ਸਪੇਸ ਬਣਾ ਰਹੇ ਹਨ। ਬਿਨਾਂ ਸ਼ੱਕ ਪੰਜਾਬ 'ਚੋਂ ਕੈਨੇਡਾ ਗਈਆਂ ਕੁੜੀਆਂ ਨੂੰ ਏਥੇ ਬਹੁਤ ਆਜ਼ਾਦੀ ਮਿਲੀ ਹੈ। ਉਹ ਮਾਪਿਆਂ ਦੀ ਰੋਕ-ਟੋਕ ਅਤੇ ਆਪਣੀ ਦੇਹ 'ਤੇ ਕੱਪੜੇ ਪਾਉਣ ਦੀ ਚੋਣ 'ਚ ਆਜ਼ਾਦ ਹਨ। ਉਹ ਇਸ ਆਜ਼ਾਦੀ ਨੂੰ ਮਾਣ ਵੀ ਰਹੀਆਂ ਹਨ, ਪਰ ਆਪਣੇ-ਆਪ ਨੂੰ ਸਰਵਾਇਵ ਕਰਨ ਲਈ ਉਹ ਆਪਣੇ ਤਨ-ਮਨ ਨੂੰ ਦਾਅ 'ਤੇ ਵੀ ਨਹੀਂ ਲਾ ਰਹੀਆਂ। ਸੱਚ ਨੂੰ ਭਰਮ 'ਚ ਬਦਲਣਾ ਮੁਸ਼ਕਲ ਹੁੰਦਾ ਹੈ।

# ਅਹੁਦੇ, ਰੁਤਬੇ ਤੇ ਕਵਿਤਾ ਦੀ ਤਰਾਸਦੀ

**ਮਲਵਿੰਦਰ**

ਕਵਿਤਾ ਥੋਕ ਵਿਚ ਲਿਖੀ ਜਾ ਰਹੀ ਹੈ। ਛਪ ਰਹੀ ਹੈ। ਅਣਗੌਲੀ ਵੀ ਹੋ ਰਹੀ ਹੈ। ਵਿਚਾਰਗੀ ਦੀ ਸਥਿਤੀ ਵੀ ਹੰਢਾ ਰਹੀ ਹੈ। ਸਨਮਾਨਤ ਵੀ ਹੋ ਰਹੀ ਹੈ। ਸਨਮਾਨਤ ਹੋ ਰਹੀ ਕਵਿਤਾ ਉਪਰ ਕਿੰਤੂ-ਪ੍ਰੰਤੂ ਵੀ ਹੋ ਰਹੇ ਹਨ। ਸਨਮਾਨ ਦੇਣ ਦਾ ਫੈਸਲਾ ਕੁਝ ਜਣਿਆਂ ਦੇ ਅਧਿਕਾਰ ਖੇਤਰ ਤੱਕ ਸੀਮਤ ਹੋ ਗਿਆ ਹੈ। ਕਵਿਤਾ ਨਾਲ਼ ਸੰਬੰਧਤ ਹੋਰ ਵੀ ਬਹੁਤ ਸਾਰੀਆਂ ਗੱਲਾਂ ਹੋ ਸਕਦੀਆਂ ਹਨ, ਪਰ ਅੱਜ ਆਪਾਂ ਕਵਿਤਾ ਦੇ ਹਵਾਲੇ ਨਾਲ ਦੋ ਘਟਨਾਵਾਂ ਦਾ ਜ਼ਿਕਰ ਕਰਦੇ ਹਾਂ। ਇਹ ਘਟਨਾਵਾਂ ਚੱਲ ਰਹੇ ਵਰਤਾਰੇ ਦੇ ਅਨੁਭਵ ਹਨ। ਕਿਸੇ ਨਿੱਜ ਵੱਲ ਸੇਧਿਤ ਨਿਸ਼ਾਨੇ ਨਹੀਂ ਹਨ। ਇਹ ਤਾਂ ਸਮਕਾਲ ਦੇ ਵਿਆਪਕ ਵਰਤਾਰੇ ਵਿਚਲੇ ਸ਼ਬਦ ਨਾਲ ਜੁੜੇ ਹਰ ਵਿਅਕਤੀ ਦੇ ਫ਼ਿਕਰ ਹਨ ਜਾਂ ਹੋਣੇ ਚਾਹੀਦੇ ਹਨ।

ਸਨਮਾਨ : ਪੌਂਡਾਂ ਦੇ ਦੇਸ਼ ਵੱਸਦੀ ਕਵਿਤਾ ਦਾ ਅਦੀਬ ਪੰਜਾਬ ਦੀ ਭੋਇੰ ਦੇ ਅਣਗੌਲੇ ਕ੍ਰਾਂਤੀਕਾਰੀ ਕਵੀਆਂ ਨੂੰ ਸਨਮਾਨਤ ਕਰਨ ਦਾ ਵੱਡਾ ਫੈਸਲਾ ਕਰਦਾ ਹੈ। ਅੱਜ ਰੱਬ ਦੇ ਨਾਂਅ ਵਾਲੇ ਸ਼ਾਇਰ ਦੀ ਵਾਰੀ ਹੈ। ਤੜਕੇ ਤਿਆਰ ਹੋ ਕੇ ਸਭ ਤੋਂ ਸੋਹਣਾ ਝੱਗਾ ਪਹਿਨ ਉਹ ਉਸ ਸ਼ਹਿਰ ਪਹੁੰਚਦਾ ਹੈ, ਜਿੱਥੇ ਸਨਮਾਨ ਸਮਾਰੋਹ ਦਾ ਜਸ਼ਨ ਆਯੋਜਿਤ ਕੀਤਾ ਗਿਆ ਸੀ। ਅੱਜ ਬੱਸ ਦਾ ਸਫ਼ਰ ਵੀ ਉਸ ਹਵਾਈ ਸਫ਼ਰ ਵਾਂਗ ਕੀਤਾ। ਜੀਵਨ 'ਚ ਪਹਿਲੀ ਵਾਰ ਕਿਸੇ ਨੇ ਉਸ ਦੀ ਕਵਿਤਾ ਦੀ ਬਾਂਹ ਫੜੀ ਸੀ। ਅੱਜ ਉਸ ਦੀ ਕਵਿਤਾ ਦੇ ਬਹਾਨੇ ਉਸ ਦਾ ਸਨਮਾਨ ਹੋਣਾ ਹੈ। ਹੁਸੀਨ ਸੋਚਾਂ ਤੇ ਰੰਗੀਨ ਸੁਪਨਿਆਂ 'ਚ ਰੰਗਿਆ ਉਹ ਹਾਲ ਅੰਦਰ ਪ੍ਰਵੇਸ਼ ਕਰਦਾ ਹੈ। ਪ੍ਰਧਾਨਗੀ ਮੰਡਲ ਦੀ ਸ਼ੋਭਾ ਬਣਨ ਵਾਲੇ ਸੱਜਣ ਗੱਲਾਂ 'ਚ ਰੁੱਝੇ ਹਨ। ਕੁਝ ਹੋਰ ਆ ਰਹੇ ਹਨ। ਹੱਥ ਮਿਲਾਏ ਜਾ ਰਹੇ ਹਨ। ਉਸ ਨੂੰ ਕੁਝ ਵਧਾਈਆਂ ਵੀ ਮਿਲਦੀਆਂ ਹਨ। ਰੌਣਕ ਹੌਲੀ-ਹੌਲੀ ਵਧ ਰਹੀ ਹੈ। ਸੱਦਾ-ਪੱਤਰ ਵਿੱਚ ਲਿਖੇ ਸਮੇਂ ਤੋਂ ਇੱਕ ਘੰਟੇ ਬਾਅਦ ਇੱਕ ਸੱਜਣ ਡਾਇਸ ਨੂੰ ਸੰਭਾਲਦੇ ਹਨ। ਕੱਲੇ-ਕੱਲੇ ਬੰਦੇ ਦਾ ਰੁਤਬਿਆਂ, ਅਹੁਦਿਆਂ ਸਮੇਤ ਬਹੁਤ ਸਾਰੇ ਵਿਸ਼ੇਸ਼ਣਾਂ ਨਾਲ ਤੁਆਰਫ਼ ਕਰਵਾ ਕੇ ਪ੍ਰਧਾਨਗੀ ਮੰਡਲ ਵਿੱਚ ਸੁਸ਼ੋਭਿਤ ਹੋਣ ਲਈ ਸੱਦਾ ਦਿੱਤਾ ਜਾਂਦਾ ਹੈ। ਤਾੜੀਆਂ ਸਵਾਗਤ ਕਰਦੀਆਂ ਹਨ। ਸਮਾਗਮ ਸ਼ੁਰੂ ਹੁੰਦਾ ਹੈ। ਸਨਮਾਨ ਦੇਣ ਵਾਲੇ ਪਰਵਾਸੀ ਅਦੀਬ ਦੀ ਪ੍ਰਸੰਸਾ 'ਚ ਭਾਸ਼ਣ ਹੁੰਦੇ ਹਨ। ਉਸ ਦੀ ਸਾਹਿਤ ਪ੍ਰਤੀ ਸਮਰਪਣ ਭਾਵਨਾ ਨੂੰ ਵਡਿਆਇਆ ਜਾਂਦਾ ਹੈ। ਸਨਮਾਨਤ ਹੋਣ ਵਾਲੇ ਸ਼ਾਇਰ ਦੀ ਸੰਖੇਪ ਵਿਚ ਜਾਣ-ਪਛਾਣ ਕਰਵਾਈ ਜਾਂਦੀ ਹੈ। ਅਖ਼ੀਰ ਉਸ ਨੂੰ ਬੁਲਾਇਆ ਜਾਂਦਾ ਹੈ। ਇੱਕ ਰੌਲ਼ਾ ਜਿਵੇਂ ਉਸ ਨੂੰ ਘੇਰ ਲੈਂਦਾ ਹੈ। ਇਸ ਰੌਲ਼ੇ ਦੌਰਾਨ ਹੀ ਉਸ ਦੇ ਗਲ਼ ਵਿਚ ਲੋਈ ਪਾਈ ਜਾਂਦੀ ਹੈ। ਪ੍ਰਸੰਸਾ ਪੱਤਰ ਤੇ ਸਨਮਾਨ ਦੀ ਰਾਸ਼ੀ ਵਾਲਾ ਲਿਫ਼ਾਫ਼ਾ ਉਸ ਦੇ ਹੱਥ ਫੜਾਇਆ ਜਾਂਦਾ ਹੈ। ਬਹੁਤ ਸਾਰੀ ਕਲਿਕ-ਕਲਿਕ ਹੁੰਦੀ ਹੈ। ਭੇਂਟ ਹੋਇਆ ਸਾਮਾਨ ਸੰਭਾਲਦਾ ਉਹ ਮੰਚ ਤੋਂ ਹੇਠਾ ਉੱਤਰਦਾ ਹੈ। ਨਾਲ ਹੀ ਹੇਠਾਂ ਉਤਰਦਾ ਹੈ ਉਸ ਦਾ ਜ਼ਿਕਰ। ਹੁਣ ਹੋਰ ਜ਼ਿਕਰ ਹਨ, ਜਿਨ੍ਹਾਂ ਦਾ ਕਵਿਤਾ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਕਵਿਤਾ ਅਤੇ ਕਵੀ ਨੂੰ ਵਿਸਾਰ ਦਿੱਤਾ ਜਾਂਦਾ ਹੈ। ਸਮਾਗਮ ਦਾ ਅਗਲਾ ਸੈਸ਼ਨ ਆਰੰਭ ਹੁੰਦਾ ਹੈ। ਇਸ ਸੈਸ਼ਨ ਵਿਚ ਉਹ ਕਿੱਧਰੇ ਵੀ ਨਹੀਂ ਹੈ। ਉਸ ਨੂੰ ਲੱਗਦਾ ਹੈ ਕਿ ਉਸ ਦੀ ਮੌਤ ਹੋ ਚੁੱਕੀ ਹੈ। ਕੁਰਸੀ 'ਤੇ ਨਿਢਾਲ ਪਈ ਦੇਹ ਸਮਾਗਮ ਦੀ ਸਮਾਪਤੀ ਦੀ ਉਡੀਕ ਕਰਦੀ ਬੋਝੇ ਵਿਚ ਪਏ ਪੈਸਿਆਂ ਵਾਲੇ ਲਿਫ਼ਾਫ਼ੇ ਨੂੰ ਟੋਂਹਦੀ ਹੈ। ਮੋਈ ਕਵਿਤਾ ਦੀ ਕਾਇਆ ਉਸ ਦੀਆਂ ਉਂਗਲਾਂ 'ਚ ਥਰਥਰਾਹਟ ਪੈਦਾ ਕਰਦੀ ਹੈ। ਅਣਹੋਏ ਹੋਣ ਦੇ ਅਹਿਸਾਸ ਨਾਲ਼ ਉਸ ਅੰਦਰ ਹੀਣ-ਭਾਵਨਾ ਅੰਗੜਾਈ ਲੈਂਦੀ ਹੈ। ਅੱਜ ਸਨਮਾਨਤ ਹੋਇਆ ਇੱਕ ਕਵੀ ਆਪਣਾ ਹੀ ਜਨਾਜ਼ਾ ਮੋਢਿਆਂ 'ਤੇ ਚੁੱਕੀ ਘਰ ਵਾਪਸ ਪਰਤੇਗਾ।

ਰੂਹਨੁਮਾਈ : ਕਵੀ ਦਾ ਨਵਾਂ ਕਾਵਿ-ਸੰਗ੍ਰਹਿ ਛਪਿਆ ਹੈ। ਉਸ ਦੀ ਤਮੰਨਾ ਹੈ ਕਿ ਉਸ ਦੇ ਇਸ ਸੰਗ੍ਰਹਿ ਉਪਰ ਕਿਸੇ ਯੂਨੀਵਰਸਿਟੀ, ਕਾਲਜ ਦੇ ਵਿਦਵਾਨ ਗੱਲ ਕਰਨ। ਜੇਕਰ ਅਜਿਹਾ ਹੋ ਜਾਂਦਾ ਹੈ ਤਾਂ ਉਸ ਦੀ ਕਵਿਤਾ ਪੰਜਾਬੀ ਸਾਹਿਤ ਵਿਚ ਪ੍ਰਵਾਨ ਹੋ ਗਈ ਸਮਝੀ ਜਾਵੇਗੀ। ਅਜਿਹਾ ਉਸ ਦਾ ਸੋਚਣਾ ਹੈ। ਚੰਗਾ ਸੋਚਣਾ ਮਾੜੀ ਗੱਲ ਤਾਂ ਨਹੀਂ ਹੁੰਦੀ। ਉਹ ਥੈਲੇ ਵਿਚ ਕਿਤਾਬਾਂ ਪਾ ਕੇ ਮੋਢੇ 'ਤੇ ਲਟਕਾਅ ਇੱਕ ਇਤਿਹਾਸਕ ਕਾਲਜ ਦੀ ਦਰਸ਼ਨੀ ਇਮਾਰਤ ਅੰਦਰ ਪ੍ਰਵੇਸ਼ ਕਰਦਾ ਹੈ। ਦਿਲ ਦੀ ਧੜਕਨ ਥੋੜ੍ਹਾ ਤੇਜ਼ ਹੁੰਦੀ ਹੈ, ਪਰ ਉਹ ਪੁੱਛ-ਪੁਛਾ ਕੇ ਪੰਜਾਬੀ ਵਿਭਾਗ ਦੇ ਦਫ਼ਤਰ ਪਹੁੰਚ ਜਾਂਦਾ ਹੈ। ਵਿਭਾਗ ਦੇ ਮੁਖੀ ਸਮੇਤ ਸਾਰੇ ਵਿਦਵਾਨ ਨੌਜਵਾਨ ਲੜਕੇ, ਲੜਕੀਆਂ ਹਨ। ਸਭ ਨੂੰ ਕਿਤਾਬ ਭੇਂਟ ਕੀਤੀ ਜਾਂਦੀ ਹੈ ਤੇ ਤਸਵੀਰਾਂ ਖਿਚਵਾਈਆਂ ਜਾਂਦੀਆਂ ਹਨ। ਉਹ ਆਪਣੇ ਮਨ ਦੀ ਗੱਲ ਵੀ ਸਾਂਝੀ ਕਰਦਾ ਹੈ ਕਿ ਇਹ ਨੌਜਵਾਨ ਵਿਦਵਾਨ ਉਸ ਦੀ ਕਵਿਤਾ ਉਪਰ ਗੱਲਬਾਤ ਕਰਨ। ਸਾਰੇ ਖ਼ੁਸ਼ੀ-ਖ਼ੁਸ਼ੀ ਸਹਿਮਤ ਹੋ ਜਾਂਦੇ ਹਨ। ਵਿਚਾਰ-ਚਰਚਾ ਕਰਕੇ ਦਿਨ ਵਾਰ ਵੀ ਮਿੱਥ ਲਿਆ ਜਾਂਦਾ ਹੈ। ਉਹ ਖ਼ੁਸ਼ ਹੈ ਕਿ ਇਹਨਾਂ ਨੌਜਵਾਨ ਵਿਦਵਾਨਾਂ ਨੇ ਉਸ ਦਾ ਮਾਣ ਕੀਤਾ ਹੈ। ਸਮਾਗਮ ਲਈ ਸਹਿਮਤ ਹੋਏ ਹਨ, ਪਰ ਇੱਕ ਗੱਲ ਤਾਂ ਰਹਿ ਗਈ। ਸਮਾਗਮ ਲਈ ਸੰਸਥਾ ਦੇ ਮੁਖੀ ਦੀ ਸਹਿਮਤੀ ਜਾਂ ਇੰਝ ਕਹਿ ਲਵੋ ਕਿ ਪ੍ਰਵਾਨਗੀ ਲੈਣੀ ਜ਼ਰੂਰੀ ਹੈ। ਕਵੀ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਮੁਖੀ ਨਾਲ ਇਸ ਸਮਾਗਮ ਸੰਬੰਧੀ ਆਪ ਗੱਲ ਕਰੇ। ਕਵੀ ਮੁਖੀ ਦਾ ਨਾਂਅ ਲਿਖ ਕੇ ਕਿਤਾਬ ਕੱਛੇ ਮਾਰ ਦਿਲ ਵੱਡਾ ਕਰਕੇ ਮੁਖੀ ਦੇ ਦਫ਼ਤਰ ਅੰਦਰ ਦਾਖ਼ਲ ਹੁੰਦਾ ਹੈ। 'ਹਾਂਜੀ' ਮੁਖੀ ਦੀਆਂ ਨਜ਼ਰਾਂ ਦੀ ਕੁੜੱਤਣ ਵਿੱਚੋਂ ਕੁਝ ਖ਼ੁਸ਼ਕ ਲਫ਼ਜ਼ ਕਿਰਦੇ ਹਨ। ਇਹਨਾਂ ਲਫ਼ਜ਼ਾਂ ਵਿੱਚੋਂ ਉਸ ਦੀ ਫਰਿਆਦ ਨੂੰ ਠੁਕਰਾਉਣ ਦੀਆਂ ਪ੍ਰਤੀਧੁਨੀਆਂ ਉਤਪੰਨ ਹੁੰਦੀਆਂ ਹਨ। ਉਹ ਥਿੜਕਦੇ ਬੋਲਾਂ ਨਾਲ ਆਪਣੀ ਗੱਲ ਕਰਦਾ ਹੈ। ਸਹਿਮਤੀ ਤਾਂ ਨਜ਼ਰਾਂ ਨੇ ਹੀ ਠੁਕਰਾ ਦਿੱਤੀ ਸੀ। ਬੋਲਾਂ ਵਿਚਲੀ ਕੁੜੱਤਣ ਨੇ ਹੀ ਬਹੁਤ ਸਾਰੇ ਪੁੱਛੇ ਜਾਣ ਵਾਲੇ ਸਵਾਲਾਂ ਦੇ ਜਵਾਬ ਦੇ ਦਿੱਤੇ ਸਨ। ਰੁਤਬੇ ਦੀ ਭਿਆਨਕਤਾ ਦਾ ਅਹਿਸਾਸ ਕਵਿਤਾ ਦੀ ਕੋਮਲ ਕਾਇਆ ਨੂੰ ਵਲੂੰਧਰ ਦਿੱਤਾ ਸੀ। ਹੁਣ ਤਾਂ ਕੁਝ ਵਾਕ ਸਨ, ਜੋ ਕਵੀ ਦੇ ਸਿਰ ਵਿੱਚ ਹਥੌੜਿਆਂ ਵਾਂਗ ਵੱਜ ਰਹੇ ਸਨ। ਕੁਰਸੀ 'ਤੇ ਬੈਠਿਆਂ ਹੀ ਕਵੀ ਦੀ ਮੌਤ ਹੋ ਜਾਂਦੀ ਹੈ। ਉਸ ਦੀ ਕਵਿਤਾ ਦਫ਼ਤਰ ਵਿੱਚ ਸਜੀਆਂ ਕੁਰਸੀਆਂ ਹੇਠ ਦਮ ਤੋੜ ਦਿੰਦੀ ਹੈ। ਅਹੁਦੇ, ਰੁਤਬੇ ਦੀ ਅਸਲ ਸਮਝ ਉਸ ਨੂੰ ਮਰ ਰਹੀ ਕਵਿਤਾ ਦੱਸਦੀ ਹੈ। ਕਵਿਤਾ ਦੀ ਮੋਈ ਦੇਹ ਨੂੰ ਧੂਹ ਘਸੀਟ ਉਹ ਆਪਣੇ ਘਰ ਵੱਲ ਪਰਤਦਾ ਹੈ। ਕਿੰਨੀ ਨਿਗੂਣੀ ਹੈ ਉਸ ਦੀ ਸਿਰਜਣਾ! ਕਿੰਨਾ ਉੱਚਾ ਤਖ਼ਤ ਹੈ ਕੁਰਸੀ ਨਾਲ ਚਿਪਕੇ ਬੰਦੇ ਦਾ!

ਉਪਰੋਕਤ ਦੋ ਘਟਨਾਵਾਂ ਦਾ ਪੇਤਲਾ ਜਿਹਾ ਜ਼ਿਕਰ ਸਾਹਿਤ ਦੇ ਸਮੁੱਚੇ ਵਰਤਾਰੇ ਦੇ ਪ੍ਰਸੰਗ ਵਿਚ ਬਹੁਤ ਥੋੜ੍ਹਾ ਹੈ। ਸਾਹਿਤ ਨਾਲ ਸੰਬੰਧਤ ਸੰਸਥਾਵਾਂ ਦੇ ਲੋਕਤੰਤਰਿਕ ਤਰੀਕੇ ਨਾਲ ਚੁਣੇ ਜਾਣ ਵਾਲੇ ਅਹੁਦਿਆਂ, ਰੁਤਬਿਆਂ ਲਈ ਵਰਤੇ ਜਾਣ ਵਾਲੇ ਹਰਬੇ ਗੰਧਲੀ ਰਾਜਨੀਤੀ ਨੂੰ ਵੀ ਸ਼ਰਮਸਾਰ ਕਰਦੇ ਪ੍ਰਤੀਤ ਹੁੰਦੇ ਹਨ। ਸਾਹਿਤ ਮਹੀਨ ਸੋਚਾਂ ਦੀ ਨਿਮਰ ਸਿਰਜਣਾ ਹੁੰਦੀ ਹੈ। ਕੋਝੀਆਂ ਕੋਸ਼ਿਸ਼ਾਂ ਕਲਾਤਮਿਕ ਕਰਮ ਨੂੰ ਵਲੂੰਧਰਦੀਆਂ ਹਨ। ਸਾਹਿਤ ਸਭਾਵਾਂ ਪਰਵਾਰ ਦੇ ਜੀਆਂ ਵਰਗੀਆਂ ਹੁੰਦੀਆਂ ਹਨ। ਆਪਣੇ ਪਰਵਾਰ ਦੇ ਜੀਆਂ ਕੋਲ਼ ਜਾਣਾ, ਸੁਣਨਾ, ਕਹਿਣਾ ਜ਼ਰੂਰੀ ਵੀ ਲੱਗਦਾ ਹੈ। ਸੁਹਿਰਦ ਸੰਸਥਾਵਾਂ ਦੀ ਭੂਮਿਕਾ ਸਾਰਥਿਕ ਵੀ ਹੁੰਦੀ ਹੈ, ਪਰ ਸਮੁੱਚੇ ਵਰਤਾਰੇ ਦੀ ਵਿਆਪਕਤਾ ਵੱਲ ਝਾਤ ਮਾਰੀਏ ਤਾਂ ਨਿਰਾਸ਼ ਕਰਨ ਵਾਲੇ ਛਿਣ ਪੱਲੇ ਪੈਂਦੇ ਹਨ। ਕੁਝ ਦੋਸਤ ਇਹਨਾਂ ਅਹੁਦਿਆਂ, ਰੁਤਬਿਆਂ ਦੇ ਵੈਭਵ ਤੋਂ ਦੂਰ, ਸੰਸਥਾਵਾਂ ਦੇ ਝਮੇਲਿਆਂ ਤੋਂ ਬਚ-ਬਚਾ ਕੇ ਆਪਣੀ ਸਿਰਜਣਾ ਵਿਚ ਲੀਨ ਸੁਹਜ ਸਿਰਜ ਰਹੇ ਹਨ। ਉਹਨਾਂ ਦਾ ਫੈਸਲਾ ਦਰੁਸਤ ਲੱਗਦਾ ਹੈ। ਕਵਿਤਾਵਾਂ ਸਾਡੀਆਂ ਧੀਆਂ ਵਰਗੀਆਂ ਹੁੰਦੀਆਂ ਹਨ। ਆਪਣੀ ਧੀ ਦੀ ਅਣਦੇਖੀ ਕਿੰਝ ਬਰਦਾਸ਼ਤ ਕਰੀਏ? ਆਪਣੀ ਕਵਿਤਾ ਨੂੰ ਆਪਣੇ ਜਿਹਾਂ ਕੋਲ਼ ਲੈ ਕੇ ਜਾਈਏ। ਆਪਣੇ ਵਰਗਿਆਂ ਦੀ ਸੰਗਤ ਵਿੱਚ ਆਪਣੀ ਕਵਿਤਾ ਦੀ ਵਿਚਾਰ ਚਰਚਾ ਕਰੀਏ। ਸੁਹਿਰਦ ਪਾਠਕਾਂ ਕੋਲ਼ ਜਾਈਏ। ਉਡੀਕ ਕਰੀਏ ਕਿ ਕਿਸੇ ਦਿਨ ਇਹ ਲੋਕ ਆਪਣਿਆਂ ਰੁਤਬਿਆਂ, ਅਹੁਦਿਆਂ ਦੇ ਘੁਮੰਡੀ ਤਖ਼ਤ ਤੋਂ ਥੱਲੇ ਉਤਰਨਗੇ। ਕਵਿਤਾ ਦਾ ਸਤਿਕਾਰ ਕਰਨਗੇ। ਕਵਿਤਾ ਕਿਸੇ ਦੇ ਰਹਿਮ ਦੀ ਪਾਤਰ ਨਹੀਂ ਰਹੇਗੀ।

*ਮੋਬਾ. 97795-91344*

ਆਖਰੀ ਸਫ਼ਾ ਦੀ ਬਾਕੀ

## ਕਰੇਰੀ ਝੀਲ ਦੀ ਫੇਰੀ ...

ਤੀਕ ਹੀ ਪਹੁੰਚਦਾ ਹੈ। ਉਸ ਤਰਫੋਂ ਸ਼ਿਕਾਇਤ ਹੁੰਦੀ ਹੈ ਕਿ ਉਸ ਦਾ ਬੈਗ ਛੋਟਾ ਹੈ। ਲਖਵਿੰਦਰ ਹੱਸਦਾ ਹੈ ਕਿ ਬੈਗ ਤਾਂ ਸਾਰੇ ਇਕੋ ਜਿੱਡੇ ਹੀ ਹਨ, ਪਰ ਹਿਰਨ ਦਾ ਪਜਾਮਾ ਘੋੜੇ ਨੂੰ ਕਿਵੇਂ ਪੂਰਾ ਆਵੇ।

ਗਿਆਰਾਂ ਕੁ ਵਜੇ ਮੌਸਮ ਆਪਣੀ ਆਈ 'ਤੇ ਆਉਣ ਲੱਗਦਾ ਹੈ। ਝੱਖੜ ਝੁੱਲ ਪੈਂਦਾ ਹੈ। ਦਾਮਿਨੀ ਐਨਾ ਕੜਕਦੀ ਹੈ, ਜਿਵੇਂ ਉਸ ਨੇ ਪਹਾੜ ਪਾੜ ਸੁੱਟਣੇ ਹੋਣ। ਮੋਟਾ-ਮੋਟਾ ਮੀਂਹ ਵਰ੍ਹਨ ਲੱਗਦਾ ਹੈ। ਤਦ ਮੀਂਹ ਬਰਫ ਵਿਚ ਬਦਲ ਜਾਂਦਾ ਹੈ। ਰਾਤ ਦਾ ਮੰਜ਼ਰ ਕਾਫੀ ਖੌਫਨਾਕ ਹੋ ਜਾਂਦਾ ਹੈ। ਗਲਤੀ ਨਾਲ ਸਾਥੋਂ ਟੈਂਟ ਦਾ ਬਾਹਰਲਾ ਕੱਪੜ-ਬੂਹਾ ਬੰਦ ਕਰਨਾ ਰਹਿ ਗਿਆ ਹੈ। ਲਖਵਿੰਦਰ ਤੇ ਪੱਬਾਰਾਲੀ ਹੁਰਾਂ ਦਾ ਪੁਆਂਦੀ ਹਿੱਸਾ ਭਿੱਜ ਜਾਂਦਾ ਹੈ। ਉਹ ਵਾਰ-ਵਾਰ ਅੰਦਰੋਂ ਹੁੱਝਾਂ ਮਾਰ ਕੇ ਟੈਂਟ ਦੀ ਸੱਜੀ-ਖੱਬੀ ਬਾਹੀ ਤੋਂ ਬਰਫ ਝਾੜਦੇ ਹਨ। ਮੈਂ ਵਿਚਾਲੇ ਹੋਣ ਸਦਕਾ ਕੁਝ ਸੁਰੱਖਿਅਤ ਹਾਂ, ਪਰ ਸਰਦੀਆਂ ਵਿਚ ਵੀ ਰਜਾਈ ਹੇਠ ਲੀੜੇ ਲਾਹ ਕੇ ਸੌਣ ਵਾਲਾ ਬੰਦਾ ਸਲੀਪਿੰਗ ਵਿਚ ਤੂੜਿਆ ਪਿਆ ਕੀ ਕਰੇ। ਨੀਂਦ ਦਾ ਤਾਂ ਕੋਈ ਮਤਲਬ ਨਹੀਂ ਰਹਿ ਗਿਆ, ਲੱਗ ਰਿਹਾ ਹੈ ਕਿ ਨਾਲ ਲੱਗਦਾ ਪਹਾੜ ਢਹਿ ਕੇ ਸਾਡੇ ਉੱਪਰ ਆ ਡਿਗਣਾ ਹੈ। ਕਿਤੇ ਤੜਕੇ ਦੇ ਪਹਿਰ ਜਦ ਅਸਮਾਨੀ ਬਿਜਲੀ ਵੱਲੋਂ ਕੁਝ ਠੰਢ-ਠੰਢੋਰਾ ਹੁੰਦਾ ਹੈ ਤਾਂ ਦੋ ਘੜੀਆਂ ਅੱਖ ਭਾਵੇਂ ਲੱਗ ਗਈ ਹੋਵੇ। ਅੱਖ ਖੁੱਲ੍ਹਦੀ ਹੈ ਤਾਂ ਗੁਰਪ੍ਰੀਤ ਦੀਆਂ ਚਾਹ-ਚਾਹ ਦੀਆਂ ਆਵਾਜ਼ਾਂ ਸੁਣੀਂਦੀਆਂ ਹਨ। ਛੇ ਵਜੇ ਤਾਂ ਅਸੀਂ ਵਾਪਸੀ ਆਰੰਭਣੀ ਹੈ। ਅਸੀਂ ਸਲੀਪਿੰਗ ਬੈਗਾਂ ਦੀ ਬਾ-ਮੁਸ਼ੱਕਤ ਕੈਦ ਤੋਂ ਮੁਕਤੀ ਪਾਉਂਦੇ ਹਾਂ। ਦੁਕਾਨਦਾਰ ਚਾਹ ਤੇ ਬਿਸਕੁਟ ਦੇ ਜਾਂਦਾ ਹੈ। ਆਸੇ-ਪਾਸੇ ਦੇ ਟੈਂਟਾਂ ਵਿਚੋਂ ਵੀ ਆਵਾਜ਼ਾਂ ਆਉਣ ਲੱਗ ਪੈਂਦੀਆਂ ਹਨ। ਹੁਣ ਤੱਕ ਸਾਰੇ ਹੀ ਜਾਗ ਪਏ ਹਨ। ਬਾਹਰ ਨਿਕਲਦੇ ਹਾਂ ਤਾਂ ਦੇਖਦੇ ਹਾਂ ਕਿ ਆਸੇ-ਪਾਸੇ ਤਾਜ਼ਗੀ ਵਸੀ ਪਈ ਹੈ। ਢਲਾਣਾਂ ਅਤੇ ਦੇਵਦਾਰਾਂ ਦੇ ਜੱਤਲ ਮੋਢਿਆਂ ਅਤੇ ਬਾਹਾਂ 'ਤੇ ਹਲਕੀ-ਹਲਕੀ ਚਿੱਟਿਆਈ ਚੜ੍ਹੀ ਪਈ ਨਜ਼ਰ ਪੈਂਦੀ ਹੈ। ਅਸੀਂ ਆਪਣਾ ਨਿੱਕ-ਸੁੱਕ 'ਕੱਠਾ ਕਰ ਪਿੱਠੂਆਂ ਵਿਚ ਪਾਉਂਦੇ ਹਾਂ। ਏਨੇ ਨੂੰ ਸਾਡਾ ਨੂਡਲ ਨਾਸ਼ਤਾ ਤਿਆਰ ਹੋ ਜਾਂਦਾ ਹੈ। ਅਸੀਂ ਸਾਰੇ ਉਸ ਦੁਕਾਨ ਦੇ ਔਰੇ ਵਿਚ ਬਹਿ ਕੇ ਨਿੱਘੀਆਂ ਨੂਡਲਜ਼ ਦਾ ਆਨੰਦ ਮਾਣਦੇ ਰਾਤ ਵਾਲੀ ਹੋਈ ਬੀਤੀ ਦਾ ਵਿਖਿਆਨ ਕਰਦੇ ਹਾਂ। ਨਾਸ਼ਤਾ ਕਰਕੇ ਅਸੀਂ ਵਾਪਸ ਨਿਕਲ ਪੈਣਾ ਹੈ, ਪਰ ਇਥੇ ਸਾਡੀ ਮਰਜ਼ੀ ਥੋੜ੍ਹਾ ਚਲਣੀ ਹੈ, ਕਿਉਂ ਜੋ ਬਾਹਰ ਹਲਕੀਆਂ-ਹਲਕੀਆਂ ਪੈਂਦੀਆਂ ਕਣੀਆਂ ਮੋਹਲੇਧਾਰ ਮੀਂਹ ਵਿੱਚ ਵਟ ਗਈਆਂ ਹਨ। ਡੇਢ ਘੰਟਾ ਹੋਰ ਦੁਕਾਨ ਅੰਦਰ ਡੱਕੇ ਰਹਿੰਨੇ ਆਂ। ਅੱਠ ਵਜੇ ਤੱਕ ਮੀਂਹ ਆਪਣਾ ਹਠ ਤਿਆਗ ਦਿੰਦਾ ਹੈ। ਅਸੀਂ ਜਿਸ ਤਰਤੀਬ ਵਿੱਚ ਆਏ ਸਾਂ, ਓਸੇ ਤਰਤੀਬ ਵਿੱਚ ਵਾਪਸੀ ਫੜ ਲੈਂਦੇ ਹਾਂ। ਸਾਡੇ ਅਗਲਿਆਂ ਦੀ ਵਾਪਸੀ ਰਫਤਾਰ ਆਉਣ ਨਾਲੋਂ ਤਿੰਨ ਗੁਣਾਂ ਵਧ ਜਾਂਦੀ ਹੈ। ਹੁਣ ਸਾਨੂੰ ਆਸੇ-ਪਾਸੇ ਕੁਝ ਨਹੀਂ ਦਿੱਸਦਾ, ਬੱਸ ਪੈਰਾਂ ਹੇਠ ਪਗਡੰਡੀ ਹੀ ਦੀਂਹਦੀ ਹੈ। ਅਸੀਂ ਵਾਪਸੀ ਦਾ ਇਹ ਪੈਂਡਾ ਆਪਣੇ-ਆਪਣੇ ਸਮੇਂ ਵਿੱਤ ਮਾਰ ਕਰੇਰੀ ਪਿੰਡ ਦੇ ਓਸੇ ਹੋਟਲ ਵਿੱਚ ਇਕੱਠੇ ਹੋਣਾ ਹੈ, ਜਿੱਥੇ ਸਾਨੂੰ ਦੁਪਹਿਰ ਦਾ ਭੋਜਨ ਉਡੀਕ ਰਿਹਾ ਹੈ। ਭੋਜਣ ਕਰ ਕੇ ਅਸਾਂ ਆਪਣੇ-ਆਪਣੇ ਯੱਕਿਆਂ 'ਚ ਸਵਾਰ ਹੋ ਇਕ-ਦੂਜੇ ਤੋਂ ਨਿੱਖੜ ਜਾਣਾ ਹੈ, ਪਰ ਸਾਡੀ ਪਟਿਆਲੇ ਵਾਲੀ ਟੋਲੀ ਨੇ ਅੱਜ ਦੀ ਰਾਤ ਇਸੇ ਹੀ ਦਿਹਾਤੀ ਹੋਟਲ ਵਿੱਚ ਠਹਿਰ ਕੇ ਇੱਥੇ ਹੀ ਟਿਕਣਾ ਹੈ ਤੇ ਸ਼ਾਮ ਨੂੰ ਹੋਟਲ ਤੋਂ ਅੱਧਾ ਕਿਲੋਮੀਟਰ ਦੂਰ ਥੱਲੇ ਲਹਿ ਕੇ ਉਸ ਵਗਦੀ ਕੂਲ ਦੇ ਸੰਗ ਬੈਠਣਾ ਹੈ ਤੇ ਸੁਰ ਵਿੱਚ ਆ ਕੇ ਗੀਤ ਗਾਉਂਦਿਆਂ ਉਸ ਸ਼ਾਮ ਨੂੰ ਯਾਦਗਾਰੀ ਬਣਾ ਲੈਣਾ ਹੈ।

ਸਫ਼ਾ 3 ਦੀ ਬਾਕੀ

## ਮਿੰਨੀ ਕਹਾਣੀ ਵਿੱਚ ਪ੍ਰਯੋਗ ...

ਸੰਸਕਾਰ ਤੇ ਧਰਮ ਨੂੰ ਤੋੜਨਾ ਨਾ ਤਾਂ ਮਾਂ ਦੇ ਵੱਸ ਵਿੱਚ ਸੀ ਤੇ ਨਾ ਹੀ ਬੱਚਿਆਂ ਦੇ, ਪਰ ਦੂਸਰੇ ਪਾਸੇ ਮਾਨਵ ਜਾਤੀ ਦੀ ਹੋਂਦ ਨੂੰ ਬਚਾਉਣ ਦਾ ਸਵਾਲ ਸੀ।

ਧਰਮ ਮਾਂ ਦਾ

ਮਾਂ ਮਾਨਵ ਜਾਤੀ ਤੇ ਧਰਮ ਦੋਵਾਂ ਨੂੰ ਬਚਾਉਣਾ ਚਾਹੁੰਦੀ ਸੀ। ਕਿਸੇ ਇੱਕ ਪੱਖ ਵਿੱਚ ਖੜੋਣ ਦਾ ਹੌਸਲਾ ਉਸ ਕੋਲ ਨਹੀਂ ਸੀ। ਸੋਚ-ਸੋਚ ਉਸ ਨੇ ਸਮਾਧੀ ਲਾਉਣ ਦਾ ਫੈਸਲਾ ਕੀਤਾ। ਮੰਥਨ 'ਚੋਂ ਇੱਕ ਰਸਤਾ ਉਸ ਨੂੰ ਨਜ਼ਰ ਆਇਆ। ਉਸ ਨੇ ਧੀ ਤੇ ਪੁੱਤਰ ਨੂੰ ਕੋਲ ਬੁਲਾਇਆ ਤੇ ਕਿਹਾ :

ਹੇ, ਮੇਰੇ ਜਾਨ ਨਾਲੋਂ ਪਿਆਰੇ ਬੱਚਿਓ! ਮੈਂ ਹਰ ਹਾਲੇ ਮਾਨਵ ਜਾਤੀ ਬਚਾਉਣਾ ਚਾਹੁੰਦੀ ਹਾਂ। ਇਸ ਲਈ ਤੁਹਾਡੇ ਜੀਵਨ ਸਾਥੀਆਂ ਦੀ ਭਾਲ ਵਿੱਚ ਜਾ ਰਹੀ ਹਾਂ। ਤੁਸੀਂ ਸਾਲ ਭਰ ਮੇਰੀ ਉਡੀਕ ਕਰਨੀ। ਜੇ ਮੈਂ ਨਾ ਪਰਤੀ ਤਾਂ ਤੁਸੀਂ ਕੁਦਰਤ ਧਰਮ ਦੀ ਪਾਲਣਾ ਕਰਨੀ। ਪਰਮਾਤਮਾ ਤੁਹਾਨੂੰ ਸੁੱਖ ਤੇ ਲੰਮੀਆਂ ਉਮਰਾਂ ਬਖਸ਼ੇ।

ਬੱਚਿਆਂ ਨੂੰ ਛੱਡ ਕੇ ਗਈ ਮਾਂ ਨੂੰ ਦੋ ਸਾਲ ਤੋਂ ਵੱਧ ਦਾ ਸਮਾਂ ਬੀਤ ਗਿਆ ਹੈ। ਉਹ ਵਾਪਸ ਨਹੀਂ ਪਰਤੀ। ਇੱਧਰ ਝੁੱਗੀ ਪਹਿਲਾਂ ਨਾਲੋਂ ਵੱਡੀ ਹੋ ਗਈ ਹੈ ਤੇ ਉਸ ਦੇ ਆਲੇ-ਦੁਆਲੇ ਫੁੱਲ ਖਿੜੇ ਹੋਏ ਹਨ।

ਉਪਰੋਕਤ ਕਹਾਣੀ ਨਿਰੋਲ ਕਲਪਿਤ ਹੈ। ਇਸ ਵਿਚਲੀਆਂ ਘਟਨਾਵਾਂ ਦੇ ਘਟਣ ਦੀ ਬਿਲਕੁਲ ਹੀ ਸੰਭਾਵਨਾ ਨਹੀਂ, ਪਰ ਇਹ ਕਹਾਣੀ ਅਜਿਹੇ ਵਰਜਿਤ ਰਿਸ਼ਤੇ ਦੀ ਗੱਲ ਕਰਦੀ ਹੈ, ਜਿਸ ਨੂੰ ਨਿਕਾਰਨ ਦਾ ਕੋਈ ਕਾਰਨ ਨਹੀਂ ਹੈ, ਕਿਉਂਕਿ ਇਹ ਪਰਵਾਰਕ ਤੇ ਸਮਾਜਿਕ ਪ੍ਰਵਾਨਤ ਅਤੇ ਤਨ-ਮਨ ਤੇ ਭਾਵਨਾਵਾਂ ਨਾਲ ਨਿਭਾਇਆ ਜਾਣ ਵਾਲਾ ਰਿਸ਼ਤਾ ਹੈ। ਜੇ ਕੋਈ ਲੇਖਕ ਭੈਣ-ਭਰਾ ਦੇ ਰਿਸ਼ਤੇ ਨੂੰ ਸਰੀਰਕ ਸੰਬੰਧ ਨਾਲ ਜੋੜਨ ਦੀ ਗੱਲ ਕਰੇਗਾ ਤਾਂ ਉਸ 'ਤੇ ਲਾਹਨਤਾਂ ਹੀ ਪੈਣਗੀਆਂ। ਪਰਵਾਰ, ਸਮਾਜ ਤੇ ਕਾਨੂੰਨ ਉਸ ਉੱਪਰ ਸ਼ਿਕੰਜਾ ਕੱਸਣਗੇ, ਪਰ ਇਸ ਕਹਾਣੀ ਵਿੱਚ ਮਾਨਵ ਤੇ ਕੁਦਰਤ ਵਿੱਚ ਟਕਰਾਅ ਹੈ। ਦਰਅਸਲ ਇਹ ਟਕਰਾਅ ਹੋਰ ਵੀ ਕਿੰਨੇ ਹੀ ਖੇਤਰਾਂ ਵਿੱਚ ਉੱਭਰ ਕੇ ਸਾਹਮਣੇ ਆ ਰਿਹਾ ਹੈ, ਜੋ ਮਾਨਵ ਲਈ ਵੱਡੇ ਸੰਕਟ ਦੇ ਰੂਪ ਵਿੱਚ ਦਰਪੇਸ਼ ਹੈ। ਮਾਨਵ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਉਹ ਜੋ ਮਰਜ਼ੀ ਕੁਦਰਤ ਦੇ ਉਲਟ ਕਾਰਜ ਕਰੇ, ਨਿਯਮ ਬਣਾਏ, ਉਹ ਕੁਦਰਤ ਦੇ ਨਿਯਮਾਂ ਦੇ ਅਧੀਨ ਰਹਿਣ ਲਈ ਮਜਬੂਰ ਹੋਵੇਗਾ। ਜਦ ਵੀ ਮਾਨਵ ਤੇ ਕੁਦਰਤ ਵਿੱਚ ਟਕਰਾਅ ਹੋਵੇਗਾ, ਆਖਿਰ ਮਾਨਵ ਨੂੰ ਕੁਦਰਤ ਅੱਗੇ ਗੋਡੇ ਟੇਕਣੇ ਹੀ ਪੈਣਗੇ।

ਇਸ ਦੇ ਨਾਲ ਹੀ ਇੱਕ ਹੋਰ ਸਭ ਤੋਂ ਮਹੱਤਵਪੂਰਨ ਸੰਦੇਸ਼ ਕਹਾਣੀ ਜੋ ਦਿੰਦੀ ਹੈ, ਉਹ ਇਹ ਹੈ ਕਿ ਜਦ ਮਾਨਵ ਦੇ ਸਿਰਜੇ ਜਿਉਂਦੇ ਰਹਿਣ ਦੇ ਸਾਧਨ ਖਤਮ ਹੋ ਜਾਣਗੇ, ਤਦ ਕੁਦਰਤ ਦੀ ਗੋਦ ਹੀ ਮਾਨਵ ਨੂੰ ਜੀਵਨ ਦਾਨ ਦੇਵੇਗੀ।

ਇਸ ਕਹਾਣੀ ਦੀ ਵਿਧਾ ਵਿੱਚ ਵੀ ਪ੍ਰਯੋਗ ਕੀਤਾ ਗਿਆ ਹੈ। ਇਸ ਦੀ ਇੱਕ ਖਾਸ ਵਿਸ਼ੇਸ਼ਤਾ ਇਹ ਹੈ ਕਿ ਲੇਖਕ ਆਪਣੇ ਵੱਲੋਂ ਕਿਸੇ ਵੀ ਧਿਰ ਦੇ ਹੱਕ ਵਿੱਚ ਨਹੀਂ ਖਲੋਂਦਾ। ਉਹ ਕੇਵਲ ਘਟਨਾਵਾਂ ਤੇ ਹਾਲਾਤ ਦਾ ਵਰਣਨ ਕਰਦਿਆਂ ਮਾਨਵ ਤੇ ਕੁਦਰਤ ਦੇ ਟਕਰਾਅ ਦੀ ਸਥਿਤੀ ਪੈਦਾ ਕਰਦਾ ਹੈ। ਝੁੱਗੀ ਦਾ ਪਹਿਲਾਂ ਨਾਲੋਂ ਵੱਡੀ ਹੋ ਜਾਣਾ ਤੇ ਆਲੇ-ਦੁਆਲੇ ਫੁੱਲਾਂ ਦਾ ਖਿੜਨਾ ਸਹਿਜ ਸੁਭਾਅ ਸੰਦੇਸ਼ ਦਾ ਸੰਚਾਰ ਕਰ ਦਿੰਦਾ ਹੈ, ਜੋ ਪਾਠਕ ਨੂੰ ਸਵੀਕਾਰ ਕਰਨ ਲਈ ਕਿਸੇ ਦੁਚਿੱਤੀ ਵਿੱਚ ਨਹੀਂ ਰਹਿਣ ਦਿੰਦਾ।

ਉਪਰੋਕਤ ਕਹਾਣੀ ਵਿੱਚ ਵਿਧਾ ਦੇ ਪਸਾਰ ਦੀ ਇੱਕ ਹੋਰ ਅਹਿਮ ਵਿਸ਼ੇਸ਼ਤਾ ਹੈ ਮੁੱਖ ਸਿਰਲੇਖ ਤੋਂ ਬਾਅਦ ਪੰਜ ਉੱਪ ਸਿਰਲੇਖਾਂ ਦੀ ਵਰਤੋਂ। ਕਈ ਵਾਕਾਂ ਦੀ ਥਾਂ ਇਕੋ ਉੱਪ ਸਿਰਲੇਖ ਕਹਾਣੀ ਦੀ ਤੋਰ ਨੂੰ ਤੇਜ਼ ਗਤੀ ਹੀ ਨਹੀਂ ਦਿੰਦਾ, ਸਗੋਂ ਸ਼ਬਦਾਂ ਦੀ ਸੰਜਮਤਾ ਵੀ ਕਰਦਾ ਹੈ। ਇੰਝ ਉੱਪ ਸਿਰਲੇਖ ਦੂਹਰਾ ਕਾਰਜ ਕਰਦਿਆਂ ਮਿੰਨੀ ਕਹਾਣੀ ਵਿੱਚ ਪ੍ਰਯੋਗ ਦੇ ਇੱਕ ਹੋਰ ਪਹਿਲੂ ਦਾ ਨਵਾਂ ਪ੍ਰਵੇਸ਼ ਹੈ।

ਸੋ ਮਿੰਨੀ ਕਹਾਣੀ ਵਿੱਚ ਲਗਾਤਾਰ ਪ੍ਰਯੋਗ ਕੀਤੇ ਜਾ ਰਹੇ ਹਨ, ਜਿਸ ਸਦਕਾ ਵਿਧਾ ਵਿੱਚ ਪ੍ਰਤੀ ਦਿਨ ਨਿਖਾਰ ਆ ਰਿਹਾ ਹੈ। ਇਸ ਦੀ ਸਮਰੱਥਾ ਵਿੱਚ ਵਾਧਾ ਪਾਠਕਾਂ ਦੀ ਦਿਲਚਸਪੀ ਨੂੰ ਹੋਰ ਵਧਾਉਣ ਅਤੇ ਵਿਦਵਾਨਾਂ ਵੱਲੋਂ ਮੁੱਲਵਾਨ ਟਿੱਪਣੀਆਂ ਰਚਨਾਕਾਰਾਂ ਨੂੰ ਹੋਰ ਸੁਚੇਤ ਕਰਨ ਵਿੱਚ ਸਹਾਈ ਹੋਣਗੀਆਂ। ਇਸ ਦੇ ਨਾਲ ਹੀ ਲੇਖਕਾਂ ਦੀ ਸੋਚ, ਤਜਰਬੇ, ਮਿਹਨਤ ਅਤੇ ਲੋਕਾਂ ਪ੍ਰਤੀ ਪ੍ਰਤੀਬੱਧਤਾ ਦੀ ਪ੍ਰਸੰਸਾ ਕਰਨੀ ਬਣਦੀ ਹੈ, ਜੋ ਇਸ ਦੇ ਰੌਸ਼ਨਮਈ ਭਵਿੱਖ ਦੀ ਗਵਾਹੀ ਭਰਦੀ ਹੈ।

ਸਫ਼ਾ 2 ਦੀ ਬਾਕੀ

## ਜਲਗਾਹਾਂ: ਧਰਤੀ ਦੀਆਂ ਸਾਹ ਰਗਾਂ ਹਨ ...

ਵੱਡਾ ਕਾਰਕ ਹੈ।

1996 ਦੀ ਇੱਕ ਰਿਪੋਰਟ ਮੁਤਾਬਕ ਨੰਗਲ ਹੈੱਡ ਵਰਕਸ ਦੀ ਬਦੌਲਤ ਬਣੀ ਸਤਲੁਜ ਦਰਿਆਈ ਝੀਲ ਦਾ ਪਾਣੀ ਸਾਫ਼ ਸੀ ਅਤੇ ਉੱਥੇ 55 ਨਸਲਾਂ ਮੌਜੂਦ ਸਨ, ਪਰ ਨੰਗਲ ਸ਼ਹਿਰ ਤੋਂ ਮੀਲ ਹੇਠਾਂ ਸਿਰਫ 44 ਨਸਲਾਂ ਪਾਈਆਂ ਗਈਆਂ ਅਰਥਾਤ ਸਿਰਫ ਡੇਢ ਕਿਲੋਮੀਟਰ ਹੇਠਾਂ 11 ਘੱਟ, ਕਾਰਨ ਨੰਗਲ ਦਾ ਸੀਵਰੇਜ। ਜਿਥੇ ਦਰਿਆ ਸਤਲੁਜ ਵਿੱਚ ਉਦਯੋਗਾਂ ਦੀ ਜ਼ਹਿਰੀਲੀ ਨਿਕਾਸੀ ਡਿੱਗਦੀ ਹੈ, ਉਥੇ ਦਾ ਅਤੇ ਹੇਠਲਾ ਵਹਿਣ ਬੇਹੱਦ ਪ੍ਰਦੂਸ਼ਤ ਹੈ, ਹਾਲਤ ਦਾ ਅੰਦਾਜ਼ਾ ਖੁਦ ਲਾਓ। ਕੀਰਤਪੁਰ ਸਾਹਿਬ ਜਿਥੇ ਮਨੁੱਖੀ ਅਸਥੀਆਂ ਨੂੰ ਬਸਤਰਾਂ ਅਤੇ ਹੋਰ ਵਸਤਾਂ ਨਾਲ 'ਜਲ-ਪ੍ਰਵਾਹ' ਕੀਤਾ ਜਾਂਦਾ ਹੈ, ਵਿੱਚ ਸਿਰਫ 15 ਜਲ ਨਸਲਾਂ ਵੇਖੀਆਂ ਗਈਆਂ।

ਭੂਮੀ-ਖੋਰ ਨਾਲ ਆ ਰਹੀ ਮਿੱਟੀ ਵੀ ਜਲ-ਸੰਗ੍ਰਹਿਆਂ ਅਤੇ ਜਲ-ਵਹਿਣਾਂ ਦੇ ਭਰਾਵ ਦਾ ਇੱਕ ਵੱਡਾ ਕਰਨ ਹੈ। ਖਣਿਜ ਪਦਾਰਥਾਂ ਦੇ ਖਣਨ ਅਤੇ ਪਹਾੜਾਂ-ਜੰਗਲਾਂ, ਖੱਡਾਂ-ਚੋਆਂ ਦੀ ਪੁਟਾਈ ਅਤੇ ਪਹਾੜਾਂ ਦੇ ਰੁੰਡ-ਮਰੁੰਡ ਕਰ ਦਿੱਤੇ ਜਾਣ ਕਾਰਨ 30 ਟਨ ਪ੍ਰਤੀ ਹੈਕਟੇਅਰ ਦੇ ਹਿਸਾਬ ਮਲਬਾ ਰੁੜ੍ਹ-ਖੁਰ ਕੇ ਜਲ-ਵਹਿਣਾਂ ਅਤੇ ਜਲ-ਸੰਗ੍ਰਹਿਆਂ ਵਿੱਚ ਆ ਰਿਹਾ ਹੈ, ਇੰਜ ਇਹਨਾਂ ਦਾ ਖੇਤਰਫਲ ਅਤੇ ਡੂੰਘਾਈ ਘਟ ਰਹੀ ਹੈ। ਖੇਤੀ ਲਈ ਕਬਜ਼ਾਉਣ ਤੇ ਨਿੱਜੀ ਹਿੱਤਾਂ ਲਈ ਸੁਕਾਉਣ ਨਾਲ ਕਚਰਾ ਭਰਨ ਜਾਂ ਜਲ ਦੀ ਘਾਟ ਨਾਲ ਵੀ ਇਹ ਮੁੱਕਦੀਆਂ-ਸੁੱਕਦੀਆਂ ਜਾ ਰਹੀਆਂ ਹਨ। ਭੂਪਿੰਦਰ ਸਾਗਰ (ਪਟਿਆਲਾ) ਅਤੇ ਰਾਹੋਂ ਦੀ ਛੰਭ ਦੀ ਮੌਤ ਦਾ ਕਾਰਨ ਠਹਿਰਦੇ ਪਾਣੀ ਨੂੰ ਬੇਰਿਕੀ ਨਾਲ ਖੇਤੀ ਆਦਿ ਲਈ ਵਰਤਣਾ ਬਣਿਆ।

ਹਾਂ; ਰੋਪੜ ਹੈੱਡ ਵਰਕਸ ਝੀਲ ਕੁਝ ਸਾਫ਼ ਹੈ, ਪਰ ਇਸ ਤੋਂ 2 ਮੀਲ ਹੇਠਾਂ ਲਾਗਲੀਆਂ ਮਿੱਲਾਂ ਦੀ ਜ਼ਹਿਰੀਲੀ ਅਤੇ ਫੋਕਟ ਨਿਕਾਸੀ ਕਾਰਨ ਪਾਣੀ ਬੇਹੱਦ ਜ਼ਹਿਰੀਲਾ ਅਤੇ ਜੀਵ-ਮਾਰੂ ਹੈ। ਫਰਕ ਵੇਖੋ; ਰੋਪੜ ਵਿਖੇ 67 ਪਰ ਇਥੇ ਸਿਰਫ਼ 3 ਕਿਲੋਮੀਟਰ ਹੇਠਾਂ 31 ਨਸਲਾਂ ਹੀ ਪਾਈਆਂ ਗਈਆਂ। ਲੁਧਿਆਣਾ ਅਤੇ ਇਸ ਤੋਂ ਹੇਠਾਂ ਤਾਂ ਹਾਲਾਤ ਬੇਹੱਦ ਦੁੱਭਰ ਹਨ, ਜਿੱਥੇ ਜ਼ਹਿਰੀਲੇ ਪਦਾਰਥਾਂ ਵਿੱਚ ਸਿੱਕਾ, ਕੈਡਮੀਅਮ, ਨਿਕਲ, ਪਾਰਾ, ਜਿਸਤ, ਕ੍ਰੋਮੀਅਮ ਆਦਿ ਜ਼ਹਿਰਾਂ ਆ ਰਲਦੀਆ ਹਨ। ਉੱਪਜੇ ਭਿਆਨਕ ਸਿੱਟਿਆਂ ਦੀ ਚਰਚਾ ਰੋਜ਼ ਫ਼ਿਜ਼ਾ ਵਿੱਚ ਹੁੰਦੀ ਹੈ।

ਚਿੱਟੀ ਵੇਈਂ ਅਤੇ ਕਾਲੀ ਵੇਈਂ, ਜੋ ਹਰੀਕੇ ਦਾ ਜਲ ਸਰੋਤ ਹਨ, ਦੀ ਹਾਲਤ ਵੀ ਨਾ-ਕਾਬਲੇ ਬਰਦਾਸ਼ਤ ਹੈ। ਗਿੱਦੜਪਿੰਡੀ ਕੋਲ ਚਿੱਟੀ ਵੇਈਂ, ਜਿਥੇ ਸ਼ਹਿਰਾਂ ਦਾ ਜ਼ਹਿਰੀਲਾ ਕਚਰਾ ਅਤੇ ਗੰਦਮੰਦ ਦਰਿਆ ਵਿੱਚ ਸੁੱਟਦੀ ਹੈ, ਉਥੇ ਸਿਰਫ 15 ਜਲ-ਚਰ ਨਸਲਾਂ ਹੀ ਰਹਿ ਗਈਆ ਹਨ। ਬਿਆਸ ਦਰਿਆ ਦੇ ਪਾਣੀ ਨੂੰ ਗੋਇੰਦਵਾਲ ਉਦਯੋਗ, ਮੁਕੇਰੀਆ ਪੇਪਰ ਮਿੱਲ ਅਤੇ ਸ਼ਰਾਬ ਸਲਤਨਤਾਂ ਗ੍ਰਹਿਣ ਲਾ ਰਹੀਆ ਹਨ, ਇਹੀ ਹਾਲਾਤ ਬਨੂੜ-ਘੱਗਰ ਖੇਤਰ ਦੀ ਹੈ। ਹੋਰ ਖੱਡਾਂ-ਚੋਈਆਂ, ਮੌਸਮੀ ਜਲ-ਵਹਿਣਾਂ ਅਤੇ ਜਲ-ਕੁੰਡਾਂ ਬਾਰੇ ਕਿਤੇ ਫੇਰ ਸਹੀ। ਰਾਵੀ ਦੀ ਹਾਲਤ ਸੁਲੱਖਣੀ ਹੈ, ਪਰ ਇਸ ਦਾ ਲਾਂਘਾ ਪੰਜਾਬ ਵਿੱਚ ਬੜਾ ਛੋਟਾ ਹੈ। ਮਾਧੋਪੁਰ ਹੈੱਡ ਵਰਕਸ ਝੀਲ ਦਾ ਪਾਣੀ ਹਾਲੇ ਸਾਫ਼ ਹੈ, ਪ੍ਰੰਤੂ ਇਸ ਨਮ-ਸਥਲ ਦਾ ਖੇਤਰਫਲ ਅਤੇ ਡੂੰਘਾਈ ਬੜੀ ਘੱਟ ਹੈ। ਹਾਲਤ ਵੀ ਅਜੇ ਤਸੱਲੀਬਖਸ਼ ਹੈ, ਪਰ ਇਹ ਭੂਮੀ ਕਟਾਅ ਕਾਰਨ ਖ਼ਤਰੇ ਵੱਲ ਹੈ।

ਚਾਰਲਸ ਸਟਰਟ ਯੂਨੀਵਰਸਿਟੀ ਆਸਟ੍ਰੇਲੀਆਂ ਦੇ ਮਾਹਰ ਮੈਕਸ ਫਿਨਲੇਸਨ ਮੁਤਾਬਿਕ, 'ਸਾਲ 1900 ਤੋਂ ਲੈ ਕੇ ਹੁਣ ਤੱਕ 71 ਫੀਸਦੀ ਜਲਗਾਹਾਂ/ ਨਮ-ਸੱਥਲ ਅਲੋਪ ਹੋ ਚੁੱਕੇ ਹਨ। ਕਈਆਂ ਦੀ ਥਾਂ ਹੁਣ ਬਣਾਉਟੀ ਛੰਭਾਂ ਹਨ, ਧਾਨ ਦੇ ਖੇਤ ਜਾਂ ਮਸਨੂਈ ਤਲਾਬ, ਜਿਹੜੇ ਕੁਦਰਤੀ ਛੰਭਾਂ ਦਾ ਸਥਾਨ ਨਹੀਂ ਲੈ ਸਕਦੇ। ਨਾ ਸਿਫ਼ਤ ਪੱਖੋਂ, ਨਾ ਪ੍ਰਦਾਨ ਨਿਆਮਤਾਂ ਪੱਖੋਂ।' ਅਫਸੋਸ! 'ਕੱਲੇ ਏਸ਼ੀਆ ਵਿਚ ਹਰ ਵਰ੍ਹੇ ਜਲ ਹੇਠਲਾ 50,000 ਹੈਕਟੇਅਰ ਖੇਤਰ ਜਾਂ ਤਾਂ ਸੁੱਕ-ਪ੍ਰਦੂਸ਼ਤ ਹੋ ਜਾਂਦਾ ਹੈ ਜਾਂ 'ਕਬਜ਼ਿਆਂ' ਹੇਠ ਆ ਜਾਂਦਾ ਹੈ। ਭਾਰਤ; ਵਿਸ਼ੇਸ ਕਰਕੇ ਪੰਜਾਬ ਵਰਗੀਆਂ ਐਗਰੋ-ਗਰੀਨ ਬੈਲਟਾਂ ਦੀ ਸਥਿਤੀ ਹੋਰ ਵੀ ਬਦਤਰ ਹੈ।

ਤੁਸੀਂ, ਮੈਨੂੰ ਕੈਂਬਰਿਜ ਯੂਨੀਵਰਸਿਟੀ ਦੇ ਐਂਡਰਿਊ ਬਾਮਫੋਰਡ ਦੇ ਸਾਰ ਤੱਤ ਨਾਲ ਇਹ ਲੇਖ ਸਮੇਟਣ ਦੀ ਆਗਿਆ ਦਿਓ, 'ਸਾਡੇ ਵੱਲੋਂ ਜਲਗਾਹਾਂ ਸਮੇਤ ਸਾਰੇ ਬਚੇ-ਖੁਚੇ ਕੁਦਰਤੀ ਸਰੋਤਾਂ ਦੀ ਕੀਤੀ ਜਾ ਰਹੀ ਅਣਥੱਕ ਬਰਬਾਦੀ ਥੋੜ੍ਹ-ਚਿਰੇ ਨਿੱਜੀ ਲਾਭ ਖਾਤਰ ਸਮੁੱਚੀ ਮਨੁੱਖਤਾ ਦੇ ਭਲੇ ਨੂੰ ਦਾਅ 'ਤੇ ਲਾ ਰਹੀ ਹੈ। ਜਿਵੇਂ-ਜਿਵੇਂ ਥੁੜ੍ਹ ਰਹੇ ਕੁਦਰਤੀ ਸੋਮੇ ਹੋਰ ਵਧੇਰੇ ਦੁਰਲੱਭ ਹੁੰਦੇ ਜਾਂਦੇ ਨੇ, ਉਵੇਂ-ਉਵੇਂ ਉਹ ਸਮਾਜਕ ਲਾਭਾਂ ਦੇ ਪੱਖ ਤੋਂ ਸਾਡੇ ਲਈ ਹੋਰ ਵਧੇਰੇ ਬੇਸ਼ਕੀਮਤੀ ਅਤੇ ਦੁਰਲੱਭ ਬਣੀ ਜਾਂਦੇ ਹਨ। ਸਾਡੇ ਕੋਲ ਜੋ ਬਚਿਆ ਹੈ, ਉਸ ਨੂੰ ਸੰਭਾਲ ਕੇ ਰੱਖਣ ਦੀ ਆਰਥਕ ਤੇ ਨੈਤਿਕ ਦੋਹਾਂ ਪੱਖਾਂ ਤੋਂ ਤੁਕ ਬਣਦੀ ਹੈ।'

ਮੁੱਕਦੀ ਗੱਲ ਜਿਉਂਦੀਆਂ, ਸਵੈ-ਰੁਮਕਦੀਆਂ ਨਮ-ਧਰਤੀਆਂ ਦੇ ਸਮਾਜਕ ਫਾਇਦੇ, ਇਹਨਾਂ ਨੂੰ ਕਾਬੂ ਕਰਕੇ ਪ੍ਰਾਪਤ ਕੀਤੇ ਜਾਣ ਵਾਲੇ ਦੁਨਿਆਵੀਂ ਲਾਭਾਂ ਤੋਂ ਢੇਰ-ਅਮੁੱਲੇ ਨੇ। ਕਿਸੇ ਕੁਦਰਤੀ ਛੰਭ ਦੀ ਮੌਤ ਇਕ ਖੌਫਨਾਕ ਵਰਤਾਰਾ ਹੈ, ਇਹੀ ਉਹ ਗੱਲ ਹੈ, ਜਿਹੜੀ ਸਾਡੇ ਪੱਲੇ ਨਹੀਂ ਪੈਂਦੀ।

**ਸੰਪਰਕ 94634-39075**

8-Oct-Sunday.qxd 10/7/2023 9:16 PM Page 2



# ਕਰੇਰੀ ਝੀਲ ਦੀ ਫੇਰੀ

ਯਾਤਰਾ ਪ੍ਰਸੰਗ

**ਬਲਵਿੰਦਰ ਸੰਧੂ**

ਗੱਡੀਆਂ-ਮੋਟਰਾਂ 'ਚ ਖਾਣ-ਪੀਣ ਦਾ ਸਮਾਨ ਧਰਦਿਆਂ , ਸ਼ਾਹੀ ਰਾਹਾਂ 'ਤੇ ਅੱਛੀ-ਖਾਸੀ ਰਫਤਾਰ 'ਤੇ ਚੱਲਦਿਆਂ, ਛਕ-ਛਕਾ ਕੇ ਹੋਟਲਾਂ-ਮੋਟਲਾਂ 'ਚ ਹਾਈ-ਪਿੱਚ ਖਰਾਂਟੇ ਮਾਰਦਿਆਂ, ਅਤਿ-ਆਧੁਨਿਕ ਕੈਮਰਿਆਂ ਨਾਲ ਦੂਰ ਪਹਾੜਾਂ ਦੀਆਂ ਤਸਵੀਰਾਂ ਖਿੱਚ ਲਿਆਉਣਾ ਤੇ ਫਿਰ ਫੇਸਬੁਕ 'ਤੇ ਪਾ ਕੇ ਹਮਾਤੜਾਂ-ਧਮਾਤੜਾਂ 'ਤੇ ਰੋਅਬ ਜਮਾਉਣਾ ਹੋਰ ਗੱਲ ਵਾ, ਪਰ ਗੱਡੀਆਂ-ਮੋਟਰਾਂ 'ਚੋਂ ਬਾਹਰ ਨਿਕਲ ਹੋਟਲਾਂ-ਮੋਟਲਾਂ ਦਾ ਆਰਾਮ ਛੱਡ, ਸ਼ਾਹੀ ਮਾਰਗਾਂ ਤੋਂ ਥੱਲੇ ਲਹਿ ਪਗਡੰਡੀਆਂ ਦੀ ਪੈੜ ਫੜਦਿਆਂ ਪਹਾੜਾਂ ਨੂੰ ਪੈਰਾਂ ਨਾਲ ਗਾਹੁੰਣਾ ਅਸਲੋਂ ਹੀ ਹੋਰ ਗੱਲ।




ਜਦ ਅਸੀਂ-ਤੁਸੀਂ ਇਹ ਸਾਰੀਆਂ ਸੁੱਖ-ਸਹੂਲਤਾਂ ਨੂੰ ਕੁਝ ਹੱਦ ਤੱਕ ਤਿਆਗ ਕੇ ਪੈਰਾਂ ਨਾਲ ਪਰਬਤਾਂ ਦਾ ਭ੍ਰਮਣ ਕਰਨ ਲੱਗਦੇ ਹਾਂ, ਤਾਂ ਉਹ ਦੂਰ ਤੇ ਕਠੋਰ ਦਿੱਸਦੇ ਪਹਾੜ ਚਾਰ ਕਦਮ ਆਪ ਚੱਲ ਕੇ ਤੁਹਾਨੂੰ ਜੀ ਆਇਆਂ ਕਰਨ ਲਈ ਮਖਮਲੀ ਹੋ ਪੈਰ ਹੇਠ ਵਿਛ ਜਾਂਦੇ ਨੇ। ਤੁਹਾਡੇ ਪੈਰਾਂ ਰਾਹੀਂ ਉਹਨਾਂ ਦੀ ਆਵਾਜ਼ ਤੁਹਾਡੇ ਸਿਰ ਸਰੋਤਾਂ ਤੱਕ ਪਹੁੰਚ ਕਰਦੀ ਹੈ। ਉਹਨਾਂ ਦੇ ਧੁਰ ਅੰਦਰ ਪਏ ਗੀਤ ਤੁਸਾਂ ਨੂੰ ਸੁਣਨ ਲੱਗਦੇ ਹਨ। ਤੁਹਾਨੂੰ ਲੱਗਦਾ ਹੈ ਕਿ ਵਗ ਰਹੇ ਆਬਸ਼ਾਰ ਤੇ ਵਹਿ ਰਹੀਆਂ ਕੂਲਾਂ ਧਰਤੀ ਉਪਰ ਜਿਉਂ ਰਹੀਆਂ ਹੋਰ ਜੂਨਾਂ ਵਾਕਣਾ ਹੀ ਪਹਾੜਾਂ ਅੰਦਰ ਧੜਕਦੀ ਜੀਵਣ ਰੌਂਅ ਦਾ ਪ੍ਰਗਟਾਅ ਹਨ ਤੇ ਉਹਨਾਂ ਦੇ ਜ਼ਿੰਦਾ ਹੋਣ ਦੀ ਗਵਾਹੀ ਵੀ। ਉਹ ਵੀ ਸਾਡੇ ਵਾਂਗ ਰੋਂਦੇ, ਹੱਸਦੇ ਤੇ ਕਦੇ ਚੁੱਪ ਹੁੰਦੇ ਨੇ। ਕਿਵੇਂ ਆਪਣੀਆਂ ਢਾਕਾਂ 'ਤੇ ਭਾਰੀ ਪੱਥਰਾਂ ਤੇ ਬਿਰਖਾਂ ਨੂੰ ਚੁੱਕ ਯੁਗਾਂ-ਯੁਗਾਂਤਰਾਂ ਤੋਂ ਪਏ ਖਿਡਾਉਂਦੇ ਨੇ।

ਹਰ ਵਰ੍ਹੇ ਡੁੱਬਦੇ ਸਿਆਲ ਨਾਲ ਮੇਰੇ ਪੈਰਾਂ 'ਚ ਪਹਾੜਾਂ ਦੇ ਕੁੱਛੜ ਚੜ੍ਹ ਖੇਡਣ ਲਈ ਜਲੂਣ ਹੋਣ ਲੱਗਦੀ ਹੈ। ਦੂਜੇ ਪਾਸੇ ਕੁਝ ਮਿੱਤਰ ਪਿਆਰੇ ਵੀ ਹੁੱਝਾਂ ਮਾਰਨ ਲੱਗਦੇ ਨੇ। ਸਬੱਬ ਬਣ ਕੀ ਬਣਾ ਹੀ ਲਿਆ ਜਾਂਦਾ ਹੈ। ਇਸ ਵਾਰ ਵੀ ਏਕਣਾ ਹੀ ਹੋਇਆ। ਅਪਰੈਲ ਮਹੀਨੇ ਪਟਿਆਲਾ ਯੂਨੀਵਰਸਿਟੀ ਦੇ ਦੁਆਰ ਮੂਹਰੇ ਵਸੇ ਪ੍ਰੋਫੈਸਰਾਂ ਦੇ ਪਿੰਡ 'ਚਿੱਟੇ ਸਿੱਧੂ' ਦੇ ਚੁਬਾਰੇ 'ਸਾਹਿਤ ਸਦਨ' ਵਿਖੇ ਗੁਰਪ੍ਰੀਤ ਹਰੀ ਨੌਂ (ਟਰੈਕਰ) ਨਾਲ ਮੇਲ ਹੋਇਆ। ਉਸ ਨੇ ਸਾਡੀ ਉਮਰ+ਸਮਰੱਥਾ ਨੂੰ ਜੋਹਦਿਆਂ ਇਕ ਟ੍ਰੈਕ ਦੱਸਿਆ। ਧਰਮਸ਼ਾਲਾ ਤੋਂ 38 ਕਿਲੋਮੀਟਰ ਉੱਪਰ 'ਕਰੇਰੀ ਝੀਲ' ਦਰਸ਼ਨ ਦਾ ਚਾਅ ਚੜ੍ਹ ਗਿਆ। 5 ਮਈ ਨੂੰ ਸਵੇਰ 7 ਵਜੇ ਗੁਰਚਰਨ ਪੱਬਾਰਾਲੀ ਹੁਰਾਂ ਦੀ ਹੁੰਦੜਹੇਲ ਗੱਡੀ 'ਚ ਸਵਾਰ ਹੋ ਵਕੀਲ ਭਾਅ ਸਰਬਜੀਤ ਵਿਰਕ ਤੇ ਛੋਟੇ ਵੀਰ ਲਖਵਿੰਦਰ ਹੰਜ਼ਰਾਅ ਦੀ ਸੰਗਤ ਵਿੱਚ ਧਰਮਸ਼ਾਲਾ ਨੂੰ ਚਾਲੇ ਪਾਏ। ਰੋਪੜ ਲੰਘ ਕੇ ਇਕ ਢਾਬੇ 'ਤੇ ਮੋਟਰ ਨੂੰ ਬਰੇਕਾਂ ਦਿੱਤੀਆਂ। ਘਰੋਂ ਲਿਆਂਦੇ ਪਰੌਂਠੇ ਤੇ ਕਰੇਲੇ ਵਟਾ-ਵਟਾ ਕੇ ਖਾਧੇ। ਇਕ-ਦੂਜੇ ਦੀਆਂ ਸ੍ਰੀਮਤੀਆਂ ਦੀ ਇਕ-ਦੂਜੇ ਤੋਂ ਵਧ ਕੇ ਸਿਫਤ-ਸਲਾਹ ਕੀਤੀ। ਉੱਤੋਂ ਗਾੜ੍ਹੇ ਮਿੱਠੇ ਵਾਲੀ ਚਾਹ ਪੀਤੀ। ਆਨੰਦਪੁਰ ਸਾਹਿਬ ਦੀ ਧਰਤੀ ਨਮਸਕਾਰਦਿਆਂ ਨੰਗਲ 'ਚ ਗੇੜੀ ਮਾਰਦਿਆਂ ਊਨੇ 'ਚ ਇਕ ਥਾਵੇਂ ਰਾਹ ਭੁੱਲਦਿਆਂ ਨਾਲ-ਨਾਲ ਚਲਦਾ ਕੰਢੀ ਏਰੀਆ ਨੁਹਾਰਦਿਆਂ ਤੇ ਕਸਬਾ ਅੰਬ ਹੁੰਦਿਆਂ 3 ਕੁ ਵਜੇ ਨਾਲ ਕਾਂਗੜੇ ਪਹੁੰਚ ਗਏ। ਟ੍ਰੈਕਰ ਗੁਰਪ੍ਰੀਤ ਦੀ ਅਗਵਾਈ ਵਿੱਚ ਸਾਡੀ ਇਸ ਨਿੱਕੀ ਜਿਹੀ ਮੁਹਿੰਮ ਵਿਚ ਪੰਜ ਜਣਿਆਂ ਹੋਰਨਾਂ ਵੀ ਸ਼ਾਮਲ ਹੋਣਾ ਸੀ, ਜਿਹਨਾਂ ਫਰੀਦਕੋਟ ਵੱਲੋਂ ਆਉਂਦਿਆਂ ਸਾਨੂੰ ਧਰਮਸ਼ਾਲਾ ਵਿਖੇ ਇਕ ਮਿਥੀ ਹੋਈ ਜਗ੍ਹਾ 'ਤੇ ਮਿਲਣਾ ਸੀ।



ਕਾਂਗੜੇ ਪਹੁੰਚ ਅਸਾਂ ਗੁਰਪ੍ਰੀਤ ਨੂੰ ਫੋਨ ਮਿਲਾਇਆ ਤਾਂ ਪਤਾ ਲੱਗਾ ਕਿ ਉਨ੍ਹਾਂ ਨੂੰ ਉੱਥੇ ਪਹੁੰਚਣ ਵਿੱਚ ਅਜੇ 2-3 ਘੰਟੇ ਲੱਗਣੇ ਸਨ। ਇਸ ਉਡੀਕ ਦਾ ਲਾਹਾ ਲੈਂਦਿਆਂ ਅਸਾਂ ਸੋਚਿਆ ਕਿ ਕਿਉਂ ਨਾ ਤਦ ਤੱਕ ਕਾਂਗੜੇ ਦਾ ਪ੍ਰਾਚੀਨ ਕਿਲ੍ਹਾ ਹੀ ਵੇਖ ਲਿਆ ਜਾਵੇ। ਸਾਰਿਆਂ ਦੀ ਸਹਿਮਤੀ ਨੇ ਅੰਗੜਾਈ ਲਈ ਤੇ ਭਾਅ ਪੱਬਾਰਾਲੀ ਨੇ 15-20 ਮਿੰਟਾਂ ਦੀ ਡਰਾਈਵ ਮਗਰੋਂ ਮੋਟਰ ਕਿਲ੍ਹੇ ਦੇ ਦੁਆਰ ਜਾ ਖੜ੍ਹਾਈ। 3500 ਸਾਲ ਪੁਰਾਣਾ ਇਹ ਕਿਲ੍ਹਾ ਅਸਾਂ ਹੇਠਾਂ-ਉੱਤੋਂ ਸਵਾਰ ਕੇ ਫਰੋਲਿਆ, ਫੋਟੋਆਂ 'ਚ ਭਰਿਆ। ਕਿਲ੍ਹੇ ਦੀ ਉਚਾਈ ਤੋਂ ਕਾਂਗੜਾ ਸ਼ਹਿਰ ਤੇ ਆਸੇ-ਪਾਸੇ ਦੇ ਪਹਾੜ ਤੱਕਦਿਆਂ ਘੰਟੇ ਕੁ ਵਿੱਚ ਥੱਲੇ ਉਤਰ ਆਏ। ਕਿਲ੍ਹੇ ਦੇ ਮੁੱਖ ਦੁਆਰ ਦੇ ਬਾਹਰਵਾਰ ਲੱਗੀ ਇਕ ਰੇਹੜੀ ਤੋਂ ਗੋਲ-ਗੱਪੇ ਗੜੱਪਦਿਆਂ ਇਕ-ਦੂਜੇ ਨੂੰ ਇਹੋ ਕਹਿਣ ਲੱਗੇ ਕਿ ਚੰਗਾ ਹੋਇਆ ਗੁਰਪ੍ਰੀਤ ਹੁਰੀਂ ਕੁਝ ਲੇਟ ਹੋ ਗਏ।

ਹੁਣ ਕਾਂਗੜੇ ਤੋਂ ਧਰਮਸ਼ਾਲਾ ਦਾ ਸਫਰ ਤਾਂ ਮਸਾਂ ਅੱਧੇ ਕੁ ਘੰਟੇ ਦਾ ਸੀ। ਸਟੇਰਿੰਗ ਵਾਲੀ ਸੀਟ ਹੁਣ ਪੱਬਾਰਲੀ ਨੇ ਲਖਵਿੰਦਰ ਨੂੰ ਸੌਂਪ ਦਿੱਤੀ। ਮੋਟਰ ਧੌਲਧਾਰ ਦੇ ਪਰਬਤਾਂ ਵੱਲ ਧਿਆਨ ਧਰ ਕੁਝ ਹਲੀਮੀ ਨਾਲ ਚੜ੍ਹਾਈ ਚੜ੍ਹਨ ਲੱਗੀ। ਸਫਰ ਵਿੱਚ ਹਰਿਆਲੀ ਕੁਝ ਹੋਰ ਗੂੜ੍ਹੀ ਹੋਣ ਲੱਗੀ ।ਧਰਮਸ਼ਾਲਾ ਦੀਆਂ ਬਰੂਹਾਂ 'ਚ ਥਾਂ ਮੱਲੀ ਬੈਠੀ ਆਰਮੀ ਛਾਉਣੀ ਕੋਲ ਪਹੁੰਚ ਕੇ ਚੁਫੇਰਾ ਹੋਰ ਵੀ ਨਿੱਤਰਿਆ ਤੇ ਸੰਵਰਿਆ ਮਹਿਸੂਸ ਹੋਇਆ। ਗੁਰਪ੍ਰੀਤ ਦਾ ਪਿਛਿਓਂ ਫੋਨ ਆਇਆ ਕਿ ਅਸੀਂ ਧਰਮਸ਼ਾਲਾ ਬੱਸ ਅੱਡੇ 'ਤੇ ਖੜ੍ਹੇ ਇਕ ਨੌਜਵਾਨ ਰੇਸ਼ਮ ਸਿੰਘ, ਜੋ ਆਪ ਵੀ ਟ੍ਰੈਕਰ ਤੇ ਸਾਈਕਲਿਸਟ ਹੈ, ਨੂੰ ਮਿਲੀਏ, ਜੋ ਬੱਸ ਰਾਹੀਂ ਉੱਥੇ ਪਹੁੰਚ ਚੁੱਕਾ ਹੈ। ਅਸੀਂ ਕੁਝ ਮਿੰਟਾਂ ਵਿੱਚ ਰੇਸ਼ਮ ਸਿੰਘ ਨੂੰ ਜਾ ਹੱਥ ਮਿਲਾਉਂਦੇ ਹਾਂ। ਰੇਸ਼ਮ ਸਿੰਘ ਦੱਸਦਾ ਹੈ ਕਿ ਇਕ ਗੱਡੀ ਬਠਿੰਡਾ ਤੋਂ ਤਿੰਨ ਸਵਾਰੀਆਂ (ਗੁਰਚਰਨ ਸਿੰਘ, ਉਨ੍ਹਾ ਦੀ ਸ੍ਰੀਮਤੀ ਸਾਰੂ ਤੇ 9 ਸਾਲ ਦੀ ਬੱਚੀ) ਸਮੇਤ ਵੀ ਪਹੁੰਚ ਚੁੱਕੀ ਹੈ, ਜੋ ਧਰਮਸ਼ਾਲਾ ਦਾ ਕ੍ਰਿਕਟ ਸਟੇਡੀਅਮ ਵੇਖਣ ਗਏ ਹੋਏ ਹਨ ਤੇ ਜਲਦੀ ਹੀ ਇਥੇ ਪਹੁੰਚਣ ਵਾਲੇ ਹਨ। ਪਿੱਛੇ ਆ ਰਹੇ ਗੁਰਪ੍ਰੀਤ ਦਾ ਹੁਕਮ ਹੈ ਅਸੀਂ ਦੋ ਗੱਡੀਆਂ 'ਚ ਸਵਾਰ ਹੋ 28 ਕਿਲੋਮੀਟਰ ਦੀ ਦੂਰੀ 'ਤੇ ਪਹਾੜ ਦੀ ਢਾਕ 'ਤੇ ਵਸੇ ਇਕ ਕਰੇਰੀ ਨਾਂਅ ਦੇ ਪਿੰਡ ਵਿਖੇ ਇਕ ਦਿਹਾਤੀ ਜਿਹੇ 'ਮੌਰੀਆ' ਹੋਟਲ ਪਹੁੰਚੀਏ। ਕੁਝ ਦੇਰ ਬਾਅਦ ਹੀ ਦੂਜੀ ਗੱਡੀ ਆ ਜਾਂਦੀ ਹੈ। ਰੇਸ਼ਮ ਸਿੰਘ ਉਸ ਵਿੱਚ ਸਵਾਰ ਹੋ ਜਾਂਦਾ ਹੈ। ਅਸੀਂ ਉਹਨਾਂ ਦੀ ਗੱਡੀ ਦੀ ਪੈੜ ਫੜਦਿਆਂ ਕਰੇਰੀ ਵੱਲ ਚੱਲ ਪੈਂਦੇ ਹਾਂ। ਇਹ ਸੜਕ ਸੌੜੀ ਵੀ ਹੈ ਤੇ ਕੁਝ ਕੁਝ ਵਿਗੜੀ ਵੀ, ਪਰ ਸਾਨੂੰ ਲਖਵਿੰਦਰ ਦੀ ਡਰਾਈਵਰੀ 'ਤੇ ਮਾਣ ਤੇ ਭਰੋਸਾ ਸਾਵਾਂ ਹੈ। ਸੜਕ ਦੇ ਦੋ-ਪਾਸੀਂ ਹਰਿਆਲੀ ਦਾ ਵਾਹਵਾ ਸੰਘਣਾ ਪਹਿਰਾ ਹੈ। ਹਵਾ ਵਿੱਚ ਠੰਢਕ ਤੇ ਤਾਜ਼ਗੀ ਹੈ। ਲਖਵਿੰਦਰ ਨੇ ਮੋਟਰ ਦਾ ਏ ਸੀ ਬੰਦ ਕਰਕੇ ਖਿੜਕੀਆਂ ਦੇ ਸ਼ੀਸ਼ੇ ਖੋਲ੍ਹ ਦਿੱਤੇ ਹਨ। ਇਕ ਵਹਿੰਦੀ ਹੋਈ ਕੂਲ ਕੁਝ ਪੰਧ ਸਾਡੇ ਨਾਲ ਨਾਲ ਚੱਲ ਕੁਝ ਕਿਲੋਮੀਟਰ ਤੈਅ ਕਰਦੀ ਹੈ ਤੇ ਫਿਰ ਝਕਾਨੀ ਦੇ ਕੇ ਕਿਧਰੇ ਛੁਪ ਜਾਂਦੀ ਹੈ। ਪੱਬਾਰਾਲੀ ਕੁਝ ਲੈਅ ਵਿਚ ਆਉਣ ਲੱਗਦਾ ਹੈ। ਸ਼ਾਇਦ ਉਹਦੇ ਅੰਦਰ ਚਿਰਾਂ ਤੋਂ ਸੁੱਤਾ ਪਿਆ ਕੋਈ ਗੀਤ ਜਾਗ ਪਿਆ ਹੈ। ਸਰਬਜੀਤ ਵਿਰਕ (ਵਕੀਲ) ਨੂੰ ਪਿਛਿਓਂ ਕਿਸੇ ਸੰਬੰਧੀ ਦਾ ਫੋਨ ਆਉਂਦਾ ਹੈ। ਉਹ ਨੈੱਟ ਸਮੱਸਿਆ ਦਾ ਬਹਾਨਾ ਲਾ ਫੋਨ ਬੰਦ ਕਰ ਦਿੰਦਾ ਹੈ। ਉਸ ਦਾ ਫੋਨ ਫਿਰ ਖੜਕਦਾ ਹੈ। ਹੁਣ ਇਹ ਚੰਡੀਗੜ੍ਹ ਪੰਜਾਬੀ ਟ੍ਰਿਬਿਊਨ ਦੇ ਦਫਤਰੋਂ ਕੋਈ ਕਰਮਚਾਰੀ ਬੀਬਾ ਬੋਲ ਰਹੀ ਹੈ ਕਿ ਉਹ ਵਿਰਕ ਸਾਹਿਬ ਦੀ ਨਵੀਂ ਛਪੀ ਪੁਸਤਕ 'ਸਮੁੱਚੀਆਂ ਲਿਖਤਾਂ ਸ: ਭਗਤ ਸਿੰਘ' ਵਿਚੋਂ ਲੜੀਵਾਰ ਲੇਖ ਛਾਪ ਰਹੇ ਹਨ। ਫੋਨ ਦਾ ਨੈੱਟਵਰਕ ਹੁਣ ਨੌਂ-ਬਰ-ਨੌਂ ਚੱਲ ਪੈਂਦਾ ਹੈ। ਵਿਰਕ ਬਾਹਰਲੀ ਹਰਿਆਲੀ ਤੇ ਅੰਦਰਲੀ ਖੁਸ਼ਹਾਲੀ ਨਾਲ ਸਰੂਰਿਆ ਗਿਆ ਹੈ। ਉਹਦੀ ਵਰ੍ਹਿਆਂ ਦੀ ਥਕਾਨ ਜੋ ਇਸ ਪੁਸਤਕ ਦੀ ਤਿਆਰੀ ਕਾਰਨ ਹੋਈ ਹੈ, ਇਸ ਸੁੱਖ-ਸੁਨੇਹੇ ਨੇ ਚੂਸ ਲਈ ਹੈ।

ਸਾਡੀਆਂ ਗੱਡੀਆਂ ਡੇਢ ਘੰਟੇ ਦੀ ਮੁਸ਼ੱਕਤ ਬਾਅਦ ਕਰੇਰੀ ਪਿੰਡ ਦੀ ਜੂਹ ਟੱਪ ਕੇ ਸੜਕ ਦੇ ਖੱਬੇ ਹੱਥ ਚੁੱਪ ਵੱਟੀ ਬੈਠੇ 'ਮੌਰੀਆ' ਹੋਟਲ ਦੇ ਦੁਆਰ ਪਹੁੰਚ ਜਾਂਦੀਆਂ ਹਨ। ਹੁਣ ਤੱਕ ਸੂਰਜ ਲਹਿੰਦੇ ਦੇ ਪਹਾੜ ਓਹਲੇ ਹੋ ਗਿਆ ਹੈ। ਖਲਾਅ ਵਿਚ ਸ਼ਾਮ ਘੁਲਣ ਲੱਗੀ ਹੈ। ਪਹਾੜੀ ਬਨਸਪਤੀ ਦੀ ਖੁਸ਼ਬੋ ਦਾ ਆਲਮ ਹੈ। ਇਕ ਤਾਂਬੇ ਰੰਗੀ ਛੋਟੀ ਜਿਹੀ ਚਿੜੀ ਸਾਡੀ ਖੜੀ ਗੱਡੀ ਦੀ ਛੱਤ 'ਤੇ ਆ ਬੈਠੀ ਹੈ। ਮੈਂ ਮੁਸਕਰਾਉਂਦਾ ਹਾਂ ਕਿ ਇਸ ਤੋਂ ਵਧੀਆ ਜੀ ਆਇਆਂ ਭਲਾ ਕੀ ਹੋਵੇਗਾ। ਅਸੀਂ ਹੋਟਲ ਦੇ ਕਾਮਿਆਂ ਨਾਲ ਰਾਬਤਾ ਜੋੜਦੇ ਹਾਂ, ਜਿਸ ਨੂੰ ਗੁਰਪ੍ਰੀਤ ਨੇ ਪਹਿਲਾਂ ਹੀ ਬੁੱਕ ਕਰਵਾਇਆ ਹੋਇਆ ਹੈ ਅਤੇ ਸਾਡੇ ਪਹੁੰਚਣ ਦਾ ਸਨੇਹਾ ਲਾ ਛੱਡਿਆ ਹੈ। ਉਹਨਾ ਸਾਡੇ ਲਈ ਕਮਰੇ ਖੋਲ੍ਹ ਦਿੱਤੇ ਹਨ। ਸਾਨੂੰ ਚਾਰ ਪਟਿਆਲਵੀਆਂ ਨੂੰ ਦੋ ਡਬਲ ਬੈੱਡਾਂ ਵਾਲਾ ਇਕ ਕਮਰਾ ਸੌਂਪ ਦਿੱਤਾ ਗਿਆ ਹੈ। ਗਰਮ-ਗਰਮ ਚਾਹ ਦੇ ਪਿਆਲੇ ਸਾਡੇ ਹੱਥਾਂ ਵਿਚ ਹਨ। ਅਸੀਂ ਚਾਹ ਮੁਕਾ ਕੇ ਕਮਰੇ ਨਾਲ ਲੱਗਦੀ ਬਾਲਕੋਨੀ 'ਚ ਇਕ-ਦੂਜੇ ਦੀਆਂ ਤਸਵੀਰਾਂ ਖਿੱਚਦੇ ਹਾਂ। ਕੁਝ ਦੂਰ ਥੱਲਿਓਂ ਘੁਸਮੁਸੇ 'ਚੋਂ ਕਿਸੇ ਵਹਿੰਦੀ ਹੋਈ ਕੂਲ ਦੀ ਹਲਕੀ-ਹਲਕੀ ਆਵਾਜ਼ ਸੁਣਾਈ ਦੇ ਰਹੀ ਹੈ। ਠੰਢੀ ਹਵਾ ਵਗਣ ਲੱਗ ਪਈ ਹੈ, ਜੋ ਸਾਨੂੰ ਧੱਕ ਕੇ ਕਮਰੇ ਅੰਦਰ ਕਰ ਦਿੰਦੀ ਹੈ। ਹੁਣ ਤੱਕ ਗੀਜਰ ਨੇ ਪਾਣੀ ਕੋਸਾ ਕਰ ਦਿੱਤਾ ਹੈ। ਅਸੀਂ ਵਾਰੋ-ਵਾਰੀ ਤਰੋ-ਤਾਜ਼ਾ ਹੁੰਦੇ ਹਾਂ। ਇਕ ਬਹਿਰੇ ਦੀ ਦਰਵਾਜ਼ੇ 'ਤੇ ਠਕੋਰ ਸੁਣੀਂਦੀ ਹੈ। ਸ਼ਾਇਦ ਪੱਬਾਰਾਲੀ ਭਾਅ ਨੇ ਰਸੋਈਖਾਨੇ ਫੋਨ ਖੜਕਾਇਆ ਹੈ। ਬਹਿਰਾ ਅੰਦਰ ਆਉਂਦਾ ਹੈ। ਉਹਦੇ ਹੱਥਾਂ ਵਿੱਚ ਇਕ ਵੱਡੀ ਟਰੇਅ ਹੈ, ਜਿਸ ਵਿੱਚ ਸੰਧਿਆ ਕਾਰਜ ਦਾ ਸਾਮਾਨ ਸਜਿਆ ਪਿਆ ਹੈ। ਹਨੇਰਾ ਹੋਰ ਗਹਿਰਾ ਹੋ ਗਿਆ ਹੈ। ਬਾਹਰ ਬਾਲਕੋਨੀ ਦੀਆਂ ਬੱਤੀਆਂ ਮਚ ਉੱਠੀਆਂ ਹਨ। ਸਾਡੇ ਕਮਰੇ ਸਾਹਮਣਿਓਂ 2-3 ਬੰਦੇ ਗੱਲਾਂ ਕਰਦੇ ਲੰਘਦੇ ਹਨ। ਤਾਕੀ ਵਿਚੋਂ ਗੁਰਪ੍ਰੀਤ ਦਾ ਝਾਉਲਾ ਪੈਂਦਾ ਹੈ ਤੇ ਸੱਚੀਓਂ ਥੋੜ੍ਹੀ ਦੇਰ ਬਾਅਦ ਉਹ ਸਾਡੇ ਕੋਲ ਆ ਜਾਂਦਾ ਹੈ। ਅਸੀਂ ਅੱਜ ਦੇ ਸਫਰ ਅਤੇ ਕੱਲ੍ਹ ਦੇ ਪ੍ਰੋਗਰਾਮ ਦੀਆਂ ਗੱਲਾਂ ਕਰਦੇ ਹਾਂ। ਗੁਰਪ੍ਰੀਤ ਆਪਣੀਆਂ ਹੁਣ ਤੱਕ ਦੀਆਂ ਪਰਬਤੀ ਮੁਹਿੰਮਾਂ, ਜਿਸ ਵਿਚ ਐਵਰੈਸਟ ਬੇਸ ਕੈਂਪ ਵੀ ਸ਼ਾਮਲ ਹੈ, ਬਾਰੇ ਚਾਨਣਾ ਪਾਉਂਦਾ ਹੈ। 9 ਵਜੇ ਹੋਟਲ ਦੀ ਬੇਸਮੈਂਟ ਵਿਚ ਬਣੇ ਡਾਈਨਿੰਗ ਹਾਲ 'ਚ ਰਾਤ ਦਾ ਖਾਣਾ ਲੱਗ ਜਾਂਦਾ ਹੈ। ਅਸੀਂ ਖਾਣੇ ਦੇ ਨਾਲ-ਨਾਲ ਸਵੇਰ ਵਾਲੇ ਵਧੇ ਪਰੌਂਠੇ ਤੇ ਕਰੇਲੇ ਵੀ ਝੜਕਾਅ ਦਿੰਦੇ ਹਾਂ। ਗੁਰਪ੍ਰੀਤ ਵੱਲੋਂ ਤਾਕੀਦ ਕਰ ਦਿੱਤੀ ਜਾਂਦੀ ਹੈ ਕਿ ਸਵੇਰੇ 6 ਵਜੇ ਨਾਸ਼ਤਾ ਲੱਗ ਜਾਵੇਗਾ ਤੇ ਉਸ ਉਪਰੰਤ ਗਰੁੱਪ ਕਨੇਰੀ ਝੀਲ, ਜੋ ਹੋਟਲ ਤੋਂ 11 ਕਿਲੋਮੀਟਰ ਦੂਰੀ 'ਤੇ ਹੈ, ਲਈ ਰਵਾਨਾ ਹੋ ਜਾਏਗਾ। ਅਸੀਂ ਸਵੇਰੇ 5 ਵਜੇ ਦਾ ਅਲਾਰਮ ਲਾ ਕੇ ਨੀਂਦ ਦੀ ਬੁੱਕਲ ਵਿਚ ਲਹਿ ਜਾਂਦੇ ਹਾਂ।



ਸਵੇਰੇ ਜਾਗਦੇ ਹਾਂ ਤਾਂ ਹਲਕਾ-ਹਲਕਾ ਚਾਨਣ ਹੋ ਚੁੱਕਾ ਹੈ। ਨਹਾਈ-ਧੋਈ ਉਪਰੰਤ ਵੱਡੇ ਬੈਗਾਂ ਵਿਚੋਂ ਇਕ ਰਾਤ ਲਈ ਲੋੜੀਂਦਾ ਸਮਾਨ ਕੱਢ ਕੇ ਨਾਲ ਲਿਆਂਦੇ ਛੋਟੇ ਪਿੱਠੂਆਂ ਵਿਚ ਭਰ ਲੈਂਦੇ ਹਾਂ। ਨਾਸ਼ਤਾ ਕਰਦਿਆਂ 7:30 ਵੱਜ ਜਾਂਦੇ ਹਨ। ਸਾਡੀ ਇਸ ਟੀਮ ਵਿੱਚ 63 ਸਾਲ ਤੋਂ 9 ਸਾਲ ਤੱਕ ਦੀ ਇਕ ਗੁੱਡੀਆ ਸਮੇਤ ਤਿੰਨ ਪੀੜ੍ਹੀਆਂ ਦਾ ਜੋੜ-ਮੇਲ ਹੈ। ਅੱਧਾ ਕੁ ਮੀਲ ਪਹਿਲਾਂ ਸੜਕੇ-ਸੜਕ ਚੱਲਣਾ ਹੈ ਤੇ ਫਿਰ ਸੜਕ ਦੇ ਸੱਜੇ ਹੱਥ ਕਨੇਰੀ ਝੀਲ ਲਈ ਬਣੇ ਦੁਆਰ 'ਚ ਪ੍ਰਵੇਸ਼ ਕਰਦਿਆਂ ਪਗਡੰਡੀ 'ਤੇ ਪੈ ਜਾਣਾ ਹੈ। ਸਾਡਾ ਫੋਨ ਨੈੱਟਵਰਕ, ਜੋ ਹੁਣ ਬੰਦ ਪਿਆ ਹੈ, ਇਸ ਨੇ 3 ਕੁ ਕਿਲੋਮੀਟਰ 'ਤੇ ਜਾ ਕੇ ਇਕ ਵਾਰ ਖੁੱਲ੍ਹਣਾ ਹੈ ਤੇ ਫਿਰ ਠੱਪ...! ਕੱਲ੍ਹ ਵਾਪਸੀ ਸਮੇਂ ਉਥੇ ਹੀ ਆ ਕੇ ਕੁਝ ਦੇਰ ਫਿਰ ਜੁੜਨਾ ਹੈ। ਅਸੀਂ ਰਮਤਾ-ਰਮਤਾ ਪਹਾੜ ਦੀ ਵੱਖੀ ਨਾਲ ਲਟਕੀ ਪਗਡੰਡੀ 'ਤੇ ਚੜ੍ਹਾਈ ਚੜ੍ਹਨ ਲੱਗਦੇ ਹਾਂ। ਸਾਡੇ ਸੱਜੇ ਪਾਸੇ ਪਹਾੜ ਓਹਲੇ ਸੂਰਜ ਉੱਚਾ ਹੋ ਰਿਹਾ ਹੈ ਤੇ ਖੱਬੇ ਪਾਸੇ ਵੱਡੇ, ਛੋਟੇ ਗੋਲ ਗੀਟਿਆਂ ਪੱਥਰਾਂ ਥਾਣੀ ਵਗ ਰਹੀ ਠੰਢੇ ਜਲ ਦੀ ਧਾਰਾ ਹੈ, ਜਿਸ ਥੱਲੇ ਲਹਿ ਕੇ ਆਪਣੇ ਆਪ ਨੂੰ ਬਿਆਸ ਦਰਿਆ ਦੀ ਮੁੱਖ ਧਾਰਾ ਦੇ ਹਵਾਲੇ ਕਰ ਦੇਣਾ ਹੈ।

ਪਹਾੜ ਦੀ ਛਾਂ ਹੇਠ ਅਜੇ ਤੱਕ ਠੰਢ ਪਸਰੀ ਹੋਈ ਹੈ, ਪਰ ਸਾਡੇ ਗਰਮ ਲਿਬਾਸਾਂ 'ਤੇ ਤਿੱਖੀ ਚੜ੍ਹਾਈ ਕਾਰਨ ਪਿੰਡਿਆਂ 'ਚੋਂ ਪਸੀਨਾ ਫੁੱਟਣ ਲੱਗ ਪਿਆ ਹੈ । ਸਭ ਤੋਂ ਮੂਹਰੇ ਲੱਗ ਕੇ ਪੱਬਾਰਾਲੀ ਭਾਅ ਸਾਡੀ ਇਸ ਮਨੁੱਖਾ ਰੇਲ ਨੂੰ ਖਿੱਚੀ ਤੁਰਿਆ ਜਾ ਰਿਹਾ ਹੈ ਤੇ ਸਭ ਤੋਂ ਅਖੀਰ ਵਿੱਚ ਲੱਗ ਕੇ ਸਰਬਜੀਤ ਵਿਰਕ ਪਿਛਿਓਂ ਧੱਕੀ ਤੁਰਿਆ ਆ ਰਿਹਾ ਹੈ। ਇਸ 11 ਕਿਲੋਮੀਟਰ ਦੇ ਪੈਂਡੇ ਵਿਚ ਲੱਗਭਗ 9 ਕਿਲੋਮੀਟਰ ਤਾਂ ਪੌੜੀਆਂ-ਨੁਮਾ ਹੀ ਚੜ੍ਹਾਈ ਹੈ, ਪਰ ਇਹ ਟਰੈਕ ਮੇਰੇ ਪਹਿਲਾਂ ਕੀਤੇ ਟਰੈਕਾਂ ਨਾਲੋਂ ਦਿਲਕਸ਼ ਤੇ ਸਾਫ ਹੈ। ਲੱਗਦਾ ਹੈ ਕਿ ਖੱਚਰਾਂ ਆਦਿ ਦੀ ਟ੍ਰੈਫਿਕ ਤੋਂ ਅਜੇ ਤੱਕ ਮੁਕਤ ਹੈ। ਬਸ ਕਿਧਰੇ-ਕਿਧਰੇ ਕੋਈ ਕਾਠੀ ਜਿਹੀ (ਪਹਾੜੀ) ਗਾਂ-ਵੱਛੀ ਨਜ਼ਰ ਪੈਂਦੀ ਹੈ।

ਆਸੇ-ਪਾਸੇ ਸੰਘਣੀ ਬਨਸਪਤੀ ਦੀ ਸਲਤਨਤ ਹੈ। ਵਿਚੋਂ ਉੱਠ ਰਹੀ ਸਿੱਲ੍ਹੀ ਖੁਸ਼ਬੋ ਦਾ ਆਲਮ ਹੈ। ਬਹੁਤਾ ਕਰਕੇ ਬਰਾਸ, ਸੀ-ਬਰੋਅ ਅਤੇ ਵਿਚ ਵਿਚ ਚੀਲ੍ਹ ਦੇ ਬਿਰਖ ਹਨ। ਦੇਵਦਾਰਾਂ ਨੇ ਕੁਝ ਉੱਪਰ ਜਾ ਕੇ ਮਿਲਣਾ ਹੈ। ਕਿਧਰੇ-ਕਿਧਰੇ ਬਰਾਸ ਦੀ ਕਿਸੇ ਟਾਹਣੀ 'ਤੇ ਗੂੜ੍ਹਾ ਲਾਲ ਫੁੱਲ ਟਹਿਕਦਾ ਨਜ਼ਰ ਪੈਂਦਾ ਹੈ। ਗੁਰਪ੍ਰੀਤ ਦੱਸਦਾ ਹੈ ਕਿ ਇਹਨਾਂ ਫੁੱਲਾਂ ਦੀ ਵਰਤੋਂ ਰੂਹ-ਅਫਜ਼ਾ ਸ਼ਰਬਤ ਬਣਾਉਣ ਲਈ ਵੀ ਕੀਤੀ ਜਾਂਦੀ ਹੈ। ਇਥੋਂ ਦੇ ਲੋਕ ਸੀ-ਬਰੋਅ ਦੇ ਰੁੱਖਾਂ ਦੇ ਤਣਿਆਂ ਨੂੰ ਟੱਕ ਲਾ ਕੇ ਉਹਨਾਂ ਦਾ ਦੁੱਧ ਚੋਂਦੇ ਹਨ, ਜਿਸ ਨੂੰ ਉਹ ਆਪਣੀਆਂ ਪਾਲਤੂ ਗਾਵਾਂ, ਬੱਕਰੀਆਂ ਨੂੰ ਚਟਾਉਂਦੇ ਹਨ, ਜਿਸ ਨਾਲ ਚੁਪਾਏ ਦੁੱਧ ਜ਼ਿਆਦਾ ਦੇਣ ਦੇ ਨਾਲ-ਨਾਲ ਤੰਦਰੁਸਤ ਵੀ ਰਹਿੰਦੇ ਹਨ।

ਤਿੰਨ ਕੁ ਕਿਲੋਮੀਟਰ ਪੈਂਡਾ ਤੈਅ ਕਰ ਕੇ ਇਕ ਚਾਹ ਵਾਲੀ ਹੱਟ ਆਉਂਦੀ ਹੈ, ਜੋ ਅਜੇ ਬੰਦ ਪਈ ਹੈ। ਇਥੇ ਆ ਕੇ ਸਾਡੇ ਫੋਨ ਤੇ ਨੈੱਟ ਚੱਲ ਪੈਂਦੇ ਹਨ। ਅਸੀਂ ਸਭ ਰੁਕ ਜਾਂਦੇ ਹਾਂ। ਆਪਣੇ-ਆਪਣੇ ਘਰੀਂ ਵੀਡੀਓ ਕਾਲ ਕਰਦੇ ਹਾਂ। ਘਰ ਬੈਠਿਆਂ ਨੂੰ ਆਸੇ-ਪਾਸੇ ਦੇ ਦ੍ਰਿਸ਼ਾਂ ਦੇ ਸੰਜੀਵ ਦਰਸ਼ਨ ਕਰਵਾਉਂਦੇ ਹਾਂ। ਗੁਰਪ੍ਰੀਤ ਸਾਨੂੰ ਅੱਗੇ ਤੁਰਨ ਵਾਲਿਆਂ ਨੂੰ ਤਾਕੀਦ ਕਰਦਾ ਹੈ ਕਿ ਦੋ ਕੁ ਕਿਲੋਮੀਟਰ ਅੱਗੇ ਜਾ ਕੇ ਅਸੀਂ ਵਹਿੰਦੇ ਹੋਏ ਪਾਣੀ ਦੇ ਦੂਜੇ ਪਾਸੇ ਹੋ ਜਾਣਾ ਹੈ, ਜਿੱਥੇ ਚਾਹ-ਪਾਣੀ ਦੀ ਇਕ ਠਾਹਰ 'ਤੇ ਅਸੀਂ ਰੁਕਣਾ ਹੈ ਤੇ ਚਾਹ-ਪਾਣੀ ਪੀਣਾ ਹੈ।

ਹੁਣ ਤੱਕ ਸਾਨੂੰ ਕੱਲ੍ਹ ਦੇ ਉੱਪਰ ਗਏ ਹੋਏ ਵਿਰਲੇ-ਵਿਰਲੇ ਪਹਾੜ ਪ੍ਰੇਮੀ ਥੱਲੇ ਆਉਂਦੇ ਮਿਲਣੇ ਸ਼ੁਰੂ ਹੋ ਗਏ ਹਨ। ਉਨ੍ਹਾਂ ਦੇ ਚਿਹਰਿਆਂ 'ਤੇ ਤਸੱਲੀ ਦੀ ਮੁਸਕਾਨ ਹੈ। ਇਹ ਮੁਸਕਾਨ ਉਹ ਸਾਡੇ ਨਾਲ ਵੀ ਸਾਂਝੀ ਕਰਦੇ ਹਨ। ਇਸ ਜ਼ਰੀਏ ਅਸੀਂ ਅੱਗੇ ਵਧਣ ਲਈ ਉਰਜਿਤ ਹੁੰਦੇ ਹਾਂ। ਸਾਡਾ ਇੰਜਣ ਪੱਬਾਰਾਲੀ ਭਾਅ ਪਹਾੜੀ ਪਗਡੰਡੀ ਨੂੰ ਪਿੱਛੇ ਸੁੱਟੀ ਜਾ ਰਿਹਾ ਹੈ। ਮੈਂ ਤੇ ਲਖਵਿੰਦਰ ਉਹਦੀਆਂ ਪੈੜਾਂ ਨੱਪਣ ਵਿਚ ਢਿੱਲ ਨਹੀਂ ਕਰ ਰਹੇ। ਤੇ ਫਿਰ ਉਹੀ ਹੋਇਆ, ਜੋ ਗੁਰਪ੍ਰੀਤ ਨੇ ਕਿਹਾ ਸੀ। ਪਗਡੰਡੀ ਸਾਨੂੰ ਉਸ ਦੂਜੇ ਪਾਸੇ ਲਿਜਾਣ ਲਈ ਵੱਡੇ ਭਾਰੇ ਪੱਥਰਾਂ ਵਿੱਚ ਗੁੰਮ ਜਾਂਦੀ ਹੈ। ਪੱਥਰਾਂ ਉੱਤੇ ਮਨੁੱਖ ਪੈੜਾਂ ਦੇ ਵਿਰਲੇ ਤੇ ਧੁੰਦਲੇ ਜਿਹੇ ਨਿਸ਼ਾਨ ਹਨ ਤੇ ਵਿੱਚ ਸ਼ੋਰ ਪਾਉਂਦਾ ਜਲ ਵਗ ਰਿਹਾ ਹੈ। ਬੜੀ ਇਤਿਆਦ ਦੀ ਲੋੜ ਹੈ। ਸਾਹਮਣਿਓਂ ਇਕ ਨੌਜਵਾਨ ਪੱਥਰਾਂ 'ਤੇ ਪੈਰ ਧਰਦਾ ਸਾਡੇ ਪਾਸੇ ਵੱਲ ਟੱਪਦਾ ਹੈ। ਅਸੀਂ ਵੀ ਉਸੇ ਦੀ ਤਰਜ਼ 'ਤੇ ਵਹਿੰਦੇ ਹੋਏ ਪਾਣੀ ਤੋਂ ਪਾਰ ਹੋ ਜਾਂਦੇ ਹਾਂ। ਸੂਰਜ ਹੁਣ ਤੀਕ ਸਿਰ ਕੱਢ ਲੈਂਦਾ ਹੈ। ਪਿਆਸ ਦੀ ਤਲਬ ਜਾਗਦੀ ਹੈ। ਅਸੀਂ ਬੋਤਲਾਂ ਨਾਲੋਂ ਵਹਿੰਦੇ ਹੋਏ ਠੰਢੇ ਪਾਣੀ ਨੂੰ ਤਰਜੀਹ ਦਿੰਦੇ ਹਾਂ। ਇੱਥੇ ਕੁ ਥਾਂ ਵੀ ਕੁਝ ਪੱਧਰਾ ਹੈ। ਸਾਡੇ ਫੋਨਾਂ ਦੇ ਕੈਮਰੇ ਇਕ-ਦੂਜੇ ਨੂੰ ਕੈਦ ਕਰਨ ਲੱਗਦੇ ਹਨ। ਪੂਰੀ ਰੀਝ ਲਾਹ ਕੇ ਅੱਗੇ ਤੁਰਦੇ ਹਾਂ। ਇਕ ਮੋੜ ਮੁੜਦਿਆਂ ਚਾਹ ਵਾਲਾ ਟਿਕਾਣਾ ਨਜ਼ਰ ਪੈਂਦਾ ਹੈ। ਸਾਡੇ ਨਾਲ ਦੇ ਕੁਝ ਪਿੱਛੇ ਰਹਿ ਗਏ ਹਨ। ਅਸੀਂ ਚਾਹ ਵਾਲੀ ਥਾਵੇਂ ਪਹੁੰਚ ਪਿੱਠੂ ਉਤਾਰ ਦਿੱਤੇ ਹਨ। ਗਰਮ ਜੈਕਟਾਂ ਵੀ ਲਾਹ ਦਿੰਦੇ ਹਾਂ। ਧੁੱਪ ਚਮਕ ਰਹੀ ਹੈ, ਪਰ ਰੁਮਕਦੀ ਹਵਾ ਵਿਚ ਠੰਢਕ ਹੈ। ਅਜਿਹੀ ਹਵਾ ਵਿਚੋਂ ਸਾਹ ਭਰਨਾ ਵਿਸਮਾਦ ਜਿਹਾ ਅਨੁਭਵ ਹੈ।

ਏਨੇ ਨੂੰ ਸਾਡੇ ਪਿਛਲੇ ਸਾਥੀ ਵੀ ਪਹੁੰਚ ਜਾਂਦੇ ਹਨ। ਅਸੀਂ ਸਾਰੇ ਰੁੱਖ ਦੇ ਤਣੇ ਨੂੰ ਕੱਟ ਕੇ ਬਣਾਈਆਂ ਹੋਈਆਂ ਬੈਠਣਯੋਗ ਮੁੱਢੀਆਂ ਜਿਹੀਆਂ 'ਤੇ ਬੈਠ ਕੇ ਗੂੜ੍ਹੇ ਮਿੱਠੇ ਵਾਲੀ ਚਾਹ ਨੂੰ ਚੁਸਕਦੇ ਹਾਂ। ਗੁਰਪ੍ਰੀਤ ਖੁਸ਼ੀ ਦੀ ਗੱਲ ਸਾਂਝੀ ਕਰਦਾ ਹੈ ਕਿ ਅਸੀਂ ਹੁਣ ਅੱਧ-ਵਿਚਕਾਰ ਬੈਠੇ ਹਾਂ। ਇਸ ਸੂਚਨਾ ਅਤੇ ਕੁਝ ਗਰਮ ਚਾਹ ਦੀ ਟਕੋਰ ਨਾਲ ਸਾਡੀ ਹੁਣ ਤੱਕ ਦੀ ਹੋਈ ਥਕਾਵਟ ਲਹਿ ਕੇ ਕੋਲ ਵਗਦੇ ਪਾਣੀ ਵਿੱਚ ਰੁੜ੍ਹ ਜਾਂਦੀ ਹੈ। ਸਾਡਾ ਅਗਲਾ ਦਮਦਮਾ ਲੋਹੇ ਦੇ ਇਕ ਮਾੜੇ ਹਾਲ ਪੁਲ ਨੂੰ ਪਾਰ ਕਰਨ ਉਪਰੰਤ ਇਕ ਹੋਰ ਇਹੋ ਜਿਹੀ ਹੀ ਜਗ੍ਹਾ ਹੋਣਾ ਹੈ, ਜਿੱਥੇ ਅਸੀਂ ਵੱਡੇ ਪੱਥਰਾਂ 'ਤੇ ਬਹਿ ਕੇ ਨਾਲ ਲਿਆਂਦੇ ਪਰੌਂਠਿਆਂ ਨੂੰ ਜਿਬ੍ਹਾ ਕਰਨਾ ਹੈ, ਜਿੱਥੇ ਵਗਦੀ ਕੂਲ ਵਿਚ ਅਸਾਂ ਪੈਰ ਲਮਕਾ ਕੇ ਬੈਠਣਾ ਹੈ। ਚਾਹ ਵਾਲੇ ਭਾਈ ਨੇ ਸੜੀ ਹੋਈ ਲੱਕੜੀ ਦੀ ਪੌੜੀ ਰਾਹੀਂ ਸਾਡੇ ਕੋਲ ਪਹੁੰਚਣਾ ਹੈ। ਬਚ ਗਏ ਕੁਝ ਪਰੌਂਠੇ ਅਸਾਂ ਵੰਡ ਕੇ ਮੁਕਾ ਦੇਣੇ ਹਨ। ਕੈਮਰਿਆਂ ਨੇ ਆਪਣੇ ਹਿੱਸੇ ਦਾ ਕੰਮ ਕਰੀ ਜਾਣਾ ਹੈ ਤੇ ਉਪਰੰਤ ਅਸਾਂ ਨਵੇਂ ਸਿਰਿਓਂ ਉਰਜਿਤ ਹੋ ਅੱਗੇ ਤੁਰ ਪੈਣਾ ਹੈ।

ਜਿੱਥੇ ਅਸੀਂ ਹੁਣ ਪਹੁੰਚ ਚੁੱਕੇ ਹਾਂ, ਦ੍ਰਿਸ਼ ਕਾਫੀ ਬਦਲ ਗਿਆ ਹੈ। ਸਾਡੀ ਪਗਡੰਡੀ ਤੇ ਕੂਲ ਦੇ ਦੋਹੀਂ ਪਾਸੀਂ ਚਟਾਨੀ ਪਹਾੜ ਹਨ। ਢਲਾਣਾਂ 'ਤੇ ਅਟਕੇ ਪਏ ਵੱਡੇ-ਵੱਡੇ ਪੱਥਰ ਤੇ ਵਿਚ-ਵਿਚ ਪਤਾ ਨਹੀਂ ਕਿਸ ਆਸਰੇ ਖੜ੍ਹੇ ਦੇਵਦਾਰ ਦੇ ਰੁੱਖ। ਪਾਣੀ ਦਾ ਸ਼ੋਰ ਜ਼ਰਾ ਵਧ ਗਿਆ ਹੈ ਤੇ ਚੜ੍ਹਾਈ ਕੁਝ ਤਿੱਖੀ। ਪਗਡੰਡੀ ਵਿਚ ਡਿੱਗੇ ਦਿਓ-ਆਕਾਰੀ ਰੁੱਖ ਸਾਡਾ ਰਾਹ ਰੋਕਦੇ ਹਨ। ਅਸੀਂ ਉਹਨਾਂ ਦੇ ਉੱਪਰੋਂ ਟੱਪਦੇ ਹਾਂ ਤੇ ਕਿਸੇ ਨੂੰ ਚਾਰ ਕਦਮ ਵਲ ਕੇ ਲੰਘ ਜਾਂਦੇ ਹਾਂ। ਪੱਬਾਰਾਲੀ ਭਾਅ ਅਤਿ ਜਜ਼ਬਾਤੀ ਹੋ ਇਕ ਡਿੱਗੇ ਪਏ ਰੁੱਖ ਦੇ ਮੋਟੇ ਤਣੇ ਨੂੰ ਜੱਫੀ ਪਾ ਲੈਂਦਾ ਹੈ ਤੇ ਫੋਟੋ ਲੈਣ ਦੀ ਇੱਛਾ ਜ਼ਾਹਰ ਕਰਦਾ ਹੈ। ਉੱਪਰ ਵੱਲ ਪਹਾੜਾਂ ਦੀ ਵਿਚਾਲੜੀ ਵਿਹਲ 'ਚੋਂ ਬਰਫ ਲੱਦੀਆਂ ਚੋਟੀਆਂ ਪ੍ਰਤੱਖ ਰੂਪ ਵਿਚ ਨਜ਼ਰ ਪੈਣ ਲੱਗੀਆਂ ਹਨ। ਉਹਨਾਂ ਤੋਂ ਉਰੇ ਇਕ ਨੀਵੀਂ ਪਹਾੜੀ ਹੈ, ਜਿਹਦੇ ਪੈਰਾਂ ਵਿੱਚ ਕਰੇਰੀ ਝੀਲ ਹੈ। ਅਸੀਂ ਇਕ ਘੰਟੇ ਵਿਚ ਓਥੇ ਹੋਣਾ ਹੈ। ਉਸ ਤੋਂ ਕੁਝ ਪਹਿਲਾਂ ਆਸਪਾਸ ਦੀਆਂ ਨੀਵੀਆਂ ਚੋਟੀਆਂ 'ਤੇ ਅਣਪਿਘਲੀ ਬਰਫ ਦੀ ਰਹਿੰਦ-ਖੂੰਹਦ ਅਜੇ ਪਈ ਹੈ। ਇਕ ਥਾਵੇਂ ਤਾਂ ਪਗਡੰਡੀ ਵਿਚ ਵੀ ਪਈ ਹੈ।

ਢਾਈ ਵਜੇ ਦੇ ਕਰੀਬ ਸਾਡਾ ਇੰਜਣ ਤੇ ਉਹਦੇ ਨਾਲ ਲੱਗਦੇ ਅਸੀਂ ਦੋ-ਤਿੰਨ ਡੱਬੇ ਝੀਲ ਤੋਂ ਚਾਰ ਕੁ ਸੌ ਮੀਟਰ ਉਰਲੇ ਪਾਸੇ, ਜਿਥੇ ਰਾਤ ਲਈ ਟੈਂਟ ਵਗੈਰਾ ਲੱਗ ਕੇ ਕੈਂਪਿੰਗ ਹੋਣੀ ਹੈ, ਪਹੁੰਚ ਜਾਂਦੇ ਹਾਂ। ਇਥੇ ਚਾਹ-ਪਾਣੀ ਦੀਆਂ ਕੁਝ ਆਰਜ਼ੀ ਜਿਹੀਆਂ ਦੁਕਾਨਾਂ ਹਨ, ਜਿਹਨਾਂ ਦੇ ਮਾਲਕ ਖਾਣੇ-ਵਾਣੇ ਦੇ ਨਾਲ-ਨਾਲ ਰਾਤ ਰਹਿਣ ਦਾ ਪ੍ਰਬੰਧ ਵੀ ਮੁਹੱਈਆ ਕਰਵਾਉਂਦੇ ਹਨ। ਉਹ ਸਭ ਸਾਡੇ ਵੱਲ ਸੁਆਲੀਆ ਨਜ਼ਰੇ ਦੇਖਦੇ ਹਨ, ਪਰ ਸਾਡਾ ਪ੍ਰਬੰਧ ਤਾਂ ਗੁਰਪ੍ਰੀਤ ਦੇ ਹੱਥ-ਵੱਸ ਹੈ ਤੇ ਅਸੀਂ ਇਸ ਗੱਲੋਂ ਪੂਰੀ ਤਰ੍ਹਾਂ ਬੇਫਿਕਰ ਹਾਂ। ਅੱਧੇ ਕੁ ਘੰਟੇ ਬਾਅਦ ਸਾਡੇ ਪਿਛਲੇ ਸਾਥੀ ਵੀ ਪਹੁੰਚ ਜਾਂਦੇ ਹਨ। ਸਾਰੇ ਰਲ ਕੇ ਇਕ ਦੁਕਾਨ 'ਤੇ ਚਾਹ ਸੇਵਨ ਕਰਦੇ ਹਾਂ। ਸਮਾਨ ਉੱਥੇ ਹੀ ਰੱਖ ਦਿੰਦੇ ਹਾਂ। ਸਾਡੀ ਰਾਤੜੀ ਕੈਂਪਿੰਗ ਦਾ ਪ੍ਰਬੰਧ ਇਸ ਦੁਕਾਨਦਾਰ ਵੱਲੋਂ ਹੀ ਹੋਣਾ ਹੈ। ਕੁਝ ਆਰਾਮ ਕਰਨ ਉਪਰੰਤ ਝੀਲ ਵੱਲ ਚਾਲੇ ਪਾ ਦਿੰਦੇ ਹਾਂ। ਇਕ ਵਾਰ ਫਿਰ ਪੱਥਰਾਂ 'ਤੇ ਪੈਰ ਟਿਕਾਉਂਦੇ ਵਹਿੰਦੀ ਨਦੀ ਪਾਰ ਕਰਕੇ ਝੀਲ ਦੇ ਦੁਆਰ ਪਹੁੰਚ ਜਾਂਦੇ ਹਾਂ। ਜੰਮੀ ਪਈ ਝੀਲ ਹੁਣ ਪਿਘਲ ਚੁੱਕੀ ਹੈ। ਪਾਣੀ ਬਹੁਤਾ ਨਿਰਮਲ ਨਹੀਂ। ਉੱਤਰ ਵਾਲੇ ਪਾਸੇ ਬਰਫਾਂ ਲੱਦੀਆਂ ਧੌਲਧਾਰ ਚੋਟੀਆਂ ਦਾ ਦਿਲਕਸ਼ ਨਜ਼ਾਰਾ ਹੁਣ ਤੱਕ ਥਕਾਵਟ ਚੂਸ ਲੈਂਦਾ ਹੈ। ਕੁਝ ਦੇਰ ਇਥੇ ਖੜ੍ਹ ਕੇ ਗੁਰਪ੍ਰੀਤ ਸਾਨੂੰ ਝੀਲ ਦੀ ਲਹਿੰਦੀ ਬਾਹੀ ਵੱਲ ਲੈ ਤੁਰਦਾ ਹੈ। ਅੱਧ ਕੁ ਕਿਲੋਮੀਟਰ ਜਾ ਕੇ ਸਾਡੇ ਪੈਰਾਂ ਹੇਠਲੀ ਪੱਧਰਾਈ ਮੁੱਕ ਜਾਂਦੀ ਹੈ। ਅੱਗੇ ਡੂੰਘਾ ਖਲਾਅ ਹੈ ਤੇ ਖਲਾਅ ਤੋਂ ਬਾਅਦ ਫਿਰ ਉੱਚੇ ਪਰਬਤ। ਇਹਨਾਂ ਪਹਾੜਾਂ ਪਿੱਛੇ ਹੀ ਸੂਰਜ ਨੇ ਅਸਤ ਹੋ ਜਾਣਾ ਹੈ। ਬਹੁਤ ਹੇਠ ਵਗਦੀ ਨਦੀ ਦੀ ਆ ਰਹੀ ਹਲਕੀ-ਹਲਕੀ ਆਵਾਜ਼ ਹੈ। ਇਹ ਦ੍ਰਿਸ਼ ਡਾਹਢਾ ਅਲੌਕਿਕ ਹੈ। ਅੰਬਰ ਨਾਲ ਇਕ-ਮਿੱਕ ਹੋਏ ਨੀਲੰਬਰੀ ਤੇ ਹਰਿਓਲੇ ਪਹਾੜ। ਚੁਫੇਰੇ ਗੂੜ੍ਹੇ ਸਲੇਟੀ ਬੱਦਲਾਂ ਦਾ ਝੁੰਗਲਮਾਟਾ। ਇਥੋਂ ਹਿੱਲਣ ਨੂੰ ਕਿਸੇ ਦਾ ਦਿਲ ਨਹੀਂ ਕਰਦਾ। ਸਾਡੇ ਤੋਂ ਇਲਾਵਾ ਹੋਰ ਵੀ ਕਈ ਪਰਬਤ ਪ੍ਰੇਮੀ ਚਿੱਟੇ ਸ਼ਫਾਫ ਪੱਥਰਾਂ 'ਤੇ ਆਸਣ ਜਮਾਈ ਬੈਠੇ ਹਨ। ਅਸੀਂ ਸਾਰੇ ਗਰੁੱਪ ਦੀ ਸਾਂਝੀ ਤਸਵੀਰ ਖਿਚਵਾਉਂਦੇ ਹਾਂ ਤੇ ਇਸ ਸੂਰਜ ਛਪਣ ਦ੍ਰਿਸ਼ ਥਾਵੇਂ ਸੂਰਜ ਨੂੰ ਉਹਨਾਂ ਪਹਾੜਾਂ ਪਿੱਛੇ ਡੁਬਦਾ ਦਰਸ਼ਨ ਕਰਨ ਲਈ ਬੈਠ ਜਾਂਦੇ ਹਾਂ।

ਗੁਰਪ੍ਰੀਤ ਸਾਨੂੰ ਚਾਕਲੇਟ, ਬਿਸਕੁਟ ਤੇ ਨਮਕੀਨ ਵੰਡਦਾ ਹੈ। ਉਹ ਸਾਡੇ ਹਰ ਪਲ ਨੂੰ ਸੰਜੀਵ ਤੇ ਖੁਸ਼ਗਵਾਰ ਰੱਖਣ ਦੇ ਆਹਰ ਵਿਚ ਕਸਰ ਨਹੀਂ ਛੱਡਦਾ। ਸਾਡੇ ਗਰੁੱਪ ਵਿੱਚ ਸਭ ਤੋਂ ਛੋਟੀ ਉਮਰ ਦੀ ਗੁੱਡੀਆ ਕੁਝ ਨੇੜੇ ਪਈ ਬਰਫ ਨਾਲ ਖੇਡਣ ਲੱਗ ਪੈਂਦੀ ਹੈ, ਪਰ ਅਸੀਂ ਡੁੱਬਦੇ ਸੂਰਜ ਦਾ ਦ੍ਰਿਸ਼ ਮਾਨਣ ਤੋਂ ਵਿਰਵੇ ਹੀ ਰਹਿ ਜਾਂਦੇ ਹਾਂ। ਘਣੇ ਬਦਲੋਟੇ ਉਸ ਨੂੰ ਡੱਬਣੋਂ ਪਹਿਲਾਂ ਹੀ ਅਗਵਾ ਕਰ ਲੈਂਦੇ ਹਨ। ਠੰਢੀ ਹਵਾ ਵਗਣ ਲੱਗਦੀ ਹੈ। ਗੁਰਪ੍ਰੀਤ ਸਾਨੂੰ ਚਾਨਣੇ-ਚਾਨਣੇ ਕੈਂਪਿੰਗ ਵਾਲੀ ਥਾਵੇਂ ਲੈ ਆਉਂਦਾ ਹੈ। ਸਾਡੇ ਆਉਣ ਤੱਕ ਟੈਂਟ ਲੱਗ ਚੁੱਕੇ ਹਨ। ਜੀਆਂ ਅਨੁਸਾਰ ਟੈਂਟਾਂ ਦੀ ਵੰਡ-ਵੰਡਾਈ ਹੋ ਜਾਂਦੀ ਹੈ। ਕਿਸੇ ਵਿੱਚ ਦੋ, ਕਿਸੇ ਵਿਚ ਤਿੰਨ ਦੀ ਗਿਣਤੀ ਆਪਣਾ ਸਮਾਨ ਧਰ ਲੈਂਦੀ ਹੈ। ਮੈਂ, ਲਖਵਿੰਦਰ ਤੇ ਪੱਬਾਰਾਲੀ ਭਾਅ, ਤਿੰਨੇ ਇਕ ਟੈਂਟ ਵਿੱਚ ਵੜ ਜਾਂਦੇ ਹਾਂ। ਸਾਡੇ ਗਰੁੱਪ ਵਿਚੋਂ ਇਕ ਗੱਭਰੂ ਦਾ ਕਿਸੇ ਅਦਾਲਤ ਵਿੱਚ ਕੇਸ ਚੱਲ ਰਿਹਾ ਹੈ, ਸਰਬਜੀਤ ਵਿਰਕ (ਵਕੀਲ) ਉਸ ਨਾਲ ਸੁਪਨੇ ਵਟਾਉਣ ਲਈ ਸਾਂਝ ਪਾ ਲੈਂਦਾ ਹੈ। ਰਾਤ ਦਾ ਖਾਣਾ ਦਾਲ-ਚੌਲ ਦਾ ਹੈ, ਜੋ ਲਾਈਟ ਨਾ ਹੋਣ ਕਾਰਨ ਛੇਤੀ ਨਿਪਟਾ ਲਿਆ ਜਾਂਦਾ ਹੈ। ਉਪਰੰਤ ਲੱਕੜੀਆਂ ਦੀ ਅੱਗ ਬਾਲੀ ਜਾਂਦੀ ਹੈ। ਅਸੀਂ ਸਭ ਲੋਹੜੀ ਦਾ ਤਿਉਹਾਰ ਮਨਾਉਣ ਅੱਗ ਦੁਆਲੇ ਬੈਠ ਅੱਜ ਦੀ ਹੋਈ ਬੀਤੀ ਸੁਣਦੇ, ਸਨਾਉਂਦੇ ਹਾਂ। ਪੱਬਾਰਾਲੀ ਭਾਅ ਬੁਲੰਦ ਆਵਾਜ਼ 'ਚ ਗੀਤ ਛੋਂਹਦਾ ਹੈ। ਕੰਦਰਾਂ ਵਿਚ ਛਿਪੇ ਬੈਠੇ ਸੰਨਿਆਸੀ ਬਾਹਰ ਨਿਕਲ ਆਉਂਦੇ ਹਨ। ਨਿੱਕੀ ਨਿੱਕੀ ਕਣੀ ਡਿੱਗਣ ਲੱਗਦੀ ਹੈ। ਅਸੀਂ ਸਭ ਆਪਣੇ-ਆਪਣੇ ਓਟ ਆਸਰੇ ਵਿਚ ਜਾ ਵੜਦੇ ਹਾਂ। ਠੰਢ ਦਾ ਪਰਕੋਪ ਵਧਣ ਲੱਗਦਾ ਹੈ। ਟੈਂਟ ਵਿਚ ਕੰਬਲਾਂ ਦੀ ਥਾਂ ਸਾਨੂੰ ਸਲੀਪਿੰਗ ਬੈਗ ਦਿੱਤੇ ਗਏ ਹਨ। ਅਸੀਂ ਨਾਲ ਲਿਆਂਦੇ ਸਾਰੇ ਗਰਮ ਕੱਪੜੇ ਹੇਠਾਂ, ਉੱਤੇ ਚਾੜ੍ਹ ਕੇ ਸਲੀਪਿੰਗ ਬੈਗਾਂ ਵਿਚ ਵੜ ਜਾਂਦੇ ਹਾਂ। ਮੈਨੂੰ ਤੇ ਲਖਵਿੰਦਰ ਨੂੰ ਤਾਂ ਸਲੀਪਿੰਗ ਬੈਗ ਪੂਰਾ ਆ ਜਾਂਦਾ ਹੈ, ਪਰ ਪੱਬਾਰਾਲੀ ਹੁਰਾਂ ਦਾ ਮਸਾਂ ਕੱਛਾਂ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

## ਬਾਲ ਕੋਨਾ

### ਪਰਾਲੀ

ਸਾੜ ਕੇ ਪਰਾਲੀ ਪਾਪਾ ਕਹਿਰ ਨਾ ਕਮਾਓ।
ਹਵਾ, ਪਾਣੀ, ਮਿੱਟੀ, ਪੌਦੇ, ਪੰਛੀ ਬਚਾਓ।

ਕਿਤੇ ਵੀ ਅੱਗ ਲਾਈ ਹੁੰਦੀ ਨਹੀਓਂ ਚੰਗੀ,
ਦੇਈਏ ਨਾ ਕਿਸੇ ਨੂੰ ਵੀ ਮੌਤ ਬਿਨਾਂ ਮੰਗੀ।
ਕਰ-ਕਰ ਧੂੰਆਂ ਐਕਸੀਡੈਂਟ ਨਾ ਕਰਾਓ,
ਸਾੜ ਕੇ ਪਰਾਲੀ ਪਾਪਾ ਕਹਿਰ ਨਾ ਕਮਾਓ।

ਸਾਹ ਦੀਆਂ ਬਿਮਾਰੀਆਂ ਲਾਵੇ ਗੰਦੀ ਹਵਾ,
ਲੈਂਦੇ ਫਿਰਨ ਲੋਕੀਂ ਡਾਕਟਰਾਂ ਕੋਲੋਂ ਦਵਾ।
ਐਵੇਂ ਹੀ ਗਰੀਬਾਂ ਦੇ ਨਾ ਪੈਸੇ ਖਰਚਾਓ,
ਸਾੜ ਕੇ ਪਰਾਲੀ ਪਾਪਾ ਕਹਿਰ ਨਾ ਕਮਾਓ।

ਹੁੰਦੇ ਇਹ ਦੀਵਾਲੀ ਤੇ ਦੁਸਹਿਰੇ ਵਾਲੇ ਦਿਨ,
ਸਰੇ ਨਾ ਕਿਸੇ ਦਾ ਵੀ ਘਰੋਂ ਨਿਕਲਣ ਦੇ ਬਿਨ।
ਕੋਰੋਨਾ ਵਾਂਗ ਤਾੜ ਲੋਕੀਂ ਘਰੇ ਨਾ ਬਿਠਾਓ,
ਸਾੜ ਕੇ ਪਰਾਲੀ ਪਾਪਾ ਕਹਿਰ ਨਾ ਕਮਾਓ।

ਦੇਖੋ, ਕਿੰਨੀ ਸੋਹਣੀ ਆਪਣੀ ਜੀਰੀ ਹੋਈ,
ਕਹੇ 'ਲੱਡਾ' ਰੱਬ ਨੇ ਨਾ ਘਾਟ ਰੱਖੀ ਕੋਈ।
ਏਥੀਂ ਵਾਹ ਦਿਆਂਗੇ ਹਾਲੇ ਵਕਤ ਲੰਘਾਓ,
ਸਾੜ ਕੇ ਪਰਾਲੀ ਪਾਪਾ ਕਹਿਰ ਨਾ ਕਮਾਓ।

— ਜਗਜੀਤ ਸਿੰਘ ਲੱਡਾ



ਅੰਮ੍ਰਿਤਪਾਲ ਸਿੰਘ, ਦੂਸਰੀ, ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ, ਸ੍ਰੀ ਅਨੰਦਪੁਰ ਸਾਹਿਬ




ਮੌਸਮਦੀਪ ਕੌਰ, ਅੱਠਵੀਂ, ਸਰਕਾਰੀ ਮਿਡਲ ਸਕੂਲ, ਨੱਥੂਪੁਰਾ ਟੋਡਾ (ਤਰਨ ਤਾਰਨ)



ਜਸਪ੍ਰੀਤ ਸਿੰਘ, ਅੱਠਵੀਂ, ਸਰਕਾਰੀ ਮਿਡਲ ਸਕੂਲ, ਨੱਥੂਪੁਰਾ ਟੋਡਾ (ਤਰਨ ਤਾਰਨ)